ਸਮਾਜਕ ਅਤੇ
ਰਾਜਨੀਤਕ
ਗਿਆਨ

# ਫ਼ਿਲਾਸਫ਼ੀ ਕੀ ਹੈ?

ਗ. ਕਿਰਿਲੈਨਕੋ,
ਲ. ਕੋਰਸ਼ੁਨੋਵਾ



1001

ਮੁਢਲਾ ਸਮਾਜਕ ਅਤੇ ਰਾਜਨੀਤਕ ਗਿਆਨ

ਗ. ਕਿਰਿਲੈਨਕੋ,
ਲ. ਕੋਰਸ਼ੁਨੋਵਾ

# ਫ਼ਿਲਾਸਫ਼ੀ ਕੀ ਹੈ?

ਪ੍ਰਗਤੀ ਪ੍ਰਕਾਸ਼ਨ

ਅਨੁਵਾਦਕ: ਗੁਰਬਖ਼ਸ਼ ਸਿੰਘ ਫ਼ਰੈਂਕ

ਪੁਸਤਕਮਾਲਾ ਦਾ ਸੰਪਾਦਕੀ ਮੰਡਲ: ਫ਼. ਮ. ਵੋਲਕੋਵ (ਪਰਧਾਨ), ਯ. ਫ. ਗੁਬਸਕੀ (ਉਪਪਰਧਾਨ), ਫ. ਮ. ਬੁਰਲਾਤਸਕੀ, ਵ. ਦ. ਜ਼ੋਤੋਵ, ਵ. ਵ. ਕਰਾਪੀਵਿਨ, ਯੂ. ਨ. ਪੋਪੋਵ, ਵ. ਵ. ਸੋਬੋਲੇਵ, ਫ਼. ਨ. ਯੂਰਲੋਵ

ABC социально-политических знаний

Г. Кириленко, Л. Коршунова

ЧТО ТАКОЕ ФИЛОСОФИЯ?

*на языке панджаби*

ABC of Social and Political Knowledge

G. Kirilenko, L. Korshunova

WHAT IS PHILOSOPHY?

*in Punjabi*

© Progress Publishers, 1985

© ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ੧੯੮੯

ਸੋਵੀਅਤ ਯੂਨੀਅਨ ਵਿਚ ਛਪੀ

$K\frac{0301010000-429}{014(01)-89}$ 300—89

ISBN 5-01001728-8

## ਤਤਕਰਾ

ਪਹਿਲਾ ਕਾਂਡ। ਦਾਰਸ਼ਨਿਕ ਗਿਆਨ ਦੇ ਸੋਮੇ . . . ੭

ਸੋਮਨ ਹੁੰਦਾ ਚਿੰਤਨ . . . . . . . . ੧੦
ਧੁੰਦੂਕਾਰੇ ਤੋਂ ਇਕਸੁਰਤਾ ਵੱਲ . . . . . . ੧੭
"ਯੂਨਾਨੀ ਕਰਾਮਾਤ" . . . . . . . . ੨੪
ਸੁਕਰਾਤ ਨੂੰ ਮੌਤ ਦੀ ਸਜ਼ਾ ਕਿਉਂ ਦਿਤੀ ਗਈ ?. ੨੮
ਵਿਗਿਆਨ ਦਾ ਪੰਘੂੜਾ . . . . . . . ੩੨
ਵਿਗਿਆਨ ਜਿਹੜਾ ਹਮੇਸ਼ਾ ਜਵਾਨ ਰਹਿੰਦਾ ਹੈ . . ੪੦
ਵਿਗਿਆਨੀ, ਜਾਂ ਕਿ ਸਿਆਣਾ ਮਨੁੱਖ ? . . ੪੨

ਦੂਜਾ ਕਾਂਡ। ਫ਼ਿਲਾਸਫ਼ੀ ਦਾ ਮੂਲ ਮਸਲਾ

ਕਿਥੋਂ ਸ਼ੁਰੂ ਕਰੀਏ ? . . . . . . . . ੫੦
ਆਦਰਸ਼ਵਾਦ ਅਤੇ ਆਦਰਸ਼ . . . . . . ੬੨
ਸੰਸਾਰ — ਪਦਾਰਥਵਾਦੀ ਦੀਆਂ ਨਜ਼ਰਾਂ ਰਾਹੀਂ . ੬੬
ਮਹਾਨ ਘੜੀਸਾਜ਼ ਅਤੇ ਮਹਾਨ ਘੜੀ . . . . ੭੧
ਕੀ ਕੋਈ ਤੀਜੀ ਦਾਰਸ਼ਨਿਕ ਪਹੁੰਚ ਸੰਭਵ ਹੈ ? . . ੭੪
ਨਿਰਾਸ਼ਾਵਾਦੀ ਦ੍ਰਿਸ਼ਟੀਕੋਨ ਤੋਂ . . . . . ੭੯
ਆਸ਼ਾਵਾਦ ਦਾ ਆਧਾਰ . . . . . . . . ੮੩

ਹੈਮਲਟ ਜਾਂ ਫ਼ਾਊਸਟ ? . . . . . . . ੮੭
ਸਾਜ਼ ਤੋਂ ਬਿਨਾਂ ਸਾਜ਼ਿੰਦਾ ਅਤੇ ਇਕ ਪਾਗਲ ਪਿਆਨੋ . ੯੩
ਵਿਰੋਧਤਾਈਆਂ ਦੀਆਂ ਜੜ੍ਹਾਂ . . . . . . . ੯੯
ਧਰਤਵੀ ਤੂਫ਼ਾਨਾਂ ਦੀ "ਅਰਸ਼ੀ" ਗੂੰਜ . ੧੦੮

**ਤੀਜਾ ਕਾਂਡ। ਸੰਸਾਰ ਦੇ ਵਿਗਾਸ ਬਾਰੇ ਦੋ ਵਿਚਾਰ** ੧੧੫

ਵਿਰੋਧ-ਵਿਕਾਸ ਜਾਂ ਸੰਬਾਦਕਤਾ ਕੀ ਹੈ ? . . . . ੧੧੭
ਸਭ ਕੁਝ ਬਦਲ ਰਿਹਾ ਹੈ... . . . . . ੧੨੨
ਅਧਿਆਤਮਵਾਦ ਕੀ ਹੈ ? . . . . . . . ੧੨੯
ਤਿੰਨ ਮਹਾਨ ਲੱਭਤਾਂ . . . . . . . . ੧੩੨
ਵਿਗਾਸ ਕਿਸ ਤਰ੍ਹਾਂ ਹੁੰਦਾ ਹੈ ? . . . . . ੧੩੮
ਕੀ ਗਤੀ ਦਾ ਕੋਈ ਆਦਿ ਹੈ ? . . . . . . ੧੪੩
ਵਿਰੋਧ-ਵਿਕਾਸ ਅਤੇ ਚੌਗਮੱਤ . . . . . . ੧੫੦
ਨਿਸ਼ੇਧ ਦਾ ਨਿਸ਼ੇਧ . . . . . . . . . ੧੫੪
ਦਾਇਰਾ, ਸਿੱਧੀ ਲਕੀਰ ਜਾਂ ਚੂੜੀਦਾਰ ਤਿਕੋਣ ? . ੧੫੬
ਵਿਧੀ-ਵਿਗਿਆਨ—ਵਿਗਿਆਨ ਦੀ ਆਤਮਾ ਵਜੋਂ ੧੬੪
ਵਿਰੋਧ-ਵਿਕਾਸ—ਇਨਕਲਾਬ ਦਾ ਅਲਜਬਰਾ . ੧੭੨

**ਚੌਥਾ ਕਾਂਡ। ਮਨੁੱਖ ਸੰਸਾਰ ਬਾਰੇ ਕਿਵੇਂ ਜਾਣਨ ਲੱਗ ਪੈਂਦਾ ਹੈ ?**

ਬੋਧ-ਪਰਾਪਤੀ ਵੱਲ ਦੋ ਪਹੁੰਚਾਂ . . . . . ੧੭੬
ਗਿਆਨ ਪ੍ਰਾਪਤ ਕਰਨ ਦਾ ਅਰਥ ਹੈ ਕਾਰਜ ਕਰਨਾ . ੧੮੮
"ਤਾਬੂਲਾ ਰਾਸਾ" ਅਤੇ "ਜਨਮਜਾਤ ਵਿਚਾਰਾਂ" ਦੇ ਸਿਧਾਂਤ . . . . . . . . . . ੧੯੧
ਮਨੁੱਖ ਨੂੰ ਕਿਸ ਉਤੇ ਵਿਸ਼ਵਾਸ ਕਰਨਾ ਚਾਹੀਦਾ ਹੈ—

ਗਿਆਨ-ਇੰਦਰਿਆਂ ਉਤੇ ਜਾਂ ਮਨ ਉਤੇ ? . . . . ੧੯੬
ਗਿਆਨ-ਇੰਦਰੇ ਸੰਸਾਰ ਵੱਲ ਖੁਲ੍ਹਦੀਆਂ ਬਾਰੀਆਂ
ਹਨ . . . . . . . . . . . . . ੧੯੮
ਗਿਆਨ-ਇੰਦਰਿਆਂ ਤੋਂ ਬੁਧੀ ਤੱਕ . . . . . ੨੦੭
ਸੰਕਲਪ ਕਿਵੇਂ ਪੈਦਾ ਹੁੰਦੇ ਹਨ . . . . . . ੨੧੦
ਬੋਧ-ਪਰਾਪਤੀ ਅਤੇ ਰਚਣਾਤਮਿਕਤਾ . . . . . ੨੧੬
ਰਚਣਾਤਮਿਕਤਾ ਸਮੱਸਿਆ ਪੇਸ਼ ਕਰਨ ਨਾਲ ਸ਼ੁਰੂ
ਹੁੰਦੀ ਹੈ . . . . . . . . . . . ੨੧੯
ਨਵੇਂ ਦੀ ਢੂੰਡ . . . . . . . . . . ੨੨੫
"ਇਲਹਾਮ" ਅਤੇ ਇਸਦੇ ਭੇਦ . . . . . . ੨੨੭
ਕਲਪਣਾ ਕਰਨ ਦਾ ਮਤਲਬ ਹੈ
ਕਾਇਆ-ਕਲਪ ਕਰਨਾ . . . . . . ੨੩੦
ਸੁਭਾਵਕ ਵਿਚ ਅਸਾਧਾਰਣ . . . . . . ੨੩੫
ਸੱਚ ਦੀ ਖੋਜ ਵਿਚ . . . . . . . . . ੨੩੮
"ਸੱਚ ਦੇ ਖੋਜੀ ਵੀ ਭੁਲੇਖਾ ਖਾ ਸਕਦੇ ਹਨ" . . . ੨੪੨
**ਪੰਜਵਾਂ ਕਾਂਡ। ਫ਼ਿਲਾਸਫ਼ੀ ਅਤੇ ਸਮਾਜਕ ਜੀਵਨ** ੨੫੧
ਸੰਖੇਪ ਪਾਰਿਭਾਸ਼ਕ ਸ਼ਬਦਾਵਲੀ . . . . . ੨੬੮
ਨਾਮਾਵਲੀ . . . . . . . . ੨੭੬

ਪਹਿਲਾ ਕਾਂਡ

## ਦਾਰਸ਼ਨਿਕ ਗਿਆਨ ਦੇ ਸੋਮੇ

ਨਿਕਟ ਭਵਿੱਖ ਵਿਚ ਦੁਨੀਆਂ ਕਿਸਤਰ੍ਹਾਂ ਦੀ ਹੋਵੇਗੀ ? ਇਹ ਹਰ ਇਕ ਲਈ ਫ਼ਿਕਰਮੰਦੀ ਵਾਲਾ ਮਸਲਾ ਹੈ , ਭਾਵੇਂ ਉਹ ਵਿਗਿਆਨਕ ਕੰਮ ਤੋਂ , ਰਾਜਨੀਤਕ ਘੋਲ ਜਾਂ ਇਨਕਲਾਬੀ ਲਹਿਰ ਤੋਂ ਕਿੰਨਾਂ ਵੀ ਦੂਰ ਕਿਉਂ ਨਾ ਹੋਵੇ। ਮਨੁੱਖ ਦੇ ਭਾਗਾਂ ਵਿਚ ਕੀ ਹੈ : ਜੰਗ ਦੀ ਪਰਲੋ ਜਾਂ ਸ਼ਾਂਤਮਈ ਜੀਵਨ ? ਧਰਤੀ ਕਿਸਤਰ੍ਹਾਂ ਦੀ ਹੋਵੇਗੀ — ਕੀ ਇਸ ਉਪਰ ਘਾਹ , ਦਰੱਖਤ , ਪਸ਼ੂ-ਪੰਛੀ ਬਚੇ ਰਹਿਣਗੇ ਜਾਂ ਵਿਗਿਆਨਕ ਅਤੇ ਤਕਨੀਕੀ ਤਰੱਕੀ ਦੇ ਸਿੱਟੇ ਵਜੋਂ ਇਹ ਸਭ ਕੁਝ ਤਬਾਹ ਹੋ ਜਾਇਗਾ ? ਕੀ ਦੁਨੀਆਂ ਵਿਚੋਂ ਜਬਰ ਅਤੇ ਸਮਾਜਕ ਅਨਿਆਂ ਖ਼ਤਮ ਹੋ ਜਾਣਗੇ , ਜਾਂ ਇਹ ਹਮੇਸ਼ਾ ਲਈ ਕਾਇਮ ਰਹਿਣਗੇ ? ਇਸ ਧਰਤੀ ਉਪਰ ਰਹਿੰਦੇ ਹਰ ਵਿਅਕਤੀ ਅੱਗੇ , ਸਾਰੀ ਮਨੁੱਖਤਾ ਅੱਗੇ , ਇਹ ਆਮ ਸਵਾਲ ਖੜੇ ਹਨ। ਇਹਨਾਂ ਦੇ ਠੀਕ ਉੱਤਰ ਦੇਣ ਲਈ , ਬੰਦੇ ਨੂੰ ਫ਼ਿਲਾਸਫ਼ੀ ਜਾਂ ਦਰਸ਼ਨ ਦਾ ਗਿਆਨ ਹੋਣਾ ਚਾਹੀਦਾ ਹੈ।

ਸ਼ਬਦ "ਫ਼ਿਲਾਸਫ਼ੀ" ਦੋ ਯੂਨਾਨੀ ਸ਼ਬਦਾਂ ਤੋਂ ਬਣਿਆ ਹੋਇਆ ਹੈ : φiλεω — ਪਿਆਰ , ਅਤੇ σοφia —

ਸਿਆਣਪ। ਇਸਤਰ੍ਹਾਂ ਇਸਦਾ ਮਤਲਬ ਹੈ ਸਿਆਣਪ ਲਈ ਪਿਆਰ।

ਸਾਡੇ ਆਲੇ-ਦੁਆਲੇ ਦਾ ਸੰਸਾਰ ਅਸੀਮ ਹੈ। ਮਨੁੱਖ ਇਸਦੀਆਂ ਅੜਾਉਣੀਆਂ ਨੂੰ ਖੋਹਲਣ ਦਾ ਹੌਲੀ ਹੌਲੀ, ਕਦਮ ਕਦਮ ਕਰਕੇ, ਸਿਰਫ਼ ਯਤਨ ਹੀ ਕਰ ਸਕਦਾ ਹੈ; ਤਾਂ ਵੀ ਉਹ ਸੰਸਾਰ ਨੂੰ ਪੂਰੀ ਤਰ੍ਹਾਂ ਕਦੀ ਨਹੀਂ ਜਾਣ ਸਕੇਗਾ। ਫ਼ਿਲਾਸਫ਼ੀ ਇਸ ਅਸੀਮ ਸੰਸਾਰ ਬਾਰੇ, ਹਰ ਹੋਂਦ ਰੱਖਦੀ ਵਸਤੂ ਦੀਆਂ "ਜੜ੍ਹਾਂ ਅਤੇ ਕਾਰਨਾਂ" ਬਾਰੇ ਬੋਧ ਪਰਾਪਤ ਕਰਨ ਲਈ ਨਿਰੰਤਰ ਖੋਜ ਵਿਚ ਜੁੱਟਣ ਦੇ, ਅਤੇ ਆਪਣੀ ਹਰ ਪਰਾਪਤੀ ਉਤੇ ਕਿੰਤੂ ਕਰਨ ਦੇ ਮਨੁੱਖ ਦੇ ਯਤਨਾਂ ਨੂੰ ਸਾਕਾਰ ਕਰਦੀ ਹੈ। ਅਤੀਤ ਵਿਚਲੇ ਮਹਾਨ ਫ਼ਿਲਾਸਫ਼ਰ **ਅਫ਼ਲਾਤੂਨ** ਨੇ ਕਿਹਾ ਸੀ ਕਿ ਫ਼ਿਲਾਸਫ਼ੀ ਦਾ ਸਰੋਤ ਹੈਰਾਨੀ ਵਿਚ, ਅਸਚਰਜਤਾ ਵਿਚ ਹੈ।

ਦੂਰ ਅਤੀਤ ਵਿਚ ਫ਼ਿਲਾਸਫ਼ੀ ਅਤੇ ਇਸਦੇ ਮੰਤਵ ਬਾਰੇ ਬਹੁਤ ਤਰ੍ਹਾਂ ਤਰ੍ਹਾਂ ਦੇ ਵਿਚਾਰ ਪੈਦਾ ਹੋ ਚੁੱਕੇ ਸਨ। ਮਹਾਨ ਯੂਨਾਨੀ ਚਿੰਤਕ **ਅਰਸਤੂ** ਦਾ ਖ਼ਿਆਲ ਸੀ ਕਿ ਸਾਰੇ ਵਿਗਿਆਨ ਕਿਸੇ ਵਿਸ਼ੇਸ਼ ਨਿਸ਼ਾਨੇ ਮਗਰ ਚੱਲਦੇ ਹਨ, ਸਿਵਾਇ ਫ਼ਿਲਾਸਫ਼ੀ ਦੇ, ਜੋ ਕਿ "ਸਾਰੇ ਵਿਗਿਆਨਾਂ ਵਿਚੋਂ ਇਕੋ ਇਕ ਐਸਾ ਵਿਗਿਆਨ ਹੈ ਜਿਹੜਾ ਆਜ਼ਾਦ ਹੈ, ਕਿਉਂਕਿ ਸਿਰਫ਼ ਇਹ ਵਿਗਿਆਨ ਹੈ ਜਿਹੜਾ ਕੇਵਲ ਆਪਣੇ ਲਈ ਜਿਊਂਦਾ ਹੈ।"* ਪਰ ਪ੍ਰਾਚੀਨ ਰੋਮ ਦੇ ਮਸ਼ਹੂਰ ਚਿੰਤਕ ਅਤੇ ਸੁਭਾਸ਼ਣਕਾਰ **ਸਿਸਰੋ** ਨੇ ਪ੍ਰਤੱਖ ਤੌਰ ਉਤੇ ਇਸਦੇ ਉਲਟ ਦਾਅਵਾ ਕੀਤਾ: "ਤੈਨੂੰ ਅਸੀਂ ਮੁਖ਼ਾਤਬ ਹੋ ਰਹੇ ਹਾਂ, ਤੇਰੇ ਕੋਲੋਂ ਅਸੀਂ ਸਹਾਇਤਾ ਮੰਗ ਰਹੇ ਹਾਂ। ਹੇ ਫ਼ਿਲਾਸਫ਼ੀ, ਜੀਵਨ ਦੇ ਧਰੂ-ਤਾਰੇ, ਤੇਰੇ ਤੋਂ ਬਿਨਾਂ ਨਾ ਅਸੀਂ ਕਾਇਮ ਰਹਿ ਸਕਦੇ ਹਾਂ ਅਤੇ ਨਾ ਹੀ ਖ਼ੁਦ

---

*"**ਅਰਸਤੂ ਦੀ ਮੈਟਾਫ਼ਿਜ਼ਿਕਸ**," ਇੰਡੀਆਨਾ ਯੂਨੀਵਰਸਿਟੀ ਪਰੈਸ, ਬਲੂਮਿੰਗਟਨ ਅਤੇ ਲੰਡਨ, ੧੯੬੬, ਸ. ੧੫।

ਮਨੁੱਖਾ ਜੀਵਨ!"*। ਕੁਝ ਲੋਕਾਂ ਦਾ ਖ਼ਿਆਲ ਸੀ ਕਿ ਫ਼ਿਲਾਸਫ਼ੀ ਧਰਮ ਤੋਂ ਅਨਿੱਖੜ ਹੈ, ਕਿ ਇਹ ਧਾਰਮਿਕ ਮੱਤ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਵਿਚ ਸਹਾਇਤਾ ਕਰਦੀ ਹੈ, ਜਦ ਕਿ ਦੂਸਰਿਆਂ ਦੀ ਇਹ ਰਾਇ ਸੀ ਕਿ ਇਹ ਸ਼ੰਕੇ ਅਤੇ ਤਰਕ ਉਪਰ ਆਧਾਰਤ ਹੈ, ਅਤੇ ਇਸਲਈ ਇਹ ਧਰਮ ਨਾਲ ਮੇਲ ਨਹੀਂ ਖਾਂਦੀ, ਜਿਹੜਾ ਕਿ ਵਿਸ਼ਵਾਸ ਤੋਂ ਸ਼ੁਰੂ ਹੁੰਦਾ ਹੈ।

ਅੱਜ ਦੇ ਚਿੰਤਕਾਂ ਵਿਚਕਾਰ ਫ਼ਿਲਾਸਫ਼ੀ ਦੇ ਤੱਤ ਅਤੇ ਮੰਤਵ ਸੰਬੰਧੀ ਹੋਰ ਵੀ ਜ਼ਿਆਦਾ ਮਤਭੇਦ ਹਨ। ਇਹਨਾਂ ਵਿਚੋਂ ਕੁਝ ਦਾ ਵਿਸ਼ਵਾਸ ਹੈ ਕਿ ਫ਼ਿਲਾਸਫ਼ੀ ਵਿਗਿਆਨ ਸੰਬੰਧੀ ਸਿਧਾਂਤ ਹੈ; ਕੁਝ ਹੋਰ ਇਸਨੂੰ ਕਲਾ ਨਾਲ ਤਸ਼ਬੀਹ ਦੇਂਦੇ ਹਨ, ਜਦ ਕਿ ਕੁਝ ਹੋਰ, ਉਦਾਹਰਣ ਵਜੋਂ ਫ਼ਰਾਂਸੀਸੀ ਲੇਖਕ ਅਤੇ ਫ਼ਿਲਾਸਫ਼ਰ ਅਲਬੇਰ ਕਾਮੂ ਵਰਗੇ ਹਨ, ਜਿਹੜੇ ਦਾਅਵਾ ਕਰਦੇ ਹਨ ਕਿ ਇਕੋ ਇਕ ਗੰਭੀਰ ਦਾਰਸ਼ਨਿਕ ਸਮੱਸਿਆ—ਆਤਮਘਾਤ ਦੀ ਸਮੱਸਿਆ ਹੈ। ਚਿੰਤਕਾਂ ਦੀ ਇਕ ਹੋਰ ਟੋਲੀ ਵੀ ਹੈ ਜਿਹੜੇ "ਫ਼ਿਲਾਸਫ਼ੀ" ਸ਼ਬਦ ਦਾ ਹੀ ਤਿਆਗ ਕਰ ਦੇਣ ਦਾ ਸੁਝਾਅ ਦੇਂਦੇ ਹਨ।

ਰਾਵਾਂ ਦੀ ਇਸ ਵੰਨ-ਸੁਵੰਨਤਾ ਵਿਚ ਆਪਣਾ ਥਾਂ ਲੱਭਣ ਲਈ, ਆਓ ਅਸੀਂ ਫ਼ਿਲਾਸਫ਼ੀ ਦੇ ਆਰੰਭ ਵੱਲ ਮੁੜੀਏ। ਇਹ ਕਦੋਂ ਅਤੇ ਕਿੱਥੇ ਪੈਦਾ ਹੋਈ? ਦਾਰਸ਼ਨਿਕ ਚਿੰਤਨ ਨੇ ਕੁਝ ਸਮਾਜਾਂ ਵਿਚ ਕਿਉਂ ਤੇਜ਼ੀ ਨਾਲ ਵਿਕਾਸ ਕੀਤਾ ਅਤੇ ਕੁਝ ਸਮਾਜਾਂ ਵਿਚ ਕਿਉਂ ਹੌਲੀ ਹੌਲੀ ਵਿਕਾਸ ਕੀਤਾ? ਕੀ ਸਾਰੀਆਂ ਹੀ ਕੌਮਾਂ ਫ਼ਿਲਾਸਫ਼ੀ ਦੀ ਸਿਆਣਪ ਦੀ ਥਾਹ ਪਾਉਣ ਦੇ ਸਮਰੱਥ ਹਨ? ਇਸਤਰ੍ਹਾਂ ਦੇ ਸਵਾਲ ਹਨ ਜਿਨ੍ਹਾਂ ਉਤੇ ਅਸੀਂ ਇਸ ਪੁਸਤਕ ਵਿਚ ਵਿਚਾਰ ਕਰਾਂਗੇ।

---

*ਸਿਸਰੋ, "ਟਸਕੁਲਾਨੇ ਡਿਸਪੁਟੇਸ਼ਨਜ਼" V, ੨, ੫।

ਇਹ ਗੱਲ ਸਮਝ ਆਉਂਦੀ ਹੈ ਕਿ ਹਸਤੀ ਦੇ ਆਮ ਸਵਾਲਾਂ ਉਤੇ ਵਿਚਾਰ ਕਰਨ ਦੇ ਸਮਰੱਥ ਹੋਣ ਲਈ ਵਿਅਕਤੀ ਨੂੰ ਉਸ ਸੰਸਾਰ ਦਾ ਕੁਝ ਗਿਆਨ ਹੋਣਾ ਚਾਹੀਦਾ ਹੈ ਜਿਹੜਾ ਚਿੰਤਨ ਲਈ ਖ਼ੁਰਾਕ ਮੁਹਈਆ ਕਰੇਗਾ। ਕਈ ਜੁਗਾਂ ਤੋਂ, ਸਗੋਂ ਹਜ਼ਾਰਹਾ ਸਾਲਾਂ ਤੋਂ ਮਨੁੱਖਤਾ ਦੀ "ਯਾਦ-ਸ਼ਕਤੀ" ਨੇ ਕੁਦਰਤੀ ਵਰਤਾਰਿਆਂ, ਜਿਵੇਂ ਕਿ ਸੂਰਜ-ਗ੍ਰਹਿਣ ਅਤੇ ਦਰਿਆਵਾਂ ਵਿਚਲੇ ਹੜ੍ਹਾਂ ਦੇ ਕਾਰਨਾਂ ਨਾਲ ਸੰਬੰਧਤ ਵਿੱਕੋਲਿਤਰੇ ਪ੍ਰਭਾਵ ਇਕੱਠੇ ਕਰ ਰੱਖੇ ਹਨ, ਅਤੇ ਜੀਵਨ ਦੇ ਪਰਗਟ ਹੋਣ ਅਤੇ ਇਸਦੇ ਕੁਦਰਤੀ ਖ਼ਾਤਮੇ ਦੇ ਪਿੱਛੇ ਕੰਮ ਕਰਦੇ ਕਾਰਨਾਂ, ਮਨੁੱਖਾ ਸ਼ਰੀਰ ਦੀ ਬਣਤਰ ਆਦਿ ਬਾਰੇ ਕਿਆਸ ਜਮ੍ਹਾਂ ਕਰ ਰੱਖੇ ਹਨ।

ਪਰ ਪੁਰਾਤਨ ਸੰਸਾਰ ਵਿਚ ਮਨੁੱਖ ਲੰਮੇ ਸਮੇਂ ਤੱਕ ਇਹਨਾਂ ਵਿੱਕੋਲਿਤਰੇ ਤੱਥਾਂ ਨੂੰ ਆਮਿਆਉਣ ਦੇ ਸਮਰੱਥ ਨਹੀਂ ਸੀ। ਉਸਦਾ ਦਿਮਾਗ਼ ਏਨਾਂ ਵਿਕਸਤ ਨਹੀਂ ਸੀ ਕਿ ਵਸਤਾਂ ਬਾਰੇ ਆਮ ਜਾਂ ਸਾਮਾਨਯ ਸੰਕਲਪ ਬਣਾ ਸਕੇ ਅਤੇ ਉਹ ਕਿਸੇ ਵਿਸ਼ੇਸ਼ ਵਰਤਾਰੇ ਤੋਂ ਆਪਣੇ ਆਪ ਨੂੰ ਵੱਖ ਨਹੀਂ ਸੀ ਕਰ ਸਕਦਾ। ਉਦਾਹਰਣ ਵਜੋਂ, ਸਾਨੂੰ ਪਤਾ ਹੈ ਕਿ "ਚੰਗਿਆਈ" ਇਕ **ਭਾਵਵਾਚੀ** ਪਦ ਹੈ, ਅਰਥਾਤ ਇਕ ਆਮ ਵਿਚਾਰ ਜਿਹੜਾ ਕਈ ਚੰਗੇ ਲੋਕਾਂ ਨਾਲ ਸਾਡੀ ਵਾਕਫ਼ੀਅਤ ਦੇ ਸਿੱਟੇ ਵਜੋਂ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਅਸੀਂ ਕੁਝ ਵਿਸ਼ੇਸ਼ ਹਾਲਤਾਂ ਵਿਚ ਮਿਹਰਬਾਨ, ਸਖੀ ਢੰਗ ਨਾਲ ਵਿਵਹਾਰ ਕਰਦਿਆਂ ਦੇਖਿਆ ਹੁੰਦਾ ਹੈ। ਅਸੀਂ, ਇਕਤਰ੍ਹਾਂ ਨਾਲ, ਆਪਣੇ ਆਪ ਨੂੰ ਇਸ ਸੰਕਲਪ ਦੇ ਗ਼ੈਰ-ਜ਼ਰੂਰੀ ਪੱਖਾਂ ਤੋਂ ਵੱਖ ਕਰ ਰਹੇ ਹੁੰਦੇ ਹਾਂ ਜਦ ਕਿ ਇਸਦੇ ਮੁੱਖ, ਬੁਨਿਆਦੀ ਪੱਖਾਂ ਉਤੇ ਧਿਆਨ ਕੇਂਦਰਿਤ ਕਰ ਰਹੇ ਹੁੰਦੇ ਹਾਂ। ਇਸਲਈ ਬਦੀ ਵਾਂਗ ਹੀ ਚੰਗਿਆਈ ਵੀ ਠੋਸ ਹਸਤੀ

ਜਾਂ ਵਸਤ ਵਜੋਂ ਹੋਂਦ ਨਹੀਂ ਰੱਖਦੀ। ਇਹ ਦੋਵੇਂ ਹੀ ਕੁਝ ਲੋਕਾਂ ਅਤੇ ਉਹਨਾਂ ਦੇ ਕਾਰਜਾਂ ਦੇ ਪੱਖਾਂ, ਲੱਛਣਾਂ ਤੋਂ ਵਧੇਰੇ ਕੁਝ ਨਹੀਂ। ਪਰ ਪੁਰਾਤਨ ਲੋਕ ਭਾਵਵਾਚੀ ਸੰਕਲਪਾਂ ਨੂੰ ਵੀ ਇਸਤਰ੍ਹਾਂ ਸਮਝਦੇ ਸਨ ਜਿਵੇਂ ਉਹ ਠੋਸ ਵਸਤਾਂ ਦੇ ਰੂਪ ਵਿਚ ਹੋਂਦ ਰੱਖਦੇ ਹੋਣ; ਉਹ ਇਹਨਾਂ ਭਾਵਵਾਚੀ ਸੰਕਲਪਾਂ ਦੇ ਪ੍ਰਗਟਾਵਾਂ ਦੇ ਠੋਸ ਰੂਪਾਂ ਤੋਂ ਆਪਣੇ ਆਪ ਨੂੰ ਵੱਖ ਕਰਕੇ ਨਹੀਂ ਸਨ ਦੇਖ ਸਕਦੇ। ਇਸਤਰ੍ਹਾਂ ਪੰਡੋਰਾ ਦੇ ਬਕਸੇ ਬਾਰੇ ਪੁਰਾਤਨ ਯੂਨਾਨੀ ਮਿੱਥ-ਕਥਾ ਵਿਚ ਬੁਰਾਈ ਨੂੰ ਇਕ ਠੋਸ ਵਸਤ ਸਮਝਿਆ ਗਿਆ ਹੈ। ਐਪੀਮੀਥੀਅਸ ਦੇ ਘਰ ਇਸ ਬਕਸੇ ਵਿਚ ਸਾਰੀਆਂ ਮਨੁੱਖੀ ਬੁਰਾਈਆਂ ਬੰਦ ਸਨ। ਉਸਦੀ ਪਤਨੀ, ਪੰਡੋਰਾ, ਨੇ ਜਾਨਣ ਦੀ ਉਤਸੁਕਤਾ ਵੱਸ ਹੀ ਬਕਸੇ ਨੂੰ ਖੋਹਲ ਦਿਤਾ ਅਤੇ ਇਸਤਰ੍ਹਾਂ ਬੁਰਾਈਆਂ ਨੂੰ ਨਿਕਲ ਜਾਣ ਦਿਤਾ। ਇਸਤਰ੍ਹਾਂ ਨਾਲ ਬੁਰਾਈ ਲੋਕਾਂ ਵਿਚ ਆ ਗਈ।

ਸੰਸਾਰ ਦੇ ਸਾਰੇ ਹੀ ਲੋਕ ਆਪਣੇ ਵਿਕਾਸ ਦੇ ਇਕ ਖ਼ਾਸ ਪੜਾਅ ਉਤੇ ਇਹ ਸਾਂਝਾ ਲੱਛਣ ਰੱਖਦੇ ਸਨ—ਉਹ ਸਾਰੇ ਹੀ ਸਿਰਫ਼ ਠੋਸ, ਪ੍ਰਤੱਖ ਬਿੰਬ ਰਾਹੀਂ ਸਾਮਾਨਯ ਨੂੰ ਅਨੁਭਵ ਕਰਦੇ ਸਨ। ਇਸਤਰ੍ਹਾਂ ਅਫ਼ਰੀਕਨਾਂ ਦੇ ਇਕ ਕਬੀਲੇ, ਅਸ਼ਾਂਤੀ, ਦੀ ਇਕ ਪਰੀ-ਕਹਾਣੀ ਵਿਚ ਅਸੀਂ ਸਿਆਣਪ ਦਾ ਉਹੀ "ਪਦਾਰਥਕ" ਸੰਕਲਪ ਦੇਖਦੇ ਹਾਂ। ਅਨਾਂਸੀ ਨਾਂ ਦੀ ਮੱਕੜੀ ਦੁਨੀਆਂ ਦਾ ਚੱਕਰ ਲਾ ਰਹੀ ਹੈ, ਸਿਆਣਪ ਦੇ ਦਾਣੇ ਇਕੱਠੇ ਕਰ ਰਹੀ ਹੈ ਅਤੇ ਉਹਨਾਂ ਨੂੰ ਇਕ ਭਾਂਡੇ ਵਿਚ ਸਾਂਭੀ ਜਾ ਰਹੀ ਹੈ। ਜਦੋਂ ਭਾਂਡਾ ਭਰ ਜਾਂਦਾ ਹੈ ਤਾਂ ਅਨਾਂਸੀ ਇਸਨੂੰ ਇਕ ਦਰੱਖਤ ਵਿਚ ਲੁਕਾਉਣ ਦੀ ਤਿਆਰੀ ਕਰਦੀ ਹੈ; ਪਰ ਉਹ ਆਪਣੇ ਬੇਟੇ ਨਾਲ ਨਾਰਾਜ਼ ਹੋ ਜਾਂਦੀ ਹੈ ਅਤੇ ਭਾਂਡੇ ਨੂੰ ਹੇਠਾਂ ਸੁੱਟ ਦੇਂਦੀ ਹੈ। ਭਾਂਡਾ ਟੁੱਟ ਜਾਂਦਾ ਹੈ ਅਤੇ ਸਿਆਣਪ ਦੇ ਦਾਣੇ ਦਰੱਖਤ ਦੇ ਹੇਠਾਂ ਸਾਰੀ ਜ਼ਮੀਨ ਉਤੇ ਖਿੱਲਰ ਜਾਂਦੇ

ਹਨ; ਉਥੋਂ ਫਿਰ ਜਿਹੜੇ ਲੋਕ ਤਾਂ ਕਾਫ਼ੀ ਫੁਰਤੀਲੇ ਸਨ, ਉਹ ਦਾਣੇ ਚੁਗ ਲੈਂਦੇ ਹਨ, ਜਦ ਕਿ ਜਿਹੜੇ ਫੁਰਤੀਲੇ ਨਹੀਂ ਸਨ, ਉਹ ਸਿਆਣਪ ਤੋਂ ਬਿਨਾਂ ਹੀ ਰਹਿ ਗਏ ਅਤੇ ਮੂਰਖ ਦੇ ਮੂਰਖ ਹੀ ਰਹੇ।

ਬਹੁਤ ਦੇਰ ਤਕ ਮਨੁੱਖੀ ਭਾਸ਼ਾ ਵਿਚ ਵਸਤਾਂ ਦੇ ਇਸਤਰ੍ਹਾਂ ਦੇ ਗੁਣਾਂ ਨੂੰ ਅਤੇ ਮਨੁੱਖ ਦੁਆਲੇ ਦੇ ਅਮਲਾਂ ਨੂੰ ਪ੍ਰਗਟ ਕਰਦੇ ਕੋਈ ਸ਼ਬਦ ਨਹੀਂ ਸਨ। ਪੂਰਬ ਦੀਆਂ ਸਭ ਤੋਂ ਪੁਰਾਣੀਆਂ ਭਾਸ਼ਾਵਾਂ ਵਿਚੋਂ ਇਕ, ਸੁਮੇਰੀ ਭਾਸ਼ਾ ਵਿਚ, ਉਦਾਹਰਣ ਵਜੋਂ, "ਜਾਨੋਂ ਮਾਰਨ" ਵਰਗਾ ਕੋਈ ਸ਼ਬਦ ਨਹੀਂ ਸੀ। ਜਦੋਂ ਲੋਕ ਕਿਸੇ ਦੇ ਜਾਨੋਂ ਮਾਰੇ ਜਾਣ ਬਾਰੇ ਦੱਸਣਾ ਚਾਹੁੰਦੇ ਸਨ ਤਾਂ ਉਹਨਾਂ ਨੂੰ ਇਕ ਸ਼ਬਦ ਵਰਤਣਾ ਪੈਂਦਾ ਸੀ, ਜਿਸਦਾ ਅਰਥ ਸੀ "ਸਿਰ ਉਤੇ ਡਾਂਗ ਮਾਰਨਾ"।

ਆਮਿਆਉਣ ਜਾਂ ਸਾਮਾਨੀਕਰਨ ਦੀ ਯੋਗਤਾ ਵਾਸਤੇ ਇਹ ਗਿਆਨ ਚਾਹੀਦਾ ਹੈ ਕਿ ਲਾਜ਼ਮੀ ਅਤੇ ਸਬੱਬੀ ਵਿਚਕਾਰ, ਕਾਰਨ ਅਤੇ ਅਸਰ ਵਿਚਕਾਰ ਕਿਵੇਂ ਨਿਖੇੜ ਕੀਤਾ ਜਾਏ। ਇਹ ਯੋਗਤਾ ਇਕਦਮ ਪੈਦਾ ਨਹੀਂ ਸੀ ਹੋ ਗਈ। ਵਸਤਾਂ ਅਤੇ ਵਰਤਾਰਿਆਂ ਵਿਚਕਾਰ ਬਾਹਰਲੇ ਇਕੋਜਿਹੇਪਣ ਨੂੰ ਦੇਖਦਿਆਂ ਆਦਿ-ਕਾਲੀਨ ਮਨੁੱਖ ਇਸ ਸਿੱਟੇ ਉਤੇ ਪੁੱਜਾ ਕਿ ਉਹਨਾਂ ਵਿਚਕਾਰ ਅਨਿੱਖੜ ਸੰਬੰਧ ਹੈ। ਇਸਤਰ੍ਹਾਂ ਦੱਖਣੀ ਅਮਰੀਕਾ ਦੀ ਓਰੀਨੋਕੋ ਵਾਦੀ ਵਿਚ ਰਹਿੰਦੇ ਇਕ ਇੰਡੀਅਨ ਕਬੀਲੇ ਦਾ ਵਿਸ਼ਵਾਸ ਸੀ ਕਿ ਸਿਰਫ਼ ਔਰਤਾਂ ਨੂੰ ਹੀ ਫ਼ਸਲਾਂ ਬੀਜਣ ਦਾ ਕੰਮ ਕਰਨਾ ਚਾਹੀਦਾ ਹੈ: ਉਹ ਦਲੀਲ ਇਹ ਦੇਂਦੇ ਸਨ ਕਿ ਔਰਤਾਂ ਹੀ ਹਨ ਜਿਹੜੀਆਂ ਪੈਦਾ ਕਰਨ ਦੇ ਸਮਰੱਥ ਹਨ, ਇਸਲਈ ਧਰਤੀ ਚੰਗੀ ਫ਼ਸਲ ਤਾਂ ਹੀ ਦੇਵੇਗੀ ਜੇ ਬੀਜ ਔਰਤਾਂ ਦੇ ਹੱਥੋਂ ਬੀਜੇ ਜਾਣ। ਅੱਜ ਵੀ, ਉਦਾਹਰਣ ਵਜੋਂ, ਯੂਗਾਂਡਾ ਦੇ ਲੋਕਾਂ ਦਾ ਖ਼ਿਆਲ ਹੈ ਕਿ ਬਾਂਝ ਔਰਤ ਆਪਣੇ ਪਤੀ ਦੇ ਖੇਤ ਅਤੇ

ਬਾਗ਼ ਨੂੰ ਆਪਣੇ ਵਰਗਾ ਹੀ ਬੰਜਰ ਬਣਾ ਦੇਵੇਗੀ।

ਪੁਰਾਤਨ ਸਮਿਆਂ ਵਿਚ ਮਨੁੱਖ ਆਪਣੇ ਆਪ ਨੂੰ ਪ੍ਰਕਿਰਤੀ ਨਾਲੋਂ ਵੱਖ ਨਹੀਂ ਸੀ ਕਰਦਾ; ਉਸਦਾ ਵਿਸ਼ਵਾਸ ਸੀ ਕਿ ਪ੍ਰਕਿਰਤੀ ਵਿਚ ਉਸੇ ਵਰਗੇ ਜੀਵਾਂ ਦਾ, ਜਲ, ਅਗਨੀ, ਹਵਾ, ਧਰਤੀ ਆਦਿ ਵਰਗੀਆਂ ਰੂਹਾਂ ਦਾ ਹੀ ਵਾਸਾ ਹੈ। ਪ੍ਰਕਿਰਤੀ ਦੇ ਇਹੋ ਜਿਹੇ "ਮਾਨਵੀਕਰਨ" ਦੇ ਬਾਕੀ ਬਚੇ ਚਿੰਨ੍ਹ ਹੀ ਅਜੇ ਤੱਕ, ਉਦਾਹਰਣ ਵਜੋਂ, ਯੂਗਾਂਡਾ ਦੇ ਕੁਝ ਕਬੀਲਿਆਂ ਵਿਚ ਚੱਲੇ ਆ ਰਹੇ ਹਨ। ਮਨੁੱਖ ਦੇ ਦੁਆਲੇ ਦਾ ਸੰਸਾਰ "ਜੂਓਕ" ਨਾਂ ਦੀਆਂ ਰੂਹਾਂ ਨਾਲ ਭਰਿਆ ਪਿਆ ਹੈ; ਇਹ ਰੂਹਾਂ ਉਹਨਾਂ ਲੋਕਾਂ ਲਈ ਬਿਲਕੁਲ ਠੋਸ ਅਤੇ ਯਥਾਰਥਕ ਹਨ, ਜਿਹੜੇ ਉਹਨਾਂ ਵਿਚ ਵਿਸ਼ਵਾਸ ਰੱਖਦੇ ਹਨ। ਮੌਤ ਤੋਂ ਮਗਰੋਂ ਮਨੁੱਖ ਖ਼ੁਦ ਜੂਓਕ ਬਣ ਜਾਂਦਾ ਹੈ; ਉਹ ਆਪਣੇ ਕਬੀਲੇ ਦੇ ਮੁਖੀਏ ਨੂੰ ਆਸਰਾ ਦੇਂਦਾ ਹੈ, ਆਪਣੇ ਕਬੀਲੇ ਵਾਲਿਆਂ ਦੀ ਸਹਾਇਤਾ ਕਰਦਾ ਜਾਂ ਉਹਨਾਂ ਨੂੰ ਸਜ਼ਾ ਦੇਦਾ ਹੈ।

ਇਸਤਰ੍ਹਾਂ ਨਾਲ, ਆਦਿ-ਕਾਲੀਨ ਮਨੁੱਖ ਦੀ ਚੇਤਨਾ ਵਿਚ ਪ੍ਰਕਿਰਤੀ ਦਾ ਸੰਸਾਰ ਅਤੇ ਮਨੁੱਖ ਦਾ ਸੰਸਾਰ, ਵਸਤਾਂ ਦਾ ਸੰਸਾਰ ਅਤੇ ਰੂਹਾਂ ਦਾ ਸੰਸਾਰ ਇਕ ਦੂਜੇ ਨਾਲ ਰਲੇ-ਮਿਲੇ ਹੋਏ ਸਨ। ਮਨੁੱਖ ਪ੍ਰਕਿਰਤਕ ਸ਼ਕਤੀਆਂ ਨੂੰ ਜਿਊਂਦੇ-ਜਾਗਦੇ ਜੀਵਾਂ ਵਾਂਗ ਸਮਝਦਾ ਸੀ: ਉਹ ਉਹਨਾਂ ਨਾਲ ਨਾਰਾਜ਼ ਹੁੰਦਾ ਸੀ ਜੇ ਤੂਫ਼ਾਨ ਆ ਜਾਂਦਾ ਸੀ, ਜਾਂ ਗੜ੍ਹੇਮਾਰ ਹੁੰਦੀ ਸੀ ਜਾਂ ਸੋਕਾ ਪੈ ਜਾਂਦਾ ਸੀ; ਉਹ ਭਰਪੂਰ ਫ਼ਸਲ ਲਈ ਧਰਤੀ ਦਾ ਅਤੇ ਚਿਰਾਂ ਤੋਂ ਉਡੀਕੀ ਜਾ ਰਹੀ ਬਾਰਸ਼ ਲਈ ਆਕਾਸ਼ ਦਾ ਧੰਨਵਾਦ ਕਰਦਾ ਸੀ।

ਇਸਤਰ੍ਹਾਂ ਆਦਿ-ਕਾਲੀਨ ਮਨੁੱਖ ਦੀ ਚੇਤਨਾ ਦਾ ਲੱਛਣ ਇਹ ਸੀ ਕਿ ਇਹ ਭਾਵਵਾਚੀ ਵਿਚਾਰ ਕਾਇਮ ਕਰਨ ਦੀ, ਲਾਜ਼ਮੀ ਅਤੇ ਗ਼ੈਰ-ਲਾਜ਼ਮੀ ਵਿਚਕਾਰ ਫ਼ਰਕ ਕਰ ਸਕਣ ਦੀ

ਸਮਰੱਥਾ ਨਹੀਂ ਸੀ ਰੱਖਦੀ ਅਤੇ ਇਸ ਵਿਚ ਤਰਕ ਉਪਰ ਭਾਵਾਂ ਦਾ ਗ਼ਲਬਾ ਹੁੰਦਾ ਸੀ। ਸਾਡੇ ਸਮਿਆਂ ਦੇ ਸਭ ਤੋਂ ਮਹਾਨ ਚਿੰਤਕ ਅਤੇ ਕਵੀ, **ਰਾਬਿੰਦਰ ਨਾਥ ਟੈਗੋਰ**, ਨੇ ਆਪਣੀ ਇਕ ਕਵਿਤਾ ਵਿਚ ਇਹੋ ਜਿਹੇ ਮਨ ਦਾ ਬੜਾ ਸ਼ਾਨਦਾਰ ਵਰਣਨ ਕੀਤਾ ਹੈ:

ਪਾਗ਼ਲ ਮਨ! ਇਹ ਇਤਿਹਾਸ ਵਿਚ ਆਪਣੇ ਆਪ ਨੂੰ
ਦੇਖਣ ਦੇ ਤਰੀਕੇ ਦੀ ਵਿਅਰਥ ਹੀ ਢੂੰਡ ਕਰ ਰਿਹਾ ਹੈ।
ਇਹ ਬੇਮਕਸਦ ਹੀ, ਕਮਰਿਆਂ ਤੋਂ ਬਾਹਰ ਖੁਲ੍ਹੇ ਵਿਚ,
ਅਤੇ ਉਸਤੋਂ ਵੀ ਪਰ੍ਹੇ ਦੂਰ ਖੇਤਾਂ ਵਿਚ,
ਅਤੇ ਸੰਘਣੇ ਜੰਗਲਾਂ ਵਿਚ ਭੌਂਦਾ ਫਿਰਦਾ ਹੈ,
ਇਹ ਪੈਰ ਥਪਕਦਾ ਹੈ, ਘੱਟਾ ਉਡਾਉਂਦਾ ਹੈ ਅਤੇ ਕੂਕਦਾ ਹੈ,
ਅਤੇ ਦਰੱਖਤਾਂ ਨਾਲ ਆਪਣਾ ਸਿਰ ਪਟਕਦਾ ਹੈ।
ਜੇ ਕੋਈ ਚਾਨਣ ਦਿੱਸੇ ਤਾਂ ਇਹ ਸਰਪਟ ਦੌੜਦਾ ਹੈ,
ਅਤੇ ਇਸਨੂੰ ਕਾਬੂ ਕਰਨ ਲਈ ਚੱਕਰ ਕੱਟਦਾ ਹੈ।
ਅਤੇ ਇਕ ਬਾਲ ਵਾਂਗ
ਇਹ ਘਾਹ ਉਤੇ ਡਿੱਗ ਪੈਂਦਾ ਹੈ,
ਅਤੇ ਨਹੀਂ ਜਾਣਦਾ ਕਿ ਸੁਪਣੇ ਕਿਥੇ ਹਨ
ਅਤੇ ਜ਼ਿੰਦਗੀ ਕਿੱਥੇ। *

ਆਦਿ-ਕਾਲੀਨ ਚੇਤਨਾ ਅਤੇ ਆਧੁਨਿਕ ਮਨੁੱਖ ਦੇ ਵਿਚਾਰਾਂ ਅਤੇ ਜਜ਼ਬਿਆਂ ਵਿਚਕਾਰ ਬੁਨਿਆਦੀ ਫ਼ਰਕ ਤੋਂ ਚੇਤੰਨ, ਕੁਝ ਚਿੰਤਕ ਇਸ ਸਿੱਟੇ ਉਤੇ ਪੁੱਜੇ ਕਿ ਫਿਲਾਸਫ਼ੀ ਆਪਣੇ ਆਪ ਹੀ, ਮਨੁੱਖ ਦੀ ਚੇਤਨਾ ਦੇ ਕੁਦਰਤੀ ਵਿਕਾਸ ਦੇ ਸਿੱਟੇ ਵਜੋਂ

---

* ਜ. ਰਾਬਿੰਦਰ ਨਾਥ ਟੈਗੋਰ, "**ਪ੍ਰਗੀਤ**", ਮਾਸਕੋ, ੧੯੬੭, ਸ. ੭੧ (ਰੂਸੀ ਵਿਚ)।

ਹੀ ਪੈਦਾ ਨਹੀਂ ਸੀ ਹੋ ਸਕਦਾ। ਉਹ ਇਸਨੂੰ ਵਿਸ਼ੇਸ਼ ਦਾਤ ਸਮਝਦੇ ਸਨ ਜਿਹੜੀ ਕਿਸੇ ਉਚੇਰੀ, ਦੈਵੀ ਸ਼ਕਤੀ ਵਲੋਂ "ਗਿਣੇ-ਚੁਣੇ" ਲੋਕਾਂ ਨੂੰ, ਵਧੇਰੇ ਕਰਕੇ ਪੱਛਮੀ ਯੂਰਪ ਦੇ ਲੋਕਾਂ ਨੂੰ ਬਖਸ਼ੀ ਗਈ ਹੁੰਦੀ ਸੀ। ਅੰਗ੍ਰੇਜ਼ ਫ਼ਿਲਾਸਫ਼ਰ ਅਤੇ ਉਨ੍ਹੀਵੀਂ ਸਦੀ ਦੇ ਸਮਾਜ-ਵਿਗਿਆਨੀ **ਹਰਬਰਟ ਸਪੈਂਸਰ** ਦੀ ਰਾਇ ਵਿਚ, ਇਕ ਨੀਗਰੋ ਆਪਣੀ ਪ੍ਰਕਿਰਤੀ ਕਾਰਨ ਹੀ ਭਾਵਵਾਚੀ ਸੋਚਨੀ ਦੇ ਅਸਮਰੱਥ ਹੈ। ਉਹ ਸਿਰਫ਼ ਠੋਸ ਬਿੰਬਾਂ ਵਿਚ ਹੀ ਸੋਚਦਾ ਹੈ, ਅਤੇ ਉਸਦੇ ਤਰਕ ਉਪਰ ਉਸਦੇ ਜਜ਼ਬੇ ਭਾਰੂ ਹੁੰਦੇ ਹਨ। ਨਾ ਹੀ ਉਹ ਬਾਰੀਕਬੀਨੀ ਵਾਲੇ ਦਾਰਸ਼ਨਿਕ ਵਿਚਾਰਾਂ ਨੂੰ ਸਮਝ ਸਕਦਾ ਹੈ। *

ਵੀਹਵੀਂ ਸਦੀ ਵਿਚ ਇਕ ਹੋਰ ਦ੍ਰਿਸ਼ਟੀਕੋਨ ਆਮ ਪ੍ਰਚੱਲਤ ਹੋ ਗਿਆ। ਇਸਦੇ ਸਮਰਥਕਾਂ ਦਾ ਵਿਸ਼ਵਾਸ ਹੈ ਕਿ ਗਿਆਨ ਦੀ ਖੋਜ ਵਿਚ ਮਨੁੱਖ ਪ੍ਰਕਿਰਤੀ ਨਾਲ ਅਤੇ ਦੂਜੇ ਲੋਕਾਂ ਨਾਲ ਏਕਤਾ ਗੁਆ ਬੈਠਾ ਹੈ। ਸਿਰਫ਼ ਪੂਰਬੀ ਲੋਕਾਂ ਨੇ ਹੀ ਆਪਣੇ ਵਿਸ਼ੇਸ਼, ਜਮਾਂਦਰੂ ਲੱਛਣਾਂ ਕਾਰਨ ਇਹ ਆਦਿ-ਕਾਲੀਨ "ਇਕਜੁੱਟਤਾ" ਕਾਇਮ ਰੱਖੀ ਹੈ। ਇਸਲਈ ਭਾਵਵਾਚੀ, ਤਰਕਸ਼ੀਲ ਤਰੀਕੇ ਨਾਲ ਸੋਚ ਸਕਣ ਤੋਂ ਅਤੇ ਦਾਰਸ਼ਨਿਕ ਪੇਸ਼ਕਾਰੀ ਤੋਂ ਅਸਮਰੱਥਾ ਕੋਈ ਬੁਰਾਈ ਨਹੀਂ ਸਗੋਂ ਬਖਸ਼ਿਸ਼ ਹੈ। ਸੈਨੇਗਲ ਦੇ ਇਕ ਕਵੀ, ਫ਼ਿਲਾਸਫ਼ਰ ਅਤੇ ਰਾਜਨੇਤਾ ਲਿਓਪੋਲ ਸੇਦਰ ਸੈਨਗੋਰ ਦਾ ਕਹਿਣਾ ਹੈ ਕਿ "ਕਾਲਿਆਂ ਨੂੰ ਜਜ਼ਬਿਆਂ ਦੀ

---

* ਨਾਬਰਾਬਰੀ ਅਤੇ ਸਮਾਜਕ ਜਬਰ ਨੂੰ ਉਚਿਤ ਠਹਿਰਾਉਂਦਾ ਦ੍ਰਿਸ਼ਟੀਕੋਨ ਜ਼ਿੰਦਗੀ ਵਲੋਂ ਬਹੁਤ ਦੇਰ ਦਾ ਰੱਦ ਕੀਤਾ ਜਾ ਚੁੱਕਾ ਹੈ: ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੇ ਸੋਵੀਅਤ ਯੂਨੀਅਨ ਵਿਚ ਪੜ੍ਹ ਰਹੇ ਕਈ ਨੌਜਵਾਨ ਫ਼ਿਲਾਸਫ਼ੀ ਸਮੇਤ ਸਾਰੇ ਮਜ਼ਮੂਨਾਂ ਵਿਚ ਚੰਗੀ ਤਰੱਕੀ ਕਰ ਰਹੇ ਹਨ।

ਅਤੇ ਯੂਨਾਨੀਆਂ ਨੂੰ ਤਰਕ ਦੀ ਦਾਤ ਮਿਲੀ ਹੋਈ ਹੈ।"* ਅਫ਼ਰੀਕੀ ਸੋਚਨੀ ਕਲਪਣਾਸ਼ੀਲ ਅਤੇ ਕਾਵਿਕ ਹੈ। "ਅਫ਼ਰੀਕੀ ਸ਼ਖ਼ਸੀਅਤ" ਦੇ ਸੰਕਲਪ ਦੇ ਹਿਮਾਇਤੀਆਂ ਵਲੋਂ ਕੱਢੇ ਗਏ ਸਿੱਟੇ ਨਸਲਵਾਦੀ ਦਾਅਵਿਆਂ ਨਾਲ ਮਿਲਦੇ-ਜੁਲਦੇ ਹਨ, ਜਿਨ੍ਹਾਂ ਅਨੁਸਾਰ ਅਫ਼ਰੀਕਨ ਆਪਣਾ ਹੀ ਵਿਗਿਆਨ ਅਤੇ ਦਰਸ਼ਨ ਸਿਰਜ ਸਕਣ ਤੋਂ ਅਸਮਰੱਥ ਹਨ।

ਉਪ੍ਰੋਕਤ ਤੋਂ ਅਸੀਂ ਦੇਖ ਸਕਦੇ ਹਾਂ ਕਿ ਫ਼ਿਲਾਸਫ਼ੀ ਦੀਆਂ ਪੂਰਵ-ਸ਼ਰਤਾਂ ਦੇ ਮਸਲੇ ਵਿਚ ਵੀ, ਜੋ ਕਿ ਦੇਖਣ ਨੂੰ ਅਜੋਕੇ ਮਸਲਿਆਂ ਤੋਂ ਕਿਤੇ ਦੂਰ ਲੱਗਦਾ ਹੈ, ਵਿਚਾਰਧਾਰਕ ਘੋਲ ਚੱਲ ਰਿਹਾ ਹੈ।

ਆਓ ਦੇਖੀਏ ਕਿ ਆਦਿ-ਕਾਲੀਨ ਮਨੁੱਖ ਵਿਚ ਵਿਸ਼ੇਸ਼ ਪਰਕਾਰ ਦੀ ਸੋਚਨੀ, ਵਿਸ਼ੇਸ਼ ਪਰਕਾਰ ਦੀ ਚੇਤਨਾ ਕਿਸ ਕਾਰਨ ਪੈਦਾ ਹੋਈ। ਸੰਭਵ ਤੌਰ ਉਤੇ ਸਾਨੂੰ ਇਸਦਾ ਕਾਰਨ ਉਸਦੀਆਂ ਅਮਲੀ ਸਰਗਰਮੀਆਂ ਦੀਆਂ ਹਾਲਤਾਂ ਵਿਚ, ਅਰਥਾਤ, ਉਸਦੀ ਕਿਰਤ, ਨਿੱਤਾਪ੍ਰਤਿ ਜੀਵਨ ਅਤੇ ਦੂਜੇ ਲੋਕਾਂ ਨਾਲ ਮੇਲ-ਜੋਲ ਦੀਆਂ ਹਾਲਤਾਂ ਵਿਚ ਦੇਖਣਾ ਚਾਹੀਦਾ ਹੈ। ਬਿਨਾਂ ਕਿਸੇ ਛੋਟ ਦੇ ਸਭ ਲੋਕ ਐਸੀ ਅਵਸਥਾ ਵਿਚੋਂ ਲੰਘੇ ਹਨ, ਜਦੋਂ ਕਿਰਤ ਦੇ ਆਦਿ-ਕਾਲੀਨ ਸੰਦ ਵਰਤੇ ਜਾਂਦੇ ਸਨ। ਖ਼ੁਰਾਕ ਹਾਸਲ ਕਰਨ ਲਈ ਮਨੁੱਖ ਨੂੰ ਕਈ ਕਈ ਘੰਟੇ ਥਕਾ ਮਾਰਣ ਵਾਲਾ ਕੰਮ ਕਰਨਾ ਪੈਂਦਾ ਸੀ, ਅਤੇ ਉਹ ਪੂਰੀ ਤਰ੍ਹਾਂ ਪ੍ਰਕਿਰਤੀ ਅਤੇ ਇਸਦੀਆਂ "ਸਨਕਾਂ" ਉਪਰ ਨਿਰਭਰ ਹੁੰਦਾ ਸੀ। ਇਸਲਈ, ਆਦਿ-ਕਾਲੀਨ ਸੋਚਨੀ ਵਿਚਲੀ ਜਮਾਂਦਰੂ ਕਲਪਣਾ ਤੋਂ ਪੈਦਾ ਹੋਈਆਂ ਰੂਹਾਂ "ਅਮਲੀ" ਕੀਮਤ ਰੱਖਦੀਆਂ ਸਨ: ਉਹਨਾਂ

---

*ਲ. ਸ. ਸੈਨਗੋਰ, "Negritude et humanisme", Editions du seuil, Paris, 1964, s. 24.

ਨੂੰ ਕੁਝ ਲਾਭਕਾਰੀ ਕੰਮ ਕਰਨ ਲਈ ਕਿਹਾ ਜਾ ਸਕਦਾ ਸੀ। ਇਸੇ ਕਰਕੇ ਆਦਿ-ਕਾਲੀਨ ਮਨੁੱਖ ਨੇ ਯੂਨਾਨ ਵਿਚਲੇ ਜੰਗਲਾਂ, ਖੇਤਾਂ ਅਤੇ ਦਰਿਆਵਾਂ ਉਪਰ ਪਰੀਆਂ ਦਾ, ਰੂਸ ਵਿਚ ਜਲ-ਪਰੀਆਂ, ਭੂਤਨਿਆਂ ਅਤੇ ਜੰਗਲੀ ਪਰੇਤਾਂ ਦਾ, ਅਤੇ ਅਫ਼ਰੀਕਾ ਵਿਚ ਜੂਓਕਾਂ ਦਾ ਵਾਸਾ ਕਰਾ ਦਿਤਾ।

ਇਸਤਰ੍ਹਾਂ ਕੁਦਰਤੀ ਸ਼ਕਤੀਆਂ ਦੇ ਰੂਬਰੂ ਮਨੁੱਖ ਦੀ ਲਾਚਾਰੀ ਅਤੇ ਉਸਦੇ ਗਿਆਨ, ਯੋਗਤਾਵਾਂ ਅਤੇ ਤਜਰਬੇ ਦੀ ਘਾਟ ਹੀ ਸੀ ਜਿਸਨੇ "ਆਦਿ-ਕਾਲੀਨ ਸੋਚਣੀ" ਪੈਦਾ ਕੀਤੀ। ਅੱਜ ਇਸਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਦੀ ਕੋਸ਼ਿਸ਼ ਕਰਨ ਦਾ ਮਤਲਬ ਹੈ ਸਭਿਆਚਾਰ ਦੇ ਵਿਕਾਸ ਵਿਚ ਅਤੇ ਆਮ ਕਰਕੇ ਤਰੱਕੀ ਵਿਚ ਦਖ਼ਲ-ਅੰਦਾਜ਼ੀ ਕਰਨਾ।

### ਧੁੰਦੂਕਾਰੇ ਤੋਂ ਇਕਸੁਰਤਾ ਵੱਲ

ਮਨੁੱਖ ਦੀਆਂ ਕਿਰਤ ਨਾਲ ਸੰਬੰਧਤ ਸਰਗਰਮੀਆਂ ਦੇ ਦੌਰਾਨ ਕੰਮ ਦੇ ਸੰਦ ਹੌਲੀ ਹੌਲੀ ਬਿਹਤਰ ਬਣਦੇ ਗਏ, ਤਜਰਬਾ ਅਤੇ ਗਿਆਨ ਇਕੱਤ੍ਰਿਤ ਹੁੰਦੇ ਗਏ। ਕੁਹਾੜੀ, ਖੁਰਪਾ ਅਤੇ ਨੇਜ਼ੇ ਦਾ ਫਲ ਵਧੇਰੇ ਹਲਕੇ, ਤੇਜ਼ ਅਤੇ ਹੰਢਣਸਾਰ ਬਣਦੇ ਗਏ, ਕਿਉਂਕਿ ਹੁਣ ਉਹ ਪੱਥਰ ਦੇ ਨਹੀਂ ਸਨ ਬਣੇ ਹੁੰਦੇ ਸਗੋਂ ਧਾਤ ਦੇ ਬਣੇ ਹੁੰਦੇ ਸਨ। ਮਨੁੱਖ ਨੇ ਕਈ ਬੀਮਾਰੀਆਂ ਦਾ ਇਲਾਜ ਕਰਨਾ ਸਿੱਖ ਲਿਆ, ਬੂਟਿਆਂ ਦੀਆਂ ਗੁਣਕਾਰੀ ਖਾਸੀਅਤਾਂ ਦਾ ਪਤਾ ਲਾ ਲਿਆ, ਅਤੇ ਉਹ ਪੰਛੀਆਂ, ਪਸ਼ੂਆਂ, ਕੀੜੇ-ਮਕੌੜਿਆਂ ਅਤੇ ਬੂਟਿਆਂ ਦੇ ਵਿਵਹਾਰ ਦੇ ਨਿਰੀਖਣ ਤੋਂ ਮੌਸਮ ਬਾਰੇ ਪੇਸ਼ਗੋਈ ਕਰਨ ਦੇ ਸਮਰੱਥ ਹੋ ਗਿਆ। ਪ੍ਰਕਿਰਤੀ ਨਾਲ ਆਪਣੇ ਘੋਲ ਵਿਚ ਉਹ ਹੋਰ ਬਿਲਕੁਲ ਲਾਚਾਰ ਨਹੀਂ ਸੀ, ਕਿਉਂਕਿ ਉਸਨੇ ਅੱਗ ਬਾਲਣੀ ਸਿੱਖ ਲਈ ਸੀ, ਪਹੀਏ

ਦੀ ਕਾਢ ਕੱਢ ਲਈ ਸੀ, ਕਈ ਜੰਗਲੀ ਜਾਨਵਰਾਂ ਨੂੰ ਸਿਧਾ ਲਿਆ ਸੀ ਅਤੇ ਜ਼ਰਾਇਤੀ ਪੌਦੇ ਲਾਉਣ ਦਾ ਕੁਝ ਗਿਆਨ ਪਰਾਪਤ ਕਰ ਲਿਆ ਸੀ। ਇਸਦੇ ਅਨੁਸਾਰ ਹੀ ਸੰਸਾਰ ਬਾਰੇ ਉਸਦੇ ਵਿਚਾਰ ਬਦਲਦੇ ਗਏ।

ਭਾਵੇਂ ਅਜੇ ਵੀ ਉਹ ਠੋਸ ਬਿੰਬਾਂ, ਕੁਦਰਤੀ ਸ਼ਕਤੀਆਂ ਦੇ ਪ੍ਰਤੀਕਾਂ ਵਿਚ ਹੀ ਸੋਚਦਾ ਸੀ, ਫਿਰ ਵੀ ਮਨੁੱਖ ਨੇ ਸੰਸਾਰ ਦੇ ਅਤੇ ਸਾਰੇ ਜੀਵਾਂ ਦੇ ਪੈਦਾ ਹੋਣ ਦੀ ਵਿਆਖਿਆ ਕਰਦੀ ਬਿੰਬਾਂ ਦੀ ਇਕ ਇਕਸੁਰ ਪ੍ਰਣਾਲੀ ਨਿਸਚਿਤ ਮੰਤਕ ਦੇ ਨਾਲ ਸਿਰਜ ਲਈ। ਉਹ ਜੀਵਨ ਅਤੇ ਮੌਤ ਬਾਰੇ, ਫ਼ਰਜ਼ ਅਤੇ ਖੁਸ਼ੀ ਬਾਰੇ, ਗੁਨਾਹ ਅਤੇ ਜ਼ਿਮੇਂਵਾਰੀ ਬਾਰੇ ਵਿਚਾਰ ਕਰਨ ਲੱਗਾ—ਅਰਥਾਤ, ਉਸਨੇ ਆਮ ਪ੍ਰਸ਼ਨ ਉਠਾਉਣੇ ਸ਼ੁਰੂ ਕਰ ਦਿਤੇ, ਭਾਵੇਂ ਉਹਨਾਂ ਨੂੰ ਵੀ ਉਹ ਬਿੰਬਾਂ ਦਾ ਰੂਪ ਹੀ ਦੇਂਦਾ ਸੀ। ਉਹ ਵਸਤਾਂ ਦੀ ਤਰਤੀਬ ਨੂੰ ਅਤੇ ਉਸ ਸਥਿਰਤਾ ਨੂੰ, ਜਿਹੜੀ ਉਹ ਸੰਸਾਰ ਵਿਚ ਦੇਖਦਾ ਸੀ, ਸਮਝਣ ਅਤੇ ਵਿਆਖਿਆਉਣ ਦੀ ਕੋਸ਼ਿਸ਼ ਕਰਨ ਲੱਗਾ।

ਪੁਰਾਤਨ ਕਾਲ ਦੇ ਲੋਕਾਂ ਦੇ ਵਿਚਾਰਾਂ ਵਿਚਲੀਆਂ ਇਹ ਤਬਦੀਲੀਆਂ ਯੂਨਾਨੀ ਮਿੱਥ-ਕਥਾਵਾਂ ਵਿਚ ਸਭ ਤੋਂ ਵੱਧ ਸਪਸ਼ਟਤਾ ਨਾਲ ਦੇਖੀਆਂ ਜਾ ਸਕਦੀਆਂ ਹਨ। ਆਪਣੇ ਇਤਿਹਾਸ ਦੇ ਪੂਰਬਲੇ, ਪ੍ਰਾਚੀਨ ਦੌਰ ਵਿਚ, ਪੁਰਾਤਨ ਯੂਨਾਨੀ ਸੰਸਾਰ ਨੂੰ ਇਕ ਧੁੰਦੂਕਾਰੇ ਵਜੋਂ ਦੇਖਦੇ ਸਨ, ਜਿਸ ਵਿਚ ਕੋਈ ਤਰਤੀਬ ਨਹੀਂ ਸੀ। ਪਰ ਜਿਉਂ ਜਿਉਂ ਯੂਨਾਨੀ ਸਮਾਜ ਵਿਕਾਸ ਕਰਦਾ ਗਿਆ, ਮਿੱਥ-ਕਥਾਵਾਂ ਵਿਚਲੇ ਸੰਸਾਰ ਦੀ ਤਸਵੀਰ ਵਿਚ ਇਕ ਤਰ੍ਹਾਂ ਦਾ ਸਿਸਟਮ ਦਿਖਾਈ ਦੇਣ ਲੱਗਾ: ਧੁੰਦੂਕਾਰੇ ਦੇ ਮੁਕਾਬਲੇ ਉਤੇ ਓਲਿਮਪੀਆ ਦੇ ਦੇਵਤੇ ਸਨ ਜਿਹੜੇ ਹਰ ਤਰ੍ਹਾਂ ਦੇ ਦੈਤਾਂ, ਸਾਈਕਲੋਪਾਂ ਅਤੇ ਦਿਓਆਂ ਦੇ ਖ਼ਿਲਾਫ਼ ਨਿਰੰਤਰ ਘੋਲ ਵਿਚ ਜੁੱਟੇ ਹੋਏ ਸਨ। ਜਿਉਂ ਜਿਉਂ ਦੇਵਤੇ ਜੇਤੂ ਹੁੰਦੇ ਗਏ, ਉਹ

ਤਰਤੀਬ, ਇਕਸੁਰਤਾ ਅਤੇ ਸਥਿਰਤਾ ਸਥਾਪਤ ਕਰਦੇ ਗਏ। ਉਹਨਾਂ ਦੇ ਘੋਲ ਵਿਚ ਉਹਨਾਂ ਦੀ ਸਹਾਇਤਾ ਹੀਰੋ ਕਰ ਰਹੇ ਸਨ, ਅਰਥਾਤ ਉਹ ਨਾਸ਼ਮਾਨ ਜੀਵ ਜਿਨ੍ਹਾਂ ਨੂੰ ਸਿਰਕੱਢ ਤਾਕਤ ਅਤੇ ਦਿੱਬ-ਦ੍ਰਿਸ਼ਟੀ ਦੀ ਦਾਤ ਮਿਲੀ ਹੁੰਦੀ ਸੀ।

ਪੁਰਾਤਨ ਯੂਨਾਨੀਆਂ ਨੇ ਦੇਵਤਿਆਂ ਦੀ ਇਕ ਇਕਸੁਰ ਦਰਜੇਬੰਦ ਪ੍ਰਣਾਲੀ ਸਿਰਜ ਲਈ, ਜਿਨ੍ਹਾਂ ਵਿਚੋਂ ਹਰ ਦੇਵਤਾ ਮਨੁੱਖਾ ਸਰਗਰਮੀ ਦੀ ਵਿਸ਼ੇਸ਼ ਵੰਨਗੀ ਨੂੰ ਸਾਕਾਰ ਕਰਦਾ ਸੀ: ਪਾਨ ਇੱਜੜਾਂ ਦੀ ਰਾਖੀ ਕਰਦਾ ਸੀ, ਹਰਮੀਜ਼ ਵਪਾਰ ਦੀ ਨਿਗਰਾਨੀ ਕਰਦਾ ਸੀ, ਦਿਮਿਤੇਰ ਉਪਜਾਇਕਤਾ ਅਤੇ ਜ਼ਰਾਇਤ ਦੀ ਦੇਵੀ ਸੀ, ਹੇਰਾ ਵਿਆਹਾਂ-ਸ਼ਾਦੀਆਂ ਦੀ ਸਰਪ੍ਰਸਤ ਸੀ, ਆਦਿ। ਦੇਵਤੇ ਵੀ ਵਧੇਰੇ "ਦਿਆਲੂ" ਹੁੰਦੇ ਗਏ, ਕਿਉਂਕਿ ਪ੍ਰਕਿਰਤੀ ਵੀ ਹੁਣ ਮਨੁੱਖ ਲਈ ਹੋਰ ਵਧੇਰੇ ਭਿਅੰਕਰ ਨਹੀਂ ਸੀ ਰਹੀ। ਇਥੋਂ ਤੱਕ ਕਿ ਪਹਿਲਾਂ ਦੀ ਨਹਿਸ਼ ਦੇਵੀ ਫੇਮੀਦਾ ਹੁਣ ਅਮਨ-ਅਮਾਨ ਦੀ ਦੇਵੀ ਬਣ ਗਈ।

ਪ੍ਰਕਿਰਤੀ ਦੇ ਧੁੰਦੂਕਾਰੇ ਉਪਰ ਇਸਤਰ੍ਹਾਂ ਦਾ "ਕਾਬੂ ਪਾਉਣਾ", ਜੋ ਕਿ ਪਹਿਲਾਂ ਪਹਿਲਾਂ ਸਿਰਫ਼ ਝਾਵਲਾ-ਮਾਤਰ ਹੀ ਸੀ ਅਤੇ ਸਿਰਫ਼ ਮਨੁੱਖ ਦੀ ਕਲਪਣਾ ਵਿਚ ਹੀ ਹੋਂਦ ਰੱਖਦਾ ਸੀ, ਹੁਣ ਸਾਰੀਆਂ ਕੌਮਾਂ ਦਾ ਲੱਛਣ ਹੈ। ਸੰਸਾਰ ਦੀ ਉਤਪਤੀ ਬਾਰੇ ਮਿੱਥ-ਕਥਾਵਾਂ ਅਜ਼ਲੀ ਧੁੰਦੂਕਾਰੇ ਵਿਚ ਤਰਤੀਬ ਲਿਆਉਣ ਨੂੰ ਪੇਸ਼ ਕਰਦੀਆਂ ਹਨ। ਉਦਾਹਰਣ ਵਜੋਂ, ਉੱਤਰੀ ਕੈਮੇਰੂਨ ਦੀ ਕੌਮੀਅਤ, ਫਾਲੀ, ਦੀਆਂ ਕੁਝ ਮਿੱਥ-ਕਥਾਵਾਂ ਐਸੇ ਕੱਛੂ-ਕੁੰਮੇ ਅਤੇ ਡੱਡੂ ਬਾਰੇ ਦੱਸਦੀਆਂ ਹਨ ਜਿਨ੍ਹਾਂ ਨੇ ਦੁਨੀਆਂ ਦੇ ਹਿੱਸੇ ਸਿਰਜਣ ਲਈ ਖੁਸ਼ਕ ਸਥਲ ਅਤੇ ਜਲ ਵਿਚਕਾਰ ਵੰਡੀਆਂ ਪਾ ਲਈਆਂ। ਮਗਰੋਂ ਥੋ-ਦੀਨੋਂ ਨੇ ਸਾਰੇ ਜਾਨਵਰਾਂ ਵਿਚ ਪੁਲਿੰਗ ਅਤੇ ਇਸਤ੍ਰੀ-ਲਿੰਗ ਵੱਖ ਵੱਖ ਕਰ ਲਏ, ਜੰਗਲੀ ਜਾਨਵਰਾਂ ਦੇ ਸਮੂਹ ਵਿਚੋਂ ਪਾਲਤੂ ਜਾਨਵਰ

ਵੱਖ ਕਰ ਲਏ ਅਤੇ ਕਿਰਤ ਦੇ ਸਾਰੇ ਫ਼ਰਜ਼ ਆਦਮੀਆਂ ਅਤੇ ਔਰਤਾਂ ਵਿਚ ਵੰਡ ਦਿਤੇ।

ਅਮਰੀਕੀ ਇੰਡੀਅਨਾਂ, ਜਿਹੜੇ ਅਜੋਕੇ ਮੈਕਸੀਕੋ ਦੇ ਇਲਾਕੇ ਵਿਚ ਵਸਦੇ ਸਨ, ਦੀਆਂ ਦੰਤ-ਕਥਾਵਾਂ ਵਿਚ ਧੁੰਦੂਕਾਰੇ ਵਿਰੁੱਧ ਘੋਲ ਉਸੇ ਹੀ ਕਲਪਣਾਸ਼ੀਲ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ: ਸਰਵੁੱਚ ਦੇਵਤੇ ਦੇ ਸਪੁੱਤਰਾਂ ਵਿਚਕਾਰ ਵਿਵਾਦ ਕਾਰਨ ਇਹ ਬ੍ਰਹਿਮੰਡ ਉਪਰਥੱਲੇ ਚਾਰ ਵਾਰੀ ਤਬਾਹ ਹੋਇਆ, ਅਤੇ ਸਿਰਫ਼ ਪੰਜਵੀਂ ਕੋਸ਼ਿਸ਼ ਵੇਲੇ ਹੀ ਇਸ ਸੰਸਾਰ ਵਿਚ ਕੋਈ ਪ੍ਰਬੰਧ ਕਾਇਮ ਹੋਇਆ।

ਅਸੀਂ ਦੇਖਦੇ ਹਾਂ ਕਿ ਪੁਰਾਤਨ ਲੋਕਾਂ ਦੇ ਮਨਾਂ ਵਿਚ ਕਾਨੂੰਨ ਦਾ ਵਿਚਾਰ ਮਿੱਥ-ਕਥਾ ਦੇ ਰੂਪ ਵਿਚ ਹੀ ਪੈਦਾ ਹੋਇਆ। ਹੌਲੀ ਹੌਲੀ, ਕੁਦਰਤੀ ਸ਼ਕਤੀਆਂ ਦੇ ਬੇਹੱਦ ਆਮਿਆਏ ਬਿੰਬ ਬਣੇ ਜਿਨ੍ਹਾਂ ਨੂੰ ਵੱਖ ਵੱਖ ਵਸਤਾਂ ਵਿਚ ਸਾਕਾਰ ਨਹੀਂ ਸੀ ਕੀਤਾ ਜਾ ਸਕਦਾ। ਅਫ਼ਰੀਕੀ ਲੋਕਾਂ ਨੇ ਵੀ ਇਹੋ ਜਿਹੇ ਆਮਿਆਏ ਬਿੰਬ ਸਿਰਜੇ। ਉਦਾਹਰਣ ਵਜੋਂ, ਲਿਬੇਰੀਆ ਦੇ ਲੋਕਾਂ ਨੇ ਨਿਉਨਸਵਾ ਦਾ ਸੰਕਲਪ ਪੈਦਾ ਕੀਤਾ, ਜੋ ਕਿ ਬਿਨਾਂ ਠੋਸ ਸ਼ਕਲ ਦੇ ਇਕ ਕਿਸਮ ਦੀ ਰਚਨਾਤਮਕ ਸ਼ਕਤੀ ਸੀ। ਅਮਰੀਕੀ ਇੰਡੀਅਨਾਂ ਦਾ ਸਰਵੁੱਚ ਦੇਵਤਾ, ਓਮੇਟਿਓਟਲ, ਵੀ ਇਕ ਆਮਿਆਇਆ ਸੰਕਲਪ ਸੀ। ਉਸਦੇ ਚਾਰ ਪੁੱਤਰ ਪ੍ਰਕਿਰਤੀ ਦੇ ਚਾਰ ਤੱਤਾਂ ਨੂੰ ਸਾਕਾਰ ਕਰਦੇ ਸਨ। ਉਹਨਾਂ ਦੇ ਬਿੰਬ ਇਸ ਹੱਦ ਤੱਕ ਆਮਿਆਏ ਹੋਏ ਸਨ ਕਿ ਉਹਨਾਂ ਨੂੰ ਸੌਖੀ ਤਰ੍ਹਾਂ ਹੀ ਦਾਰਸ਼ਨਿਕ ਬਣਤਰਾਂ ਵਜੋਂ ਵਰਤਿਆ ਜਾ ਸਕਦਾ ਸੀ।

ਅਖਾਉਤਾਂ ਅਤੇ ਮੁਹਾਵਰੇ ਹੌਲੀ ਹੌਲੀ ਸੰਚਿਤ ਹੁੰਦੇ ਗਿਆਨ ਅਤੇ ਤਜਰਬੇ ਨੂੰ ਪ੍ਰਤਿਬਿੰਬਤ ਕਰਦੇ ਹਨ; ਇਹਨਾਂ ਵਿਚ ਬਿਨਾਂ ਮਿਥਿਹਾਸਕ ਬਿੰਬਾਂ ਦਾ ਆਸਰਾ ਲਿਆਂ ਕਈ ਵਰਤਾਰਿਆਂ ਦੀ ਅਕਸਰ ਹੀ ਵਿਆਖਿਆ ਕੀਤੀ ਗਈ ਹੁੰਦੀ ਹੈ; ਕਦੀ ਕਦੀ

ਇਹ ਸਗੋਂ ਇਹਨਾਂ ਬਿੰਬਾਂ ਦੇ ਵਿਰੁਧ ਵੀ ਜਾਂਦੇ ਹਨ। ਇਹਨਾਂ ਵਿਚੋਂ ਕੁਝ ਅਖਾਉਤਾਂ ਅਤੇ ਮੁਹਾਵਰੇ ਕੁਝ ਵਰਤਾਰਿਆਂ ਵਿਚਕਾਰ ਕਾਰਣਿਕ ਸੰਬੰਧਾਂ ਦੀ ਵਿਆਖਿਆ ਵੀ ਕਰਦੇ ਹਨ। ਉਦਾਹਰਣ ਵਜੋਂ ਬੇਚੂਆਨ ਨਾਂ ਦੇ ਅਫ਼ਰੀਕੀ ਕਬੀਲੇ ਦਾ ਅਖਾਣ ਹੈ: "ਇਕ ਘਟਣਾ ਦੂਜੀ ਘਟਣਾ ਦਾ ਬੱਚਾ ਹੁੰਦੀ ਹੈ।" ਨੇਪਾਲ ਵਾਲੇ ਕਹਿੰਦੇ ਹਨ: "ਸਾਨੂੰ ਐਸਾ ਮਨੁੱਖ ਦਿਖਾਓ ਜਿਹੜਾ ਅਮਰ ਹੋ ਗਿਆ ਹੋਵੇ," ਅਤੇ ਇਸਤਰ੍ਹਾਂ ਉਹ ਇਕ ਐਸਾ ਸਵਾਲ ਖੜਾ ਕਰਦੇ ਹਨ ਜਿਹੜਾ ਦਾਰਸ਼ਨਿਕ ਮਸਲਿਆਂ ਵਿਚ ਰੱਖਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਅੱਜ ਉਹਨਾਂ ਨੂੰ ਦੇਖਦੇ ਹਾਂ। ਕੁਝ ਅਖਾਉਤਾਂ ਅਤੇ ਮੁਹਾਵਰੇ ਸਮਾਜਕ ਨਾਬਰਾਬਰੀ ਨੂੰ ਪ੍ਰਗਟ ਕਰਦੇ ਹਨ। ਬੁਰੂੰਡੀ ਕੌਮੀਅਤ ਦਾ ਇਕ ਅਖਾਣ ਹੈ: "ਜਦੋਂ ਮੈਨੂੰ ਬਾਦਸ਼ਾਹ ਦਾ ਕੁੱਤਾ ਦਿੱਸਦਾ ਹੈ, ਤਾਂ ਸਭ ਤੋਂ ਪਹਿਲਾਂ ਮੈਂ ਉਸਨੂੰ ਨਮਸਤੇ ਕਹਿੰਦਾ ਹਾਂ।" ਕੁਝ ਹੋਰ ਅਖਾਣ ਸਾਂਝੀਵਾਲਤਾ ਦੇ ਲਾਂਭ ਜਿਤਲਾਉਂਦੇ ਹਨ: "ਇਕ ਮਨੁੱਖ ਦਾ ਦਿਮਾਗ਼ ਐਸੇ ਥੈਲੇ ਵਾਂਗ ਹੈ ਜਿਸ ਵਿਚ ਛੇਕ ਹੋਇਆ ਹੋਵੇ।"

ਚਿੰਤਨ ਦੇ ਪਰੌਢ ਹੋਣ ਦਾ ਇਕ ਹੋਰ ਮਹਤਵਪੂਰਨ ਚਿੰਨ੍ਹ ਸੁਤੰਤਰ-ਚਿੰਤਕਾਂ ਦਾ ਸਾਮ੍ਹਣੇ ਆਉਣਾ ਸੀ ਜਿਹੜੇ ਮਿੱਥ-ਕਥਾਵਾਂ ਦੀ ਹਕੀਕਤ ਉਤੇ ਕਿੰਤੂ ਕਰਦੇ ਸਨ। ਉਦਾਹਰਣ ਵਜੋਂ, "ਦਿਲਰੁਬਾ ਵਜਾਉਣ ਵਾਲੇ ਦਾ ਗੀਤ", ਜਿਹੜਾ ਪੁਰਾਤਨ ਮਿਸਰ ਵਿਚ ਚਾਰ ਹਜ਼ਾਰ ਸਾਲ ਪਹਿਲਾਂ ਲਿਖਿਆ ਗਿਆ ਸੀ, ਅਗਲੇ ਸੰਸਾਰ ਦੀ ਹੋਂਦ ਬਾਰੇ ਸ਼ੰਕਾ ਪ੍ਰਗਟ ਕਰਦਾ ਹੈ:

ਹਾਕਮ ਤਿਕੋਨੇ ਮੀਨਾਰਾਂ ਵਿਚ
ਸੌਂ ਰਹੇ ਹਨ,
ਕੁਲੀਨ ਲੋਕ ਅਤੇ ਪਾਦਰੀ
ਸਮਾਧਾਂ ਵਿਚ।

ਪਰ ਉਥੇ ਤਾਂ ਉਹਨਾਂ ਦੇ ਸਿਰਫ਼
ਪਥਰਾਏ ਬੁੱਤ ਹਨ। ਅਤੇ
ਉਹਨਾਂ ਦਾ ਆਪਣਾ ਕੀ ਬਣਿਆ ? *

ਅਮਰੀਕੀ ਇੰਡੀਅਨਾਂ ਦੇ ਵਡ-ਵਡੇਰੇ ਵੀ ਮਿੱਥ-ਕਥਾਵਾਂ ਦੀ ਯੁਗਾਂ-ਪੁਰਾਣੀ ਸਿਆਣਪ ਬਾਰੇ ਸੋਚਦੇ ਹਨ:

ਤੂੰ, ਜੋ ਕਿ ਖੁਦਾ ਹੈ।
ਉਥੇ ਬੈਠਾ ਤੂੰ ਕਿਸ ਚੀਜ਼
ਦੇ ਨਿਬੇੜੇ ਕਰ ਰਿਹਾ ਹੈਂ ?
ਇਥੇ ਧਰਤੀ ਉਤੇ ਸਾਡੇ ਲਈ
ਕੀ ਤੂੰ ਕਦੀ ਦੇਵਨੇਤ ਸੁਸਤੀ
ਦਾ ਸ਼ਿਕਾਰ ਹੋਇਆ ਹੈਂ ?
ਕੀ ਸਾਡੇ ਤੋਂ ਆਪਣੀ ਸ਼ਾਨੋ-ਸ਼ੌਕਤ
ਅਤੇ ਚਮਕ-ਦਮਕ ਲੁਕਾਉਣੀ ਤੇਰੇ
ਲਈ ਜ਼ਰੂਰੀ ਹੈ ?
ਕਿਹੜੀ ਚੀਜ਼ ਹੈ ਜਿਸਦਾ ਨਿਬੇੜਾ
ਤੂੰ ਇਥੇ ਧਰਤੀ ਉਤੇ ਕਰਨਾ ਹੈ ? **

ਇਹ ਸਾਰਾ ਕੁਝ ਸਾਨੂੰ ਇਹ ਦਾਅਵਾ ਕਰਨ ਦਾ ਹੱਕ ਦੇਂਦਾ ਹੈ ਕਿ ਸਾਰੇ ਹੀ ਲੋਕ ਦਾਰਸ਼ਨਿਕ ਚਿੰਤਨ ਦੇ ਬੀਜ ਰੱਖਦੇ ਹਨ, ਅਤੇ ਦਰਸ਼ਨ ਦੇ ਪੈਦਾ ਹੋਣ ਦੀਆਂ ਪੂਰਵ-ਲੋੜਾਂ

---

* "**ਫਰਊਨ ਖੂਫੂ ਅਤੇ ਜਾਦੂਗਰ**" ਮਾਸਕੋ, ੧੯੫੮, ਸਫੇ ੨੨੨-੨੨੪ (ਰੂਸੀ ਵਿਚ)।

** "**ਪਰਾਚੀਨ ਸੰਸਾਰ ਦੇ ਮਿਥਿਹਾਸ**", ਕੁਆਡਰੇਂਗਲ ਬੁੱਕਸ, ਇਨਕ, ਸ਼ਿਕਾਗੋ, ੧੯੬੧, ਸ. ੪੬੬।

ਸਾਰੇ ਦੇਸ਼ਾਂ ਅਤੇ ਸਾਰੀਆਂ ਕੌਮਾਂ ਵਿਚ ਮੌਜੂਦ ਹਨ। ਮਾਰਕਸ ਨੇ ਲਿਖਿਆ ਸੀ: "ਸਿਆਣੀ ਸੋਚ ਹਮੇਸ਼ਾ ਇਕੋ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਅਤੇ ਇਸ ਵਿਚ ਸਿਰਫ਼ ਹੌਲੀ ਹੌਲੀ ਵਿਕਾਸ ਦੀ ਮਾਤਰਾ ਅਨੁਸਾਰ ਫ਼ਰਕ ਆ ਸਕਦਾ ਹੈ, ਜਿਸ ਵਿਚ ਉਸ ਅੰਗ ਦਾ ਵਿਕਾਸ ਵੀ ਸ਼ਾਮਲ ਹੈ ਜਿਸ ਨਾਲ ਚਿੰਤਨ ਕੀਤਾ ਜਾਂਦਾ ਹੈ।" *

ਪਰ ਫ਼ਿਲਾਸਫ਼ੀ ਦੀਆਂ ਸਾਰੀਆਂ ਹੀ ਕਰੂੰਬਲਾਂ ਨੇ ਇਕਸੁਰ ਦਾਰਸ਼ਨਿਕ ਸਿਧਾਂਤਾਂ ਵਿਚ ਵਿਕਾਸ ਨਹੀਂ ਕੀਤਾ, ਜਿਸਦਾ ਕਾਰਨ ਇਕ ਜਾਂ ਦੂਜੀ ਕੌਮ ਦੇ "ਚਿੰਤਨ ਦੀਆਂ ਵਿਸ਼ੇਸ਼ਤਾਈਆਂ" ਨਹੀਂ, ਸਗੋਂ ਉਹਨਾਂ ਦੀਆਂ ਕਿਰਤ-ਸਰਗਰਮੀਆਂ ਦੀਆਂ ਹਾਲਤਾਂ ਅਤੇ ਉਹਨਾਂ ਦੇ ਰਾਜਨੀਤਕ ਜੀਵਨ ਦੇ ਵਿਸ਼ੇਸ਼ ਲੱਛਣ ਸਨ। ਪਹਿਲੀ ਥਾਂ ਉਤੇ ਇਹ ਸਮਾਜਕ-ਆਰਥਕ ਹਾਲਤਾਂ ਹੀ ਸਨ ਜਿਨ੍ਹਾਂ ਕਾਰਨ ਪਰਾਚੀਨ ਭਾਰਤ, ਚੀਨ ਅਤੇ ਯੂਨਾਨ ਵਿਚ ਢਾਈ ਹਜ਼ਾਰ ਸਾਲ ਤੋਂ ਜ਼ਿਆਦਾ ਸਮਾਂ ਪਹਿਲਾਂ ਲਗਭਗ ਇਕੋ ਵੇਲੇ ਦਾਰਸ਼ਨਿਕ ਸਿਧਾਂਤ ਪੈਦਾ ਹੋਏ। ਕਈ ਵਿਗਿਆਨੀਆਂ ਦਾ ਦਾਅਵਾ ਹੈ ਕਿ ਆਜ਼ਟੇਕਾਂ ਦੇ ਰਾਜ ਵਿਚ ਵੀ ਫ਼ਿਲਾਸਫ਼ੀ ਨੇ ਵਿਕਾਸ ਕਰਨਾ ਸ਼ੁਰੂ ਕਰ ਦਿਤਾ ਸੀ, ਅਤੇ ਯੂਰਪੀਨਾਂ ਵਲੋਂ ਅਮਰੀਕਾ ਉਪਰ ਜਿੱਤ ਹਾਸਲ ਕਰਨ ਨੇ ਹੀ ਇਸ ਅਮਲ ਨੂੰ ਖ਼ਤਮ ਕੀਤਾ। ਤਾਂ ਫਿਰ ਪੁਰਾਤਨ ਯੂਨਾਨ ਵਿਚ, ਜਿਸਨੂੰ ਕਿ ਯੂਰਪੀ ਫ਼ਿਲਾਸਫ਼ੀ ਦੀ ਮਗਰੋਂ ਹੋਈ ਤਰੱਕੀ ਦੇ ਸੋਮੇ ਵਜੋਂ ਸਰਬਸੰਮਤੀ ਨਾਲ ਮਾਣਤਾ ਦਿਤੀ ਜਾਂਦੀ ਹੈ, ਦਾਰਸ਼ਨਿਕ ਚਿੰਤਨ ਦੇ ਵਿਕਾਸ ਦੇ ਕੀ ਕਾਰਨ ਸਨ?

---

*"**ਮਾਰਕਸ ਵਲੋਂ ਹੈਨੋਵਰ ਵਿਚ ਲੂਦਵਿਗ ਕੁਗਲਮਾਨ ਨੂੰ ਚਿੱਠੀ, ਜੁਲਾਈ ੧੧, ੧੮੬੮**", ਮਾਰਕਸ/ਏਂਗਲਜ਼, ਚੋਣਵਾਂ ਚਿੱਠੀ-ਪੱਤਰ, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੫, ਸ. ੧੯੭।

ਕੁਝ ਸਾਇੰਸਦਾਨਾਂ ਦੀ ਰਾਇ ਇਹ ਹੈ ਕਿ ਬੇਹੱਦ ਵੰਨ-ਸੁਵੰਨੇ ਧਰਤ-ਦ੍ਰਿਸ਼ ਅਤੇ ਸੁਖਾਵੇਂ ਪੌਣ-ਪਾਣੀ ਦਾ ਅਸਾਧਾਰਨ ਤੌਰ ਉਤੇ ਇਕਸੁਰ ਸੁਮੇਲ ਹੀ ਸੀ ਜਿਸਨੇ ਹੈਲੇਨਾ-ਵਾਸੀਆਂ ਦਾ ਚਿੰਤਨਸ਼ੀਲਤਾ ਵੱਲ ਰੁਝਾਣ ਬਣਾਇਆ। ਬੇਸ਼ਕ ਕੁਦਰਤੀ ਅੰਸ਼ਾਂ ਨੇ "ਯੂਨਾਨੀ ਕਰਾਮਾਤ" ਨੂੰ ਜਨਮ ਦੇਣ ਵਿਚ ਆਪਣਾ ਨਿਸਚਿਤ ਰੋਲ ਅਦਾ ਕੀਤਾ ਹੈ, ਪਰ ਇਸਤਰ੍ਹਾਂ ਨਾਲ ਨਹੀਂ ਜਿਸਤਰ੍ਹਾਂ ਸੁਝਾਅ ਦਿਤਾ ਗਿਆ ਹੈ।

ਯੂਨਾਨ ਵਿਚ, ਭੂਮੀ-ਦ੍ਰਿਸ਼ ਦੀ ਭਾਰੀ ਵੰਨ-ਸੁਵੰਨਤਾ ਨੇ, ਜਲ-ਮਾਰਗਾਂ ਅਤੇ ਖਣਿਜ ਧਨ ਦੀ ਹੋਂਦ ਨੇ ਉਤਪਾਦਨ ਦੇ ਤੇਜ਼ ਵਾਧੇ ਵਿਚ ਸਹਾਇਤਾ ਕੀਤੀ। ਈਸਾ ਮਸੀਹ ਤੋਂ ਇਕ ਹਜ਼ਾਰ ਸਾਲ ਪਹਿਲਾਂ—ਜਦੋਂ ਫ਼ਿਲਾਸਫ਼ੀ ਨੇ ਰੂਪ ਧਾਰਨਾ ਸ਼ੁਰੂ ਕੀਤਾ—ਦੇ ਸਮੇਂ ਨੂੰ ਲੋਹੇ ਦਾ ਯੁਗ ਕਿਹਾ ਜਾਂਦਾ ਹੈ (ਇਸਤੋਂ ਪਹਿਲਾਂ ਦੇ ਕਾਂਸੀ ਦੇ ਯੁਗ ਤੋਂ ਵਿਲੱਖਣ)। ਯੂਨਾਨ ਵਿਚ ਕੱਚਾ ਲੋਹਾ ਅਤੇ ਤਾਮਾ ਕੱਢੇ ਜਾਣੇ ਸ਼ੁਰੂ ਹੋ ਗਏ ਸਨ ਅਤੇ ਧਾਤ ਨੂੰ ਢਾਲ ਕੇ ਸਾਫ਼ ਕਰਨ ਦੇ ਕਈ ਤਰੀਕੇ ਲੱਭ ਲਏ ਗਏ ਸਨ। ਫ਼ਸਲਾਂ ਵਿਚ ਵਾਧਾ ਹੋ ਗਿਆ ਸੀ ਅਤੇ ਦਸਤਕਾਰੀਆਂ ਪ੍ਰਫੁੱਲਤ ਹੋ ਚੁੱਕੀਆਂ ਸਨ। ਮਨੁੱਖ, ਇਕਤਰ੍ਹਾਂ ਨਾਲ, "ਦੂਜੀ ਪ੍ਰਕਿਰਤੀ"—ਸ਼ਹਿਰਾਂ ਦੀ ਦੁਨੀਆਂ, ਗਰਮ ਘਰ, ਆਰਾਮਦੇਹ ਕਪੜੇ ਅਤੇ ਉਪਜਾਊ ਖੇਤ—ਸਿਰਜਣ ਲਈ ਆਪਣੇ ਹੱਥ ਵਰਤ ਰਿਹਾ ਸੀ। ਇਹ ਸਭ ਕੁਝ ਉਸਨੂੰ ਅਛੋਹ ਪ੍ਰਕਿਰਤੀ ਤੋਂ ਵੱਖ ਵੀ ਕਰਦਾ ਸੀ ਅਤੇ ਬਚਾਉਂਦਾ ਵੀ ਸੀ।

ਪ੍ਰਕਿਰਤੀ ਨੂੰ ਜਿਉਂ ਜਿਉਂ ਮਨੁੱਖ ਤੋਂ ਦੂਰ ਕੀਤਾ ਜਾ ਰਿਹਾ ਸੀ, ਤਿਉਂ ਤਿਉਂ ਉਸਦੀ ਚੇਤਨਾ ਵਿਚੋਂ ਇਸਦੇ ਠੋਸ ਲੱਛਣ ਖ਼ਤਮ ਹੁੰਦੇ ਜਾ ਰਹੇ ਸਨ ਅਤੇ ਇਹ ਉਸਲਈ ਇਕ

ਆਮਿਆਇਆ ਰੂਪ ਧਾਰਨ ਕਰਦੀ ਜਾ ਰਹੀ ਸੀ।

ਇਸਦੇ ਸਿੱਟੇ ਵਜੋਂ, ਮਨੁੱਖ ਨੇ ਪ੍ਰਕਿਰਤੀ ਬਾਰੇ ਐਸੇ ਇਕੋ ਇਕ ਸਮੱਚ ਵਜੋਂ ਸੋਚਣਾ ਸ਼ੁਰੂ ਕਰ ਦਿਤਾ ਜਿਹੜਾ ਮਨੁੱਖੀ ਸੰਸਾਰ ਤੋਂ ਅਤੇ ਮਨੁੱਖੀ ਚੇਤਨਾ ਤੋਂ ਪਾਰ ਹੋਂਦ ਰੱਖਦਾ ਸੀ। ਪ੍ਰਕਿਰਤੀ ਤੋਂ ਉਸਦੀ ਵਧਦੀ ਸਵੈਧੀਨਤਾ ਨੇ ਉਸਦੇ ਮਨ ਵਿਚ ਵੀ ਇਸਨੂੰ ਨਿਖੇੜਨਾ ਸੰਭਵ ਬਣਾਇਆ। ਮਨੁੱਖ ਹੁਣ ਆਪਣੇ ਆਪ ਨੂੰ ਪ੍ਰਕਿਰਤੀ ਨਾਲ ਇਕਮਿਕ ਨਹੀਂ ਸੀ ਸਮਝਦਾ, ਸਗੋਂ ਉਸਨੇ ਇਸ ਬਾਰੇ ਸੋਚਣਾ ਸ਼ੁਰੂ ਕਰ ਦਿਤਾ ਕਿ ਕੀ ਕੁਝ ਸੀ ਜਿਹੜਾ ਉਸਨੂੰ ਪ੍ਰਕਿਰਤੀ ਦਾ ਅੰਗ ਬਣਾਉਂਦਾ ਸੀ ਅਤੇ ਕੀ ਕੁਝ ਸੀ ਜਿਹੜਾ ਉਸਨੂੰ ਇਸ ਨਾਲੋਂ ਨਿਖੇੜਦਾ ਸੀ।

ਵਪਾਰ ਦੇ ਵਾਧੇ ਅਤੇ ਸਿੱਕੇ ਢਾਲਣ ਨੇ ਵੀ ਦਾਰਸ਼ਨਿਕ ਚਿੰਤਨ ਦੇ ਵਿਕਾਸ ਉਪਰ ਭਾਰੀ ਅਸਰ ਪਾਇਆ। ਸਾਰੀਆਂ ਚੀਜ਼ਾਂ ਦਾ ਵਟਾਂਦਰਾ ਸੋਨੇ ਨਾਲ ਹੋਣ ਲੱਗ ਪਿਆ। ਪੁਰਾਤਨ ਹੈਲੇਨਾ-ਵਾਸੀਆਂ ਨੂੰ ਇਹ ਆਦਤ ਹੋ ਗਈ ਕਿ ਉਹ ਬਹੁਤ ਸਾਰੀਆਂ ਵਖੋ ਵਖਰੀਆਂ ਵਸਤਾਂ ਦੇ ਪਿੱਛੇ ਇਕੋ ਇਕ ਸਮੁੱਚ ਨੂੰ ਦੇਖਣ ਲੱਗ ਪਏ ਅਤੇ ਆਪਣੇ ਆਪ ਨੂੰ ਵਸਤਾਂ ਦੀਆਂ ਵਖੋ ਵਖਰੀਆਂ ਖਾਸੀਅਤਾਂ ਤੋਂ ਵੱਖ ਕਰਕੇ ਦੇਖਣ ਲੱਗ ਪਏ, ਜਿਹੜੀਆਂ ਖਾਸੀਅਤਾਂ ਕਿ, ਵਟਾਂਦਰੇ ਦੇ ਅਮਲ ਵਿਚ, ਇਕ ਨਵੀਂ, ਆਮ ਖਾਸੀਅਤ ਪ੍ਰਾਪਤ ਕਰ ਲੈਂਦੀਆਂ ਹਨ ਅਤੇ ਜਿਨਸ-ਰੂਪ ਬਣ ਜਾਂਦੀਆਂ ਹਨ।

ਧਾਤ-ਮੁਦਰਾ ਕਾਇਮ ਹੋਣ ਨਾਲ ਗਣਿਤ ਵਿਦਿਆ ਦੀ ਪ੍ਰਗਤੀ ਵਿਚ ਸਹਾਇਤਾ ਮਿਲੀ। ਜਦੋਂ ਮਨੁੱਖ ਗਿਨਣ ਵਿਚ ਲੱਗਾ ਹੁੰਦਾ ਹੈ, ਉਹ ਆਪਣੇ ਆਪ ਨੂੰ ਵਸਤਾਂ ਦੀ ਦਿੱਖ ਤੋਂ, ਉਹਨਾਂ ਦੇ ਰੰਗ, ਸਾਈਜ਼ ਅਤੇ ਮੰਤਵ ਤੋਂ ਵੱਖ ਕਰ ਲੈਂਦਾ ਹੈ: ਉਹ ਸਿਰਫ਼ ਮਾਤਰਿਕ ਪਾਸੇ ਵਿਚ ਦਿਲਚਸਪੀ ਰੱਖ ਰਿਹਾ ਹੁੰਦਾ ਹੈ। ਇਸਲਈ ਕੋਈ ਵੀ ਅੰਕ ਇਕ ਭਾਵਵਾਚੀ ਹੋਂਦ ਹੈ।

ਭਾਵਵਾਚੀ ਹੋਂਦਾਂ ਨਾਲ ਕੰਮ ਚਲਾਉਣ ਦੀ ਯੋਗਤਾ, ਜਿਹੜੀ ਗਣਿਤ ਦੇ ਵਿਕਾਸ ਨਾਲ ਹੋਂਦ ਵਿਚ ਆਉਂਦੀ ਹੈ, ਫ਼ਿਲਾਸਫ਼ੀ ਦੀ ਇਕ ਮਹਤਵਪੂਰਨ ਪੂਰਵ-ਸ਼ਰਤ ਹੈ, ਕਿਉਂਕਿ ਹਰ ਦਾਰਸ਼ਨਿਕ ਪ੍ਰਵਰਗ ਵੀ ਇਕ ਭਾਵਵਾਚੀ ਹੋਂਦ ਹੁੰਦਾ ਹੈ।

ਗਣਿਤ ਅਤੇ ਤਾਰਾ-ਵਿਗਿਆਨ ਦੋਵੇਂ ਹੀ ਪੂਰਬ ਵਿਚ—ਮਿਸਰ, ਅਸੀਰੀਆ, ਬਾਬਲ ਅਤੇ ਫੁਨੀਸ਼ੀਆ ਵਿਚ—ਖ਼ੂਬ ਵਿਕਸਤ ਸਨ, ਕਿਉਂਕਿ ਭੂਮੀ ਦਾ ਸਰਵੇਖਣ ਕਰਨ ਲਈ ਇਹ ਹਿਸਾਬ ਕਿਤਾਬ ਲਾਉਣਾ ਜ਼ਰੂਰੀ ਸੀ ਕਿ ਨੀਲ ਵਿਚ ਪਾਣੀ ਕਦੋਂ ਚੜ੍ਹੇਗਾ ਅਤੇ ਉਤਰੇਗਾ, ਅਤੇ ਇਹ ਹਿਸਾਬ ਲਾਉਣਾ ਜ਼ਰੂਰੀ ਸੀ, ਕਿ ਸੂਰਜ-ਗ੍ਰਹਿਣ ਕਦੋਂ ਲੱਗੇਗਾ। ਪਰ ਇਸ ਗਿਆਨ ਨੂੰ ਪੁਰੋਹਿਤ ਲੋਕ ਖੁਫ਼ੀਆ ਰੱਖਦੇ ਸਨ ਅਤੇ ਉਹਨਾਂ ਨੇ ਵਿਸ਼ੇਸ਼ ਖੁਫ਼ੀਆ ਲਿਪੀ ਦੀ ਵੀ ਕਾਢ ਕੱਢ ਲਈ ਹੋਈ ਸੀ ਤਾਂ ਕਿ ਇਹ ਵਿਗਿਆਨ ਨਿਰੋਲ ਉਹਨਾਂ ਦੀ ਜ਼ਾਤ ਦਾ ਹੀ ਵਿਸ਼ੇਸ਼ਾਧਿਕਾਰ ਬਣ ਜਾਏ।

ਯੂਨਾਨੀ ਫ਼ਿਲਾਸਫ਼ਰਾਂ ਨੇ ਆਪਣੇ ਗਿਆਨ ਦਾ ਬਹੁਤਾ ਹਿੱਸਾ ਪੂਰਬ ਤੋਂ ਹੁਦਾਰ ਲਿਆ ਸੀ। ਇਹ ਕਿਸੇ ਤਰ੍ਹਾਂ ਵੀ ਕੋਈ ਸਬੱਬੀ ਗੱਲ ਨਹੀਂ ਸੀ ਕਿ ਯੂਨਾਨੀ ਫ਼ਿਲਾਸਫ਼ਰਾਂ ਦੀ ਪਹਿਲੀ ਕਤਾਰ—**ਥੇਲਜ਼**, **ਅਨਾਕਸੀਮੰਦਰ ਅਤੇ ਅਨਾਕਸੀਮੀਨਜ਼**—ਇਓਨੀਆ ਤੋਂ ਆਏ ਸਨ, ਜੋ ਕਿ ਏਸ਼ੀਆ ਮਾਈਨਰ ਦੇ ਤੱਟ ਉਤੇ ਸਥਿਤ ਸੀ ਅਤੇ ਯੂਨਾਨੀ ਸੰਸਾਰ ਦਾ ਇਕ ਸਿਰਾ ਸੀ। ਪਰ ਯੂਨਾਨ ਵਿਚ ਗਿਆਨ ਨੂੰ ਨਿਰੋਲ ਪੰਡਤਾਂ ਦਾ ਵਿਸ਼ੇਸ਼ਾਧਿਕਾਰ ਨਹੀਂ ਸੀ ਬਣਾ ਦਿਤਾ ਗਿਆ ਅਤੇ ਇਹ ਜ਼ਾਤ ਕੋਈ ਬਿਲਕੁਲ ਅੱਡਰਾ ਜਨ-ਸਮੂਹ ਨਹੀਂ ਸੀ, ਜਿਵੇਂ ਕਿ ਪੂਰਬ ਵਿਚ ਸੀ। ਨਾ ਹੀ ਵਿਗਿਆਨਕ ਗਿਆਨ ਨੂੰ "ਰੱਬੀ ਦਾਤ" ਹੀ ਸਮਝਿਆ ਜਾਂਦਾ ਸੀ, ਜਿਸਦਾ ਵਿਕਾਸ ਜਾਂ ਸੁਧਾਰ ਨਹੀਂ ਸੀ ਕੀਤਾ ਜਾ ਸਕਦਾ, ਜਿਵੇਂ ਕਿ ਪੂਰਬ ਵਿਚ ਸੀ। ਇਸਲਈ

ਵਿਗਿਆਨਕ ਗਿਆਨ ਦਾ ਖੇਤਰ ਹੌਲੀ ਹੌਲੀ ਫੈਲਦਾ ਗਿਆ ਅਤੇ ਇਸਦੇ ਢੰਗ ਤਰੀਕੇ ਬਿਹਤਰ ਬਣਾਏ ਜਾਂਦੇ ਰਹੇ। ਵਖਰੇ ਵਖਰੇ ਵਰਤਾਰਿਆਂ ਦੀ ਵਿਗਿਆਨਕ ਸ਼ਬਦਾਂ ਵਿਚ ਵਿਆਖਿਆ ਕਰਨ ਦੇ ਯਤਨਾਂ ਤੋਂ ਸ਼ੁਰੂ ਕਰ ਕੇ ਯੂਨਾਨੀ ਚਿੰਤਕ, ਜੋ ਕੁਝ ਵੀ ਮੌਜੂਦ ਹੈ, ਉਸ ਸਭ ਕੁਝ ਦੇ "ਬੁਨਿਆਦੀ ਅਸੂਲਾਂ ਅਤੇ ਕਾਰਨਾਂ" ਦੇ ਅਰਥ ਕੱਢਣ ਵੱਲ ਆ ਗਏ।

ਅਸੀਂ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਪੁਰਾਤਨ ਯੂਨਾਨੀ ਦਾ ਮਨ ਹਸਤੀ ਦੇ ਆਮ ਮਸਲਿਆਂ ਵਿਚ ਡੂੰਘਾ ਉਤਰਨ ਲਈ ਚੰਗੀ ਤਰ੍ਹਾਂ ਤਿਆਰ ਸੀ। ਫਿਰ ਵੀ, ਚਿੰਤਨ ਵਿਚ ਲੱਗਣ ਲਈ ਵਿਅਕਤੀ ਕੋਲ ਵਿਹਲਾ ਸਮਾਂ ਹੋਣਾ ਜ਼ਰੂਰੀ ਹੈ। ਇਹ ਸਮਝਣ ਲਈ ਕਿ ਵਿਹਲਾ ਸਮਾਂ ਕਿਥੋਂ ਆਇਆ ਅਤੇ ਕੌਣ ਇਸਤੋਂ ਲਾਭ ਉਠਾ ਸਕਦਾ ਸੀ, ਆਓ ਅਸੀਂ ਉਹਨਾਂ ਚੀਜ਼ਾਂ ਵੱਲ ਆਈਏ ਜਿਹੜੀਆਂ "ਨਿਰੋਲ ਚਿੰਤਨ" ਦੇ ਖੇਤਰ ਤੋਂ ਬਹੁਤ ਦੂਰ ਲੱਗਦੀਆਂ ਹਨ, ਜਿਵੇਂ ਕਿ ਉਤਪਾਦਨ।

ਉਤਪਾਦਨ ਦੇ ਤੇਜ਼ ਵਾਧੇ ਅਤੇ ਸਮਾਜਕ ਧਨ ਦੇ ਵਧਣ ਨੇ ਸਮਾਜ ਦੇ ਇਕ ਤਬਕੇ ਨੂੰ ਇਸਦੇ ਯੋਗ ਬਣਾਇਆ ਕਿ ਉਹ ਕਿਸੇ ਖੇਤ ਜਾਂ ਵਰਕਸ਼ਾਪ ਵਿਚ ਹੱਡ ਭੰਨਣ ਤੋਂ ਜਾਂ ਸ਼ਰੀਰਕ ਮਿਹਨਤ ਮੰਗਦੇ ਕਿਸੇ ਵੀ ਹੋਰ ਕੰਮ ਤੋਂ ਬਚਿਆ ਰਹਿ ਸਕੇ। ਦਿਮਾਗ਼ੀ ਕੰਮ ਨੂੰ ਸ਼ਰੀਰਕ ਕਿਰਤ ਨਾਲੋਂ ਵੱਖ ਕਰ ਦਿਤਾ ਗਿਆ। ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਕੁਝ ਲੋਕਾਂ ਦੀ ਕਿਸਮਤ ਵਿਚ ਹੀ ਕੰਮ ਕਰਨਾ ਲਿਖਿਆ ਹੈ, ਅਤੇ ਕੁਝ ਲੋਕਾਂ ਦੀ ਕਿਸਮਤ ਵਿਚ ਚਿੰਤਨ ਕਰਨਾ ਲਿਖਿਆ ਹੈ। ਕੁਦਰਤੀ ਤੌਰ ਉਤੇ, ਚਿੰਤਨ ਕਰਨ ਦੀ ਸੰਭਾਵਨਾ ਉਹਨਾਂ ਲੋਕਾਂ ਦੇ ਲੇਖੇ ਲੱਗੀ ਜਿਨ੍ਹਾਂ ਕੋਲ ਗ਼ੁਲਾਮ ਸਨ, ਚਰਾਗਾਹਾਂ ਸਨ, ਅੰਗੂਰਾਂ ਦੇ ਬਾਗ਼ ਆਦਿ ਸਨ, ਭਾਵ, ਜਿਹੜੇ ਅਮੀਰ

ਸਨ। ਪਹਿਲੇ ਪਹਿਲੇ ਯੂਨਾਨੀ ਫ਼ਿਲਾਸਫ਼ਰ, ਆਮ ਕਰਕੇ, ਅਮੀਰ ਅਤੇ ਕੁਲੀਨ ਘਰਾਣਿਆਂ ਵਿਚੋਂ ਆਏ ਸਨ। **ਹਿਰਾਕਲੀਟਸ**, **ਐਮਪੇਡੋਕਲੀਸ**, **ਡਿਮੋਕਰੀਟਸ**, ਅਫ਼ਲਾਤੂਨ ਅਤੇ ਕੁਝ ਹੋਰ ਯੂਨਾਨੀ ਚਿੰਤਕ ਸਾਰੇ ਹੀ ਕੁਲੀਨ ਵਰਗ ਦੇ ਸਨ।

ਇਸਤਰ੍ਹਾਂ ਫ਼ਿਲਾਸਫ਼ੀ ਦਾ ਜਨਮ ਅਤੇ ਵਿਕਾਸ ਸਿਰਫ਼ ਐਸੇ ਸਮਾਜ ਵਿਚ ਹੀ ਸੰਭਵ ਸੀ ਜਿਥੇ ਕੁਝ ਲੋਕਾਂ ਵਲੋਂ ਕੀਤੀ ਜਾਂਦੀ ਗ਼ੁਲਾਮਾਂ ਵਾਲੀ ਲੱਕ-ਤੋੜਵੀਂ ਮੁਸ਼ੱਕਤ ਦੂਜਿਆਂ ਨੂੰ ਇਹ ਮੌਕਾ ਮੁਹਈਆ ਕਰਦੀ ਸੀ ਕਿ ਉਹ ਆਪਣਾ ਸਮਾਂ ਅੰਤਰਧਿਆਨ ਹੋਣ ਉਤੇ ਲਾ ਸਕਣ, ਅਰਥਾਤ, ਐਸੇ ਸਮਾਜ ਵਿਚ ਜਿਹੜਾ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ। ਵਿਗਿਆਨ, ਫ਼ਿਲਾਸਫ਼ੀ ਅਤੇ ਕਲਾ ਆਉਂਦੀਆਂ ਕਈ ਸਦੀਆਂ ਲਈ ਗਿਣੀ-ਚੁਣੀ ਘਟਗਿਣਤੀ ਦਾ ਪੂਰਵ-ਅਧਿਕਾਰ ਬਣ ਗਏ।

ਫ਼ਿਲਾਸਫ਼ੀ ਐਸੇ ਸ਼੍ਰੇਣੀ-ਸਮਾਜ ਦੀ ਉਪਜ ਹੈ ਜਿਸ ਵਿਚ ਦੱਬਿਆਂ-ਕੁਚਲਿਆਂ ਅਤੇ ਦਬਾਉਣ ਵਾਲਿਆਂ ਵਿਚਕਾਰ, ਅਤੇ ਸ਼੍ਰੇਣੀਆਂ ਦੇ ਅੰਦਰ ਵਖੋ ਵਖਰੇ ਟੋਲਿਆਂ, ਜਿਵੇਂ ਕਿ ਭੂਮੀਪਤੀਆਂ ਅਤੇ ਵਪਾਰੀਆਂ ਵਿਚਕਾਰ, ਵੀ ਨਿਰੰਤਰ ਘੋਲ ਚੱਲਦਾ ਰਹਿੰਦਾ ਹੈ। ਪੁਰਾਤਨ ਯੂਨਾਨ ਵਿਚ ਇਸ ਘੋਲ ਨੇ ਜ਼ਿੰਦਗੀ ਦੇ ਸਾਰੇ ਪੱਖਾਂ ਉਪਰ ਆਪਣੀ ਛਾਪ ਛੱਡੀ, ਅਤੇ ਇਸਨੇ ਫ਼ਿਲਾਸਫ਼ੀ ਦੇ ਵਿਕਾਸ ਨੂੰ ਵੀ ਪ੍ਰਭਾਵਤ ਕੀਤਾ।

## ਸੁਕਰਾਤ ਨੂੰ ਮੌਤ ਦੀ ਸਜ਼ਾ ਕਿਉਂ ਦਿਤੀ ਗਈ?

ਵਪਾਰ ਦੀ ਤਰੱਕੀ ਨਾਲ ਵਪਾਰੀ ਵਧਣ-ਫੁਲਣ ਲੱਗੇ। ਜੱਦੀ-ਪੁਸ਼ਤੀ ਭੂਮੀਪਤੀ ਕੁਲੀਨ ਵਰਗ ਉਪਰ ਉਹਨਾਂ ਦੀ ਜਿੱਤ ਦਾ ਸਿੱਟਾ ਬਾਦਸ਼ਾਹਾਂ ਨੂੰ ਬਾਹਰ ਕੱਢਣ ਅਤੇ ਯੂਨਾਨੀ ਪੋਲਾਈਸਿਜ਼ ਜਾਂ ਸ਼ਹਿਰੀ ਰਾਜਾਂ ਵਿਚ ਜਨਵਾਦੀ ਸੱਤ੍ਹਾ ਸਥਾਪਤ

ਕਰਨ ਵਿਚ ਨਿਕਲਿਆ। ਜਨਵਾਦੀ ਹਕੂਮਤ ਹੇਠ ਵੀ ਗ਼ੁਲਾਮਾਂ ਨੂੰ ਕੋਈ ਅਧਿਕਾਰ ਨਾ ਦਿਤੇ ਗਏ। ਗ਼ੁਲਾਮ-ਮਾਲਕਾਂ ਦਾ ਲੋਕਤੰਤਰ ਸਥਾਪਤ ਹੋਣ ਦੇ ਸਿੱਟੇ ਵਜੋਂ ਰਾਜਸੀ ਘੋਲ ਤੇਜ਼ ਹੋ ਗਏ। ਗਣਤੰਤਰਾਂ ਦੇ ਸ਼ਹਿਰੀਆਂ ਨੂੰ ਦਿਤੇ ਗਏ ਕੁਝ ਹੱਕਾਂ ਨੇ ਉਹਨਾਂ ਨੂੰ ਇਸਦੇ ਸਮਰੱਥ ਬਣਾਇਆ ਕਿ ਉਹ ਆਪਣੀਆਂ ਰਾਵਾਂ ਅਤੇ ਸ਼ੰਕੇ ਪਰਗਟ ਕਰ ਸਕਣ ਅਤੇ ਬਹਿਸ-ਮੁਬਾਹਸੇ ਵਿਚ ਜੁੱਟ ਸਕਣ। ਬਹਿਸਾਂ ਕਾਰਨ ਚਿੰਤਨ ਦੇ ਕਾਨੂੰਨਾਂ ਵਿਚ, ਮੰਤਕ ਅਤੇ ਸੁਭਾਸ਼ਣਕਾਰੀ ਵਿਚ ਦਿਲਚਸਪੀ ਜਾਗੀ; ਇਹਨਾਂ ਦਾ ਗਿਆਨ ਰਾਜਸੀ ਵਿਰੋਧੀਆਂ ਉਪਰ ਜਿੱਤ ਪਰਾਪਤ ਕਰਨ ਵਿਚ ਸਹਾਈ ਹੁੰਦਾ ਸੀ।

ਮਾਰਕਸ ਦੇ ਸ਼ਬਦਾਂ ਵਿਚ "ਦਾਰਸ਼ਨਿਕ ਪੜਤਾਲ ਲਈ ਪਹਿਲੀ ਲੋੜ ਦਲੇਰ, ਆਜ਼ਾਦ ਮਨ ਦੀ ਹੁੰਦੀ ਹੈ।"* ਲੋਕਤੰਤਰ ਦੀ ਸਥਾਪਨਾ ਦੇ ਸਿੱਟੇ ਵਜੋਂ ਯੂਨਾਨ ਵਿਚਲੇ ਰਾਜਸੀ ਜੀਵਨ ਦੇ ਵਿਸ਼ੇਸ਼ ਲੱਛਣ ਫ਼ਿਲਾਸਫ਼ੀ ਦੇ ਪ੍ਰਫੁੱਲਤ ਹੋਣ ਲਈ ਪੂਰਵ-ਸ਼ਰਤਾਂ ਵਿਚੋਂ ਇਕ ਸਨ।

ਹਰ ਛੋਟੇ ਸ਼ਹਿਰੀ ਰਾਜ ਦੇ ਆਪਣੇ ਹੀ ਕਾਨੂੰਨ ਹੁੰਦੇ ਸਨ ਜਿਹੜੇ ਵਧੇਰੇ ਕਰਕੇ ਦੇਵਤਿਆਂ, ਰਹੁ-ਰੀਤਾਂ ਅਤੇ ਪਰੰਪਰਾਵਾਂ ਦੀ ਅਧਿਕਾਰਿਤਾ ਉਪਰ ਟਿਕੇ ਹੁੰਦੇ ਸਨ। ਫ਼ਿਲਾਸਫ਼ਰ ਇਹੋ ਜਿਹੇ ਸਵਾਲਾਂ ਵਿਚ ਡੂੰਘੀ ਦਿਲਚਸਪੀ ਰੱਖਦੇ ਸਨ ਜਿਵੇਂ ਕਿ, ਉਦਾਹਰਣ ਵਜੋਂ, ਇਹ ਕਾਨੂੰਨ ਕਿਸ ਚੀਜ਼ ਉਪਰ ਆਧਾਰਤ ਹਨ—ਇਨਸਾਫ਼ ਨਾਲ ਪਿਆਰ ਉਪਰ ਜਾਂ ਕਿ ਸਿਰਫ਼ ਦੇਵਤਿਆਂ

---

*ਕਾਰਲ ਮਾਰਕਸ, "**ਐਪੀਕਿਊਰੀਅਨ ਫ਼ਿਲਾਸਫ਼ੀ ਬਾਰੇ ਨੋਟਬੁੱਕਾਂ**", ਕਾਰਲ ਮਾਰਕਸ, ਫ਼ਰੈਡਰਿਕ ਏਂਗਲਜ਼, ਕਿਰਤ ਸੰਗ੍ਰਿਹ, ਸੈਂਚੀ ੧, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੬, ਸਫ਼ਾ ੪੬੯।

ਵਲੋਂ ਬਦਲਾ ਲਏ ਜਾਣ ਦੇ ਡਰ ਉਪਰ? ਕੀ ਇਹ ਕਾਨੂੰਨ ਸ਼ੁਭ-ਕਰਮਾਂ ਨਾਲ ਮੇਲ ਖਾਂਦੇ ਹਨ? ਮਨੁੱਖ ਕੀ ਹੈ? ਆਦਿ। ਉਹ ਐਸੇ ਕਾਨੂੰਨ ਨੂੰ ਜੀਅ-ਆਇਆਂ ਆਖਦੇ ਸਨ ਜਿਹੜਾ ਸਾਰੇ ਲੋਕਾਂ ਲਈ ਸਾਂਝੇ ਸਚਮੁਚ ਦੇ ਮਨੁੱਖੀ ਗੁਣਾਂ ਦੇ ਨਾਲ ਮੇਲ ਖਾਂਦਾ ਹੁੰਦਾ ਸੀ। ਸੁਕਰਾਤ ਦਾ ਕਹਿਣਾ ਸੀ ਕਿ ਇਨਸਾਨ ਨਾ ਸਿਰਫ਼ ਆਪਣੇ ਸ਼ਹਿਰੀ ਸਮਾਜ ਦਾ ਹੀ ਸਗੋਂ ਸਮੁੱਚੇ ਮਨੁੱਖਾ ਭਾਈਚਾਰੇ ਦਾ ਇਕ ਮੈਂਬਰ ਹੁੰਦਾ ਹੈ, ਸਿਰਫ਼ ਏਥਨਜ਼ ਜਾਂ ਸਪਾਰਟਾ ਦਾ ਹੀ ਨਹੀਂ, ਸਗੋਂ ਸਾਰੇ ਬ੍ਰਹਿਮੰਡ ਦਾ ਵੀ ਮੈਂਬਰ ਹੁੰਦਾ ਹੈ। ਉਸਨੇ ਮਨੁੱਖੀ ਮਨ ਨੂੰ ਰਹੁ-ਰੀਤਾਂ ਤੋਂ ਉਪਰ ਅਤੇ "ਆਪਣੇ" ਦੇਵਤਿਆਂ ਦੇ ਡਰ ਤੋਂ ਉਪਰ ਥਾਂ ਦਿਤੀ। ਪ੍ਰਕਿਰਤੀ ਵਾਂਗ, ਸਮਾਜ ਵੀ ਆਮ ਨਿਯਮਾਂ ਅਨੁਸਾਰ ਚੱਲਦਾ ਹੈ, ਅਤੇ ਮਨੁੱਖ ਨੂੰ ਇਨਸਾਨ ਸਿਰਫ਼ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਉਹ ਸਿਰਫ਼ ਆਪਣੇ ਰਾਜ ਵਿਚ ਪ੍ਰਵਾਨ ਕੀਤੇ ਜਾਂਦੇ ਵਿਵਹਾਰ ਦੇ ਨਿਯਮਾਂ ਨੂੰ ਹੀ ਨਹੀਂ, ਸਗੋਂ ਆਲੇ-ਦੁਆਲੇ ਦੇ ਸੰਸਾਰ ਨਾਲ ਆਪਣੇ ਸੰਬੰਧ ਦੇ ਸਰਬ-ਵਿਆਪਕ ਨਿਯਮਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੋਵੇ।

ਦੇਵਤਿਆਂ ਦੀ ਮਰਜ਼ੀ ਨਾਲ ਨਹੀਂ ਸਗੋਂ ਤਰਕ ਦੀਆਂ ਦਲੀਲਾਂ ਨਾਲ ਆਪਣੇ ਰਾਜਨੀਤਕ ਵਿਸ਼ਵਾਸਾਂ ਦੀ ਵਿਆਖਿਆ ਕਰਨ ਦੇ ਸੁਕਰਾਤ ਦੇ ਯਤਨਾਂ ਦਾ ਸਿੱਟਾ ਗ਼ੁਲਾਮ-ਮਾਲਕਾਂ ਵਲੋਂ ਉਸਦੀ ਫ਼ਿਲਾਸਫ਼ੀ ਦੀ ਆਲੋਚਨਾ ਕਰਨ ਵਿਚ ਨਿਕਲਿਆ, ਅਤੇ ਉਸਨੂੰ ਜ਼ਹਿਰ ਦਾ ਪਿਆਲਾ ਪੀਣ ਲਈ ਮਜਬੂਰ ਕੀਤਾ ਗਿਆ। ਉਹਨਾਂ ਪੁਰਾਤਨ ਸਮਿਆਂ ਵਿਚ ਵੀ ਹਾਕਮ ਸ਼੍ਰੇਣੀ ਦੇ ਪ੍ਰਤਿਨਿਧ ਇਹ ਗੱਲ ਸਮਝਦੇ ਸਨ ਕਿ ਤਰਕ ਅਤੇ ਆਲੋਚਨਾਤਮਕ ਚਿੰਤਨ ਇਕ ਸ਼ਕਤੀਸ਼ਾਲੀ ਹਥਿਆਰ ਬਣ ਸਕਦੇ ਹਨ, ਜਿਹੜਾ ਉਹਨਾਂ ਦੇ ਖ਼ਿਲਾਫ਼ ਵਰਤਿਆ ਜਾ ਸਕਦਾ ਹੈ।

ਸੁਕਰਾਤ ਦੀ ਮੌਤ ਨਾਲ ਹੀ ਨਾਲ ਸੰਸਾਰ ਵੱਲ ਇਕ ਨਵੇਂ ਵਤੀਰੇ ਦਾ ਜਨਮ ਸੀ ਜਿਹੜਾ ਕਿ ਹੋਣੀ ਵਿਚ ਅੰਨ੍ਹੇ ਵਿਸ਼ਵਾਸ ਜਾਂ ਦੇਵਤਿਆਂ ਵਲੋਂ ਬਦਲਾ ਲਏ ਜਾਣ ਦੇ ਡਰ ਉਪਰ ਨਹੀਂ ਸਗੋਂ ਗਿਆਨ ਉਪਰ ਆਧਾਰਤ ਸੀ। ਫ਼ਿਲਾਸਫ਼ੀ ਪਹਿਲੀ ਨਜ਼ਰੇ ਰਾਜਸੀ ਘਟਣਾਵਾਂ ਅਤੇ ਜੁਗ-ਗਰਦੀਆਂ ਤੋਂ ਦੂਰ ਦੀ ਗੱਲ ਨਜ਼ਰ ਆਉਂਦੀ ਹੈ, ਪਰ ਆਪਣੇ ਜਨਮ ਤੋਂ ਹੀ ਇਸਦਾ ਜਮਾਤੀ ਘੋਲ ਨਾਲ ਨੇੜੇ ਦਾ ਸੰਬੰਧ ਰਿਹਾ ਹੈ। ਵਿਰੋਧੀ ਅੰਸ਼ਾਂ ਦੇ ਘੋਲ ਵਿਚੋਂ ਸੰਸਾਰ ਵੱਲ ਇਕ ਨਵਾਂ ਵਤੀਰਾ ਜਨਮ ਲੈ ਰਿਹਾ ਸੀ, ਅਤੇ ਕਈ ਰੁਕਾਵਟਾਂ ਨੂੰ ਸਰ ਕਰਦਿਆਂ ਇਸਨੇ ਆਪਣਾ ਰਾਹ ਬਣਾ ਲਿਆ ਭਾਵੇਂ ਕਿ ਯੂਨਾਨ ਵਿਚ ਇਸਦੇ ਵਿਕਾਸ ਲਈ ਹਾਲਤਾਂ ਪੂਰਬ ਨਾਲੋਂ ਕਿਤੇ ਜ਼ਿਆਦਾ ਸੁਖਾਵੀਆਂ ਸਨ।

ਜੋ ਕੁਝ ਉਪਰ ਕਿਹਾ ਜਾ ਚੁੱਕਾ ਹੈ, ਆਓ ਉਸਦਾ ਸਾਰੰਸ਼ ਦੇਖੀਏ। ਫ਼ਿਲਾਸਫ਼ੀ ਦੇ ਵਿਕਾਸ ਲਈ ਪੂਰਵ-ਹਾਲਤਾਂ ਪਹਿਲੀ ਥਾਂ ਉਤੇ ਆਰਥਕ ਨਿਜ਼ਾਮ ਵਿਚ ਅਤੇ ਪੁਰਾਤਨ ਸਮਾਜਾਂ ਵਿਚਲੇ ਰਾਜਸੀ ਜੀਵਨ ਦੀਆਂ ਵਿਸ਼ੇਸ਼ਤਾਈਆਂ ਵਿਚ ਲੱਭੀਆਂ ਜਾਣੀਆਂ ਚਾਹੀਦੀਆਂ ਹਨ। ਦਾਰਸ਼ਨਿਕ ਸਮੱਸਿਆਵਾਂ ਨੇ ਪਹਿਲਾਂ ਪਹਿਲਾਂ ਮਿੱਥ-ਕਥਾਵਾਂ ਦੇ ਅੰਦਰ ਰੂਪ ਧਾਰਿਆ, ਪਰ ਉਹ ਜਲਦੀ ਹੀ ਇਹ ਤੰਗ ਖੋਲ ਤੋੜ ਕੇ ਨਿਕਲ ਤੁਰੀਆਂ। ਕਿਰਤ--ਸਰਗਰਮੀਆਂ ਲਈ ਲੋੜੀਂਦੇ ਗਿਆਨ ਦੇ ਇਕੱਤ੍ਰਿਤ ਹੋਣ ਨੇ ਪੁਰਾਤਨ ਯੂਨਾਨੀ ਫ਼ਿਲਾਸਫ਼ਰਾਂ ਨੂੰ ਦਰਸਾ ਦਿਤਾ ਕਿ ਜਾਦੂ ਜਾਂ ਪਰਾ-ਪ੍ਰਕਿਰਤਕ ਵਜੂਦਾਂ ਦਾ ਆਸਰਾ ਲਏ ਬਿਨਾਂ ਕਈ ਵਰਤਾਰਿਆਂ ਨੂੰ ਸਮਝਿਆ ਜਾ ਸਕਦਾ ਹੈ। ਦਰਿਆਵਾਂ ਵਿਚ ਹੜ੍ਹ ਆਉਣ ਦੇ ਅਤੇ ਬਾਰਸ਼ ਜਾਂ ਗੜ੍ਹੇ ਪੈਣ ਦੇ ਕੁਦਰਤੀ ਕਾਰਨ ਹਨ, ਇਸਲਈ ਮਨੁੱਖ, ਧਰਤੀ ਅਤੇ ਸਮੁੱਚੇ ਬ੍ਰਹਿਮੰਡ ਦੀ ਉਤਪਤੀ ਦੀ ਵਿਆਖਿਆ ਵੀ ਕੁਦਰਤੀ ਕਾਰਨਾਂ ਰਾਹੀਂ ਕੀਤੀ

ਜਾ ਸਕਦੀ ਹੈ। ਧਰਤੀ ਦੇ ਮੁੱਢ ਦੀ ਮਿਥਿਹਾਸਕ ਵਿਆਖਿਆ ਨਾਲ ਆਪਣੇ ਮੁਕਾਬਲੇ ਵਿਚ ਚਿੰਤਨ ਵਧੇਰੇ ਸਥਿਰ ਹੁੰਦਾ ਜਾ ਰਿਹਾ ਸੀ ਅਤੇ ਫ਼ਿਲਾਸਫ਼ੀ ਦੇ ਮੂਲ ਸੰਕਲਪ ਰੂਪ ਧਾਰ ਰਹੇ ਸਨ।

ਮੁਢਲੇ ਵਿਗਿਆਨਕ ਗਿਆਨ ਨੇ ਦਾਰਸ਼ਨਿਕ ਚਿੰਤਨ ਦੇ ਵਿਕਾਸ ਨੂੰ ਅੱਗੇ ਤੋਰਨ ਦਾ ਕੰਮ ਕੀਤਾ। ਫ਼ਿਲਾਸਫ਼ੀ ਨੇ, ਆਪਣੀ ਥਾਂ, ਸੰਸਾਰ ਬਾਰੇ ਖਿਲਰੀ ਹੋਈ ਜਾਣਕਾਰੀ ਨੂੰ ਇਕੋ ਇਕ ਸਮੁੱਚ ਵਿਚ ਇਕੱਠਿਆਂ ਕਰਨ ਵਿਚ ਸਹਾਇਤਾ ਕੀਤੀ ਅਤੇ ਵਿਗਿਆਨ ਨੂੰ ਠੋਸ ਸਿਧਾਂਤਕ ਆਧਾਰ ਮੁਹਈਆ ਕੀਤਾ।

## ਵਿਗਿਆਨ ਦਾ ਪੰਘੂੜਾ

ਪੁਰਾਤਨ ਫ਼ਿਲਾਸਫ਼ਰ ਨੂੰ ਬਹੁਤ ਸਾਰੇ ਸਵਾਲਾਂ ਬਾਰੇ ਦਿਮਾਗ਼ ਲੜਾਉਣਾ ਪੈਂਦਾ ਸੀ, ਜਿਨ੍ਹਾਂ ਸਵਾਲਾਂ ਦਾ ਅਧਿਐਨ ਇਸ ਵੇਲੇ ਵਿਗਿਆਨੀਆਂ ਦੀ ਪੂਰੀ ਫ਼ੌਜ ਕਰ ਰਹੀ ਹੈ। ਪੁਰਾਤਨ ਫ਼ਿਲਾਸਫ਼ਰ ਹਰ ਇਕ ਚੀਜ਼ ਬਾਰੇ ਸੋਚਦੇ ਸਨ: ਉਹ ਦੁਨੀਆਂ ਦੇ ਮੁੱਢ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੇ ਸਨ, ਇਸ ਗੱਲ ਉਤੇ ਵਿਚਾਰ ਕਰਦੇ ਸਨ ਕਿ ਇਸਦੀ ਥਾਹ ਪਾਈ ਜਾ ਸਕਦੀ ਹੈ ਜਾਂ ਨਹੀਂ, ਅਤੇ ਨਾਲ ਹੀ ਇਹ ਲੱਭਣ ਦੀ ਕੋਸ਼ਿਸ਼ ਕਰਦੇ ਸਨ ਕਿ ਸਤਰੰਗੀ ਪੀਂਘ ਕਿਵੇਂ ਪੈਂਦੀ ਹੈ, ਗ੍ਰਹਿਣ ਕਿਉਂ ਲਗਦੇ ਹਨ, ਬਿਜਲੀ ਕਿਥੋਂ ਪੈਦਾ ਹੁੰਦੀ ਹੈ, ਆਦਿ।

ਪਹਿਲਾ ਯੂਨਾਨੀ ਫ਼ਿਲਾਸਫ਼ਰ, ਥੇਲਜ਼, ਜੋ ਕਿ ਉਹਨਾਂ "ਸੱਤ ਸਿਆਣਿਆਂ" ਵਿਚੋਂ ਇਕ ਸੀ ਜਿਨ੍ਹਾਂ ਨੇ **ਪਾਇਥਾਗੋਰਸ** ਨਾਲ ਮਿਲ ਕੇ ਵਿਗਿਆਨਕ ਗਣਿਤ ਦੀ ਨੀਂਹ ਰੱਖੀ, ਤਾਰਾ-ਵਿਗਿਆਨੀ ਵੀ ਸੀ ਅਤੇ ਸੂਰਜ-ਗ੍ਰਹਿਣਾਂ ਬਾਰੇ ਪੇਸ਼ੀਨਗੋਈ ਕਰ ਸਕਦਾ ਸੀ। ਉਹ ਵਪਾਰ ਕਰਨਾ ਵੀ ਚੰਗੀ ਤਰ੍ਹਾਂ ਜਾਣਦਾ

ਸੀ ਅਤੇ ਸਿਆਸਤ ਵਿਚ ਵੀ ਕੋਈ ਸਿਖਾਂਦਰੂ ਨਹੀਂ ਸੀ। ਪਰੰਪਰਾਈ ਤੌਰ ਉਤੇ ਇਹ ਮੰਨਿਆ ਜਾਂਦਾ ਹੈ ਕਿ ਥੇਲਜ਼ ਹੀ ਸੀ ਜਿਸਨੇ ਸਾਲ ਨੂੰ ੩੬੫ ਦਿਨਾਂ ਵਿਚ ਅਤੇ ਮਹੀਨੇ ਨੂੰ ੩੦ ਦਿਨਾਂ ਵਿਚ ਵੰਡਿਆ।

ਇਕ ਹੋਰ ਯੂਨਾਨੀ ਫ਼ਿਲਾਸਫ਼ਰ ਐਮਪੈਡੋਕਲੀਸ ਨਾਲ ਹੀ ਕਵੀ, ਡਾਕਟਰ, ਭਾਸ਼ਣਕਾਰ, ਵਿਗਿਆਨੀ ਅਤੇ ਸਿਆਸਤਦਾਨ ਵੀ ਸੀ। ਉਸਨੇ ਆਪਣੇ ਦਾਰਸ਼ਨਿਕ ਵਿਚਾਰ ਕਿਸੇ ਕਿਤਾਬਚੇ ਵਿਚ ਨਹੀਂ, ਸਗੋਂ ਇਕ ਕਵਿਤਾ, "ਪ੍ਰਕਿਰਤੀ ਬਾਰੇ", ਵਿਚ ਪ੍ਰਗਟ ਕੀਤੇ; ਸਿਸਲੀ ਵਿਚ ਉਸਨੇ ਇਕ ਸੁਭਾਸ਼ਣਕਾਰੀ ਦਾ ਸਕੂਲ ਸ਼ੁਰੂ ਕੀਤਾ, ਕਈ ਕਾਢਾਂ ਕੱਢੀਆਂ ਅਤੇ, ਜਿਵੇਂ ਕਿ ਦੰਤ-ਕਥਾ ਚਲਦੀ ਆ ਰਹੀ ਹੈ, ਸਿਸਲੀ ਦੇ ਤੱਟ ਉਪਰਲੇ ਸ਼ਹਿਰ ਐਗਰੀਜੈਂਟਮ ਦਾ ਪੌਣ-ਪਾਣੀ ਬਦਲ ਦਿਤਾ। ਪਿਆਰ ਅਤੇ ਦੁਸ਼ਮਨੀ ਨਾਲ ਹਰਕਤ ਵਿਚ ਲਿਆਂਦੇ ਗਏ ਧਰਤੀ ਦੇ ਚਾਰ ਤੱਤਾਂ ਦੇ ਦਾਰਸ਼ਨਿਕ ਸਿਧਾਂਤ ਤੋਂ ਇਲਾਵਾ, ਐਮਪੈਡੋਕਲੀਸ ਨੇ ਕਈ ਹੋਰ, ਵਧੇਰੇ ਨਿਸਚਿਤ ਮਿਥਣ ਸੂਤ੍ਰਿਤ ਕੀਤੇ। ਉਦਾਹਰਣ ਵਜੋਂ, ਉਸਦਾ ਵਿਸ਼ਵਾਸ ਸੀ ਕਿ ਹਵਾ ਦੇ ਜਮਾਓ ਦੇ ਸਿੱਟੇ ਵਜੋਂ ਚੰਨ ਬਣਿਆ ਅਤੇ ਉਸਦੇ ਇਸ ਅੰਦਾਜ਼ੇ ਨੂੰ ਤਾਂ ਅੱਜ ਠੀਕ ਹੀ ਇਕ ਪ੍ਰਤਿਭਾਵਾਨ ਮਨੁੱਖ ਦਾ ਅੰਦਾਜ਼ਾ ਸਮਝਿਆ ਜਾਂਦਾ ਹੈ ਕਿ ਰੌਸ਼ਨੀ ਇਕ ਖ਼ਾਸ ਰਫ਼ਤਾਰ ਨਾਲ ਫ਼ੈਲਦੀ ਹੈ। ਉਸਨੇ ਜੀਵਾਂ ਦੇ ਮੁੱਢ ਬਾਰੇ ਇਕ ਦਲੇਰ ਮਿਥਣ ਪੇਸ਼ ਕੀਤਾ ਅਤੇ ਬਿਲਕੁਲ ਪਹਿਲੀ ਵਾਰੀ ਜੀਵ-ਵਿਗਿਆਨਕ ਵਿਗਾਸ ਦੇ ਆਧਾਰ ਵਜੋਂ ਕੁਦਰਤੀ ਚੋਣ ਦੀ ਸਮੱਸਿਆ ਨੂੰ ਪੇਸ਼ ਕੀਤਾ। ਉਹ ਮਨੁੱਖੀ ਸ਼ਰੀਰ ਦੀ ਬਣਤਰ ਵਿਚ ਭਾਰੀ ਦਿਲਚਸਪੀ ਲੈਂਦਾ ਸੀ; ਖ਼ਾਸ਼ ਕਰਕੇ ਉਸਨੇ ਅੱਖ ਦੀ ਬਣਤਰ ਅਤੇ ਨਜ਼ਰੀ ਅਨੁਭੂਤੀ ਦੇ ਮੈਕਾਨਿਜ਼ਮ ਦਾ ਇਕਸਾਰ ਸਿਧਾਂਤ ਘੜਿਆ।

ਅਰਸਤੂ ਇਕ ਲਾਸਾਨੀ ਸ਼ਖਸੀਅਤ ਸੀ; ਉਸਦੀਆਂ ਕਿਰਤਾਂ ਵਿਚ ਸਮਕਾਲੀ ਦਾਰਸ਼ਨਿਕ ਅਤੇ ਵਿਗਿਆਨਕ ਗਿਆਨ ਦੀਆਂ ਸਾਰੀਆਂ ਸ਼ਾਖਾਂ ਦਾ ਪ੍ਰਗਟਾਅ ਹੋਇਆ ਮਿਲਦਾ ਹੈ। ਦਾਰਸ਼ਨਿਕ ਕਿਰਤਾਂ ਤੋਂ ਇਲਾਵਾ, ਜਿਨ੍ਹਾਂ ਨੇ ਪੱਛਮ ਵਿਚ ਵੀ ਅਤੇ ਪੂਰਬ ਵਿਚ ਵੀ ਕਈ ਸਦੀਆਂ ਤੱਕ ਫ਼ਿਲਾਸਫ਼ੀ ਦੇ ਵਿਕਾਸ ਨੂੰ ਪ੍ਰਭਾਵਿਤ ਕੀਤਾ, ਉਸਨੇ ਨੀਤੀ-ਸ਼ਾਸਤਰ ਦੇ ਮਸਲਿਆਂ ਬਾਰੇ (Nicomachean Ethics), ਸਮਾਜੀ-ਰਾਜਨੀਤਕ ਸਵਾਲਾਂ (Politics) ਬਾਰੇ, ਕਲਾ ਅਤੇ ਸੁਭਾਸ਼ਣਕਾਰੀ (Poetics and Rhetoric) ਦੇ ਸਿਧਾਂਤ ਬਾਰੇ ਕਿਤਾਬਾਂ ਲਿਖੀਆਂ ਅਤੇ ਚਿੰਤਨ ਦੇ ਰੂਪਾਂ ਨਾਲ ਸੰਬੰਧਤ ਵਿਗਿਆਨ, ਸਿਧਾਂਤਕ ਮੰਤਕ, ਦਾ ਇਕ ਵਿਸਤ੍ਰਿਤ ਸਿਸਟਮ ਸਿਰਜਿਆ। ਪ੍ਰਕਿਰਤਕ ਵਿਗਿਆਨ ਬਾਰੇ ਉਸਦੀਆਂ ਕਿਰਤਾਂ — "ਆਕਾਸ਼ ਬਾਰੇ," "ਆਤਮਾ ਬਾਰੇ," "ਭੌਤਕ-ਵਿਗਿਆਨ", "ਪਸ਼ੂਆਂ ਦੇ ਅੰਗ", "ਮੌਸਮ-ਵਿਗਿਆਨ", ਆਦਿ — ਵਿਗਿਆਨ ਦੀ ਤਰੱਕੀ ਲਈ ਬੇਹੱਦ ਮਹੱਤਾ ਰੱਖਦੀਆਂ ਸਨ।

ਬੇਸ਼ਕ, ਪੁਰਾਤਨ ਫ਼ਿਲਾਸਫ਼ਰਾਂ ਵਲੋਂ ਪੇਸ਼ ਕੀਤੇ ਗਏ ਵਿਚਾਰ ਹਮੇਸ਼ਾ ਹੀ ਠੀਕ ਨਹੀਂ ਸਨ ਹੁੰਦੇ। ਸੰਸਾਰ ਦੀ ਆਮ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਵਿਚ, ਉਹ ਅਸਲੀ ਕਾਰਨਾਂ ਦੀ ਥਾਂ ਕਾਲਪਣਿਕ, ਵਿਚਿਤ੍ਰ ਕਾਰਨਾਂ ਨੂੰ ਦੇ ਦੇਂਦੇ ਸਨ ਅਤੇ ਇਕ ਜਾਂ ਦੂਜੀ ਪ੍ਰਸਥਾਪਨਾ ਨੂੰ ਪ੍ਰਮਾਣਿਤ ਕਰਨ ਦੀ ਥਾਂ ਤੁਲਨਾ ਦਾ ਆਸਰਾ ਲੈਂਦੇ ਸਨ। ਉਦਾਹਰਣ ਵਜੋਂ, ਡਿਮੋਕਰੀਟਸ ਦਾ ਵਿਸ਼ਵਾਸ ਸੀ ਕਿ ਹਵਾ ਵਿਚ ਨਜ਼ਰ ਆਉਂਦੇ ਧੂੜ ਦੇ ਜ਼ੱਰਿਆਂ ਦੀ ਬੇਤਰਤੀਬੀ ਹਰਕਤ ਦੀ ਤੁਲਨਾ ਸਾਰੀਆਂ ਮੌਜੂਦ ਵਸਤਾਂ ਦੀ ਐਟਮੀ ਬਣਤਰ ਬਾਰੇ ਉਸਦੇ ਮਿਥਣ ਲਈ ਬੜਾ ਚੰਗਾ ਪ੍ਰਮਾਣ ਹੈ। ਡਿਮੋਕਰੀਟਸ ਦੇ ਅਨੁਆਈ **ਲੁਕਰੀਟੀਅਸ ਕਾਰੂਸ**

ਨੇ ਆਪਣੀ ਦਾਰਸ਼ਨਿਕ ਕਵਿਤਾ "ਵਸਤਾਂ ਦੀ ਪ੍ਰਕਿਰਤੀ ਬਾਰੇ" ਵਿਚ ਇਸਦਾ ਵਰਨਣ ਇਸ ਪ੍ਰਕਾਰ ਕੀਤਾ ਸੀ:

ਇਹ ਹੈ ਤਸਵੀਰ ਜਿਹੜੀ ਸਾਡੇ ਨੀਝ-ਖੇਤਰ ਵਿਚ ਹਮੇਸ਼ਾ ਰਹਿੰਦੀ ਹੈ:
ਹਰ ਵਖਰੀ ਘੜੀ ਜਦੋਂ ਸੂਰਜ ਦੀ ਰੋਸ਼ਨੀ ਦਾ ਸਾਡੇ ਘਰਾਂ ਵਿਚ ਹੜ ਆਇਆ ਹੁੰਦਾ ਹੈ,
ਜਿਹੜੀ ਸੂਰਜੀ ਕਿਰਨਾਂ ਨਾਲ ਹਨੇਰੇ ਨੂੰ ਚੀਰਦੀ ਅਤੇ ਇਸਦੇ ਚਾਨਣ ਨੂੰ ਸਾਡੇ ਦੁਆਲੇ ਬਿਖੇਰਦੀ ਹੈ,
ਅਨੇਕਾਂ ਹੀ ਨਿੱਕੀਆਂ ਤੋਂ ਨਿੱਕੀਆਂ ਵਸਤਾਂ ਤੁਸੀਂ ਖੁਲਾਅ ਵਿਚ ਹਰਕਤ ਕਰਦੀਆਂ ਦੇਖ ਸਕਦੇ ਹੋ,
ਜਿਹੜੀਆਂ ਰੋਸ਼ਨ ਸੂਰਜੀ ਕਿਰਨਾਂ ਵਿਚ ਤੇਜ਼ ਤੇਜ਼ ਇਕ ਦੂਜੀ ਦਾ ਪਿੱਛਾ ਕਰਦੀਆਂ ਹਨ

. . . .

ਇਸਤੋਂ ਤੁਹਾਨੂੰ ਪਤਾ ਲੱਗੇਗਾ ਕਿ ਕਿਵੇਂ, ਹਮੇਸ਼ਾ ਹੀ ਅਰੁਕ ਹਰਕਤ ਵਿਚ
ਪ੍ਰਾਥਮਿਕ ਵਸਤਾਂ ਅਸੀਮ ਖੁਲਾਅ ਵਿਚ ਸਾਰੀਆਂ ਇਕ ਦੂਜੀ ਨਾਲ ਟਕਰਾ ਰਹੀਆਂ ਹਨ।*

ਉਘੇ ਅੰਗ੍ਰੇਜ਼ ਵਿਗਿਆਨੀ ਅਤੇ ਲੋਕ-ਹਸਤੀ, **ਜਾਹਨ ਡੀ. ਬਰਨਾਲ** ਨੇ ਆਪਣੀ ਪੁਸਤਕ "ਇਤਿਹਾਸ ਵਿਚ ਵਿਗਿਆਨ" ਵਿਚ ਲਿਖਿਆ ਸੀ ਕਿ ਬਦਕਿਸਮਤੀ ਨੂੰ ਪੁਰਾਤਨ ਯੂਨਾਨੀ ਇਹ ਖ਼ਿਆਲ ਕਰਦੇ ਸਨ ਕਿ ਉਹਨਾਂ ਨੇ ਸਾਰੇ ਦੇ ਸਾਰੇ ਮਸਲੇ

---

*ਲੂਕਰੀਟੀਅਸ ਕਾਰੂਸ, "**ਵਸਤਾਂ ਦੀ ਪ੍ਰਕਿਰਤੀ ਬਾਰੇ**", ਮਾਸਕੋ, ਸੋਵੀਅਤ ਵਿਗਿਆਨ ਅਕਾਦਮੀ ਪ੍ਰਕਾਸ਼ਨ, ੧੯੪੫, ਸਫ਼ੇ ੭੯-੮੦ (ਰੂਸੀ ਵਿਚ)।

ਬਿਲਕੁਲ ਮੰਤਕੀ ਢੰਗ ਨਾਲ, ਠੀਕ ਠੀਕ ਅਤੇ ਅਹੱਦ ਤਰੀਕੇ ਨਾਲ ਹਲ ਕਰ ਲਏ ਹਨ। ਸਮਕਾਲੀ ਵਿਗਿਆਨ ਦਾ ਮਹਤਵਪੂਰਨ ਕਾਰਜ, ਜਿਹੜਾ ਲਗਭਗ ਚਾਰ ਸੌ ਸਾਲ ਪਹਿਲਾਂ ਸਾਮ੍ਹਣੇ ਆਇਆ, ਇਹ ਹੈ ਕਿ ਉਹਨਾਂ ਵਲੋਂ ਪੇਸ਼ ਕੀਤੇ ਗਏ ਹਲਾਂ ਦੀ ਗ਼ਲਤੀ ਨੂੰ ਲੱਭਿਆ ਜਾਏ। "ਪਰ", ਉਸਨੇ ਗੱਲ ਜਾਰੀ ਰੱਖਦਿਆਂ ਲਿਖਿਆ, "ਅਸੀਂ ਇਹ ਨਹੀਂ ਦੱਸ ਸਕਦੇ ਕਿ ਯੂਨਾਨੀ ਵਿਗਿਆਨ ਦੀ ਗ਼ੈਰ-ਮੌਜੂਦਗੀ ਵਿਚ, ਇਹ ਮਸਲੇ ਪੇਸ਼ ਵੀ ਕੀਤੇ ਗਏ ਹੁੰਦੇ ਜਾਂ ਨਾ"।*

ਇਹੀ ਵਿਚਾਰ ਕਈ ਸਾਲ ਪਹਿਲਾਂ ਮਾਰਕਸਵਾਦ ਦੇ ਇਕ ਬਾਨੀ, ਫ਼ਰੈਡਰਿਕ ਏਂਗਲਜ਼ ਨੇ ਪ੍ਰਗਟ ਕੀਤਾ ਸੀ: "ਪ੍ਰਕਿਰਤਕ ਵਰਤਾਰਿਆਂ ਦਾ ਸਰਬ-ਵਿਆਪਕ ਸੰਬੰਧ ਵਿਸ਼ੇਸ਼ ਪ੍ਰਸਥਿਤੀਆਂ ਨੂੰ ਸਾਮ੍ਹਣੇ ਰੱਖ ਕੇ ਸਾਬਤ ਨਹੀਂ ਕੀਤਾ ਜਾਂਦਾ; ਯੂਨਾਨੀਆਂ ਲਈ ਇਹ ਸਿੱਧਾ ਧਿਆਨ ਲੱਗਾਉਣ ਦਾ ਸਿੱਟਾ ਹੈ।**" ਅਤੇ ਪੁਰਾਤਨ ਫ਼ਿਲਾਸਫ਼ਰਾਂ ਦੀ ਫ਼ਿਲਾਸਫ਼ੀ ਦਾ ਇਹ ਗੁਣ ਵੀ ਹੈ ਅਤੇ ਔਗੁਣ ਵੀ।

ਇਸਲਈ, ਅਸੀਂ ਦੇਖਦੇ ਹਾਂ ਕਿ ਮਨੁੱਖਤਾ ਦੇ ਵਿਕਾਸ ਦੇ ਪਹਿਲੇ ਪੜਾਵਾਂ ਉਤੇ ਫ਼ਿਲਾਸਫ਼ੀ "ਵਿਗਿਆਨਾਂ ਦਾ ਵਿਗਿਆਨ" ਸੀ, ਇਸਲਈ ਨਹੀਂ ਕਿ ਪੁਰਾਤਨ ਫ਼ਿਲਾਸਫ਼ਰ ਘੋਖਣ ਦਾ ਕੋਈ ਲਾਸਾਨੀ ਗੁਣ ਰੱਖਦੇ ਸਨ ਜਾਂ ਉਹ ਕੋਈ ਐਸਾ ਭੇਦ ਜਾਣਦੇ ਸਨ ਜਿਸਨੂੰ ਮਗਰੋਂ ਆਉਣ ਵਾਲੀਆਂ ਪੀੜ੍ਹੀਆਂ ਭੁੱਲ ਗਈਆਂ ਹਨ। ਇਸਦੇ ਉਲਟ, ਇਸਦਾ ਕਾਰਨ

---

*ਜੇ. ਡੀ. ਬਰਨਾਲ, "**ਇਤਿਹਾਸ ਵਿਚ ਵਿਗਿਆਨ**", ਵਾਟਸ ਐਂਡ ਕੰਪਨੀ, ਲੰਡਨ, ੧੯੫੪, ਸਫ਼ਾ ੧੧੭।

**ਫ਼ਰੈਡਰਿਕ ਏਂਗਲਜ਼, "**ਪ੍ਰਕਿਰਤੀ ਦਾ ਵਿਰੋਧ-ਵਿਕਾਸ**", ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੬, ਸਫ਼ੇ ੪੫-੪੬।

ਇਹ ਤੱਥ ਸੀ ਕਿ ਵਿਗਿਆਨਕ ਗਿਆਨ ਮਾੜੀ ਤਰ੍ਹਾਂ ਨਾਲ ਵਿਕਸਤ ਹੋਇਆ ਹੋਇਆ ਸੀ ਅਤੇ ਮੁਢਲਾ ਜਿਹਾ ਸੀ। ਹੌਲੀ ਹੌਲੀ, ਜਿਉਂ ਜਿਉਂ ਮਨੁੱਖੀ ਗਿਆਨ ਦਾ ਪਸਾਰ ਹੋਇਆ, ਵਖਰੇ ਵਖਰੇ ਵਿਗਿਆਨ ਸਾਮ੍ਹਣੇ ਆਉਣ ਲੱਗੇ, ਪਹਿਲਾਂ ਪ੍ਰਕਿਰਤਕ ਵਿਗਿਆਨ — ਗਣਿਤ, ਭੌਤਕ-ਵਿਗਿਆਨ, ਤਾਰਾ-ਵਿਗਿਆਨ, ਰਸਾਇਣ, ਭੂ-ਗਰਭ-ਵਿਗਿਆਨ, ਜੀਵ-ਵਿਗਿਆਨ — ਅਤੇ ਫਿਰ ਸਮਾਜ ਅਤੇ ਮਨੁੱਖ ਨਾਲ ਸੰਬੰਧਤ ਵਿਗਿਆਨ, ਜਿਵੇਂ ਕਿ ਮਨੋਵਿਗਿਆਨ, ਇਤਿਹਾਸ, ਅਰਥ-ਸ਼ਾਸਤਰ, ਆਦਿ।

ਉਨ੍ਹੀਵੀਂ ਸਦੀ ਵਿਚ ਮਹਾਨ ਜਰਮਨ ਫ਼ਿਲਾਸਫ਼ਰ **ਗਿਓਰਗ ਫ਼ਰੀਦਰਿਖ ਵਿਲਹੈਲਮ ਹੀਗਲ** ਨੇ ਆਪਣੀ "ਪ੍ਰਕਿਰਤੀ ਦੀ ਫ਼ਿਲਾਸਫ਼ੀ" ਸੂਤ੍ਰਿਤ ਕਰਨ ਦੀ ਕੋਸ਼ਿਸ਼ ਕੀਤੀ, ਇਹ ਵਿਸ਼ਵਾਸ ਕਰਦਿਆਂ ਕਿ ਸਿਰਫ਼ ਫ਼ਿਲਾਸਫ਼ੀ ਹੀ ਦੁਨੀਆਂ ਦੀਆਂ ਸਾਰੀਆਂ ਬੁਝਾਰਤਾਂ ਦਾ ਠੀਕ ਠੀਕ ਜਵਾਬ ਮੁਹਈਆ ਕਰ ਸਕਦੀ ਹੈ। ਉਸਨੇ ਆਪਣਾ ਸਿਧਾਂਤ ਐਸੇ ਸਮੇਂ ਘੜਿਆ ਜਦੋਂ ਵਿਗਿਆਨ, ਜਿਵੇਂ ਕਿ ਭੂ-ਗਰਭ-ਵਿਗਿਆਨ, ਅਵੈਵੀ ਰਸਾਇਣ ਅਤੇ ਪੌਦਿਆਂ ਦਾ ਸ਼ਰੀਰ-ਵਿਗਿਆਨ ਪਹਿਲਾਂ ਹੀ ਚੰਗੀ ਤਰੱਕੀ ਕਰ ਚੁੱਕੇ ਸਨ, ਜੇ ਭੌਤਕ-ਵਿਗਿਆਨ ਦੀ ਗੱਲ ਰਹਿਣ ਵੀ ਦੇਈਏ ਤਾਂ। ਇਸਲਈ, ਜਦੋਂ ਉਸਨੇ, ਉਦਾਹਰਣ ਵਜੋਂ, ਰੌਸ਼ਨੀ ਬਾਰੇ ਆਪਣੇ "ਸਿਧਾਂਤ" ਨੂੰ ਵਿਸਥਾਰਨ ਦੀ ਕੋਸ਼ਿਸ਼ ਕੀਤੀ, ਜਿਸ ਅਨੁਸਾਰ ਪ੍ਰਿਜ਼ਮ ਦੇ ਵਿਚੋਂ ਦੀ ਲੰਘਾ ਕੇ ਰੌਸ਼ਨੀ ਨੂੰ ਕਿਰਨ-ਰੰਗਾਵਲੀ ਵਿਚ ਨਹੀਂ ਬਿਖੇਰਿਆ ਜਾ ਸਕਦਾ, ਜਾਂ ਪ੍ਰਵਾਨਿਤ ਵਿਗਿਆਨਕ ਸੰਕਲਪਾਂ ਦੇ ਉਲਟ ਉਸਨੇ ਰਸਾਇਣਕ ਤੱਤਾਂ ਦੀ ਹੋਂਦ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਦੀ ਵਿਗਿਆਨੀਆਂ ਵਲੋਂ ਸਖ਼ਤ ਨੁਕਤਾਚੀਨੀ ਕੀਤੀ ਗਈ।

ਪਰ ਅੱਜ ਕੁਝ ਸਾਇੰਸਦਾਨ ਦੂਜੇ ਸਿਰੇ ਉਤੇ ਚਲੇ ਜਾਂਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਫ਼ਿਲਾਸਫ਼ੀ ਦਾ ਵਿਗਿਆਨਕ

ਗਿਆਨ ਨਾਲ ਕੋਈ ਸੰਬੰਧ ਨਹੀਂ। ਭਾਵੇਂ ਬੀਤੇ ਸਮੇਂ ਵਿਚ ਫ਼ਿਲਾਸਫ਼ਰਾਂ ਨੇ ਕੁਝ ਵਿਗਿਆਨਕ ਲੱਭਤਾਂ ਬਾਰੇ ਅਗੇਤਾ ਹੀ ਅਨੁਮਾਨ ਲਾ ਲਿਆ ਸੀ (ਜਿਵੇਂ ਕਿ ਪ੍ਰਮਾਣੂਵਾਦੀ ਸਿਧਾਂਤ, ਨਾਭ-ਖਿੱਚ ਦਾ ਕਾਨੂੰਨ ਅਤੇ ਬਿਜਲੀ ਦਾ ਸਿਧਾਂਤ), ਉਹ ਦਲੀਲ ਦੇਂਦੇ ਹਨ ਕਿ ਹੁਣ ਉਹ "ਬੇਕਾਰ ਹੋ ਗਏ" ਹਨ, ਕਿਉਂਕਿ ਠੋਸ, "ਪ੍ਰਤੱਖ" ਗਿਆਨ ਨੇ ਦਾਰਸ਼ਨਿਕ ਚਿੰਤਨ ਦੀ ਥਾਂ ਲੈ ਲਈ ਹੈ। ਦੁਨੀਆਂ ਬਾਰੇ ਗਿਆਨ ਦੇ ਇਸ ਨਜ਼ਰੀਏ ਦੇ ਹਿਮਾਇਤੀ "ਪ੍ਰਤੱਖਵਾਦੀਆਂ" ਵਜੋਂ ਜਾਣੇ ਜਾਣ ਲੱਗੇ।

ਪਹਿਲੀ ਨਜ਼ਰੇ ਉਹ ਠੀਕ ਲੱਗਦੇ ਹਨ। ਸਚਮੁਚ, ਫ਼ਿਲਾਸਫ਼ੀ ਵਿਚ ਗਣਿਤ ਦੇ ਫ਼ਾਰਮੂਲਿਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਫ਼ਿਲਾਸਫ਼ਰ ਤਜਰਬੇ ਨਹੀਂ ਕਰਦਾ ਅਤੇ ਨਾ ਹੀ ਪਦਾਰਥਕ ਵਸਤਾਂ ਪੈਦਾ ਕਰਦਾ ਹੈ। ਫਿਰ, ਉਸ ਕੋਲ ਰਹਿ ਹੀ ਕੀ ਜਾਂਦਾ ਹੈ? ਉਹਨਾਂ ਦਾ ਕਹਿਣਾ ਹੈ ਕਿ ਅੱਜ ਵੀ ਫ਼ਿਲਾਸਫ਼ੀ ਦਾ ਪ੍ਰਕਾਰਜ ਉਹੀ ਹੈ ਜਿਹੜਾ ਇਸਦੇ ਵਿਕਾਸ ਦੇ ਮੁਢਲੇ ਯੁਗ ਵਿਚ ਸੀ, ਜਿਸਨੂੰ "ਮਨੁੱਖ ਦਾ ਬਾਲਪਣ" ਕਿਹਾ ਜਾ ਸਕਦਾ ਹੈ—ਮਨੁੱਖ ਦੀ, ਜਿਸਦਾ ਕਿ ਵਿਗਿਆਨ ਨਾਲ ਕੋਈ ਵਾਸਤਾ ਨਹੀਂ, ਇਸਦੀਆਂ ਨਵੀਨਤਮ ਪਰਾਪਤੀਆਂ ਸਮਝਣ ਵਿਚ ਸਹਾਇਤਾ ਕਰਨਾ। ਪ੍ਰਤੱਖਵਾਦੀਆਂ ਦੀ ਰਾਇ ਵਿਚ, ਫ਼ਿਲਾਸਫ਼ਰ ਨੂੰ ਵਿਗਿਆਨਕ ਗਿਆਨ ਸਿਰਫ਼ ਲੋਕ-ਪ੍ਰੀਅ ਬਣਾਉਣਾ ਚਾਹੀਦਾ ਹੈ, ਜਟਿਲ ਵਿਗਿਆਨਕ ਸੰਕਲਪਾਂ ਨੂੰ ਸਾਦਾ ਸ਼ਬਦਾਂ ਵਿਚ ਪੇਸ਼ ਕਰਦੇ ਹੋਏ, ਜਿਸਨੂੰ ਹਰ ਕੋਈ ਸਮਝ ਸਕੇ।

ਪਰ ਇਕ ਵਖਰਾ ਦ੍ਰਿਸ਼ਟੀਕੋਣ ਵੀ ਹੈ। ਕਿਉਂਕਿ ਯਥਾਰਥਕ ਸੰਸਾਰ ਦਾ ਬੋਧ ਪ੍ਰਾਪਤ ਕਰਨਾ ਠੋਸ ਵਿਗਿਆਨਾਂ ਵਿਚ "ਵੰਡ ਦਿਤਾ ਗਿਆ ਹੈ", ਇਸਲਈ ਫ਼ਿਲਾਸਫ਼ੀ ਕੋਲ ਸਿਰਫ਼ ਇਕੋ ਇਕ ਖੇਤਰ ਰਹਿ ਜਾਂਦਾ ਹੈ—ਕਲਪਣਾ ਦਾ, ਯੂਟੋਪੀਏ ਦਾ,

ਮਿੱਥ ਦਾ। ਫ਼ਿਲਾਸਫ਼ਰ ਇਕ ਸੁਪਨੇਸਾਜ਼ ਹੁੰਦਾ ਹੈ ਜਿਹੜਾ ਆਪਣੀ ਕਲਪਣਾ ਦੀ ਸ਼ਕਤੀ ਨਾਲ ਸੰਸਾਰ ਨੂੰ, ਜਿਸਤਰ੍ਹਾਂ ਦਾ ਕਿ ਇਹ ਹੈ, ਅਰਥਾਤ ਯਥਾਰਥਕ ਸੰਸਾਰ ਨੂੰ ਮਿਸਮਾਰ ਕਰ ਦੇਂਦਾ ਹੈ ਅਤੇ ਇਕ ਹੋਰ ਸੰਸਾਰ ਸਿਰਜਦਾ ਹੈ—ਜਿਸਤਰ੍ਹਾਂ ਦਾ ਕਿ ਸੰਸਾਰ ਹੋਣਾ ਚਾਹੀਦਾ ਹੈ। ਉਦਾਹਰਣ ਵਜੋਂ, "ਜੀਵਨ ਦੀ ਫ਼ਿਲਾਸਫ਼ੀ" ਦੇ ਪ੍ਰਤਿਨਿਧ **ਫ਼ਰੀਦਰਿਖ ਨੀਤਸ਼ੇ** ਦਾ ਵਿਸ਼ਵਾਸ ਸੀ ਕਿ ਇਹੋ ਜਿਹੀਆਂ ਰਚਣੇਈ ਸਰਗਰਮੀਆਂ ਤੋਂ ਬਿਨਾਂ ਨਾ ਵਿਅਕਤੀ ਜਿਊਂਦਾ ਰਹਿ ਸਕਦਾ ਹੈ ਅਤੇ ਨਾ ਹੀ ਸਮਾਜ। "ਜਾਨਣ ਦੀ ਕਿਉਂ ਲੋੜ ਹੈ? ਆਪਣੇ ਆਪ ਨੂੰ ਧੋਖਾ ਕਿਉਂ ਨਾ ਦਿਤਾ ਜਾਏ?" ਉਸਨੇ ਲਿਖਿਆ ਸੀ। "ਮਨੁੱਖ ਨੇ ਹਮੇਸ਼ਾ ਹੀ ਸੱਚ ਦੀ ਨਹੀਂ ਵਿਸ਼ਵਾਸ ਦੀ ਅਭਿਲਾਸ਼ਾ ਕੀਤੀ ਹੈ।"* ਇਸਤਰ੍ਹਾਂ ਫ਼ਿਲਾਸਫ਼ਰ ਕਵੀ ਜਾਂ ਪੈਗੰਬਰ ਵਰਗਾ ਵਧੇਰੇ ਹੋ ਜਾਂਦਾ ਹੈ, ਅਤੇ ਅਸਲੀ ਵਿਗਿਆਨ ਦੇ ਖੇਤਰ ਤੋਂ ਬਹੁਤ ਦੂਰ ਚੱਲਾ ਜਾਂਦਾ ਹੈ।

ਮਾਰਕਸਵਾਦ ਦੇ ਅਨੁਆਈ ਫ਼ਿਲਾਸਫ਼ੀ ਦੇ ਇਸਤਰ੍ਹਾਂ ਦੇ ਅਰਥਾਂ ਨੂੰ ਨਹੀਂ ਮੰਨਦੇ। ਅੱਜ ਮਨੁੱਖਤਾ ਸਾਮ੍ਹਣੇ ਖੜੀਆਂ ਸਭ ਤੋਂ ਵਧ ਮਹਤਵਪੂਰਨ ਸਮੱਸਿਆਵਾਂ ਭੌਤਕ-ਵਿਗਿਆਨ ਅਤੇ ਰਸਾਇਣ, ਗਣਿਤ ਅਤੇ ਜੀਵ-ਵਿਗਿਆਨ ਦੇ ਆਧਾਰ ਉਤੇ ਹਲ ਨਹੀਂ ਕੀਤੀਆਂ ਜਾ ਸਕਦੀਆਂ। ਤਾਂ ਫਿਰ, ਆਓ ਦੇਖੀਏ, ਫ਼ਿਲਾਸਫ਼ੀ ਦਾ ਵਿਸ਼ਾ ਕੀ ਹੈ।

---

*ਫ਼ਰੀਦਰਿਖ ਨੀਤਸ਼ੇ, "Der Wille zur Macht. Versuch einer Umwertung aller Werte. Ausgewählt und geordnet von Peter Gast", Alfred Kröner Verlag, Stuttgart, 1959, S. 317.

ਕਦੀ ਕਦੀ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਹੈ ਕਿ ਫ਼ਿਲਾਸਫ਼ੀ ਨੂੰ ਵਿਗਿਆਨ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਆਪਣੇ ਸਾਰੇ ਇਤਿਹਾਸ ਦੇ ਦੌਰਾਨ ਇਸਨੇ ਸਵਾਲਾਂ ਦੇ ਉਸੇ ਜੱਟ ਨਾਲ ਨਜਿੱਠਿਆ ਹੈ, ਜਦ ਕਿ ਹਰ ਠੋਸ ਵਿਗਿਆਨ, ਇਕ ਸਮੱਸਿਆ ਨੂੰ ਹਲ ਕਰ ਲੈਣ ਪਿਛੋਂ ਕਦੀ ਵੀ ਇਸ ਵੱਲ ਨਹੀਂ ਮੁੜਦਾ ਸਗੋਂ ਨਵੀਆਂ ਸਮੱਸਿਆਵਾਂ ਪੇਸ਼ ਕਰਦਾ ਅਤੇ ਵਿਸਥਾਰਦਾ ਹੈ। ਪਰ ਦਾਰਸ਼ਨਿਕ ਸਮੱਸਿਆਵਾਂ ਨੂੰ "ਸਦੀਵੀ" ਇਸਲਈ ਨਹੀਂ ਕਿਹਾ ਜਾਂਦਾ ਕਿ ਉਹਨਾਂ ਨੂੰ ਹਲ ਨਹੀਂ ਕੀਤਾ ਜਾ ਸਕਦਾ, ਸਗੋਂ ਇਸਲਈ ਕਿਹਾ ਜਾਂਦਾ ਹੈ ਕਿ ਹਰ ਦੌਰ ਉਹਨਾਂ ਨੂੰ ਆਪਣੇ ਹੀ ਤਰੀਕੇ ਨਾਲ ਪੇਸ਼ ਕਰਦਾ ਹੈ। ਜਿਉਂ ਜਿਉਂ ਸਮਾਜ ਵਿਚ, ਜੀਵਨ-ਹਾਲਤਾਂ ਵਿਚ, ਵਿਗਿਆਨਕ ਗਿਆਨ ਦੀ ਮਾਤਰਾ ਵਿਚ, ਪ੍ਰਕਿਰਤੀ ਉਪਰ ਮਨੁੱਖ ਦੀ ਸਰਦਾਰੀ ਦੀ ਹੱਦ ਵਿਚ, ਅਤੇ ਖ਼ੁਦ ਮਨੁੱਖ ਵਿਚ ਤਬਦੀਲੀਆਂ ਆਈ ਜਾਂਦੀਆਂ ਹਨ, ਮਨੁੱਖ ਅਤੇ ਉਸਦੇ ਦੁਆਲੇ ਦੇ ਸੰਸਾਰ ਵਿਚਕਾਰ ਸੰਬੰਧ ਵੀ ਤਬਦੀਲ ਹੋਈ ਜਾਂਦੇ ਹਨ।

ਫ਼ਿਲਾਸਫ਼ਰ ਹਮੇਸ਼ਾ ਹੀ ਇਸ ਗੱਲ ਉਤੇ ਹੈਰਾਨ ਹੁੰਦੇ ਰਹੇ ਹਨ ਕਿ ਸੰਸਾਰ ਵਿਚ ਵਾਪਰ ਰਹੀਆਂ ਸਾਰੀਆਂ ਤਬਦੀਲੀਆਂ ਦਾ ਸੋਮਾ ਕੀ ਹੈ, ਕਿਸ ਕਾਰਨ ਵਸਤਾਂ, ਵਰਤਾਰਿਆਂ ਅਤੇ ਘਟਨਾਵਾਂ ਵਿਚ ਅਨੇਕਤਾ ਅਤੇ ਵੰਨ-ਸੁਵੰਨਤਾ ਪੈਦਾ ਹੋ ਜਾਂਦੀ ਹੈ। ਪੁਰਾਤਨ ਇੰਡੀਅਨਾਂ ਦਾ ਵਿਚਾਰ ਸੀ ਕਿ ਮਨੁੱਖ ਜੋ ਕੁਝ ਵੀ ਆਪਣੇ ਆਲੇ-ਦੁਆਲੇ ਦੇਖਦਾ ਹੈ, ਉਹ ਪਰਮਾਤਮਾ ਦੇ ਚਾਰ ਸਪੂਤਾਂ ਵਿਚਕਾਰ ਲੜੇ ਜਾ ਰਹੇ ਘੋਲ ਦਾ ਸਿੱਟਾ ਹੈ। ਪੁਰਾਤਨ ਫ਼ਾਰਸ ਦੇ ਲੋਕਾਂ ਦਾ ਵਿਚਾਰ ਸੀ ਕਿ ਸੰਸਾਰ ਅਰਿਮਾਨ (ਤਬਾਹੀ ਦੇ ਦੇਵਤਾ) ਅਤੇ ਅਰਮੁਜ਼ਦਾ (ਰਚਨਾ ਦੇ ਦੇਵਤਾ)

ਵਿਚਕਾਰ ਘੋਲ ਦਾ ਸਦੀਵੀਂ ਅਖਾੜਾ ਅਤੇ ਇਸਦਾ ਸਿੱਟਾ ਹੈ, ਅਤੇ ਉਹਨਾਂ ਦਾ ਵਿਸ਼ਵਾਸ ਸੀ ਕਿ ਉਹਨਾਂ ਵਿਚਕਾਰ ਹੋਏ ਸਮਝੌਤੇ ਅਨੁਸਾਰ ਹੀ ਦੁਨੀਆਂ ਉਪਰ ਹਨੇਰੇ ਅਤੇ ਚਾਨਣ ਦੀਆਂ ਸ਼ਕਤੀਆਂ ਦਾ ਗ਼ਲਬਾ ਰਹਿੰਦਾ ਹੈ। ਦੂਜੇ ਸ਼ਬਦਾਂ ਵਿਚ, ਪੁਰਾਤਨ ਮਨੁੱਖ ਲਈ ਇਹ ਸੰਸਾਰ ਪਰਾ-ਪ੍ਰਕਿਰਤਕ ਹਸਤੀਆਂ ਵਿਚਕਾਰ ਸੰਬੰਧਾਂ ਦਾ ਸਿੱਟਾ ਸੀ, ਜਿਹੜੀਆਂ ਹਸਤੀਆਂ ਕਿ ਦੇਖਣ ਵਿਚ ਮਨੁੱਖ ਨਾਲ ਮਿਲਦੀਆਂ ਜੁਲਦੀਆਂ ਸਨ।

ਕੁਝ ਸਮਾਂ ਮਗਰੋਂ, ਜਦੋਂ ਮਨੁੱਖ ਆਪਣੇ ਆਪ ਨੂੰ ਠੋਸ ਵਿਸਥਾਰਾਂ ਨਾਲੋਂ ਵੱਖ ਕਰਕੇ ਦੇਖ ਸਕਦਾ ਸੀ ਅਤੇ ਆਮ ਸੰਕਲਪਾਂ ਵਿਚ ਸੋਚਣ ਦੇ ਸਮਰੱਥ ਹੋ ਗਿਆ, ਤਾਂ ਉਸਨੇ ਸੰਸਾਰ ਵਿਚ ਵਾਪਰਦੀਆਂ ਤਬਦੀਲੀਆਂ ਦੇ ਕਾਰਨਾਂ ਨੂੰ ਪਰਾ--ਪ੍ਰਕਿਰਤਕ ਸ਼ਕਤੀਆਂ ਦੀ ਥਾਂ ਖ਼ੁਦ ਪ੍ਰਕਿਰਤੀ ਵਿਚ ਲੱਭਣਾ ਸ਼ੁਰੂ ਕਰ ਦਿਤਾ। ਇਸਤਰ੍ਹਾਂ ਅਸੀਂ ਦੇਖਦੇ ਹਾਂ ਕਿ ਪਰੌਢ ਮਨੁੱਖਾ ਚਿੰਤਨ ਦਾ, ਸੰਕਲਪ ਕਾਇਮ ਕਰ ਸਕਣ ਦੀ ਸਮਰੱਥਾ ਦਾ ਦਾਰਸ਼ਨਿਕ ਮਸਲੇ ਪੇਸ਼ ਕਰਨ ਉਪਰ ਪ੍ਰਭਾਵ ਪਿਆ।

ਠੋਸ ਵਿਗਿਆਨਾਂ ਦੇ ਵਿਕਾਸ ਨਾਲ ਦਾਰਸ਼ਨਿਕ ਵਿਚਾਰਾਂ ਵਿਚ ਵੀ ਤਬਦੀਲੀ ਆ ਜਾਂਦੀ ਹੈ। ਇਸਤਰ੍ਹਾਂ ਫ਼ਿਲਾਸਫ਼ਰ ਅਤੇ ਧਰਮ-ਸ਼ਾਸਤਰੀ ਬਹੁਤ ਦੇਰ ਤੱਕ ਇਹ ਸੋਚਦੇ ਰਹੇ ਕਿ ਪਰਮਾਤਮਾ ਦੇ ਸਿਰਜਣਾ ਦੇ ਕਾਰਜ ਦੇ ਸਿੱਟੇ ਵਜੋਂ ਮਨੁੱਖ ਇਸ ਧਰਤੀ ਉਤੇ ਪਰਗਟ ਹੋਇਆ, ਕਿ ਜੋ ਕੁਝ ਪਰਮਾਤਮਾ ਨੇ ਸਿਰਜਿਆ ਮਨੁੱਖ ਉਸ ਸਭ ਕਾਸੇ ਦੀ ਸਿਖਰ ਸੀ, ਅਤੇ ਇਸਲਈ ਧਰਤੀ, ਜਿਸ ਉਪਰ ਉਹ ਰਹਿੰਦਾ ਸੀ, ਬ੍ਰਹਿਮੰਡ ਦਾ ਕੇਂਦਰ ਸੀ। ਪਰ ਪੋਲੈਂਡ ਦੇ ਤਾਰਾ-ਵਿਗਿਆਨੀ **ਨਿਕੋਲਾਸ ਕੋਪਰਨੀਕਸ** ਵਲੋਂ ਕੀਤੀ ਗਈ ਲੱਭਤ ਤੋਂ ਮਗਰੋਂ ਇਹ ਸਪਸ਼ਟ ਹੋ ਗਿਆ ਕਿ ਧਰਤੀ ਸੂਰਜ-ਮੰਡਲ ਦੇ ਇਕ ਕਣ ਨਾਲੋਂ ਵਧੇਰੇ ਕੁਝ ਨਹੀਂ ਸੀ; ਮਗਰੋਂ ਇਹ ਸਾਬਤ ਕੀਤਾ ਗਿਆ ਕਿ ਸੂਰਜ-ਮੰਡਲ ਖ਼ੁਦ

ਵੀ ਤਾਰਿਆਂ ਦੇ ਉਸ ਝੁਰਮਟ ਦਾ, ਜਿਸ ਨੂੰ ਆਕਾਸ਼-ਗੰਗਾ ਵਜੋਂ ਜਾਣਿਆ ਜਾਣ ਲੱਗਾ, ਸਿਰਫ਼ ਇਕ ਹਿੱਸਾ ਹੈ। ਇਹ ਸਾਰੀਆਂ ਲੱਭਤਾਂ ਮਨੁੱਖ ਦੀ ਲਾਸਾਨੀ ਪ੍ਰਕਿਰਤੀ ਅਤੇ ਪਰੀਪੂਰਨਤਾ ਉਤੇ, ਅਤੇ ਉਸਦੇ ਅਰਸ਼ੀ ਮੁੱਢ ਬਾਰੇ ਕਿੰਤੂ ਕਰਦੀਆਂ ਹਨ।

ਕੁਝ ਦਾਰਸ਼ਨਿਕ ਮਸਲੇ ਸਮਾਜ ਦੇ ਵਿਕਾਸ ਦੇ ਸਿਰਫ਼ ਇਕ ਖ਼ਾਸ ਪੜਾਅ ਉਤੇ ਹੀ ਪੈਦਾ ਹੋ ਸਕਦੇ ਹਨ। ਉਦਾਹਰਣ ਵਜੋਂ, ਸਦਾ ਵਧਦੇ ਸਮਾਜਕ ਵਿਕਾਸ ਦਾ ਵਿਚਾਰ ਸਿਰਫ਼ ਉਸ ਦੌਰ ਵਿਚ ਸਾਮ੍ਹਣੇ ਆਇਆ ਜਦੋਂ ਬੁਰਜੂਆ ਸੰਬੰਧ ਕਾਇਮ ਹੋ ਚੁੱਕੇ ਅਤੇ ਵਿਕਾਸ ਕਰ ਚੁੱਕੇ ਸਨ, ਜਦੋਂ ਉਤਪਾਦਨ ਦਾ ਪਸਾਰ ਆਰਥਕਤਾ ਵਿਚ ਮੁਖ ਰੁਝਾਣ ਬਣ ਗਿਆ ਸੀ। ਉਦੋਂ ਤੱਕ, ਸਮਾਜ ਵਿਚ ਵਾਪਰਦੀਆਂ ਤਬਦੀਲੀਆਂ ਦੀ ਪ੍ਰਕਿਰਤੀ ਬਾਰੇ ਸਭ ਤੋਂ ਵਧ ਪ੍ਰਤਿਨਿਧ ਦ੍ਰਿਸ਼ਟੀਕੋਣ ਗੋਲ ਚੱਕਰਾਂ ਵਿਚ ਸਦੀਵੀ ਵਿਕਾਸ ਦਾ ਦ੍ਰਿਸ਼ਟੀਕੋਣ ਸੀ।

ਇਸਤਰ੍ਹਾਂ ਅਸੀਂ ਦੇਖਿਆ ਹੈ ਕਿ ਦਾਰਸ਼ਨਿਕ ਸਮੱਸਿਆਵਾਂ ਪੇਸ਼ ਕਰਨ ਅਤੇ ਹਲ ਕਰਨ ਦਾ ਢੰਗ ਸਮਾਜ ਦੇ ਅਤੇ ਇਸਦੇ ਸਾਰੇ ਪੱਖਾਂ—ਆਰਥਕਤਾ, ਰਾਜਨੀਤਕ ਸੰਬੰਧਾਂ, ਵਿਗਿਆਨ ਅਤੇ ਸਭਿਆਚਾਰ—ਦੇ ਵਿਕਾਸ ਦੀ ਪੱਧਰ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਫ਼ਿਲਾਸਫ਼ੀ ਆਪਣੇ ਯੁਗ ਦਾ ਸਾਰਾਂਸ਼ ਪੇਸ਼ ਕਰਦੀ ਹੈ ਅਤੇ ਉਸ ਯੁਗ ਦੀ ਚੇਤਨਾ ਹੁੰਦੀ ਹੈ, ਉਸ ਸਭ ਕੁਝ ਦਾ ਸਾਰ-ਤੱਤ ਹੁੰਦੀ ਹੈ ਜੋ ਕੁਝ ਮਨੁੱਖਤਾ ਨੇ ਆਪਣੇ ਵਿਕਾਸ ਦੇ ਖ਼ਾਸ ਪੜਾਅ ਉਤੇ ਸਿਰਜਿਆ ਹੁੰਦਾ ਹੈ।

## ਵਿਗਿਆਨੀ, ਜਾਂ ਕਿ ਸਿਆਣਾ ਮਨੁੱਖ ?

ਕੀ ਅਸੀਂ ਫ਼ਿਲਾਸਫ਼ਰ ਬਣ ਜਾਵਾਂਗੇ ਜੇ ਅਸੀਂ ਜ਼ਿੰਦਗੀ ਅਤੇ ਮੌਤ, ਖ਼ੁਸ਼ੀ ਅਤੇ ਇਸ ਚੋਣ ਬਾਰੇ ਸੋਚਣਾ ਸ਼ੁਰੂ ਕਰ ਦੇਈਏ ਕਿ ਜ਼ਿੰਦਗੀ ਵਿਚ ਕਿਹੜਾ ਰਸਤਾ ਲੈਣਾ ਹੈ ? ਇਹ

ਕਾਫ਼ੀ ਗੰਭੀਰ ਸਵਾਲ ਹੈ। ਸਚਮੁਚ, ਅਸੀਂ ਕਹਿੰਦੇ ਹਾਂ ਕਿ ਉਹ ਬੰਦਾ ਸਿਆਣਾ ਹੋਵੇਗਾ ਜਿਹੜਾ ਖ਼ੁਦ ਆਪਣੀਆਂ ਗ਼ਲਤੀਆਂ ਮਹਿਸੂਸ ਕਰ ਸਕਦਾ ਹੈ ਅਤੇ ਜੀਵਨ ਵਿਚ ਮੁਸ਼ਕਲ ਦੀ ਘੜੀ ਕਿਸੇ ਨੂੰ ਸਲਾਹ ਦੇ ਸਕਦਾ ਹੈ। ਇਸਤਰ੍ਹਾਂ ਦੀ ਸਿਆਣਪ ਆਮ ਕਰਕੇ ਆਦਮੀ ਨੂੰ ਬੁਢਾਪੇ ਵਿਚ ਜਾ ਕੇ ਆਉਂਦੀ ਹੈ। ਪਰ ਫ਼ਿਲਾਸਫ਼ੀ ਸਿਆਣਪ ਦਾ ਪਿਆਰ ਹੈ; ਤਾਂ ਇਸਦਾ ਕੀ ਇਹ ਮਤਲਬ ਹੈ ਕਿ ਕਿਸੇ ਨੂੰ ਵੀ, ਜਿਹੜਾ ਜਾਣਦਾ ਹੈ ਕਿ ਜ਼ਿੰਦਗੀ ਵਿਚ ਗ਼ਲਤ ਕਦਮ ਚੁੱਕਣ ਤੋਂ ਕਿਵੇਂ ਬਚਣਾ ਹੈ, ਫ਼ਿਲਾਸਫ਼ਰ ਕਿਹਾ ਜਾ ਸਕਦਾ ਹੈ? ਲੱਗੇਗਾ ਕਿ ਨਹੀਂ। ਫਿਰ ਵੀ ਐਸਾ ਮਨੁੱਖ, ਜਿਹੜਾ ਸੰਸਾਰਕ ਸਿਆਣਪ ਰੱਖਦਾ ਹੈ, ਅਤੇ ਫ਼ਿਲਾਸਫ਼ਰ, ਜਿਹੜਾ ਮਨੁੱਖ ਲਈ ਬੁਨਿਆਦੀ ਮਹੱਤਾ ਰੱਖਦੀਆਂ ਸਮੱਸਿਆਵਾਂ ਨੂੰ ਹਲ ਕਰਨ ਵਿਚ ਰੁਝਾ ਹੋਇਆ ਹੈ, ਵਿਚਕਾਰ ਕੁਝ ਸਾਂਝ ਜ਼ਰੂਰ ਹੈ। ਕਈ ਸਮਕਾਲੀ ਬੁਰਜੂਆ ਫ਼ਿਲਾਸਫ਼ਰ ਫ਼ਿਲਾਸਫ਼ੀ ਨੂੰ ਇਸਦੇ ਨਿਵੇਕਲੇ ਲੱਛਣਾਂ ਤੋਂ ਸੱਖਣਿਆਂ ਕਰਨ ਦੀ ਅਤੇ ਇਸਨੂੰ ਕਿਸੇ ਵਿਸ਼ੇਸ਼ ਗਿਆਨ ਦੀ ਸ਼ਾਖ਼ ਵਿਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ; ਉਹਨਾਂ ਦੀ ਰਾਇ ਹੈ ਕਿ ਸਿਆਣਪ ਸਿਧਾਂਤਕ, ਸਚਮੁਚ ਦੇ ਵਿਗਿਆਨਕ ਗਿਆਨ ਨਾਲ ਮੇਲ ਨਹੀਂ ਖਾਂਦੀ। "ਫ਼ਿਲਾਸਫ਼ੀ ਨੂੰ, ਜਿਸਨੂੰ ਕਿ... ਵਿਗਿਆਨਕ ਭਾਵਨਾ ਦੇ ਨਾਲ ਭਰੀ ਹੋਈ ਹੋਣਾ ਚਾਹੀਦਾ ਹੈ", **ਬਰਟਰੰਡ ਰਸਲ** ਲਿਖਦਾ ਹੈ, "ਸਿਰਫ਼ ਕੁਝ ਨੀਰਸ ਅਤੇ ਭਾਵਵਾਚੀ ਵਿਸ਼ਿਆਂ ਨਾਲ ਸੰਬੰਧ ਰੱਖਣਾ ਚਾਹੀਦਾ ਹੈ, ਨਾ ਕਿ ਜੀਵਨ ਦੇ ਅਮਲੀ ਤਜਰਬਿਆਂ ਦਾ ਜਵਾਬ ਲੱਭਣ ਦੀ ਆਸ ਕਰਨੀ ਚਾਹੀਦੀ ਹੈ।" *

---

* ਬ. ਰਸਲ, "Our Knowledge of the External World as a Field for Scientific Method in Philosophy", ਲੰਡਨ, ੧੯੨੨, ਸਫ਼ਾ ੨੯।

ਤਾਂ ਫਿਰ ਸੰਸਾਰਕ ਸਿਆਣਪ ਅਤੇ ਦਾਰਸ਼ਨਿਕ ਗਿਆਨ ਵਿਚਕਾਰ ਕੀ ਕੀ ਸਾਂਝ ਹੈ, ਅਤੇ ਕੀ ਹੈ ਜਿਹੜਾ ਇਹਨਾਂ ਨੂੰ ਵਖਰਿਆਉਂਦਾ ਹੈ? ਪੁਰਾਤਨ ਫ਼ਿਲਾਸਫ਼ਰ ਸਿਆਣਪ ਦਾ ਮੁੱਖ ਲੱਛਣ ਸਮਝਦੇ ਸਨ। ਉਦਾਹਰਣ ਵਜੋਂ ਮਧ ਕਾਲ ਦੇ ਪੂਰਬੀ ਚਿੰਤਕ **ਆਵਿਸੀਨਾ** (**ਇਬਨ ਸੀਨਾ**) ਨੇ ਲਿਖਿਆ ਸੀ: "ਸਾਡੇ ਵਿਚਾਰ ਵਿਚ ਸਿਆਣਪ ਦੋ ਤਰ੍ਹਾਂ ਦੀ ਹੋ ਸਕਦੀ ਹੈ। ਪਹਿਲੀ, ਇਹ ਪੂਰਨ ਗਿਆਨ ਹੈ,... ਦੂਜੀ, ਇਹ ਪੂਰਨ ਕਾਰਜ ਹੈ।"* ਇਸਲਈ ਸਿਆਣਪ ਦਾ ਨਿੱਖੜਵਾਂ ਲੱਛਣ ਗਿਆਨ ਅਤੇ ਵਿਵਹਾਰ ਦੀ ਏਕਤਾ ਹੈ, ਉਸਤਰ੍ਹਾਂ ਦੇ ਗਿਆਨ ਦੀ ਜਿਹੜਾ ਇਹ ਚੋਣ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ ਕਿ ਜ਼ਿੰਦਗੀ ਵਿਚ ਕਿਹੜਾ ਰਸਤਾ ਲਿਆ ਜਾਏ, ਨਾ ਕਿ ਉਹ ਗਿਆਨ ਜਿਹੜਾ ਭਾਵਵਾਚੀ ਹੈ ਅਤੇ ਬੁਨਿਆਦੀ ਮਨੁੱਖੀ ਲੋੜਾਂ ਤੋਂ ਬਹੁਤ ਦੂਰ ਦੀ ਚੀਜ਼ ਹੈ।

ਉਦਾਹਰਣ ਵਜੋਂ, ਪੁਰਾਤਨ ਭਾਰਤੀ ਫ਼ਿਲਾਸਫ਼ੀ ਮਨੁੱਖ ਨੂੰ ਪ੍ਰਬੁੱਧ ਜੀਵਨ ਅਤੇ ਪਰੀਪੂਰਨ ਵਿਵਹਾਰ ਲਈ ਰਾਹ-ਦਿਖਾਵਾ ਮੁਹਈਆ ਕਰਨ ਦਾ ਨਿਸ਼ਾਨਾ ਰੱਖਦੀ ਸੀ। ਆਧੁਨਿਕ ਭਾਰਤੀ ਇਤਿਹਾਸਕਾਰ ਉਸੇ ਹੀ ਅੰਦਾਜ਼ ਵਿਚ ਲਿਖਦੇ ਹਨ ਕਿ "ਦਾਰਸ਼ਨਿਕ ਸਿਆਣਪ ਦਾ ਨਿਸ਼ਾਨਾ ਸਿਰਫ਼ ਬੌਧਕ ਜਿਗਿਆਸਾ ਨੂੰ ਸੰਤੁਸ਼ਟ ਕਰਨਾ ਹੀ ਨਹੀਂ, ਸਗੋਂ ਮੁੱਖ ਤੌਰ ਉਤੇ ਦੂਰ-ਦ੍ਰਿਸ਼ਟੀ, ਪੂਰਵ-ਦ੍ਰਿਸ਼ਟੀ ਅਤੇ ਅੰਤਰ-ਦ੍ਰਿਸ਼ਟੀ ਨਾਲ ਬਿਤਾਇਆ ਗਿਆ ਪ੍ਰਬੁੱਧ ਜੀਵਨ ਹੈ।"**

---

*ਇਬਨ ਸੀਨਾ; "**ਦਾਨਿਸ਼ ਨਾਮੇ**", ਦੁਸ਼ਾਂਬੇ, ੧੯੫੭, ਸਫ਼ਾ ੧੯੩ (ਰੂਸੀ ਵਿਚ)।

**ਸਤੀਸ਼ਚੰਦਰ ਚੈਟਰਜੀ ਅਤੇ ਧੀਰੇਂਦਰਮੋਹਨ ਦੱਤ, "**ਭਾਰਤੀ ਫ਼ਿਲਾਸਫ਼ੀ ਦੀ ਜਾਣ-ਪਛਾਣ**", ਕਲਕੱਤਾ ਯੂਨੀਵਰਸਿਟੀ, ੧੯੫੦, ਸਫ਼ਾ ੧੨।

ਇਸਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਿਆਣਪ ਹਮੇਸ਼ਾ ਹੀ "ਅਮਲੀ" ਫ਼ਿਲਾਸਫ਼ੀ ਹੁੰਦੀ ਹੈ ਅਤੇ ਇਹ ਹਮੇਸ਼ਾ ਹੀ ਮਨੁੱਖ ਦੇ ਹਿੱਤਾਂ, ਲੋੜਾਂ ਅਤੇ ਨਿਸ਼ਾਨਿਆਂ ਨਾਲ ਸੰਬੰਧ ਰੱਖਦੀ ਹੈ। ਇਸ ਉਤੇ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋਵੇਗਾ। ਫਿਰ ਵੀ, ਕੁਝ ਲੋਕ ਸੋਚਦੇ ਹਨ ਕਿ ਗਿਆਨ ਬੁਨਿਆਦੀ ਮਹੱਤਾ ਵਾਲੇ ਮਸਲਿਆਂ ਨੂੰ ਹਲ ਕਰਨ ਲਈ ਲਾਜ਼ਮੀ ਹੈ, ਅਤੇ ਅਸਲੀ "ਸਿਆਣਪ ਸਿਰਫ਼ ਸੱਚ ਵਿਚ ਹੀ ਪਾਈ ਜਾਂਦੀ ਹੈ" (ਜ. ਵ. ਗੇਟੇ), ਜਦ ਕਿ ਕੁਝ ਹੋਰਨਾਂ ਦਾ ਕਹਿਣਾ ਇਹ ਹੈ ਕਿ ਗਿਆਨ ਅਤੇ ਵਿਗਿਆਨ ਕੋਈ ਮੰਤਵ ਹਲ ਨਹੀਂ ਕਰਦੇ ਜਦੋਂ ਮਨੁੱਖ ਦੀ ਨਿੱਜੀ ਹੋਣੀ ਦਾਅ ਉਤੇ ਲੱਗੀ ਹੁੰਦੀ ਹੈ। ਇਸਤੋਂ ਬਿਲਕੁਲ ਉਲਟ, ਗਿਆਨ ਆਪਣੇ ਨਾਲ ਸ਼ੰਕਾ, ਭਰਮ-ਨਵਿਰਤੀ ਅਤੇ ਕਲੇਸ਼ ਲੈ ਕੇ ਆਉਂਦਾ ਹੈ। ਐਕਲੈਸੀਆਸਟਸ ਪੁਸਤਕ ਅਨੁਸਾਰ: "ਜਿਹੜਾ ਵੀ ਕੋਈ ਗਿਆਨ ਵਧਾਉਂਦਾ ਹੈ, ਉਹ ਦੁੱਖ ਵਿਚ ਵਾਧਾ ਕਰਦਾ ਹੈ।"* ਆਧੁਨਿਕ ਬੁਰਜੂਆ ਫ਼ਿਲਾਸਫ਼ੀ ਵਿਚਲੇ ਇਕ ਬੇਹੱਦ ਹਰਮਨਪਿਆਰੇ ਰੁਝਾਣ, ਪਰਿਣਾਮਵਾਦ, ਦੇ ਅਨੁਆਈਆਂ ਦਾ ਕਹਿਣਾ ਹੈ ਕਿ ਭਾਵਕ ਸੁਖ ਅਤੇ ਮਾਨਸਿਕ ਸ਼ਾਂਤੀ ਨੂੰ ਮਾਨਣਾ ਕਿਤੇ ਵਧੇਰੇ ਮਹਤਵਪੂਰਨ ਹੈ। ਇਹਨਾਂ ਪੁਜ਼ੀਸ਼ਨਾਂ ਤੋਂ ਸਚਮੁਚ ਦਾ ਸਿਆਣਾ ਆਦਮੀ ਸ਼ੰਕੇ, ਚਿੰਤਨ ਜਾਂ ਸੱਚ ਦੀ ਖੋਜ ਵਿਚ ਨਹੀਂ ਜੁੱਟੇਗਾ। ਸਾਡੇ ਮਨ ਨੂੰ ਭਾਵੇਂ ਕਿਸੇ ਵੀ ਤਰ੍ਹਾਂ ਦੇ ਵਹਿਮ-ਭਰਮ ਅਤੇ ਝੂਠਾ ਗਿਆਨ ਭਰ ਰਹੇ ਹੋਣ, ਇਹਨਾਂ ਨੂੰ ਇਸੇਤਰ੍ਹਾਂ ਰਹਿਣ ਦਿਓ; ਇਕੋ ਇਕ ਚੀਜ਼ ਜਿਸਦੀ ਮਹੱਤਾ ਹੈ, ਉਹ ਇਹ ਹੈ ਕਿ ਇਹ ਵਿਸ਼ਵਾਸ ਕਰੋ ਕਿ ਉਹ ਸੱਚੇ ਹਨ।

---

*"ਆਕਸਫ਼ੋਰਡ ਡਿਕਸ਼ਨਰੀ ਆਫ਼ ਕੋਟੇਸ਼ਨਜ਼", ਲੰਡਨ, ਆਸਕਫ਼ੋਰਡ ਯੂਨੀਵਰਸਿਟੀ ਪਰੈਸ, ੧੯੫੬, ਸਫ਼ਾ ੫੦।

ਇਹੋ ਜਿਹੇ "ਸਿਆਣੇ ਮਨੁੱਖ" ਦਾ ਨਜ਼ਰੀਆ ਸਾਨੂੰ ਸ਼ੁਤਰਮੁਰਗ ਦੀ ਯਾਦ ਦੁਆ ਦੇਂਦਾ ਹੈ ਜਿਹੜਾ ਖ਼ਤਰੇ ਨੂੰ ਦੇਖਦਿਆਂ ਹੀ ਆਪਣਾ ਸਿਰ ਰੇਤ ਵਿਚ ਲੁਕਾ ਲੈਂਦਾ ਹੈ, ਪਰ ਜਿਸ ਦੁਨੀਆਂ ਵਿਚ ਅਸੀਂ ਰਹਿ ਰਹੇ ਹਾਂ, ਜਦੋਂ ਇਸ ਮਸਲੇ ਦਾ ਫ਼ੈਸਲਾ ਕੀਤਾ ਜਾ ਰਿਹਾ ਹੈ ਕਿ ਮਨੁੱਖਤਾ ਰਹੇ ਜਾਂ ਨਾ ਰਹੇ, ਕਿ ਇਹ ਪ੍ਰਮਾਣੂ ਤਬਾਹੀ ਵਿਚ ਖ਼ਤਮ ਹੋ ਜਾਇਗੀ ਜਾਂ ਕਿ ਸ਼ਾਂਤਮਈ ਹੋਂਦ ਦੇ ਆਪਣੇ ਹੱਕ ਦੀ ਰਾਖੀ ਕਰਨ ਦੇ ਸਮਰੱਥ ਹੋਵੇਗੀ— ਆਪਣੇ ਇਸ ਸੰਸਾਰ ਵਿਚ ਅਸਲ ਸਿਆਣਪ ਇਸ ਵਿਚ ਪਾਈ ਜਾਂਦੀ ਹੈ ਕਿ ਮਨੁੱਖ ਸੰਸਾਰ ਭਰ ਵਿਚ ਅਮਨ ਲਈ ਘੋਲ ਦੀ ਲੋੜ ਨੂੰ ਦੇਖਣ ਦੀ ਅਤੇ ਇਹ ਸਮਝਣ ਦੀ ਸਮਰੱਥਾ ਰੱਖਦਾ ਹੋਵੇ ਕਿ ਮਨੁੱਖ ਦੀ ਨਿੱਜੀ ਭਲਾਈ, ਉਸਦੀ ਹੋਣੀ ਅਤੇ ਖ਼ੁਸ਼ੀ ਸਿੱਧੀ ਤਰ੍ਹਾਂ ਸ਼ਾਂਤਮਈ ਸਹਿਹੋਂਦ ਲਈ ਘੋਲ ਦੇ ਸਿੱਟੇ ਉਤੇ ਨਿਰਭਰ ਕਰਦੀਆਂ ਹਨ, ਜਿਹੜਾ ਘੋਲ ਕਿ ਮਨੁੱਖਤਾ ਦਾ ਅਗਾਂਹਵਧੂ ਭਾਗ ਅਤੇ ਖ਼ਾਸ ਕਰਕੇ ਹਰ ਮਨੁੱਖ ਲੜ ਰਿਹਾ ਹੈ।

ਅਸੀਂ ਵਿਸ਼ਵਾਸ ਨਾਲ ਦਾਅਵਾ ਕਰ ਸਕਦੇ ਹਾਂ ਕਿ ਅਸਲੀ ਸੰਸਾਰ ਦੇ ਗਿਆਨ ਨਾਲ ਟੱਕਰ ਵਿਚ ਆਉਂਦੀ "ਸਿਆਣਪ" ਅਤੇ ਇਸ ਵਿਚਲੀਆਂ ਵਿਰੋਧਤਾਈਆਂ ਦੀ ਵਰਤੋਂ ਅਕਸਰ ਹੀ ਸਭ ਤੋਂ ਵਧ ਮਨੁੱਖ-ਵਿਰੋਧੀ ਕਾਰਜਾਂ ਨੂੰ ਉਚਿਤ ਠਹਿਰਾਉਣ ਲਈ ਕੀਤੀ ਜਾਂਦੀ ਹੈ। ਖ਼ੁਦ ਜ਼ਿੰਦਗੀ, ਅਤੇ ਖ਼ਾਸ ਕਰਕੇ ਸਾਡਾ ਯੁਗ ਇਹੋ ਜਿਹੀ "ਸਿਆਣਪ" ਨੂੰ ਰੱਦ ਕਰਦੇ ਹਨ, ਜਿਹੜੀ ਕਿ ਸਮਾਜ ਦੇ ਵਿਕਾਸ ਵਿਚਲੇ ਮੁਖ ਅਗਾਂਹਵਧੂ ਰੁਝਾਣਾਂ ਤੋਂ ਉਲਟ ਹੈ।

ਇਹ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਆਲੇ-ਦੁਆਲੇ ਦੇ ਸੰਸਾਰ ਨਾਲ ਮਨੁੱਖ ਦੇ ਸੰਬੰਧਾਂ ਉਪਰ ਚਾਨਣ ਪਾਉਣ ਦੇ ਨਾਲ ਨਾਲ, ਫ਼ਿਲਾਸਫ਼ੀ ਇਹੋ ਜਿਹੇ ਮਸਲਿਆਂ ਨਾਲ ਵੀ ਨਜਿੱਠਦੀ ਹੈ ਜਿਹੜੇ ਉਸ ਲਈ ਬੁਨਿਆਦੀ ਮਹੱਤਾ ਰੱਖਦੇ ਹਨ

ਅਤੇ ਇਸੇ ਕਰਕੇ ਹੀ ਫ਼ਿਲਾਸਫ਼ੀ ਅਤੇ ਸਿਆਣਪ ਇਕੋ ਜਿਹੀ ਚੀਜ਼ ਹਨ। ਤਾਂ ਵੀ, ਫ਼ਿਲਾਸਫ਼ੀ ਅਖਾਉਤੀ "ਸੰਸਾਰਕ ਸਿਆਣਪ" ਨਾਲੋਂ ਇਕ ਵੱਖਰੀ ਚੀਜ਼ ਹੈ। ਸਿਧਾਂਤਕ ਗਿਆਨ ਦੇ ਇਕ ਰੂਪ ਵਜੋਂ, ਇਹ ਆਪਣੇ ਸੂਤਰਾਂ ਨੂੰ ਸਾਬਤ ਕਰਨ ਦੀ ਅਤੇ ਉਹਨਾਂ ਸਾਰਿਆਂ ਨੂੰ ਹੀ ਇਕਸਾਰ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ; ਇਸਦੇ ਅਸੂਲ ਅਤੇ ਮੁੱਖ ਸੰਕਲਪ ਮਨੁੱਖ ਦੀ ਜ਼ਿੰਦਗੀ ਅਤੇ ਸਰਗਰਮੀ ਦੇ ਬੇਹੱਦ ਵਖੋ ਵਖਰੇ ਖੇਤਰਾਂ ਨਾਲ ਸੰਬੰਧਤ ਤੱਥਾਂ ਦੀ ਭਾਰੀ ਗਿਣਤੀ ਦੇ ਵਿਸ਼ਲੇਸ਼ਣ ਅਤੇ ਸਾਮਾਨੀਕਰਨ ਦਾ ਸਿੱਟਾ ਹੁੰਦੇ ਹਨ; ਇਹ ਵਿਗਿਆਨਕ ਤੱਥਾਂ ਉਪਰ ਨਿਰਭਰ ਕਰਦੀ ਹੈ।

ਫ਼ਿਲਾਸਫ਼ੀ ਦਾ ਮਨੁੱਖ ਦੇ ਸੰਬੰਧਾਂ ਨਾਲ, ਉਹਨਾਂ ਦੀ ਸਾਰੀ ਨਿਵੇਕਲੀ ਵੰਨ-ਸੁਵੰਨਤਾ ਵਿਚ, ਜਾਂ ਉਸਦੇ ਜੀਵਨ ਦੀਆਂ ਠੋਸ ਹਾਲਤਾਂ ਨਾਲ ਕੋਈ ਵਾਸਤਾ ਨਹੀਂ; ਨਾ ਹੀ ਇਹ ਉਸਦੀ ਜੀਵਨ-ਕਹਾਣੀ ਨਾਲ ਕੋਈ ਸੰਬੰਧ ਰੱਖਦੀ ਹੈ। ਹਰ ਮਨੁੱਖ ਵਿਚ, ਇਕ ਤਰ੍ਹਾਂ ਨਾਲ, ਦੋ ਜੀਵ ਹੁੰਦੇ ਹਨ: ਇਕ ਵਿਅਕਤੀ, "ਨਿੱਕੀ ਹਉਂ", ਜਿਸ ਵਿਚ ਉਸਦੀ ਹੋਣੀ ਅਤੇ ਜੀਵਨ ਹਾਲਤਾਂ ਦੀ ਨਿਵੇਕਲੀ ਪ੍ਰਕਿਰਤੀ ਪ੍ਰਤਿਬਿੰਬਤ ਹੁੰਦੀ ਹੈ, ਅਤੇ "ਵੱਡੀ ਹਉਂ", ਜਿਹੜੀ ਉਸਨੂੰ ਆਪਣੇ ਲੋਕਾਂ ਦਾ ਅਤੇ ਸਮੁੱਚੇ ਤੌਰ ਉਤੇ ਮਨੁੱਖਤਾ ਦਾ ਅੰਗ ਬਣਾਉਂਦੀ ਹੈ। ਮਨੁੱਖ ਦੀ "ਵੱਡੀ ਹਉਂ" ਦੇ ਸਾਮ੍ਹਣੇ ਖੜੀਆਂ ਸਮੱਸਿਆਵਾਂ ਹਨ, ਜਿਨ੍ਹਾਂ ਨਾਲ ਫ਼ਿਲਾਸਫ਼ੀ ਵਾਸਤਾ ਰੱਖਦੀ ਹੈ—ਅਰਥਾਤ, ਮਨੁੱਖੀ ਹੋਂਦ ਦੀਆਂ ਆਮ ਸਮੱਸਿਆਵਾਂ ਨਾਲ।

ਹੁਣ ਅਸੀਂ ਇਸ ਸਵਾਲ ਦਾ ਸੰਖੇਪ ਉੱਤਰ ਦੇਣ ਦੀ ਅਵਸਥਾ ਵਿਚ ਹਾਂ ਕਿ ਫ਼ਿਲਾਸਫ਼ੀ ਕੀ ਹੈ? ਇਹ **ਸੰਸਾਰ ਦ੍ਰਿਸ਼ਟੀਕੋਨ** ਹੈ। ਇਹ ਸੰਸਾਰ ਬਾਰੇ—ਪ੍ਰਕਿਰਤੀ ਅਤੇ ਸਮਾਜ ਬਾਰੇ, ਅਤੇ ਇਸ ਵਿਚ ਮਨੁੱਖ ਦੀ ਥਾਂ ਬਾਰੇ—ਦ੍ਰਿਸ਼ਟੀ ਹੈ

ਅਤੇ ਇਸਨੂੰ ਸਮਝਣ ਅਤੇ ਬਦਲਣ ਦੀਆਂ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਹੈ। ਪਰ ਇਹ ਨਿਸਚਾ ਵੀ ਹੈ, ਪਰਾਪਤ ਕੀਤੇ ਗਿਆਨ ਦੇ ਆਧਾਰ ਉਤੇ ਕਾਰਵਾਈ ਦੀ ਲੋੜ ਵਿਚ ਵਿਸ਼ਵਾਸ ਵੀ ਹੈ। ਇਹ ਗਿਆਨ ਅਤੇ ਮੁਲਾਂਕਣ ਦਾ, ਗਿਆਨ ਅਤੇ ਨਿਸਚੇ ਦਾ, ਭਾਵਕ ਅਤੇ ਤਾਰਕਕ ਦਾ ਮਿਸ਼ਰਣ ਹੈ। ਇਸਲਈ, ਫ਼ਿਲਾਸਫ਼ੀ ਸਿਧਾਂਤਕ ਗਿਆਨ ਦਾ ਵਿਸ਼ੇਸ਼ ਰੂਪ ਹੈ, ਜਿਸ ਵਿਚ ਸਮੁੱਚੇ ਮਨੁੱਖੀ ਤਜਰਬੇ ਨੂੰ ਵਿਆਪਕ ਤੌਰ ਉਤੇ ਆਮਿਆਉਣਾ ਹੀ ਸ਼ਾਮਲ ਨਹੀਂ ਸਗੋਂ ਉਸ ਤਜਰਬੇ ਵਿਚਲੇ ਉਹਨਾਂ ਅਵਸਰਾਂ ਨੂੰ ਪਛਾਨਣਾ ਵੀ ਸ਼ਾਮਲ ਹੈ ਜਿਹੜੇ ਅਵਸਰ ਮਨੁੱਖ ਲਈ ਵਿਸ਼ੇਸ਼ ਮਹੱਤਾ ਰੱਖਦੇ ਹਨ।

ਫ਼ਿਲਾਸਫ਼ੀ ਦੀ ਮਾਰਕਸਵਾਦੀ ਪਰਿਭਾਸ਼ਾ, ਕਿ ਇਹ ਸੰਸਾਰ ਦ੍ਰਿਸ਼ਟੀਕੋਣ ਨਾਲ ਸੰਬੰਧਤ ਸਭ ਤੋਂ ਵੱਧ ਸਾਮਾਨੀਯ ਮਸਲਿਆਂ ਨੂੰ ਹਲ ਕਰਦੇ ਸਿਧਾਂਤਕ ਗਿਆਨ ਦਾ ਇਕ ਰੂਪ ਹੈ, ਫ਼ਿਲਾਸਫ਼ੀ ਦੇ ਕਾਰਜਾਂ ਬਾਰੇ ਪਹਿਲਾਂ ਮਿਲਦੇ ਸਾਰੇ ਵਿਚਾਰਾਂ ਨਾਲੋਂ, ਅਤੇ ਇਸਦੀਆਂ ਆਧੁਨਿਕ ਬੁਰਜੂਆ ਵਿਆਖਿਆਵਾਂ ਤੋਂ ਵੀ ਲਾਜ਼ਮੀ ਤੌਰ ਉਤੇ ਵਖਰੀ ਹੈ।

ਬੀਤੇ ਵਿਚ, ਫ਼ਿਲਾਸਫ਼ੀ ਪ੍ਰਕਿਰਤੀ ਅਤੇ ਸਮਾਜ ਦੀ ਹੋਂਦ ਦੇ ਕਈ ਮਸਲਿਆਂ ਨੂੰ "ਸਦੀਵਤਾ ਦੇ ਦ੍ਰਿਸ਼ਟੀਕੋਣ ਤੋਂ" ਹਲ ਕਰਨ ਦਾ, ਅਤੇ ਹਮੇਸ਼ਾ ਹਮੇਸ਼ਾ ਲਈ ਦੋਹਾਂ ਦੇ ਕਾਨੂੰਨ ਘੜਣ ਦਾ ਦਾਅਵਾ ਕਰਦੀ ਸੀ। ਅੱਜ ਕਲ, ਕੁਝ ਫ਼ਿਲਾਸਫ਼ਰ ਸੰਸਾਰ ਦ੍ਰਿਸ਼ਟੀਕੋਣ ਦੇ ਆਮ ਮਸਲਿਆਂ ਦੀ ਥਾਂ ਨਿਰੋਲ ਵਿਅਕਤੀਗਤ ਮਨੁੱਖੀ ਹੋਂਦ, ਤੁੱਛ ਮਨੁੱਖੀ ਚਿੰਤਾਵਾਂ, ਡਰਾਂ ਅਤੇ ਫ਼ਿਕਰਾਂ ਵਾਲੀ ਮਨੁੱਖ ਦੀ "ਨਿੱਕੀ ਹਉਂ" ਦੇ ਦ੍ਰਿਸ਼ਟੀਕੋਣ ਤੋਂ ਲਏ ਗਏ ਸੰਸਾਰ ਵੱਲ ਵਿਸ਼ੇਸ਼ ਵਤੀਰੇ ਨੂੰ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਹੋ ਜਿਹੀ ਪੁਜ਼ੀਸ਼ਨ, ਉਦਾਹਰਣ ਵਜੋਂ, ਅਸਤਿਤਵਵਾਦੀਆਂ ਦੀ ਪ੍ਰਤਿਨਿਧ ਪੁਜ਼ੀਸ਼ਨ ਹੈ।

ਇਸਤਰ੍ਹਾਂ ਕੁਝ ਲੋਕ, ਇਸ ਗੱਲ ਨੂੰ ਭੁਲੱਦਿਆਂ ਹੋਇਆਂ ਕਿ ਮਨੁੱਖ ਇਸ ਸੰਸਾਰ ਦਾ ਸਿਰਫ਼ ਇਕ ਕਣ ਹੀ ਨਹੀਂ ਸਗੋਂ ਇਸਨੂੰ ਬਦਲਣਵਾਲਾ ਵੀ ਹੈ, ਫ਼ਿਲਾਸਫ਼ੀ ਨੂੰ ਸੰਸਾਰ ਉਤੇ ਲਾਗੂ ਹੁੰਦੇ ਕਾਨੂੰਨਾਂ ਦੇ ਅਧਿਐਨ ਤੱਕ ਘਟਾ ਕੇ ਦੇਖਦੇ ਹਨ, ਜਦ ਕਿ ਕੁਝ ਦੂਜੇ ਲੋਕ ਇਸਨੂੰ ਵਿਅਕਤੀਗਤ ਜਜ਼ਬਿਆਂ ਵਿਚ ਖਪਤ ਕਰ ਦੇਂਦੇ ਹਨ, ਇਸ ਤੱਥ ਨੂੰ ਅੱਖੋਂ ਉਹਲੇ ਕਰਦਿਆਂ ਕਿ ਸਾਰੇ ਮਨੁੱਖੀ ਜਜ਼ਬੇ ਸੰਸਾਰ ਨਾਲ ਮਨੁੱਖ ਦੇ ਸਰਗਰਮ ਅੰਤਰਕਰਮ ਦਾ ਸਿੱਟਾ ਹੁੰਦੇ ਹਨ, ਅਤੇ ਉਹ ਸ਼ੂਨਯ ਵਿਚੋਂ ਪੈਦਾ ਨਹੀਂ ਹੁੰਦੇ। ਫ਼ਿਲਾਸਫ਼ੀ ਦੇ "ਇਲਾਕੇ" ਦੀਆਂ ਅਸਲੀ ਹੱਦਾਂ ਨੂੰ ਮਨੁੱਖ ਅਤੇ ਪ੍ਰਕਿਰਤੀ ਵਿਚਲਾ ਅੰਤਰਕਰਮ ਨਿਸਚਿਤ ਕਰਦਾ ਹੈ। **ਫ਼ਿਲਾਸਫ਼ੀ ਬ੍ਰਹਿਮੰਡ, ਮਨੁੱਖ ਅਤੇ ਸਮੁੱਚੇ ਤੌਰ ਉਤੇ ਮਨੁੱਖਤਾ ਉਪਰ ਲਾਗੂ ਹੁੰਦੇ ਬੇਹੱਦ ਸਾਮਾਨਯ ਕਾਨੂੰਨਾਂ ਦਾ ਅਧਿਐਨ ਕਰਦੀ ਹੈ; ਇਹ ਮਨੁੱਖ ਅਤੇ ਸਮਾਜ, ਮਨੁੱਖ ਅਤੇ ਪ੍ਰਕਿਰਤੀ ਦੀ ਏਕਤਾ ਦੀਆ ਬਿਲਕੁਲ ਬੁਨਿਆਦਾਂ ਦਾ ਹੀ ਅਧਿਐਨ ਕਰਦੀ ਹੈ।**

ਆਪਣੇ ਦੁਆਲੇ ਦੇ ਸੰਸਾਰ ਨਾਲ ਮਨੁੱਖ ਦੇ ਸੰਬੰਧ ਬੇਹੱਦ ਵੰਨ-ਸੁਵੰਨੇ ਹਨ। ਕੀ ਇਹਨਾਂ ਅਨੇਕਾਂ ਕੜੀਆਂ ਅਤੇ ਸੰਬੰਧਾਂ ਵਿਚੋਂ ਉਸ ਮੁੱਖ ਚੀਜ਼ ਨੂੰ ਪਛਾਨਣਾ ਸੰਭਵ ਹੈ ਜਿਹੜੀ ਪ੍ਰਕਿਰਤਕ ਅਤੇ ਸਮਾਜਕ ਸੰਸਾਰ ਦੀ ਏਕਤਾ ਦੇ ਹੇਠਾਂ ਲੁਕੀ ਹੋਈ ਹੈ? ਇਸ ਮਸਲੇ ਨੂੰ ਅਗਲੇ ਕਾਂਡ ਵਿਚ ਲਿਆ ਜਾਇਗਾ।

## ਦੂਜਾ ਕਾਂਡ

## ਫ਼ਿਲਾਸਫ਼ੀ ਦਾ ਮੂਲ ਮਸਲਾ

### ਕਿਥੋਂ ਸ਼ੁਰੂ ਕਰੀਏ ?

ਕਿਸੇ ਵੀ ਸੰਸਾਰ ਦ੍ਰਿਸ਼ਟੀਕੋਣ ਦੀ ਬੁਨਿਆਦ ਵਿਚ ਕੀ ਹੁੰਦਾ ਹੈ ? ਜੇ ਕਿਸੇ ਨੇ ਉਸ ਦੁਨੀਆਂ ਵੱਲ, ਜਿਸ ਵਿਚ ਉਹ ਰਹਿ ਰਿਹਾ ਹੈ, ਆਪਣਾ ਵਤੀਰਾ ਨਿਸਚਿਤ ਕਰਨਾ ਹੋਵੇ ਅਤੇ ਆਪਣੇ ਵਿਵਹਾਰ ਦੀ ਸੇਧ ਨਿਸਚਿਤ ਕਰਨੀ ਹੋਵੇ ਤਾਂ ਉਸਨੂੰ ਸਭ ਤੋਂ ਪਹਿਲਾਂ ਕੀ ਲੱਭਣਾ ਚਾਹੀਦਾ ਹੈ ?

ਜਰਮਨ ਫ਼ਿਲਾਸਫ਼ਰ **ਇਮੈਨੂਅਲ ਕਾਂਤ** ਦਾ ਵਿਸ਼ਵਾਸ ਸੀ ਕਿ ਫ਼ਿਲਾਸਫ਼ਰ ਨੂੰ ਤਿੰਨ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ: "ਮੈਂ ਕੀ ਜਾਣ ਸਕਦਾ ਹਾਂ ?" "ਮੈਨੂੰ ਕੀ ਕਰਨਾ ਚਾਹੀਦਾ ਹੈ ?" ਅਤੇ "ਮੈਂ ਕਿਸ ਚੀਜ਼ ਦੀ ਆਸ ਕਰ ਸਕਦਾ ਹਾਂ ?" * ਆਓ ਦੇਖੀਏ ਕਿ ਇਹ ਤਿੰਨ ਸਵਾਲ ਕਿਤੇ ਵਧੇਰੇ ਆਮ ਸਵਾਲ ਨੂੰ ਤਾਂ ਨਹੀਂ ਲੁਕਾਈ ਬੈਠੇ। ਸਚਮੁਚ, ਮਨੁੱਖ ਚੀਜ਼ਾਂ ਸਿਖਦਾ

---

* ਇਮੈਨੂਅਲ ਕਾਂਤ, "Kritik der reinen Vernunft", Verlag Philipp Reclam jun., ਲਾਈਪਜ਼ਿਗ, ੧੯੭੧, ਸਫ਼ਾ ੮੧੮।

ਹੈ, ਆਸਾਂ ਲਾਉਂਦਾ ਹੈ ਅਤੇ ਆਪਣੇ ਸਾਮ੍ਹਣੇ ਨਿਸ਼ਾਨੇ ਰੱਖਦਾ ਹੈ, ਸਿਰਫ਼ ਇਸਲਈ ਕਿ ਉਸ ਕੋਲ ਇਕ ਮਨ ਹੈ, ਚੇਤਨਾ ਹੈ ਅਤੇ ਇੱਛਾ-ਸ਼ਕਤੀ ਹੈ, ਅਤੇ ਜੋ ਕੁਝ ਵੀ ਉਸਦੇ ਦੁਆਲੇ ਵਾਪਰ ਰਿਹਾ ਹੈ, ਉਹ ਉਸਨੂੰ ਮਹਿਸੂਸ ਕਰਨ ਅਤੇ ਉਸਦੇ ਅਰਥ ਕੱਢਣ ਦੇ ਸਮਰੱਥ ਹੈ। ਮਨੁੱਖ ਸਿਰਫ਼ ਪੱਠਿਆਂ ਅਤੇ ਤੰਤੂਆਂ ਦਾ ਨਾਂ ਹੀ ਨਹੀਂ, ਉਹ ਸਿਰਫ਼ ਸ਼ਰੀਰ ਨਹੀਂ; ਉਸਨੂੰ, ਜਿਵੇਂ ਕਿ ਪੁਰਾਣੇ ਲੋਕ ਕਿਹਾ ਕਰਦੇ ਸਨ, ਇਕ "ਆਤਮਾ" ਵੀ ਮਿਲੀ ਹੋਈ ਹੈ। ਸਾਰੇ ਵਿਸ਼ੇਸ਼ ਸਵਾਲਾਂ ਦੇ ਜਵਾਬ ਪੂਰੀ ਤਰ੍ਹਾਂ ਉਸ ਤਰੀਕੇ ਉਤੇ ਨਿਰਭਰ ਕਰਦੇ ਹਨ, ਜਿਸ ਤਰੀਕੇ ਨਾਲ ਮੁੱਖ ਸਵਾਲ ਦਾ ਜਵਾਬ ਦਿਤਾ ਜਾਂਦਾ ਹੈ: "ਆਤਮਾ", ਰੂਹ, ਜਾਂ ਆਦਰਸ਼ਕ ਚੇਤਨਾ ਕੀ ਚੀਜ਼ ਹੈ, ਇਹ ਕਿਥੋਂ ਆਉਂਦੀ ਹੈ, ਅਤੇ ਅਜੀਵ ਪ੍ਰਕਿਰਤੀ ਨਾਲ ਇਹ ਕਿਵੇਂ ਜੁੜੀ ਹੋਈ ਹੈ?

ਇਸਲਈ ਫ਼ਿਲਾਸਫ਼ੀ ਦਾ ਬੁਨਿਆਦੀ ਸਵਾਲ ਮਨ ਅਤੇ ਪ੍ਰਕਿਰਤੀ, ਚੇਤਨਾ ਅਤੇ ਹਸਤੀ ਦੇ ਅੰਤਰਸੰਬੰਧ ਦਾ ਸਵਾਲ ਹੈ। ਜਦੋਂ ਅਸੀਂ ਇਹ ਸਥਾਪਤ ਕਰ ਲੈਂਦੇ ਹਾਂ ਕਿ ਮਨ ਪਹਿਲਾਂ ਪ੍ਰਗਟ ਹੁੰਦਾ ਹੈ ਜਾਂ ਪ੍ਰਕਿਰਤੀ, ਕਿ ਚੇਤਨਾ ਮਨੁੱਖੀ ਦਿਮਾਗ਼ ਤੋਂ ਬਾਹਰ ਆਪਣੇ ਆਪ ਕਾਇਮ ਰਹਿ ਸਕਦੀ ਹੈ ਜਾਂ ਨਹੀਂ, ਅਤੇ ਕੀ ਸਜੀਵ ਪ੍ਰਕਿਰਤੀ ਆਤਮਕ ਮੂਲ ਤੋਂ ਬਿਨਾਂ ਪੈਦਾ ਹੋ ਸਕਦੀ ਅਤੇ ਕਾਇਮ ਰਹਿ ਸਕਦੀ ਹੈ—ਸਿਰਫ਼ ਇਸ ਸਭ ਕੁਝ ਤੋਂ ਮਗਰੋਂ ਹੀ ਅਸੀਂ ਮਨੁੱਖ ਅਤੇ ਉਸਦੇ ਦੁਆਲੇ ਦੇ ਸੰਸਾਰ ਵਿਚਲੇ ਸੰਬੰਧ ਸਮਝ ਸਕਦੇ ਹਾਂ।

ਆਓ ਉਹਨਾਂ ਸਵਾਲਾਂ ਵਿਚੋਂ ਇਕ ਦੀ ਪੁਣ-ਛਾਣ ਕਰੀਏ, ਜਿਨ੍ਹਾਂ ਨੂੰ ਕਾਂਤ ਫ਼ਿਲਾਸਫ਼ੀ ਲਈ ਬੁਨਿਆਦੀ ਸਮਝਦਾ ਸੀ: "ਮੈਨੂੰ ਕੀ ਕਰਨਾ ਚਾਹੀਦਾ ਹੈ?" ਦੂਜੇ ਸ਼ਬਦਾਂ ਵਿਚ, ਮਨੁੱਖ ਨੂੰ ਜ਼ਿੰਦਗੀ ਵਿਚ ਵਿਵਹਾਰ ਦੇ ਕਿਹੜੇ ਨਿਯਮਾਂ ਅਤੇ ਪ੍ਰਤਿਮਾਨਾਂ

4*

ਤੋਂ ਅਗਵਾਈ ਲੈਣੀ ਚਾਹੀਦੀ ਹੈ, ਉਸਨੂੰ ਆਪਣੀ ਸੇਧ ਕਿਸ ਪਾਸੇ ਰੱਖਣੀ ਚਾਹੀਦੀ ਹੈ, ਅਤੇ ਕਿਸ ਚੀਜ਼ ਨੂੰ ਆਪਣੇ ਫ਼ਰਜ਼ ਵਜੋਂ ਜਾਨਣਾ ਚਾਹੀਦਾ ਹੈ? ਇਹ ਮਨੁੱਖ ਦੀ ਨੈਤਿਕਤਾ ਦਾ ਸਵਾਲ ਹੈ। ਪਰ ਇਹ ਸਮਝਣ ਲਈ ਕਿ ਵਿਵਹਾਰ ਕਿਵੇਂ ਕਰਦਾ ਹੈ, ਬੰਦੇ ਲਈ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਇਖਲਾਕ ਜਾਂ ਨੀਤੀ-ਸ਼ਾਸਤਰ ਕੀ ਹੈ? ਮਨੁੱਖ ਕਿਉਂ ਆਪਣੇ ਮਾਨ ਅਤੇ ਵੱਕਾਰ ਦੀ ਰਾਖੀ ਕਰਦਾ ਹੈ? ਉਹ ਆਪਣੀ ਜ਼ਮੀਰ ਦਾ ਹੁਕਮ ਕਿਉਂ ਮੰਨਦਾ ਹੈ, ਉਹ ਆਪਣਾ ਫ਼ਰਜ਼ ਕਿਉਂ ਨਿਭਾਉਂਦਾ ਹੈ? ਇਹਨਾਂ ਸਵਾਲਾਂ ਦੇ ਜਵਾਬ ਦੇਣ ਲੱਗਿਆਂ ਸਾਡੇ ਲਈ ਇਸ ਚੀਜ਼ ਦੀ ਵਿਆਖਿਆ ਕਰਨੀ ਲਾਜ਼ਮੀ ਹੋ ਜਾਇਗੀ ਕਿ ਫ਼ਰਜ਼, ਇਨਸਾਫ਼, ਗੁਣ ਅਤੇ ਇੱਜ਼ਤ ਦੇ ਭਾਵ ਮਨੁੱਖ ਵਿਚ ਕਿਉਂ ਪੈਦਾ ਹੋਏ। ਕੀ ਇਹ ਸਾਰੇ ਭਾਵ ਉਹਨਾਂ ਹਾਲਤਾਂ ਕਰਕੇ ਪੈਦਾ ਹੋਏ ਹਨ ਜਿਨ੍ਹਾਂ ਵਿਚ ਅਸੀਂ ਰਹਿੰਦੇ ਹਾਂ ਅਤੇ ਸਾਡੀਆਂ ਇੱਛਾਵਾਂ, ਚੇਤਨਾ ਜਾਂ ਇੱਛਾ-ਸ਼ਕਤੀ ਦਾ ਇਸ ਵਿਚ ਕੋਈ ਦਖਲ ਨਹੀਂ? ਜਾਂ ਕਿ ਇਹ ਲੋਕਾਂ ਵਿਚਕਾਰ ਹੋਏ ਤਰਕ-ਸੰਗਤ, ਈਮਾਨਦਾਰ ਸਮਝੌਤੇ ਦਾ ਸਿੱਟਾ ਹਨ? ਜਾਂ, ਹੋ ਸਕਦਾ ਹੈ, ਨੀਤੀ-ਸ਼ਾਸਤਰ ਕਿਸੇ ਦੈਵੀ ਮੂਲ ਨਾਲ ਮਨੁੱਖ ਦੇ ਸੰਪਰਕ ਦਾ ਸਿੱਟਾ ਹੋਵੇ?

ਪ੍ਰਤੱਖ ਤੌਰ ਉਤੇ ਅਸੀਂ ਰੂਹਾਨੀ ਅਤੇ ਪ੍ਰਕਿਰਤਕ, ਚੇਤਨਾ ਅਤੇ ਹਸਤੀ ਵਿਚਲੇ ਸੰਬੰਧ ਦੇ ਸਵਾਲ ਵੱਲ ਆ ਗਏ ਹਾਂ। ਇਸਲਈ ਇਹੀ ਸਵਾਲ ਹੈ ਜਿਹੜਾ ਫ਼ਿਲਾਸਫ਼ੀ ਵਿਚ **ਸਭ ਤੋਂ ਵੱਧ ਆਮ ਹੈ, ਅਤੇ ਇਸਨੂੰ ਹਲ ਕੀਤੇ ਬਿਨਾਂ ਵਧੇਰੇ ਵਿਸ਼ੇਸ਼ ਸਮੱਸਿਆਵਾਂ ਨੂੰ ਹਲ ਨਹੀਂ ਕੀਤਾ ਜਾ ਸਕਦਾ।**

ਬੇਸ਼ਕ ਸਾਡੇ ਲਈ ਇਹ ਕਹਿਣਾ ਉਚਿਤ ਨਹੀਂ ਹੋਵੇਗਾ ਕਿ ਫ਼ਿਲਾਸਫ਼ਰਾਂ ਨੇ ਹਮੇਸ਼ਾ ਸਿਰਫ਼ ਇਸ ਬੁਨਿਆਦੀ ਮਸਲੇ ਨੂੰ ਹੀ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇ ਅਸੀਂ ਬੀਤੇ

ਦੇ ਅਤੇ ਅੱਜ ਦੇ ਵਖੋ ਵਖਰੇ ਰੁਝਾਣਾਂ, ਪਰਪਾਟੀਆਂ ਅਤੇ ਸੰਕਲਪਾਂ ਦੀ ਪੁਣ-ਛਾਣ ਕਰੀਏ, ਤਾਂ ਅਸੀਂ ਦੇਖਾਂਗੇ ਕਿ ਕੁਝ ਫ਼ਿਲਾਸਫ਼ਰ ਵਿਗਿਆਨਕ ਗਿਆਨ ਦੇ ਅਮਲ ਦਾ ਅਧਿਐਨ ਕਰਦੇ ਹਨ, ਦੂਜੇ ਮਨੁੱਖਾ ਆਜ਼ਾਦੀ ਦੇ ਮਸਲੇ ਵਿਚ ਦਿਲਚਸਪੀ ਰੱਖਦੇ ਹਨ, ਕੁਝ ਹੋਰਨਾਂ ਨੇ ਰੱਬ ਦੀ ਹੋਂਦ ਸਾਬਤ ਕਰਨ ਦੀ ਕੋਸ਼ਿਸ਼ ਵਿਚ ਹੀ ਆਪਣੀਆਂ ਜ਼ਿੰਦਗੀਆਂ ਬਿਤਾ ਦਿਤੀਆਂ ਹਨ, ਕੁਝ ਹੋਰ ਹਨ ਜਿਹੜੇ ਮਨੁੱਖ ਵਿਚਲੇ ਸ਼ਹਿਰੀ ਨੂੰ ਵਿਦਿਆ ਦੇਣ ਬਾਰੇ ਫ਼ਿਕਰਮੰਦ ਹਨ, ਜਦ ਕਿ ਕੁਝ ਹਨ ਜਿਹੜੇ ਆਪਣੇ ਵਿਚਾਰਾਂ ਨੂੰ ਕਲਾ ਵੱਲ ਲਾਉਣਾ ਜਾਰੀ ਰੱਖਦੇ ਹਨ, ਅਤੇ ਉਹਨਾਂ ਦੀ ਰਾਇ ਵਿਚ ਇਹ ਧਿਆਨ ਲਾਉਣ ਯੋਗ ਇਕੋ ਇਕ ਮਜ਼ਮੂਨ ਹੈ। ਫਿਰ ਵੀ, ਭਾਵੇਂ ਉਹ ਵਖੋ ਵਖਰੇ ਪੈਂਤੜੇ ਲੈਂਦੇ ਹਨ ਅਤੇ ਵਖੋ ਵਖਰੇ ਸਵਾਲਾਂ ਵਿਚ ਜੁੱਟੇ ਹੋਏ ਹਨ, ਸਾਰੇ ਫਿਲਾਸਫ਼ਰ ਉਸੇ ਮਸਲੇ ਵੱਲ ਮੁੜਦੇ ਹਨ—**ਮਨੁੱਖ ਅਤੇ ਸੰਸਾਰ ਵਿਚਕਾਰ, ਮਨ ਅਤੇ ਪ੍ਰਕਿਰਤੀ ਵਿਚਕਾਰ ਅੰਤਰ ਸੰਬੰਧਾਂ ਵੱਲ।** ਕੀ ਮਨੁੱਖ ਸੰਸਾਰ ਬਾਰੇ ਬੋਧ ਪ੍ਰਾਪਤ ਕਰ ਸਕਦਾ ਹੈ? ਕਿਸ ਤਰੀਕੇ ਨਾਲ ਹਕੀਕਤ ਉਸਦੀਆਂ ਭਾਵਨਾਵਾਂ, ਵਿਚਾਰਾਂ ਅਤੇ ਲੋੜਾਂ ਨੂੰ ਪ੍ਰਭਾਵਿਤ ਕਰਦੀ ਹੈ? ਕੀ ਉਹ ਦੁਨੀਆਂ ਨੂੰ ਬਦਲਣ ਦੇ ਸਮਰੱਥ ਹੈ, ਕੀ ਕਲਾ ਕਲਾਕਾਰ ਲਈ ਆਪਣੇ ਆਪ ਨੂੰ ਪ੍ਰਗਟ ਕਰਨ ਦਾ ਇਕ ਸਾਧਨ ਮਾਤਰ ਹੀ ਹੈ, ਜਾਂ ਕਿ ਦੁਨੀਆਂ ਦਾ ਪ੍ਰਤਿਬਿੰਬ ਹੈ? ਇਹ ਸਾਰੇ ਸਵਾਲ ਇਕੋ ਆਮ ਮਸਲੇ ਦੇ ਵਿਸ਼ੇਸ਼ ਪੱਖ ਹਨ।

ਚੇਤਨਾ ਅਤੇ ਹਸਤੀ, ਰੂਹਾਨੀ ਅਤੇ ਪਦਾਰਥਕ ਵਿਚਕਾਰ ਸੰਬੰਧ ਦੇ ਸਵਾਲ ਨੂੰ ਫ਼ਿਲਾਸਫ਼ਰਾਂ ਨੇ ਇਕਦਮ ਹੀ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਵਜੋਂ ਨਹੀਂ ਸੀ ਪਛਾਣ ਲਿਆ। ਮਧ--ਕਾਲੀਨ ਪੰਡਤਾਊਵਾਦੀ ਸਿਧਾਂਤਕ ਗਿਆਨ ਅਤੇ ਧਾਰਮਕ ਵਿਸ਼ਵਾਸ ਵਿਚਕਾਰ ਸੰਬੰਧ ਨੂੰ ਬੁਨਿਆਦੀ ਸਵਾਲ ਸਮਝਦੇ

ਸਨ। **ਫ਼ਰਾਂਸਿਸ ਬੇਕਨ** ਦਾ ਖ਼ਿਆਲ ਸੀ ਕਿ ਫ਼ਿਲਾਸਫ਼ੀ ਦਾ ਬੁਨਿਆਦੀ ਸਵਾਲ (ਵਿਗਿਆਨ ਦੀ ਸਹਾਇਤਾ ਨਾਲ) ਪ੍ਰਕਿਰਤੀ ਉਪਰ ਮਨੁੱਖ ਦੇ ਗ਼ਲਬੇ ਦਾ ਪਸਾਰ ਕਰਨਾ ਸੀ; **ਕਲਾਡ ਹੈਲਵੇਟੀਅਸ** ਮਨੁੱਖਾਂ ਖ਼ੁਸ਼ੀ ਦੇ ਸਾਰ-ਤੱਤ ਦਾ ਅਧਿਐਨ ਕਰਨ ਨੂੰ ਬੁਨਿਆਦੀ ਸਵਾਲ ਸਮਝਦਾ ਸੀ, ਅਤੇ **ਜਾਂ-ਜਾਕ ਰੂਸੋ** ਇਹ ਲੱਭਣ ਨੂੰ ਕਿ ਮਨੁੱਖਾਂ ਵਿਚਕਾਰ ਨਾਬਰਾਬਰੀ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ।

ਲੈਨਿਨ ਨੇ ਕਿਹਾ ਸੀ ਕਿ ਮਨ ਨੂੰ ਪ੍ਰਾਥਮਿਕ ਮੰਨਿਆ ਜਾਏ ਜਾਂ ਬਾਹਰਲੇ ਸੰਸਾਰ ਨੂੰ, ਇਸ ਸਵਾਲ ਦਾ ਜਵਾਬ ਦਾਰਸ਼ਨਿਕ ਚਿੰਤਨ ਦੇ ਵਿਗਾਸ ਨੂੰ ਸ਼ਬਦਾਂ ਵਿਚ ਨਹੀਂ ਸਗੋਂ **ਹਕੀਕਤ ਵਿਚ** ਨਿਸਚਿਤ ਕਰਦਾ ਹੈ। "ਇਸ ਖੇਤਰ ਵਿਚ ਛਾਏ ਹੋਏ ਧੁੰਦਲਕੇ ਦਾ ਅਤੇ ਹਜ਼ਾਰ-ਹਾ ਗ਼ਲਤੀਆਂ ਦਾ ਸੋਮਾ ਇਹ ਤੱਥ ਹੈ ਕਿ ਸ਼ਬਦਾਵਲੀ, ਪਰਿਭਾਸ਼ਾਵਾਂ, ਪੰਡਤਾਊਪੁਣੇ ਦਾ ਝਾਵਲਾ ਦੇਂਦੀਆਂ ਜੁਗਤਾਂ ਅਤੇ ਸ਼ਾਬਦਿਕ ਚਲਾਕੀਆਂ ਦੀ ਆੜ ਹੇਠ ਇਹਨਾਂ ਦੋ ਰੁਝਾਣਾਂ ਨੂੰ **ਅੱਖੋਂ ਉਹਲੇ ਕਰ ਦਿਤਾ ਜਾਂਦਾ ਹੈ।**" *

ਕਈ ਸਦੀਆਂ ਦੇ ਵਿਕਾਸ ਤੋਂ ਮਗਰੋਂ ਹੀ ਫ਼ਿਲਾਸਫ਼ੀ ਦੇ ਵਿਕਾਸ ਦੇ ਪੜਾਵਾਂ ਨੂੰ, ਇਸਦੀਆਂ ਕੁੰਜੀਵਤ ਸਮੱਸਿਆਵਾਂ ਅਤੇ ਮੁੱਖ ਰੁਝਾਣਾਂ ਨੂੰ ਪਰਿਭਾਸ਼ਤ ਕਰਨਾ ਸੰਭਵ ਹੋਇਆ। "ਸਾਰੇ ਵਿਗਿਆਨਾਂ ਦੀ ਇਤਿਹਾਸਕ ਪ੍ਰਗਤੀ ਬਹੁਤ ਸਾਰੀਆਂ ਵਿਰੋਧੀ ਚਾਲਾਂ ਦੇ ਵਿਚੋਂ ਦੀ ਹੁੰਦੀ ਹੋਈ ਨਿਖੇੜ ਦੇ ਅਸਲੀ ਨੁਕਤੇ ਤੱਕ ਲੈ ਜਾਂਦੀ ਹੈ। ਦੂਜੇ ਉਸਾਰੀ-ਮਾਹਰਾਂ ਤੋਂ ਵਿਪਰੀਤ, ਵਿਗਿਆਨ ਨਾ ਸਿਰਫ਼ ਹਵਾ ਵਿਚ ਕਿਲ੍ਹੇ ਉਸਾਰਦਾ ਹੈ, ਸਗੋਂ

---

*ਵ. ਇ. ਲੈਨਿਨ, "**ਪਦਾਰਥਵਾਦ ਅਤੇ ਅਨੁਭਵ-ਸਿੱਧ ਆਲੋਚਨਾ**", ਕਿਰਤ ਸੰਗ੍ਰਹਿ, ਸੈਂਚੀ ੧੪, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੭, ਸਫ਼ਾ ੩੩੬।

ਨੀਂਹ-ਪੱਥਰ ਰੱਖਣ ਤੋਂ ਵੀ ਪਹਿਲਾਂ ਇਮਾਰਤ ਦੀਆਂ ਵਖੋ ਵਖਰੀਆਂ ਰਹਿਣਯੋਗ ਮੰਜ਼ਲਾਂ ਉਸਾਰ ਸਕਦਾ ਹੈ।"* **ਮਾਰਕਸਵਾਦ--ਲੈਨਿਨਵਾਦ ਦੇ ਬਾਨੀਆਂ ਨੇ ਹੀ ਅਤੇ ਖ਼ਾਸ ਕਰਕੇ ਫ਼ਰੈਡਰਿਕ** ਏਂਗਲਜ਼ ਨੇ, **ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਨੂੰ ਵਿਸਥਾਰਿਆ ਅਤੇ ਦਾਰਸ਼ਨਿਕ ਸਿਧਾਂਤਾਂ ਨੂੰ ਸੂਤ੍ਰਿਤ ਕਰਨ ਵਿਚ ਇਸਦੇ ਰੋਲ ਨੂੰ ਪ੍ਰਗਟ ਕੀਤਾ।** ਆਪਣੀ ਕਿਰਤ "ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕਲ ਜਰਮਨ ਫ਼ਿਲਾਸਫ਼ੀ ਦਾ ਅੰਤ" ਵਿਚ ਏਂਗਲਜ਼ ਨੇ ਲਿਖਿਆ: "ਸਾਰੀ ਫ਼ਿਲਾਸਫ਼ੀ ਦਾ, ਖ਼ਾਸ ਕਰਕੇ ਵਧੇਰੇ ਨੇੜਲੇ ਭੂਤਕਾਲ ਵਿਚਲੀ ਫ਼ਿਲਾਸਫ਼ੀ ਦਾ ਮਹਾਨ ਬੁਨਿਆਦੀ ਸਵਾਲ ਚਿੰਤਨ ਅਤੇ ਹਸਤੀ ਦੇ ਸੰਬੰਧ ਦਾ ਸਵਾਲ ਹੈ।"**

ਫ਼ਿਲਾਸਫ਼ੀ ਦਾ ਬੁਨਿਆਦੀ ਸਵਾਲ ਕਿਸੇਤਰ੍ਹਾਂ ਵੀ ਦਾਰਸ਼ਨਿਕ ਸਮੱਸਿਆਵਾਂ ਦੇ ਸਮੁੱਚੇ ਧਨ ਨੂੰ ਮੁਕਾ ਨਹੀਂ ਦੇਂਦਾ ਜਾਂ ਮਨੁੱਖ ਅਤੇ ਸੰਸਾਰ ਵਿਚਕਾਰ, ਹਸਤੀ ਅਤੇ ਚਿੰਤਨ ਵਿਚਕਾਰ ਸੰਬੰਧਾਂ ਦੀ ਸਾਰੀ ਵੰਨ-ਸੁਵੰਨਤਾ ਨੂੰ ਪ੍ਰਗਟ ਨਹੀਂ ਕਰ ਦੇਂਦਾ। ਸਾਰੇ ਮਸਲੇ ਦਾ ਸਾਰ ਇਹ ਹੈ ਕਿ **ਪ੍ਰਾਥਮਿਕ ਕੀ ਹੈ, ਜਿਹੜਾ ਜਟਿਲ "ਹਸਤੀ-ਚਿੰਤਨ" ਸੰਬੰਧਾਂ ਵਿਚ ਨਿਰਧਾਰਣੀ ਹੈ।** ਇਸ ਮਸਲੇ ਨੂੰ ਹਲ ਕੀਤੇ ਤੋਂ ਬਿਨਾਂ, ਦੂਜੇ ਸਵਾਲਾਂ ਦਾ ਜਵਾਬ ਦੇਣਾ ਅਸੰਭਵ ਹੈ। ਇਸਦੇ ਸਿੱਟੇ ਵਜੋਂ, **ਕੋਈ ਵੀ ਦਾਰਸ਼ਨਿਕ ਅਧਿਐਨ** ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਨੂੰ ਹਲ ਕਰਨ ਤੋਂ ਸ਼ੁਰੂ **ਹੁੰਦਾ ਹੈ।**

---

* ਕਾਰਲ ਮਾਰਕਸ, "**ਰਾਜਨੀਤਕ ਆਰਥਕਤਾ ਦੀ ਆਲੋਚਨਾ ਨੂੰ ਇਕ ਦੇਣ**", ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੭, ਸਫ਼ਾ ੫੭।

** ਫ਼ਰੈਡਰਿਕ ਏਂਗਲਜ਼, "**ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕਲ ਜਰਮਨ ਫ਼ਿਲਾਸਫ਼ੀ ਦਾ ਅੰਤ**"; ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼, ਚੋਣਵੀਆਂ ਕਿਰਤਾਂ, ਤਿੰਨ ਸੈਂਚੀਆਂ ਵਿਚ, ਸੈਂਚੀ ੩, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੩, ਸਫ਼ਾ ੩੪੫।

ਪਰ ਇਹ ਸਿਰਫ਼ ਦਾਰਸ਼ਨਿਕ ਖੋਜ ਬਾਰੇ ਹੀ ਸੱਚ ਨਹੀਂ। ਬੇਸ਼ਕ, ਹਰ ਸਾਇੰਸਦਾਨ ਜਿਹੜਾ ਕਿਸੇ ਗੁੰਝਲਦਾਰ ਵਿਗਿਆਨਕ ਸਮੱਸਿਆ ਦੀ ਖੋਜ ਨੂੰ ਹੱਥ ਲੈਂਦਾ ਹੈ, ਉਦਾਹਰਣ ਵਜੋ, ਕੋਈ ਨਵਾਂ ਅਰਸ਼ੀ ਵਜੂਦ ਲੱਭ ਕੇ ਬ੍ਰਹਿਮੰਡ ਦੀ ਇਕ ਹੋਰ ਬੁਝਾਰਤ ਹਲ ਕਰਨ ਦਾ ਕੰਮ ਹੱਥ ਲੈਂਦਾ ਹੈ, ਉਹ ਬਿਲਕੁਲ ਸਪਸ਼ਟ ਹੁੰਦਾ ਹੈ ਕਿ ਸੰਬੰਧਤ ਵਜੂਦ ਸਿਰਫ਼ ਉਸਦੀ ਕਲਪਣਾ ਦੀ ਉਪਜ ਨਹੀਂ ਸਗੋਂ ਹਕੀਕਤ ਵਿਚ, ਉਸਦੀ ਚੇਤਨਾ ਤੋਂ ਸਵੈਧੀਨ, ਅਰਥਾਤ, ਵਸਤੂਪਰਕ ਤੌਰ ਉਤੇ, ਮੌਜੂਦ ਹੈ। ਜੇ ਉਸਦਾ ਵਿਸ਼ਵਾਸ ਇਸਤੋਂ ਉਲਟ ਹੁੰਦਾ, ਤਾਂ ਉਹ ਅਰਸ਼ੀ ਵਜੂਦਾਂ ਦੀ ਸਥਿਤੀ ਦਾ ਅਧਿਐਨ ਕਰਨ ਵਿਚ ਆਪਣੀ ਸਹਾਇਤਾ ਲਈ ਸੂਖਮ ਯੰਤਰਾਂ ਦੀ ਕਾਢ ਕੱਢਣ ਦੀ ਪ੍ਰਵਾਹ ਨਾ ਕਰਦਾ, ਸਗੋਂ ਸਿਰਫ਼ ਆਪਣੀ ਕਲਪਣਾ ਸ਼ਕਤੀ ਉਪਰ ਭਰੋਸਾ ਰੱਖਦਾ। ਇਸਤਰ੍ਹਾਂ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਦਾ ਹਲ ਕਿਸੇ ਵੀ ਵਿਗਿਆਨਕ ਖੋਜ ਦੀ ਇਕ ਮਹਤਵਪੂਰਨ ਪੂਰਵ-ਸ਼ਰਤ ਹੈ।

ਸਿਆਸਤਦਾਨ ਅਤੇ ਰਾਜਨੇਤਾ ਲਈ ਇਹ ਮਸਲਾ ਸਭ ਤੋਂ ਮਹਤਵਪੂਰਨ ਹੈ। ਕੀ, ਉਦਾਹਰਣ ਵਜੋ, ਸਿਰਫ਼ ਮਨੁੱਖੀ ਮਨ ਉਤੇ ਪ੍ਰਭਾਵ ਪਾ ਕੇ, ਮਨੁੱਖ ਨੂੰ ਪ੍ਰਬੁੱਧ ਕਰਕੇ ਅਤੇ ਵਿਦਿਆ ਦੇ ਕੇ ਸਮਾਜ ਬਦਲਿਆ ਜਾ ਸਕਦਾ ਹੈ, ਜਾਂ ਕਿ ਜਿਨ੍ਹਾਂ ਹਾਲਤਾਂ ਵਿਚ ਉਹ ਰਹਿ ਰਿਹਾ ਹੁੰਦਾ ਹੈ, ਉਹਨਾਂ ਨੂੰ ਬਦਲਣਾ ਵੀ ਜ਼ਰੂਰੀ ਹੁੰਦਾ ਹੈ? "ਨੈਤਿਕ ਸੋਸ਼ਲਿਜ਼ਮ" ਜਾਂ "ਮਾਨਵਵਾਦੀ ਸੋਸ਼ਲਿਜ਼ਮ" ਦੇ ਸੰਕਲਪਾਂ ਦੇ ਹਿਮਾਇਤੀਆਂ ਦਾ ਵਿਸ਼ਵਾਸ ਹੈ ਕਿ ਸਮਾਜ ਨੂੰ ਮੁੜ ਤਰਤੀਬ ਦੇਣ ਲਈ ਆਰੰਭਕ ਨੁਕਤਾ ਇਹ ਹੈ ਕਿ ਮਨੁੱਖੀ ਚੇਤਨਾ ਨੂੰ ਬਦਲਿਆ ਜਾਏ, ਮਨੁੱਖ ਦਾ ਸੁਧਾਰ ਕੀਤਾ ਜਾਏ ਅਤੇ ਉਹ ਆਪਣਾ ਸੁਧਾਰ ਆਪ ਕਰੇ। ਇਸਦੇ ਮੁਕਾਬਲੇ ਵਿਚ, ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ, ਏਸ਼ੀਆ, ਅਫ਼ਰੀਕਾ ਅੜੇ ਲਾਤੀਨੀ ਅਮ੍ਰੀਕਾ ਦੇ ਦੂਜੇ ਦੇਸਾਂ

ਵਿਚ ਸੋਸ਼ਲਿਜ਼ਮ ਦੀ ਉਸਾਰੀ ਲਈ ਸਿਧਾਂਤਕ ਆਧਾਰ ਮਾਰਕਸਵਾਦ ਹੈ, ਜੋ ਕਿ ਮਨੁੱਖ ਦੇ ਸੋਚਣ-ਢੰਗ ਨੂੰ ਬਦਲਣ ਲਈ ਇਕੋ ਇਕ ਪੱਕਾ ਆਧਾਰ ਉਹਨਾਂ ਹਾਲਤਾਂ ਨੂੰ ਬਦਲਣ ਵਿਚ ਦੇਖਦਾ ਹੈ, ਜਿਨ੍ਹਾਂ ਵਿਚ ਮਨੁੱਖ ਰਹਿ ਰਿਹਾ ਹੁੰਦਾ ਹੈ।

ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦਾ ਹਲ ਲੱਭਣ ਦੀ ਮਹੱਤਾ ਪ੍ਰਤੱਖ ਹੋ ਜਾਂਦੀ ਹੈ ਜਦੋਂ ਅਸੀਂ ਸੰਸਾਰ ਇਨਕਲਾਬੀ ਅਮਲ ਦੇ ਅੰਦਰ ਵਿਚਾਰਧਾਰਕ ਰੁਝਾਣਾਂ ਦਾ ਅਧਿਐਨ ਕਰਦੇ ਹਾਂ।

ਖੱਬੇ ਅਤਿਵਾਦ ਦੇ ਸਿਧਾਂਤਕਾਰਾਂ ਦਾ ਵਿਸ਼ਵਾਸ ਹੈ ਕਿ ਇਨਕਲਾਬ ਦੀਆਂ ਲਾਟਾਂ ਕਿਸੇ ਥਾਂ ਵੀ ਨਿਕਲ ਸਕਦੀਆਂ ਹਨ ਅਤੇ ਉਹਨਾਂ ਨੂੰ ਸਿਰਫ਼ ਹਵਾ ਦੇਣ ਦੀ ਲੋੜ ਹੁੰਦੀ ਹੈ। ਇਸ ਵਿਚਾਰ ਦੇ ਹਿਮਾਇਤੀ ਇਹ ਮਿਥ ਕੇ ਚੱਲਦੇ ਹਨ ਕਿ ਮਨੁੱਖ ਦੀ ਚੇਤਨਾ, ਉਸਦੀ ਇੱਛਾ-ਸ਼ਕਤੀ ਅਤੇ ਸਰਗਰਮੀ ਸੰਸਾਰ ਵਿਚ ਵਾਪਰਦੀਆਂ ਸਾਰੀਆਂ ਸਮਾਜਕ ਤਬਦੀਲੀਆਂ ਵਿਚ ਨਿਸਚਿਤਕਾਰੀ ਭੂਮਿਕਾ ਨਿਭਾਉਂਦੀ ਹੈ। ਉਦਾਹਰਣ ਵਜੋਂ, **ਹਰਬਰਟ ਮਾਰਕੂਜ਼ੇ** ਨਿਸਚਿਤ ਇਤਿਹਾਸਕ ਇਨਕਲਾਬੀ ਸ਼ਕਤੀਆਂ ਦੀ ਭਾਲ ਕਰਨਾ ਵਿਅਰਥ ਸਮਝਦਾ ਹੈ। ਉਸਦੀ ਦਲੀਲ ਹੈ ਕਿ ਇਹ ਸ਼ਕਤੀਆਂ ਖ਼ੁਦ ਇਨਕਲਾਬ ਦੇ ਦੌਰਾਨ ਹੀ ਪੈਦਾ ਹੋ ਸਕਦੀਆਂ ਹਨ ਜਦ ਕਿ ਇਨਕਲਾਬੀ ਤਬਦੀਲੀ ਦਾ ਅਸਲੀ ਸੋਮਾ ਅਤੇ ਆਧਾਰ ਮਨੁੱਖ ਦੀ ਕਲਪਣਾ ਹੈ।

ਇਸਦੇ ਉਲਟ, ਸੱਚੇ ਇਨਕਲਾਬੀ, ਜਿਨ੍ਹਾਂ ਵਿਚ ਮਾਰਕਸਵਾਦੀ ਵੀ ਸ਼ਾਮਲ ਹਨ, ਇਹ ਦਾਅਵਾ ਕਰਦੇ ਹਨ ਕਿ ਇਨਕਲਾਬ ਸਫ਼ਲ ਤਾਂ ਹੀ ਹੋ ਸਕਦਾ ਹੈ ਜੇ ਇਸਲਈ ਵਸਤੂਪਰਕ ਸਮਾਜਕ ਅਤੇ ਆਰਥਕ ਪੂਰਵ-ਹਾਲਤਾਂ ਮੌਜੂਦ ਹੋਣ, ਜਿਸਦਾ ਮਤਲਬ ਹੈ ਕਿ ਇਨਕਲਾਬ "ਬਰਾਮਦ" ਨਹੀਂ ਕੀਤਾ ਜਾ ਸਕਦਾ। ਅਤੇ ਭਾਵੇਂ ਕਿਸੇ ਇਨਕਲਾਬ ਵਿਚ ਚੇਤਨਾ, ਇੱਛਾ-ਸ਼ਕਤੀ ਦੇ ਅੰਸ਼ ਵਲੋਂ ਅਦਾ ਕੀਤਾ ਜਾਂਦਾ ਰੋਲ ਬਹੁਤ ਵੱਡਾ ਹੁੰਦਾ ਹੈ,

ਕੋਈ ਵੀ ਇਨਕਲਾਬੀ ਕਾਰਵਾਈ ਸਿਰਫ਼ ਇਕ ਮਾਅਰਕਾ ਬਣ ਕੇ ਰਹਿ ਸਕਦੀ ਹੈ ਜੇ ਇਸਦਾ ਕੋਈ ਅਸਲੀ ਆਰਥਕ ਆਧਾਰ ਨਾ ਹੋਵੇ।

ਇਸਤਰ੍ਹਾਂ ਅਸੀਂ ਦੇਖਦੇ ਹਾਂ ਕਿ ਫ਼ਿਲਾਸਫ਼ੀ ਦਾ ਬੁਨਿਆਦੀ ਮਸਲਾ ਹਰ ਇਕ ਲਈ ਭਾਰੀ ਮਹੱਤਾ ਰੱਖਦਾ ਹੈ, ਕਿਉਂਕਿ ਇਹ ਸਾਰੇ ਬੁਨਿਆਦੀ ਮਸਲਿਆਂ ਦੇ ਹਲ ਉਪਰ ਆਪਣੀ ਛਾਪ ਛੱਡਦਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ, ਕਿਉਂਕਿ ਇਹ ਮਨੁੱਖ ਦੀਆਂ ਅਮਲੀ ਸਰਗਰਮੀਆਂ ਦੇ ਦੌਰਾਨ ਪੈਦਾ ਹੋਇਆ, ਜਦੋਂ ਕਿ ਉਹ ਪ੍ਰਕਿਰਤੀ, ਸਮਾਜ ਅਤੇ ਆਪਣੇ ਆਪ ਦੀ ਥਾਹ ਪਾਉਣ ਵਿਚ ਅਤੇ ਦੁਆਲੇ ਦੇ ਸੰਸਾਰ ਉਪਰ ਨਿਪੁੰਨਤਾ ਪਰਾਪਤ ਕਰਨ ਵਿਚ ਜੁੱਟਿਆ ਹੋਇਆ ਸੀ।

ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦਾ ਜਵਾਬ ਦੇਣ ਨਾਲ ਹੀ ਅਸੀਂ ਮਨੁੱਖ ਲਈ ਬੁਨਿਆਦੀ ਮਹੱਤਾ ਰੱਖਦੇ ਦੂਜੇ ਮਸਲਿਆਂ ਨੂੰ ਹਲ ਕਰਨ ਵਿਚ ਤਰੱਕੀ ਕਰ ਸਕਦੇ ਹਾਂ। ਦੂਜੇ ਪਾਸੇ, ਜੇ ਹਰ ਫ਼ਿਲਾਸਫ਼ਰ, ਵਿਗਿਆਨੀ, ਲੇਖਕ ਅਤੇ ਰਾਜਸੀ ਹਸਤੀ ਲਈ ਇਸ ਸਵਾਲ ਦਾ ਜਵਾਬ ਦੇਣਾ ਜ਼ਰੂਰੀ ਹੈ, ਤਾਂ ਇਹ ਪੁੱਛਣਾ ਬਿਲਕੁਲ ਹੱਕੀ ਹੈ ਕਿ ਕੀ ਦੂਜੇ ਮਸਲਿਆਂ ਨੂੰ ਵਿਸਥਾਰਣ ਦਾ ਕੰਮ ਬਹੁਤ ਜ਼ਿਆਦਾ ਦੇਰ ਤੱਕ ਅੱਗੇ ਨਹੀਂ ਪੈ ਜਾਇਗਾ, ਅਤੇ ਕੀ ਇਨਕਲਾਬੀ ਸਰਗਰਮੀ ਮੱਧਮ ਨਹੀਂ ਪੈ ਜਾਇਗੀ ਅਤੇ ਵਿਗਿਆਨਕ ਚਿੰਤਨ ਦੀ ਪ੍ਰਗਤੀ ਰੁਕੀ ਨਹੀਂ ਰਹਿ ਜਾਇਗੀ?

ਸਚਮੁਚ, ਇਹ ਗੱਲ ਮਨੁੱਖਤਾ ਦੇ ਨਿਰੰਤਰ ਵਿਕਾਸ ਨੂੰ ਗੰਭੀਰ ਤਰ੍ਹਾਂ ਨਾਲ ਜਟਿਲ ਬਣਾ ਦੇਵੇਗੀ ਜੇ ਹਰ ਵਿਸ਼ੇਸ਼ ਸੂਰਤ ਵਿਚ ਨਵੇਂ ਸਿਰਿਉਂ ਇਹ ਸਾਬਤ ਕਰਨਾ ਪੈ ਜਾਏ ਕਿ ਸੰਬੰਧਤ ਹਲ ਠੀਕ ਹਨ। ਪਰ ਮਨੁੱਖੀ ਸਭਿਆਚਾਰ ਵਖਰੀ ਤਰ੍ਹਾਂ ਨਾਲ ਵਿਕਾਸ ਕਰਦਾ ਹੈ; ਜੋ ਕੁਝ ਲੱਭਿਆ ਜਾ ਚੁੱਕਾ ਹੈ, ਉਹ

ਮਨੁੱਖੀ ਤਜਰਬੇ ਦੇ ਖਜ਼ਾਨਿਆਂ—ਕਿਤਾਬਾਂ, ਖਰੜਿਆਂ, ਕੰਮ ਦੇ ਸੰਦਾਂ, ਮਸ਼ੀਨ-ਟੂਲਾਂ, ਮੈਕਾਨਿਜ਼ਮਾਂ, ਰਹੁ-ਰੀਤਾਂ ਅਤੇ ਪਰੰਪਰਾਵਾਂ—ਵਿਚ ਹਮੇਸ਼ਾ ਲਈ ਕਾਇਮ ਰਹਿੰਦਾ ਹੈ। ਅਤੇ ਇਹ ਗੱਲ ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਉਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ।

ਬਹੁਤ ਸਮੇਂ ਤੋਂ ਸਮੁੱਚਾ ਮਨੁੱਖੀ ਤਜਰਬਾ, ਵਿਗਿਆਨ, ਇਨਕਲਾਬੀ-ਰਾਜਨੀਤਕ ਸਰਗਰਮੀਆਂ ਅਤੇ ਖ਼ੁਦ ਇਤਿਹਾਸ, ਰੂਹਾਨੀ ਸੰਸਾਰ ਅਤੇ ਚੇਤਨਾ ਦੇ ਮੁਕਾਬਲੇ ਉਤੇ ਹਸਤੀ ਦੀ, ਯਥਾਰਥਕ ਸੰਸਾਰ ਦੀ ਪ੍ਰਾਥਮਿਕ ਪ੍ਰਕਿਰਤੀ ਨੂੰ ਸਾਬਤ ਕਰ ਚੁੱਕੇ ਹਨ। **ਵਸਤੂਪਰਕ ਕਾਨੂੰਨਾਂ ਦੇ ਗਿਆਨ ਉਪਰ ਨਿਰਭਰ ਕਰਦਿਆਂ ਹੀ ਆਲੇ-ਦੁਆਲੇ ਦੇ ਸੰਸਾਰ ਨੂੰ ਬਦਲਣਾ ਸੰਭਵ ਹੈ।**

ਹਸਤੀ ਦੀ, ਪ੍ਰਕਿਰਤੀ ਦੀ ਪ੍ਰਾਥਮਿਕਤਾ ਦੀ ਪ੍ਰੋੜ੍ਹਤਾ ਵਿਚ ਵਿਗਿਆਨੀਆਂ ਨੇ ਵੀ ਠੋਸ ਸਬੂਤ ਮੁਹਈਆ ਕੀਤਾ ਹੈ। ਆਧੁਨਿਕ ਖੋਜ ਉਪਰ ਨਿਰਭਰ ਕਰਦਿਆਂ, ਇਹ ਸੌਖੀ ਤਰ੍ਹਾਂ ਹੀ ਦਾਅਵਾ ਕੀਤਾ ਜਾ ਸਕਦਾ ਹੈ ਕਿ ਮਨੁੱਖ ਜਾਂ ਪਸ਼ੂ ਦੀ ਮਾਨਸਿਕਤਾ ਆਪਣੇ ਆਪ ਵਿਚ ਹੋਂਦ ਨਹੀਂ ਰੱਖ ਸਕਦੀ ਸਗੋਂ ਦਿਮਾਗ਼ ਵਿਚ ਚੱਲ ਰਹੇ ਅਮਲਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਪ੍ਰਸਿੱਧ ਅਮਰੀਕੀ ਤੰਤੂ-ਸ਼ਰੀਰ ਵਿਗਿਆਨੀ **ਜੋਜ਼ੇ ਦੇਲਗਾਦੋ** ਵਲੋਂ ਕੀਤੇ ਗਏ ਤਜਰਬਿਆਂ ਤੋਂ ਪਤਾ ਲੱਗਾ ਹੈ ਕਿ ਮਨੁੱਖ ਦੇ ਦਿਮਾਗ਼ ਵਿਚ ਇਲੈਕਟਰੋਡ ਲਾਉਣ ਨਾਲ ਉਹ ਯਾਦਾਂ ਤਾਜ਼ਾ ਕਰਨੀਆਂ ਸੰਭਵ ਹਨ, ਜਿਨ੍ਹਾਂ ਨੂੰ ਉਹ ਕਦੇ ਦਾ ਭੁੱਲ ਚੁੱਕਾ ਹੁੰਦਾ ਹੈ, ਅਤੇ ਖ਼ਾਸ ਜਜ਼ਬਾ, ਜਾਂ ਪੱਕਾ ਮਨੋਭਰਮ ਉਤਪੰਨ ਕੀਤਾ ਜਾ ਸਕਦਾ ਹੈ। ਸਾਡੇ ਵਿਚਾਰਾਂ ਅਤੇ ਜਜ਼ਬਿਆਂ ਦੇ ਵਸਤੂ ਅਤੇ ਯਥਾਰਥ ਵਿਚਕਾਰ ਬੜਾ ਡੂੰਘਾ ਸੰਬੰਧ ਹੁੰਦਾ ਹੈ। ਹਰ ਚੀਜ਼, ਜਿਸਤੋਂ ਮਿਲਕੇ ਸਾਡਾ ਰੂਹਾਨੀ ਸੰਸਾਰ ਬਣਦਾ ਹੈ, ਤਜਰਬੇ ਦੇ ਸਿੱਟੇ ਵਜੋਂ, ਆਲੇ-ਦੁਆਲੇ ਦੇ ਸੰਸਾਰ ਨਾਲ ਸੰਪਰਕਾਂ

ਦੇ ਸਿੱਟੇ ਵਜੋਂ ਰੂਪ ਧਾਰਦੀ ਹੈ। ਇਥੋਂ ਤੱਕ ਕਿ ਸਾਡੇ ਸੁਪਣੇ ਵੀ, ਜਿਵੇਂ ਕਿ ਮਨੋ-ਵਿਗਿਆਨੀਆਂ ਨੇ ਸਾਬਤ ਕੀਤਾ ਹੈ, ਭਾਵੇਂ ਉਹ ਕਿੰਨੇ ਵੀ ਵਿਚਿਤ੍ਰ ਜਾਂ ਅਜੀਬੋ ਗ਼ਰੀਬ ਕਿਉਂ ਨਾ ਹੋਣ, ਯਥਾਰਥਕ ਜੀਵਨ ਵਿਚ ਆਪਣੀਆਂ ਜੜ੍ਹਾਂ ਰੱਖਦੇ ਹਨ।

ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਅੱਜ ਫ਼ਿਲਾਸਫ਼ੀ ਦਾ ਬੁਨਿਆਦੀ ਮਸਲਾ ਕੋਈ ਗੁੰਝਲਦਾਰ ਅਤੇ ਜਟਿਲ ਮਸਲਾ ਨਹੀਂ ਰਿਹਾ ਜਿਹੜਾ ਸਾਰੇ ਫ਼ਿਲਾਸਫ਼ਰਾਂ ਲਈ ਰੋੜਾ ਬਣਦਾ ਹੋਵੇ। **ਸਮੁੱਚੇ ਤੌਰ ਉਤੇ, ਫ਼ਿਲਾਸਫ਼ੀ ਦਾ ਬੁਨਿਆਦੀ ਮਸਲਾ ਚੇਤਨਾ ਦੇ ਮੁਕਾਬਲੇ ਉਤੇ ਯਥਾਰਥਕ ਸੰਸਾਰ ਦੀ ਪ੍ਰਾਥਮਿਕਤਾ ਦੇ ਹੱਕ ਵਿਚ ਹਲ ਕੀਤਾ ਜਾ ਚੁੱਕਾ ਹੈ।** ਇਸਲਈ, ਇਸ ਸਵਾਲ ਦਾ ਜਵਾਬ ਦੇਣ ਲੱਗਿਆਂ ਸਾਡੇ ਸਮਕਾਲੀ ਫ਼ਿਲਾਸਫ਼ਰ ਨੂੰ ਨਵੇਂ ਸਬੂਤ ਨਹੀਂ ਪੇਸ਼ ਕਰਨੇ ਪੈਂਦੇ। ਜਿਵੇਂ ਕਿ ਏਂਗਲਜ਼ ਨੇ ਕਿਹਾ ਸੀ, ਸੰਸਾਰ ਦੀ ਪਦਾਰਥਕਤਾ "ਕੁਝ ਜਾਦੂਗਰੀ ਭਰੇ ਵਾਕੰਸ਼ਾਂ ਨਾਲ ਨਹੀਂ, ਸਗੋਂ ਫ਼ਿਲਾਸਫ਼ੀ ਅਤੇ ਪ੍ਰਕਿਰਤਕ ਵਿਗਿਆਨ ਦੇ ਲੰਮੇ ਅਤੇ ਥਕਾ ਦੇਣ ਵਾਲੇ ਵਿਕਾਸ ਨਾਲ ਸਾਬਤ ਕੀਤੀ ਜਾ ਚੁੱਕੀ ਹੈ।" *

ਇੰਝ ਲੱਗੇਗਾ ਕਿ ਹੁਣ ਜਦ ਕਿ ਬੁਨਿਆਦੀ ਮਸਲਾ ਹਲ ਕਰ ਲਿਆ ਗਿਆ ਹੈ, ਤਾਂ ਵਿਵਾਦ ਵਾਲੀ ਕੋਈ ਗੱਲ ਨਹੀਂ ਰਹਿ ਗਈ, ਅਤੇ ਸਾਰੇ ਫ਼ਿਲਾਸਫ਼ਰਾਂ ਵਿਚ ਹੁਣ ਸਹਿਮਤੀ ਹੋ ਜਾਣੀ ਚਾਹੀਦੀ ਹੈ। ਪਰ ਮਾਮਲਾ ਏਨਾਂ ਸੌਖਾ ਨਹੀਂ। ਇਕ ਆਮ ਪ੍ਰਚੱਲਤ ਅਖਾਣ ਹੈ: "ਜੇ ਰੇਖਾ-ਗਣਿਤ ਦੇ ਪ੍ਰਮਾਣਿਤ ਸਿਧਾਂਤਾਂ ਦਾ ਵੀ ਮਨੁੱਖੀ ਹਿੱਤਾਂ ਨਾਲ ਕੋਈ ਸੰਬੰਧ ਹੁੰਦਾ ਤਾਂ ਉਹਨਾਂ ਨੂੰ ਵੀ ਗ਼ਲਤ ਸਾਬਤ ਕਰ ਦਿਤਾ ਗਿਆ ਹੁੰਦਾ।"

---

* ਫ਼ਰੈਡਰਿਕ ਏਂਗਲਜ਼, "**ਐਂਟੀ-ਡੂਹਰਿੰਗ**", ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੫, ਸਫ਼ਾ ੫੮।

ਤਾਂ ਫਿਰ ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਬਾਰੇ ਕੀ ਕਿਹਾ ਜਾ ਸਕਦਾ ਹੈ, ਜਿਹੜਾ ਨਾ ਸਿਰਫ਼ ਵਿਅਕਤੀ ਦੇ ਹਿੱਤਾਂ ਨਾਲ ਹੀ, ਸਗੋਂ ਲੋਕਾਂ ਦੇ ਵਡੇਰੇ ਸਮੂਹਾਂ, ਸ਼ਰੇਣੀਆਂ ਦੇ ਬੁਨਿਆਦੀ ਹਿੱਤਾਂ ਨਾਲ ਵੀ ਡੂੰਘੀ ਤਰ੍ਹਾਂ ਸੰਬੰਧਤ ਹੈ। ਆਓ ਲੈਨਿਨ ਵੱਲ ਮੁੜੀਏ: "ਸ਼ਰੇਣੀ ਘੋਲ ਉਪਰ ਆਧਾਰਿਤ ਸਮਾਜ ਵਿਚ ਕੋਈ ਵੀ 'ਨਿਰਪੱਖ' ਸਮਾਜਕ ਵਿਗਿਆਨ ਨਹੀਂ ਹੋ ਸਕਦਾ।... ਉਜਰਤੀ ਗ਼ੁਲਾਮੀ ਵਾਲੇ ਸਮਾਜ ਵਿਚ ਵਿਗਿਆਨ ਤੋਂ ਨਿਰਪੱਖ ਹੋਣ ਦੀ ਆਸ ਰੱਖਣੀ ਏਨਾਂ ਹੀ ਮੂਰਖਾਂ ਵਾਲਾ ਸਿੱਧੜਪੁਣਾ ਹੈ, ਜਿੰਨਾਂ ਕਿ ਕਾਰਖ਼ਾਨੇਦਾਰਾਂ ਤੋਂ ਇਸ ਸਵਾਲ ਉਤੇ ਨਿਰਪੱਖਤਾ ਦੀ ਆਸ ਰੱਖਣੀ ਕਿ ਸਰਮਾਏ ਦੇ ਮੁਨਾਫ਼ੇ ਨੂੰ ਘਟਾ ਕੇ ਮਜ਼ਦੂਰਾਂ ਦੀਆਂ ਉਜਰਤਾਂ ਵਧਾ ਦੇਣੀਆਂ ਚਾਹੀਦੀਆਂ ਹਨ ਜਾਂ ਨਹੀਂ।"*

ਫ਼ਿਲਾਸਫ਼ੀ ਦੇ ਇਸ ਬੁਨਿਆਦੀ ਸਵਾਲ ਦਾ ਜਵਾਬ ਦਿਤੇ ਜਾਣ ਉਤੇ ਨਿਰਭਰ ਕਰਦਿਆਂ, ਕੋਈ ਜਾਂ ਤਾਂ ਇਹ ਫ਼ੈਸਲਾ ਕਰੇਗਾ ਕਿ ਸਮਾਜ ਦੀ ਇਨਕਲਾਬੀ ਤਬਦੀਲੀ ਲੋੜੀਂਦੀ ਹੈ, ਜਾਂ ਇਸ ਸਿੱਟੇ ਉਤੇ ਪੁੱਜੇਗਾ ਕਿ ਇਹ ਅਸੰਭਵ ਹੈ; ਜਾਂ ਤਾਂ ਵਿਅਕਤੀ ਮਨੁੱਖ ਦੀਆਂ ਬੀਮਾਰੀਆਂ ਅਤੇ ਸ਼ਰੀਰਕ ਕਸ਼ਟ ਦੇ ਖ਼ਿਲਾਫ਼ ਅਤੇ ਮਨੁੱਖ ਦੀ ਆਯੂ ਲੰਮੀ ਕਰਨ ਦੇ ਵਾਸਤੇ ਘੋਲ ਕਰੇਗਾ, ਜਾਂ ਮਨੁੱਖ ਦੇ ਸ਼ਰੀਰ ਨੂੰ ਉਸਦੀ ਆਤਮਾ ਦਾ ਆਰਜ਼ੀ ਨਿਵਾਸ-ਸਥਾਨ ਸਮਝੇਗਾ ਅਤੇ ਇਸਨੂੰ ਬਿਹਤਰ ਬਣਾਉਣ ਦੀ ਕੋਈ ਕੋਸ਼ਿਸ਼ ਨਹੀਂ ਕਰੇਗਾ।

ਇਹੀ ਕਾਰਨ ਹੈ ਕਿ ਬਾਵਜੂਦ ਇਸ ਤੱਥ ਦੇ ਕਿ ਆਪਣੀਆਂ ਅਮਲੀ ਸਰਗਰਮੀਆਂ ਵਿਚ ਮਨੁੱਖ ਵਲੋਂ ਪਰਾਪਤ ਕੀਤੀਆਂ ਗਈਆਂ ਸਫ਼ਲਤਾਵਾਂ ਨੇ ਵਸਤੂਪਰਕ ਸੰਸਾਰ ਦੀ, ਜਾਂ, ਫ਼ਿਲਾਸਫ਼ਰਾਂ

---

*ਵ. ਇ. ਲੈਨਿਨ, "ਮਾਰਕਸਵਾਦ ਦੇ ਤਿੰਨ ਸੋਮੇ ਅਤੇ ਤਿੰਨ ਅੰਗ" ਕਿਰਤ ਸੰਗ੍ਰਹਿ, ਸੈਂਚੀ ੧੯, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੮੦, ਸਫ਼ਾ ੨੩।

ਦੀ ਭਾਸ਼ਾ ਵਿਚ ਗੱਲ ਕੀਤਿਆਂ, ਚੇਤਨਾ ਦੇ ਮੁਕਾਬਲੇ ਉੱਤੇ **ਪਦਾਰਥ** ਦੀ ਪ੍ਰਾਥਮਿਕਤਾ ਦੀ ਪੁਸ਼ਟੀ ਕਰ ਦਿਤੀ ਹੈ, ਫਿਰ ਵੀ ਇਸ ਸਵਾਲ ਦੇ ਦੂਜੇ ਵਿਰੋਧੀ ਜਵਾਬ ਪ੍ਰਚੱਲਤ ਰਹਿਣਾ ਜਾਰੀ ਰੱਖ ਰਹੇ ਹਨ, ਜੋ ਕਿ ਵਿਗਿਆਨਕ ਪਰਾਪਤੀਆਂ ਉਤੇ ਕਾਟਾ ਫੇਰਦੇ ਹਨ ਪਰ ਕੁਝ ਸਮਾਜਕ ਹਿੱਤਾਂ ਦੀ ਸੇਵਾ ਕਰਦੇ ਹਨ। ਇਸਲਈ ਸਾਨੂੰ ਮੁੜ ਮੁੜ ਕੇ ਫ਼ਿਲਾਸਫ਼ੀ ਦੇ ਮੁਖ ਸਵਾਲ ਵੱਲ ਆਉਣਾ ਪੈਂਦਾ ਹੈ, ਅਤੇ ਮੁੜ ਮੁੜ ਕੇ ਉਸ ਗੱਲ ਨੂੰ ਸਾਬਤ ਕਰਨਾ ਪੈਂਦਾ ਹੈ, ਜਿਹੜੀ ਬਹੁਤ ਪਹਿਲਾਂ ਸਾਬਤ ਕੀਤੀ ਜਾ ਚੁੱਕੀ ਹੈ। ਇਸ ਕਰਕੇ, ਬਿਲਕੁਲ ਦੋ ਹਜ਼ਾਰ ਸਾਲ ਪਹਿਲਾਂ ਵਾਂਗ ਹੀ, ਮੁੱਖ ਸਵਾਲ ਦੇ ਹਲ ਉਤੇ ਨਿਰਭਰ ਕਰਦਿਆਂ, ਫ਼ਿਲਾਸਫ਼ਰ ਮੁੱਖ ਤੌਰ ਉਤੇ ਦੋ ਵੱਡੇ ਸਮੂਹਾਂ ਵਿਚ ਵੰਡੇ ਜਾਂਦੇ ਹਨ—ਪਦਾਰਥਵਾਦੀ ਅਤੇ ਆਦਰਸ਼ਵਾਦੀ; ਜਿਵੇਂ ਕਿ ਲੈਨਿਨ ਨੇ ਕਿਹਾ ਸੀ, ਪਦਾਰਥਵਾਦੀ "ਡਿਮੋਕਰੀਟਸ ਦੀ ਲੀਹ" ਉਤੇ ਚੱਲਦੇ ਹਨ ਅਤੇ ਆਦਰਸ਼ਵਾਦੀ "ਅਫ਼ਲਾਤੂਨ ਦੀ ਲੀਹ" ਉਤੇ।

## ਆਦਰਸ਼ਵਾਦ ਅਤੇ ਆਦਰਸ਼

ਸਾਰੇ ਹੀ ਫ਼ਿਲਾਸਫ਼ਰ **ਪਹਿਲੀ ਥਾਂ ਉਤੇ** ਜਾਂ ਪਦਾਰਥਵਾਦੀ ਹਨ, ਜਾਂ ਆਦਰਸ਼ਵਾਦੀ, ਅਤੇ ਉਹਨਾਂ ਨੂੰ ਵੰਡਣ ਵਾਲੀ ਮੁੱਖ ਲਕੀਰ ਖਿੱਚੇ ਜਾਣ ਤੋਂ ਮਗਰੋਂ ਹੀ ਅਸੀਂ ਉਹਨਾਂ ਨੂੰ ਅਸਤਿਤਵਵਾਦੀਆਂ, ਫਰਾਇਡਵਾਦੀਆਂ, ਨਵ-ਥਾਮਸਵਾਦੀਆਂ, ਪ੍ਰਤੱਖਵਾਦੀਆਂ, ਅਤੇ ਮਾਰਕਸਵਾਦੀਆਂ ਵਿਚ ਵੰਡ ਸਕਦੇ ਹਾਂ। ਪਦਾਰਥਵਾਦੀਆਂ ਦਾ ਵਿਸ਼ਵਾਸ ਹੈ ਕਿ ਪਦਾਰਥ, ਅਸਲੀ ਸੰਸਾਰ, ਪ੍ਰਕਿਰਤੀ, ਹਸਤੀ (ਇਹ ਸਾਰੇ ਹੀ ਸ਼ਬਦ ਲਗਭਗ ਇਕੋ ਹੀ ਸੰਕਲਪ ਨੂੰ ਪੇਸ਼ ਕਰਦੇ ਹਨ) ਚੇਤਨਾ ਨਾਲ ਵਰੋਸਾਏ ਮਨੁੱਖ ਤੋਂ ਪਹਿਲਾਂ ਹੋਂਦ

ਵਿਚ ਆਏ। ਪ੍ਰਕਿਰਤੀ ਦੇ ਵਿਗਾਸ ਦੇ ਦੌਰਾਨ ਪਸ਼ੂ, ਬੂਟੇ ਅਤੇ ਜੀਵ, ਅਤੇ ਹੋਰ ਵੀ ਮਗਰੋਂ ਮਨੁੱਖ ਹੋਂਦ ਵਿਚ ਆਏ। ਆਓ ਵਧੇਰੇ ਨਿਸਚਿਤ ਸ਼ਬਦਾਂ ਵਿਚ ਪਦਾਰਥ ਨੂੰ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕਰੀਏ। **ਪਦਾਰਥ** ਉਹ ਹੈ ਜਿਹੜਾ ਸਾਡੇ ਮਨ ਤੋਂ ਬਾਹਰ ਮੌਜੂਦ ਹੈ, ਇਸਤੋਂ ਸਵੈਧੀਨ ਹੈ ਅਤੇ ਇਸਤੋਂ ਪਹਿਲਾਂ ਰੂਪ ਧਾਰ ਚੁੱਕਾ ਹੋਇਆ ਹੈ, ਅਰਥਾਤ, ਜਿਹੜਾ **ਵਸਤੂਪਰਕ** ਤੌਰ ਉਤੇ ਹੋਂਦ ਰੱਖਦਾ ਹੈ। ਇਹ ਸਿਰਜਿਆ ਨਹੀਂ ਜਾ ਸਕਦਾ, ਅਤੇ ਮਿਟਾਇਆ ਵੀ ਨਹੀਂ ਜਾ ਸਕਦਾ; ਇਹ ਸਦੀਵੀ ਅਤੇ ਅਸੀਮ ਹੈ। ਮਨੁੱਖ ਹਰ ਪ੍ਰਕਾਰ ਦੀ ਸਰਗਰਮੀ ਵਿਚ ਜੁੱਟਿਆ ਹੋਇਆ, ਅਤੇ ਜੀਵਨ ਭਰ, ਪਦਾਰਥ ਨਾਲ ਸੰਪਰਕ ਵਿਚ ਆਉਂਦਾ ਹੈ—ਭਾਵੇਂ ਉਹ ਕੰਮ ਕਰ ਰਿਹਾ ਹੋਵੇ ਜਾਂ ਉਸਦੇ ਆਲੇ-ਦੁਆਲੇ ਜੋ ਵਾਪਰ ਰਿਹਾ ਹੈ, ਉਸਨੂੰ ਸਲਾਹ ਰਿਹਾ ਹੋਵੇ। ਮਨੁੱਖਾ ਸ਼ਰੀਰ ਵੀ ਪਦਾਰਥ ਹੀ ਹੈ: ਬੇਸ਼ਕ, ਇਸਦਾ ਜਨਮ, ਵਾਧਾ ਅਤੇ ਇਸਦੇ ਪ੍ਰਕਾਰਜ ਪੂਰੀ ਤਰ੍ਹਾਂ ਮਨੁੱਖ ਦੀ ਇੱਛਾ-ਸ਼ਕਤੀ ਦੇ ਕਾਬੂ ਵਿਚ ਨਹੀਂ, ਭਾਵੇਂ ਉਹ ਕਿੰਨਾਂ ਵੀ ਕਿਉਂ ਨਾ ਚਾਹੁੰਦਾ ਹੋਵੇ ਕਿ ਇਹ ਇੰਝ ਹੋਵੇ। ਜਿਉਂ ਜਿਉਂ ਮਨੁੱਖ ਪਦਾਰਥਕ ਸੰਸਾਰ ਨਾਲ ਅਤੇ ਪ੍ਰਕਿਰਤੀ ਨਾਲ ਅੰਤਰ-ਕਰਮ ਵਿਚ ਆਉਂਦਾ ਹੈ, ਪਦਾਰਥਕ ਸੰਸਾਰ ਅਤੇ ਪ੍ਰਕਿਰਤੀ ਵੀ ਉਸ ਉਪਰ—ਉਸਦੇ ਜਜ਼ਬਿਆਂ, ਚੇਤਨਾ ਅਤੇ ਇੱਛਾ-ਸ਼ਕਤੀ ਉਪਰ—ਵੀ ਲਗਾਤਾਰ ਪ੍ਰਭਾਵ ਪਾਈ ਚੱਲੇ ਜਾਂਦੇ ਹਨ। ਇਸਲਈ, ਨਾ ਸਿਰਫ਼ ਚੇਤਨਾ ਦਾ ਪ੍ਰਗਟ ਹੋਣਾ ਸਗੋਂ ਇਸਦਾ "ਵਸਤੂ" ਵੀ ਪਦਾਰਥ ਉਪਰ ਨਿਰਭਰ ਕਰਦਾ ਹੈ—ਕਿਉਂਕਿ ਮਨੁੱਖ ਦਾ ਸਾਰਾ ਗਿਆਨ ਆਲੇ-ਦੁਆਲੇ ਦੇ ਸੰਸਾਰ ਤੋਂ ਹੀ ਪਰਾਪਤ ਕੀਤਾ ਗਿਆ ਹੁੰਦਾ ਹੈ।

ਚੇਤਨਾ ਅਤੇ ਪਦਾਰਥ ਵਿਚਲੇ ਸੰਬੰਧ ਨੂੰ ਆਦਰਸ਼ਵਾਦੀ ਵਖਰੀ ਤਰ੍ਹਾਂ ਲੈਂਦੇ ਹਨ। ਉਹਨਾਂ ਲਈ, ਪ੍ਰਕਿਰਤੀ ਅਤੇ ਲੋਕ

ਦੇਹਧਾਰੀਆਂ, ਪ੍ਰਕਿਰਤਕ ਵੰਜੂਦਾਂ ਵਜੋਂ ਕਿਸੇ ਆਤਮਾ ਦੀ ਸਿਰਜਣਾ ਹਨ, ਕਿਸੇ ਦੇ ਵਿਚਾਰ ਦੀ, ਚੰਗੀ ਜਾਂ ਬੁਰੀ ਰਜ਼ਾ ਦੀ ਪੂਰਤੀ ਹਨ। ਜਿਸਤਰ੍ਹਾਂ ਨਾਲ ਕੋਈ ਰਾਜ ਕਿਸੇ ਭਵਨ--ਨਿਰਮਾਤਾ ਵਲੋਂ ਚਿਤਵੇ ਅਤੇ ਵਿਸਥਾਰੇ ਗਏ ਡੀਜ਼ਾਈਨ ਅਨੁਸਾਰ ਕੋਈ ਘਰ ਬਣਾ ਸਕਦਾ ਹੈ, ਉਸੇ ਤਰ੍ਹਾਂ ਹੀ ਸਾਰੀ ਦੁਨੀਆਂ ਅਤੇ ਖੁਦ ਮਨੁੱਖ ਕਿਸੇ ਅਗਿਆਤ ਸਰਬ-ਸ਼ਕਤੀਮਾਨ ਭਵਨ--ਨਿਰਮਾਤਾ ਵਲੋਂ ਬਣਾਏ ਗਏ ਵਿਰਾਟ "ਡੀਜ਼ਾਈਨ" ਨੂੰ ਹੀ ਸਿਰਫ਼ ਸਾਕਾਰ ਕਰਦੇ ਹਨ।

ਇਸਲਈ, ਪਦਾਰਥਵਾਦੀ ਤਾਂ ਇਹ ਵਿਸ਼ਵਾਸ ਰੱਖਦੇ ਹਨ ਕਿ ਪਦਾਰਥ ਪ੍ਰਥਮ ਹੈ ਅਤੇ ਚੇਤਨਾ ਇਸਦੀ ਉਪਜ ਹੈ, ਆਦਰਸ਼ਵਾਦੀ ਇਹ ਵਿਸ਼ਵਾਸ ਰੱਖਦੇ ਹਨ ਕਿ ਸਾਰਾ ਸੰਸਾਰ ਮਨ ਦੀਆਂ ਸਰਗਰਮੀਆਂ ਦਾ ਸਿੱਟਾ ਹੈ। ਇੰਝ ਲੱਗੇਗਾ ਕਿ ਮਸਲਾ ਕਾਫ਼ੀ ਸਪਸ਼ਟ ਹੈ। ਪਰ ਮਨੁੱਖਤਾ ਦਾ ਪਿਛਲਾ ਅਤੇ ਹੁਣ ਦਾ ਤਜਰਬਾ ਇਹ ਸਿੱਧ ਕਰਦਾ ਹੈ ਕਿ ਇਹਨਾਂ ਸ਼ਬਦਾਂ ਦੇ ਅਰਥ ਕਰਨ ਵਿਚ ਹਮੇਸ਼ਾ ਹੀ ਇਕ ਤਰ੍ਹਾਂ ਦਾ ਘਚੋਲਾ ਹੁੰਦਾ ਹੈ।

ਕਦੀ ਕਦੀ, ਜਦੋਂ ਕਿਸੇ ਨੂੰ "ਆਦਰਸ਼ਵਾਦੀ" ਕਿਹਾ ਜਾਂਦਾ ਹੈ, ਤਾਂ ਲੋਕਾਂ ਦਾ ਮਤਲਬ ਇਹ ਹੁੰਦਾ ਹੈ ਕਿ ਸੰਬੰਧਤ ਮਨੁੱਖ ਉੱਚੀਆਂ ਅਤੇ ਉੱਤਮ ਅਕਾਂਖਿਆਵਾਂ, ਟੀਚੇ ਅਤੇ ਆਦਰਸ਼ ਰੱਖਦਾ ਹੈ, ਕਿ ਉਹ ਬੌਧਕ ਤੌਰ ਉਤੇ ਕੋਈ ਗੁਣੀ ਆਦਮੀ ਹੈ। ਕਦੀ ਕਦੀ ਇਸ ਵਿਚ ਰਤਾ ਕੁ ਵਿਅੰਗ ਵੀ ਸ਼ਾਮਲ ਹੋ ਜਾਂਦਾ ਹੈ, ਕਿਉਂਕਿ ਆਦਰਸ਼ਵਾਦੀ ਹਮੇਸ਼ਾ ਹੀ ਸੁਫ਼ਨੇਸਾਜ਼ ਹੁੰਦਾ ਹੈ ਅਤੇ ਆਪਣੀ "ਰੋਜ਼ਾਨਾ ਰੋਟੀ", ਅਣਘੜ ਯਥਾਰਥ ਬਾਰੇ ਭੁੱਲਣ ਦੀ ਰੁਚੀ ਰੱਖਦਾ ਹੈ; ਜੋ ਕਿ ਉਸਦੇ ਅਤਿ ਇੱਛਤ ਆਦਰਸ਼ਾਂ ਨੂੰ ਬੇਕਿਰਕੀ ਨਾਲ ਤਬਾਹ ਕਰਦਾ ਰਹਿੰਦਾ ਹੈ।

ਇਸ ਪਹੁੰਚ ਅਨੁਸਾਰ, "ਪਦਾਰਥਵਾਦੀ ਲੋਕ" ਮਾੜੀ

ਆਤਮਾ ਵਾਲੇ ਲੋਕ ਹੁੰਦੇ ਹਨ, ਜਿਹੜੇ ਗੁਣ ਅਤੇ ਸੁੰਦਰਤਾ ਵਿਚ ਯਕੀਨ ਨਹੀਂ ਰੱਖਦੇ ਅਤੇ ਸਿਰਫ਼ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਬਾਰੇ ਹੀ ਸੋਚਦੇ ਹਨ। ਇਸਲਈ ਸਾਰੇ ਮਨੁੱਖੀ ਔਗੁਣ — ਪੇਟੂਪੁਣਾ, ਪਿਆਕੜਪੁਣਾ, ਵਹਿਸ਼ਤ, ਲੋਭ ਅਤੇ ਮੁਨਾਫ਼ੇਖੋਰੀ — ਪਦਾਰਥਵਾਦੀਆਂ ਦੇ ਲੱਛਣ ਹਨ। ਇਥੋਂ ਤੱਕ ਕਿ ਜਰਮਨ ਪਦਾਰਥਵਾਦੀ ਫ਼ਿਲਾਸਫ਼ਰ ਅਤੇ ਮਾਰਕਸਵਾਦੀ ਫ਼ਿਲਾਸਫ਼ੀ ਦੇ ਤੁਰਤ ਪੂਰਵ-ਗਾਮੀਆਂ ਵਿਚੋਂ ਇਕ, **ਲੁਡਵਿਗ ਫ਼ਿਉਰਬਾਖ਼**, "ਪਦਾਰਥਵਾਦ" ਸ਼ਬਦ ਦੇ ਖ਼ਿਲਾਫ਼ ਆਪਣੇ ਤੁਅੱਸਬ ਨੂੰ ਦੂਰ ਨਹੀਂ ਸੀ ਕਰ ਸਕਿਆ। ਸੰਸਾਰ ਦ੍ਰਿਸ਼ਟੀਕੋਨ ਵਜੋਂ ਪਦਾਰਥਵਾਦ ਨੂੰ ਸਮਕਾਲੀ ਫ਼ਿਲਾਸਫ਼ਰਾਂ ਵਲੋਂ ਕੱਢੇ ਜਾਂਦੇ ਦੂਸ਼ਿਤ ਅਤੇ ਗੰਵਾਰੂ ਕਿਸਮ ਦੇ ਅਰਥਾਂ ਨਾਲ ਰਲਗਡ ਕਰਦਿਆਂ, ਉਸਨੇ ਲਿਖਿਆ ਸੀ: "ਪਿੱਛੇ ਵੱਲ ਨੂੰ ਮੈਂ ਪਦਾਰਥਵਾਦੀਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ, ਪਰ ਅੱਗੇ ਵੱਲ ਨੂੰ ਨਹੀਂ।"*

ਬੇਸ਼ਕ, ਇਸਤਰ੍ਹਾਂ ਦੇ "ਪਦਾਰਥਵਾਦੀ" ਸ਼ਾਇਦ ਹੀ ਹੈ ਕਿਸੇ ਵਿਚ ਹਮਦਰਦੀ ਜਗਾਉਣ। ਪਰ ਇਕ ਸ਼ੁਭ ਸੋਚਨੀਵਾਲਾ ਬੁਰਜੂਆ ਖ਼ੁਦ ਚੰਗਿਆਈ, ਪਿਆਰ, ਵਿਸ਼ਵਾਸ ਅਤੇ ਪ੍ਰਸਪਰ ਸਹਾਇਤਾ ਨੂੰ ਸਿਰਫ਼ ਉਦੋਂ ਹੀ ਯਾਦ ਕਰੇਗਾ ਜਦੋਂ ਉਹ ਦੀਵਾਲੀਆਪਣ ਦੇ ਅਮਲ ਵਿਚੋਂ ਲੰਘ ਰਿਹਾ ਹੋਵੇਗਾ। ਉੱਚੇ-ਸੁੱਚੇ ਆਦਰਸ਼ਾਂ ਦਾ ਉਤਸ਼ਾਹੀ ਸਮਰਥਕ ਵੀ ਕਦੀ ਕਦੀ ਹੋ ਸਕਦਾ ਹੈ ਚੋਰੀ ਚੋਰੀ ਉਹਨਾਂ ਐਬਾਂ ਵਿਚ ਜੁਟਿਆ ਸਾਬਤ ਹੋਵੇ, ਜਿਨ੍ਹਾਂ ਦਾ ਉਹ ਖੁਲ੍ਹੇ ਆਮ ਰੋਹ ਨਾਲ ਤਿਆਗ ਕਰਦਾ ਹੈ।

---

*ਫ਼ਰੈਡਰਿਕ ਏਂਗਲਜ਼, "**ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕਲ ਜਰਮਨ ਫ਼ਿਲਾਸਫ਼ੀ ਦਾ ਅੰਤ**", ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼, ਚੋਣਵੀਆਂ ਕਿਰਤਾਂ, ਤਿੰਨ ਸੈਂਚੀਆਂ ਵਿਚ, ਸੈਂਚੀ ੩, ਸਫਾ ੩੪੯।

ਤਾਂ ਫਿਰ ਪਦਾਰਥਵਾਦੀ ਅਤੇ ਆਦਰਸ਼ਵਾਦੀ ਵਿਅਕਤੀ ਦਾ ਨਿਸਚਿਤ ਫ਼ਿਲਾਸਫ਼ੀ ਦੇ ਪ੍ਰਤਿਨਿਧ ਵਜੋਂ, ਚੰਗਿਆਈ, ਇਨਸਾਫ਼ ਅਤੇ ਚੰਗੇਰੇ ਭਵਿੱਖ ਦੀ ਪਰਾਪਤੀ ਲਈ ਘੋਲ ਵੱਲ ਅਸਲ ਵਤੀਰਾ ਕੀ ਹੁੰਦਾ ਹੈ? ਇਸ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਸਭ ਤੋਂ ਪਹਿਲਾਂ ਪਦਾਰਥਵਾਦੀ ਫ਼ਿਲਾਸਫ਼ੀ ਦੇ ਆਮ ਲੱਛਣਾਂ ਉਤੇ ਵਿਚਾਰ ਕਰਨੀ ਚਾਹੀਦੀ ਹੈ।

### ਸੰਸਾਰ — ਪਦਾਰਥਵਾਦੀ ਦੀਆਂ ਨਜ਼ਰਾਂ ਰਾਹੀਂ

ਸੰਸਾਰ ਨੂੰ ਅਰਥਾਉਣ ਦੀ ਕੋਸ਼ਿਸ਼ ਕਰਦਿਆਂ, ਫ਼ਿਲਾਸਫ਼ਰ ਅੱਗੇ ਸਭ ਤੋਂ ਪਹਿਲਾਂ ਇਸਦੀ ਵੰਨ-ਸੁਵੰਨਤਾ ਆਉਂਦੀ ਹੈ। ਬਹੁਤ ਵੱਡੇ ਵੱਡੇ ਅਰਸ਼ੀ ਵਜੂਦ ਅਤੇ ਗ੍ਰਹਿ, ਧਰਤੀ ਜਿਨ੍ਹਾਂ ਵਿਚ ਕਿਸੇ ਤਰ੍ਹਾਂ ਵੀ ਸਭ ਤੋਂ ਵੱਡੀ ਨਹੀਂ, ਮੌਜੂਦ ਹਨ ਅਤੇ ਸਾਡੇ ਸੰਸਾਰ ਵਿਚ ਅਣੂਆਂ, ਐਟਮਾਂ ਅਤੇ ਮੁਢਲੇ ਕਣਾਂ ਵਰਗੇ ਨਿੱਕੇ ਨਿੱਕੇ ਅਦਿੱਖ ਕਣ ਵੀ ਹਨ। ਸਾਡੇ ਆਲੇ-ਦੁਆਲੇ ਨਿਰਜੀਵ ਪ੍ਰਕਿਰਤੀ ਹੈ — ਪਹਾੜ, ਜਲ-ਆਕਾਰਾਂ ਦੇ ਪਸਾਰ, ਧਰਤੀ, ਅਤੇ ਬਹੁਤ ਸਾਰੇ ਜੀਵ ਹਨ। ਮਨੁੱਖ ਰਹਿਣ ਲਈ ਘਰ ਦੀ ਵਰਤੋਂ ਕਰਦਾ ਹੈ ਅਤੇ ਇਕ ਥਾਂ ਤੋਂ ਦੂਜੀ ਥਾਂ ਜਾਣ ਲਈ ਬੱਸਾਂ ਅਤੇ ਹਵਾਈਜਹਾਜ਼ ਵਰਤਦਾ ਹੈ, ਜੋ ਕਿ ਸਾਰਾ ਕੁਝ ਉਸਨੇ ਆਪਣੇ ਹੱਥਾਂ ਨਾਲ ਬਣਾਇਆ ਹੋਇਆ ਹੈ। ਪਰ ਉਹ ਆਪਣੇ ਆਲੇ-ਦੁਆਲੇ ਐਸੀਆਂ ਚੀਜ਼ਾਂ ਵੀ ਦੇਖਦਾ ਹੈ ਜਿਹੜੀਆਂ ਉਸਨੇ ਆਪ ਨਹੀਂ ਬਣਾਈਆਂ ਅਤੇ ਜਿਹੜੀਆਂ ਉਸਦੇ ਵੀ ਪਰਗਟ ਹੋਣ ਤੋਂ ਪਹਿਲਾਂ ਮੌਜੂਦ ਸਨ। ਇਸ ਸਾਰੀ ਰੰਗ-ਬਰੰਗੀ ਤਸਵੀਰ ਵਿਚ ਕੋਈ ਕਿਸੇਤਰ੍ਹਾਂ ਦੀ ਏਕਤਾ ਮੌਜੂਦ ਹੈ? ਇਸ ਸਵਾਲ ਦਾ ਜਵਾਬ ਮੂਲ ਮਹੱਤਾ ਰੱਖਦਾ ਹੈ।

ਸਚਮੁਚ, ਜੇ ਸੰਸਾਰ ਸਿਰਫ਼ ਗੜਬੜ-ਚੌਥ ਹੀ ਹੈ, ਤਾਂ

ਇਸ ਵਿਚ ਮਨੁੱਖ ਉਸੇਤਰ੍ਹਾਂ ਹੀ "ਗੁਆਚਾ ਹੋਇਆ" ਹੈ, ਜਿਵੇਂ ਬ੍ਰਹਿਮੰਡ ਵਿਚ ਰੇਤ ਦਾ ਕਿਣਕਾ। ਜੇ ਦੁਨੀਆਂ ਵਿਚ ਕੋਈ ਤਰਤੀਬ ਨਹੀਂ, ਅਤੇ ਕੋਈ ਕਾਨੂੰਨ ਨਹੀਂ ਹਨ, ਤਾਂ ਖੁਦ ਮਨੁੱਖ ਸਮੇਤ, ਜੋ ਕਿ ਚੇਤਨਾ ਨਾਲ ਵਰੋਸਾਈ ਹਸਤੀ ਹੈ, ਸਾਰੀਆਂ ਜਿਊਂਦੀਆਂ ਚੀਜ਼ਾਂ ਦੇ ਮੁੱਢ ਨੂੰ ਸਮਝਣਾ ਅਸੰਭਵ ਹੈ। ਪਦਾਰਥਵਾਦ ਉਤੇ ਵੀ ਕਿੰਤੂ ਕੀਤਾ ਜਾ ਸਕਦਾ ਹੈ, ਕਿਉਂਕਿ ਜੇ ਅਸੀਂ ਇਹ ਨਹੀਂ ਜਾਣ ਸਕਦੇ ਕਿ ਮਨੁੱਖੀ ਮਨ ਪਦਾਰਥ ਤੋਂ ਕਿਵੇਂ ਵਿਕਸਤ ਹੋਇਆ, ਤਾਂ ਫਿਰ ਸ਼ਾਇਦ ਇਹ ਪਦਾਰਥ ਤੋਂ ਵਿਕਸਤ ਹੀ ਨਹੀਂ ਹੋਇਆ, ਸਗੋਂ ਇਸਤੋਂ ਸਵੈਧੀਨ ਤੌਰ ਉਤੇ ਹੋਂਦ ਰੱਖਦਾ ਹੈ। ਇਹੀ ਕਾਰਨ ਹੈ ਕਿ ਕੋਈ ਵੀ ਪਦਾਰਥਵਾਦੀ ਸੰਸਾਰ ਦੀ ਏਕਤਾ ਦੇ ਮਸਲੇ ਨੂੰ, ਉਹਨਾਂ ਕਾਨੂੰਨਾਂ ਦੇ ਮਸਲੇ ਨੂੰ ਹਲ ਕਰਨ ਤੋਂ ਨਹੀਂ ਕਤਰਾ ਸਕਦਾ, ਜਿਹੜੇ ਕਾਨੂੰਨ ਇਸਨੂੰ ਇਕੋ ਇਕ ਸਮੁੱਚ ਵਿਚ ਬੰਨ੍ਹਦੇ ਹਨ।

ਪਹਿਲਾਂ ਪਹਿਲਾਂ ਸੰਸਾਰ ਵਿਚ ਸਰਬ-ਵਿਆਪਕ ਕਾਨੂੰਨਾਂ ਦੀ ਹੋਂਦ ਸਿਰਫ਼ ਇਕ ਅੰਦਾਜ਼ਾ ਹੀ ਸੀ। ਪੁਰਾਤਨ ਯੂਨਾਨ ਵਿਚਲੇ ਪਦਾਰਥਵਾਦੀ ਫ਼ਿਲਾਸਫ਼ਰਾਂ ਨੇ ਇਹ ਕਾਨੂੰਨ ਲੱਭਣ ਦੀਆਂ ਮੁੱਢਲੀਆਂ ਕੋਸ਼ਿਸ਼ਾਂ ਕੀਤੀਆਂ। ਹਿਰਾਕਲੀਟਸ, ਜਿਸਨੇ ਚੀਜ਼ਾਂ ਦੇ ਸਰਬ-ਵਿਆਪਕ ਸੰਬੰਧ ਨੂੰ ਵਿਚਿਤ੍ਰ ਰੂਪ ਵਿਚ ਪਰਗਟ ਕੀਤਾ, ਦਾ ਵਿਸ਼ਵਾਸ ਸੀ ਕਿ ਸੰਸਾਰ ਇਕ ਇਕਾਈ ਹੈ ਕਿਉਂਕਿ ਇਹ ਇਕੋ ਇਕ ਆਧਾਰ ਉਤੇ ਟਿਕਿਆ ਹੋਇਆ ਹੈ—ਅੱਗ ਉਤੇ, ਜਿਹੜੀ "ਹਿਸਾਬ ਨਾਲ ਹੀ ਬਲਦੀ ਅਤੇ ਹਿਸਾਬ ਨਾਲ ਹੀ ਬੁਝਦੀ ਹੈ।" ਥੇਲਜ਼ ਪਾਣੀ ਨੂੰ ਸੰਸਾਰ ਦੀ ਪ੍ਰਾਥਮਿਕ ਬੁਨਿਆਦ ਸਮਝਦਾ ਸੀ, ਅਤੇ ਅਨਾਕਸੀਮੀਨਜ਼—ਹਵਾ ਨੂੰ। ਡਿਮੋਕਰੀਟਸ ਸੰਸਾਰ ਦੀ ਬਣਤਰ ਬਾਰੇ ਠੀਕ ਦ੍ਰਿਸ਼ਟੀਕੋਨ ਦੇ ਸਭ ਤੋਂ ਨੇੜੇ ਆਇਆ; ਉਸਦਾ ਵਿਸ਼ਵਾਸ ਸੀ ਕਿ ਚੀਜ਼ਾਂ ਦਾ ਇਕੋ ਇਕ ਪ੍ਰਾਥਮਿਕ ਆਧਾਰ ਐਟਮ—ਨਿੱਕੇ ਨਿੱਕੇ ਹਰਕਤ

ਕਰਦੇ ਕਣ—ਹਨ। ਏਂਗਲਜ਼ ਨੇ ਪਹਿਲੇ ਯੂਨਾਨੀ ਪਦਾਰਥਵਾਦੀ ਫ਼ਿਲਾਸਫ਼ਰਾਂ ਦੇ ਵਿਚਾਰਾਂ ਦੀ ਵਿਸ਼ੇਸ਼ਤਾ ਨੂੰ ਇਸਤਰ੍ਹਾਂ ਬਿਆਨ ਕੀਤਾ: "ਇਥੇ... ਪਹਿਲਾਂ ਹੀ ਸਾਰਾ ਮੌਲਿਕ ਆਪਮੁਹਾਰਾ ਪਦਾਰਥਵਾਦ ਮਿਲਦਾ ਹੈ ਜਿਹੜਾ ਆਪਣੇ ਸ਼ੁਰੂ ਸ਼ੁਰੂ ਵਿਚ ਬਿਲਕੁਲ ਕੁਦਰਤੀ ਤੌਰ ਉਤੇ ਪ੍ਰਕਿਰਤਕ ਵਰਤਾਰਿਆਂ ਦੀ ਅਸੀਮ ਵੰਨ-ਸੁਵੰਨਤਾ ਦੀ ਏਕਤਾ ਨੂੰ ਸੁਭਾਵਕ ਸਮਝਦਾ ਹੈ, ਅਤੇ ਇਸਨੂੰ ਕਿਸੇ ਨਿਸਚਿਤ ਸਰੀਰ ਰੱਖਦੀ ਚੀਜ਼, ਕਿਸੇ ਵਿਸ਼ੇਸ਼ ਚੀਜ਼ ਵਿਚ ਲੱਭਦਾ ਹੈ, ਜਿਵੇਂ ਥੇਲਜ਼ ਪਾਣੀ ਵਿਚ।"*

ਆਧੁਨਿਕ ਵਿਗਿਆਨ ਸੰਸਾਰ ਦੀ ਏਕਤਾ ਬਾਰੇ ਪੁਰਾਤਨ ਪਦਾਰਥਵਾਦੀਆਂ ਦੇ ਅੰਦਾਜ਼ਿਆਂ ਦੀ ਪੁਸ਼ਟੀ ਕਰਦਾ ਹੈ, ਉਹਨਾਂ ਨੂੰ ਨਿਸਚਿਤ ਬਣਾਉਂਦਾ ਅਤੇ ਠੀਕ ਕਰਦਾ ਹੈ, ਅਤੇ ਉਹਨਾਂ ਦੇ ਸਿੱਧੜ ਜਿਹੇ ਮਿਥਣ ਨੂੰ ਠੋਸ ਸਚਾਈ ਵਿਚ ਬਦਲਦਾ ਹੈ। ਅਣੂਆਂ, ਐਟਮਾਂ, ਜਿਊਂਦੇ-ਜਾਗਦੇ ਸ਼ਰੀਰਾਂ ਅਤੇ ਅਰਸ਼ੀ ਵਜੂਦਾਂ ਦੀ ਗਤੀ ਨਾਲ ਸੰਬੰਧਤ ਕਾਨੂੰਨ ਹੁਣ ਲੱਭੇ ਜਾ ਚੁੱਕੇ ਹਨ। ਵਿਗਿਆਨ ਦੀ ਹੋਂਦ ਅਤੇ ਵਿਕਾਸ ਹੀ ਸੰਸਾਰ ਦੀ ਏਕਤਾ ਦਾ ਸਬੂਤ ਹੈ, ਕਿਉਂਕਿ ਵਿਗਿਆਨ ਨੇ ਹਮੇਸ਼ਾ ਹੀ ਐਸੀ ਚੀਜ਼ ਦਾ ਅਧਿਐਨ ਕੀਤਾ ਹੈ ਜਿਹੜੀ ਆਮ, ਸਥਿਰ, ਸਾਰੇ ਅਮਲਾਂ ਅਤੇ ਵਰਤਾਰਿਆਂ ਵਿਚ ਮੁੜ ਮੁੜ ਕੇ ਵਾਪਰਦੀ ਹੈ।

ਪਦਾਰਥਵਾਦੀ ਦੇ ਦ੍ਰਿਸ਼ਟੀਕੋਨ ਤੋਂ ਆਪਣੀ ਵੰਨ-ਸੁਵੰਨਤਾ ਵਿਚ ਇਹ ਸੰਸਾਰ ਸਿਰਫ਼ ਇਕ ਸਮੁੱਚ ਹੀ ਨਹੀਂ; ਸਗੋਂ ਨਾ ਸਮੇਂ ਵਿਚ, ਨਾ ਸਥਾਨ ਵਿਚ ਇਸਦਾ ਕੋਈ ਆਦਿ ਜਾਂ ਅੰਤ ਹੈ। ਜੇ ਅਸੀਂ ਇਹ ਕਲਪਣਾ ਕਰੀਏ ਕਿ ਬਹੁਤ ਸਮਾਂ ਪਹਿਲਾਂ ਦੁਨੀਆਂ ਮੌਜੂਦ ਨਹੀਂ ਸੀ ਅਤੇ ਕੋਈ ਲੋਕ ਜਾਂ ਪਸ਼ੂ, ਦਰੱਖ਼ਤ

---

*ਫ਼ਰੈਡਰਿਕ ਏਂਗਲਜ਼, "**ਪ੍ਰਕਿਰਤੀ ਦਾ ਵਿਰੋਧ-ਵਿਕਾਸ**", ਸਫ਼ਾ ੧੯੬।

ਜਾਂ ਘਾਹ, ਅੱਗ ਜਾਂ ਪਾਣੀ ਨਹੀਂ ਸਨ, ਕਿ ਪਦਾਰਥ ਦਾ ਨਿੱਕੇ ਤੋਂ ਨਿੱਕਾ ਕਣ ਵੀ ਨਹੀਂ ਸੀ, ਤਾਂ ਇਸਦਾ ਮਤਲਬ ਹੈ ਕਿ ਦੁਨੀਆਂ, ਹੋ ਸਕਦਾ ਹੈ, "ਸ਼ੂਨਯ" ਵਿਚੋਂ ਪੈਦਾ ਹੋਈ ਹੋਵੇ। ਜੇ ਦੁਨੀਆਂ ਨੇ, ਅਤੇ ਸਿਰਫ਼ ਸਾਡੀ ਦੁਨੀਆਂ ਨੇ ਹੀ ਨਹੀਂ, ਸਗੋਂ ਦੂਜੇ ਸਾਰੇ ਅਰਸ਼ੀ ਵਜੂਦਾਂ ਨੇ ਵੀ ਇਕ ਦਿਨ ਲੋਪ ਹੋ ਹੀ ਜਾਣਾ ਹੈ—ਤਾਂ ਕੀ ਇਸਦਾ ਮਤਲਬ ਇਹ ਹੈ ਕਿ ਉਹ ਵੀ "ਕਿਧਰੇ ਨਹੀਂ" ਚਲੇ ਜਾਣਗੇ ਅਤੇ "ਸ਼ੂਨਯ" ਵਿਚ ਬਦਲ ਜਾਣਗੇ ? ਇਹੋ ਜਿਹਾ ਮਿਥਣ ਆਧੁਨਿਕ ਵਿਗਿਆਨ ਦੇ ਬੁਨਿਆਦੀ ਕਾਨੂੰਨਾਂ—ਪਦਾਰਥ ਦੀ ਅਵਿਨਾਸ਼ਕਤਾ ਦੇ ਕਾਨੂੰਨਾਂ—ਦੇ ਨਾਲ ਅਮਿਟ ਵਿਰੋਧ ਵਿਚ ਆਉਂਦਾ ਹੈ। ਇਹ ਕਾਨੂੰਨ ਵੱਧ ਤੋਂ ਵੱਧ ਆਮਿਆਏ ਤਰੀਕੇ ਨਾਲ ਵਿਸ਼ੇਸ਼ ਰੁਝਾਣ ਬਾਰੇ ਦਸਦੇ ਹਨ, ਜ ਕਿ ਪਦਾਰਥਕ ਸੰਸਾਰ ਦੇ ਬਿਨਾਂ ਕਿਸੇ ਛੋਟ ਦੇ ਸਾਰੇ ਦੇ ਸਾਰੇ ਪ੍ਰਗਟਾਵਾਂ ਲਈ ਪ੍ਰਤਿਨਿਧ ਹੈ—ਨਾ ਸ਼ੂਨਯ ਵਿਚੋਂ ਪੈਦਾ ਹੋਣਾ ਅਤੇ ਨਾ ਹੀ ਬਿਨਾਂ ਕੋਈ ਨਿਸ਼ਾਨ ਛੱਡਿਆਂ ਲੋਪ ਹੋ ਜਾਣਾ। ਪਦਾਰਥ ਦੀ "ਸੀਮਿਤਤਾ" ਦੇ ਹਿਮਾਇਤੀ ਨੂੰ ਉਸ ਇਕੋ ਇਕ ਦਲੀਲ ਦਾ ਆਸਰਾ ਲੈਣਾ ਪੈ ਜਾਇਗਾ ਜਿਹੜੀ ਉਸ ਕੋਲ ਰਹਿ ਜਾਂਦੀ ਹੈ: ਸੰਸਾਰ ਦਾ ਸ਼ੂਨਯ ਵਿਚੋਂ ਪੈਦਾ ਹੋਣਾ ਵਿਗਿਆਨ ਦੇ ਵਿਰੁੱਧ ਜਾਂਦਾ ਹੈ ਤਾਂ ਜਾਏ —ਬਿਲਕੁਲ ਇਹ ਹੀ ਤਾਂ ਕਰਾਮਾਤ ਹੈ। ਅਤੇ ਕਰਾਮਾਤਾਂ, ਜਿਵੇਂ ਕਿ ਸਾਰੇ ਜਾਣਦੇ ਹੀ ਹਨ, ਹਮੇਸ਼ਾ ਹੀ ਘਟਣਾਵਾਂ ਦੇ ਕੁਦਰਤੀ ਵਹਿਣ ਵਿਚ ਵਿਘਣ ਪਾਉਂਦੀਆਂ ਹਨ: ਇਹਨਾਂ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਪਰ ਕਰਾਮਾਤਾਂ ਬਿਨਾਂ ਕਿਸੇ ਕਾਰਨ ਦੇ ਹੀ ਨਹੀਂ ਵਾਪਰਦੀਆਂ, ਇਥੋਂ ਤੱਕ ਕਿ ਪਰੀ-ਕਹਾਣੀਆਂ ਵਿਚ ਵੀ ਨਹੀਂ। ਕਰਾਮਾਤ ਹਮੇਸ਼ਾ ਹੀ ਕਿਸੇ ਅਦਭੁਤ ਸ਼ਕਤੀ ਵਲੋਂ ਕੀਤੀ ਜਾਂਦੀ ਹੈ, ਜਿਹੜੀ ਪ੍ਰਕਿਰਤੀ ਅਤੇ ਪਦਾਰਥ ਦੇ ਉਲਟ ਜਾ ਸਕਦੀ ਹੈ। ਇਸਲਈ ਇਹ ਕਿਹਾ

ਗਿਆ ਹੈ ਕਿ ਇਹ ਸ਼ਕਤੀ **ਗੈਰ-ਪਦਾਰਥਕ** ਹੈ। ਪਰ ਸੰਸਾਰ ਵਿਚ ਪਦਾਰਥ ਅਤੇ ਚੇਤਨਾ ਤੋਂ ਸਿਵਾ ਹੋਰ ਕੁਝ ਵੀ ਨਹੀਂ: ਇਹ ਹਸਤੀ ਦੇ ਦੋ ਸਭ ਤੋਂ ਵੱਧ ਆਮ ਖੇਤਰ ਹਨ। ਇਸਲਈ ਪਦਾਰਥ ਦੀ ਸੀਮਿਤ ਪ੍ਰਕਿਰਤੀ ਬਾਰੇ ਪ੍ਰਸਤਾਵ ਅਟੱਲ ਤੌਰ ਉਤੇ ਆਦਰਸ਼ਵਾਦ ਵੱਲ ਲੈ ਜਾਂਦਾ ਹੈ, ਇਸ ਸਿੱਟੇ ਵੱਲ ਕਿ ਪਦਾਰਥ ਦੀ, ਅਤੇ ਖ਼ੁਦ ਕਾਨੂੰਨਾਂ ਦੀ, ਜਿਸ ਅਨੁਸਾਰ ਇਹ ਵਿਕਾਸ ਕਰਦਾ ਹੈ, ਉਤਪਤੀ ਅਤੇ ਵਿਗਾਸ ਦਾ ਸੋਮਾ ਕੋਈ ਆਤਮਾ ਹੈ, ਜਾਂ, ਜਿਵੇਂ ਕਿ ਆਮ ਕਰਕੇ ਕਿਹਾ ਜਾਂਦਾ ਹੈ, ਪਰਮਾਤਮਾ ਹੈ।

ਸੋ ਸਿੱਟਾ ਇਹ ਨਿਕਲਦਾ ਹੈ: **ਸੰਸਾਰ ਦੀ ਪਦਾਰਥਕ ਏਕਤਾ, ਇਸਦੀ ਸਦੀਵੀ ਅਤੇ ਅਸੀਮ ਪ੍ਰਕਿਰਤੀ ਨੂੰ ਮੰਨੇ ਤੋਂ ਬਿਨਾਂ ਸੱਚੇ, ਇਕਸਾਰ ਪਦਾਰਥਵਾਦ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।**

ਪਰ ਕੀ ਇਸਤਰ੍ਹਾਂ ਦੀ ਦੁਨੀਆਂ ਵਿਚ ਮਨੁੱਖ ਇਕੱਲਾ ਜਿਹਾ ਨਹੀਂ ਹੋਵੇਗਾ, ਕੀ ਉਹ ਘਬਰਾ ਨਹੀਂ ਜਾਇਗਾ ਜਦੋਂ ਉਹ ਸਦੀਵਤਾ ਦੇ ਰੂਬਰੂ ਹੋਵੇਗਾ? ਬਿਲਕੁਲ ਇਹੀ ਚੀਜ਼ ਅਮਰੀਕੀ ਫ਼ਿਲਾਸਫ਼ਰ **ਵਿਲੀਅਮ ਜੇਮਜ਼** ਦੇ ਮਨ ਵਿਚ ਸੀ ਜਦੋਂ ਉਸਨੇ ਪਦਾਰਥਵਾਦ ਦਾ ਵਰਣਨ ਇਸਤਰ੍ਹਾਂ ਕੀਤਾ ਸੀ ਕਿ ਇਹ ਗ਼ਮਗੀਨ, ਕਠੋਰ ਸੰਸਾਰ ਦ੍ਰਿਸ਼ਟੀਕੋਨ ਹੈ, ਜੋ ਡਰਾਉਣੇ ਸੁਪਣੇ ਤੋਂ ਘੱਟ ਕੁਝ ਨਹੀਂ। ਪ੍ਰਕਿਰਤੀ ਦੇ ਵਿਗਾਸ ਦੇ ਅਸੀਮ ਅਮਲ ਵਿਚ ਮਨੁੱਖ ਆਪਣੇ ਆਪ ਨੂੰ ਇਕ ਦੰਦੇ ਵਾਂਗ ਮਹਿਸੂਸ ਕਰਦਾ ਹੈ; ਉਹ ਅਨਿਵਾਰਿਤਾ ਦੀ ਆਹਿਨੀ ਜ਼ੰਜੀਰ ਤੋੜਨ ਦੇ ਅਸਮਰੱਥ ਹੈ। ਪਰ ਪਦਾਰਥਵਾਦ ਦੇ ਖ਼ਿਲਾਫ਼ ਇਹੋ ਜਿਹੇ ਆਰੋਪ ਲਾਉਣ ਦੀ ਕੋਈ ਬੁਨਿਆਦ ਹੈ?

ਇਸਦਾ ਜਵਾਬ "ਹਾਂ" ਵੀ ਹੋ ਸਕਦਾ ਹੈ, "ਨਾਂਹ" ਵੀ। ਪਦਾਰਥ ਕੋਈ ਇਕਹਿਰਾ, ਇਕ-ਪੱਥਰਾ ਰੁਝਾਣ ਨਹੀਂ; ਇਸਦੇ ਅਣਗਿਣਤ ਰੰਗ ਅਤੇ ਰੂਪ ਹਨ। ਵਿਗਿਆਨ ਅਤੇ ਸਭਿਆਚਾਰ ਦਾ ਵਿਗਾਸ, ਆਰਥਕ ਵਿਕਾਸ, ਰਾਜਨੀਤਕ ਅਤੇ ਇਥੋਂ ਤੱਕ ਕਿ ਨਿੱਜੀ ਤਰਜੀਹਾਂ ਵੀ—ਇਹ ਸਾਰਾ ਕੁਝ ਪਦਾਰਥਵਾਦੀ ਫ਼ਿਲਾਸਫ਼ੀ ਦੇ ਖ਼ਾਸੇ ਉਪਰ ਆਪਣੀ ਛਾਪ ਛੱਡ ਜਾਂਦਾ ਹੈ। ਖ਼ਾਸ ਕਰਕੇ, ਬੀਤੇ ਦੇ ਅਤੇ ਹੁਣ ਦੇ ਆਦਰਸ਼ਵਾਦੀ ਫ਼ਿਲਾਸਫ਼ਰਾਂ ਵਲੋਂ ਪਦਾਰਥਵਾਦ ਦੇ ਖ਼ਿਲਾਫ਼ ਲਾਏ ਗਏ ਸਾਰੇ ਦੋਸ਼ ਮੁਖ ਤੌਰ ਉਤੇ ਇਸਦੇ ਇਕ ਰੂਪ—**ਮਕਾਨਕੀ ਪਦਾਰਥਵਾਦ**—ਨਾਲ ਸੰਬੰਧ ਰੱਖਦੇ ਹਨ।

ਇਹ ਨਾਂ ਕਿਉਂ ਦਿਤਾ ਗਿਆ ਹੈ? ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਵਿਚ, ਜਦੋਂ ਪਦਾਰਥਵਾਦ ਦਾ ਇਹ ਰੂਪ ਹੋਂਦ ਵਿਚ ਆ ਰਿਹਾ ਸੀ, ਸਿਰਫ਼ ਇਕ ਵਿਗਿਆਨ ਕਾਫ਼ੀ ਹੱਦ ਤੱਕ ਵਿਕਸਤ ਸੀ—ਮਕੈਨਿਕਸ। ਇਹ ਤੱਥ ਸਾਰੇ ਜਾਣਦੇ ਹਨ ਕਿ ਲੋਕ ਆਪਣੀਆਂ ਪਰਾਪਤੀਆਂ ਅਤੇ ਸਫ਼ਲਤਾ ਨੂੰ ਵਧਾਅ-ਚੜ੍ਹਾ ਕੇ ਦੱਸਣ ਦੀ ਰੁਚੀ ਰੱਖਦੇ ਹਨ; ਅਤੇ ਇਹ ਗੱਲ ਸਿਰਫ਼ ਵਿਅਕਤੀਆਂ ਉਤੇ ਹੀ ਨਹੀਂ, ਸਗੋਂ ਸਮੁੱਚੇ ਤੌਰ ਉਤੇ ਮਨੁੱਖਤਾ ਉਪਰ ਵੀ ਢੁਕਦੀ ਹੈ।

ਵਿਗਿਆਨ ਉਸ ਵੇਲੇ ਮੂਲ ਰੂਪ ਵਿਚ ਆਪਣੀ ਬਾਲ-ਵਰੇਸ ਵਿਚ ਸੀ। ਇਸਨੇ ਮਨੁੱਖ ਨੂੰ ਉਸਦੇ ਕੰਮ ਅਤੇ ਜੀਵਨ ਵਿਚ ਲਾਭ ਪੁਚਾਉਣਾ ਅਜੇ ਸ਼ੁਰੂ ਹੀ ਕੀਤਾ ਸੀ, ਅਤੇ ਸਾਰੇ ਵਰਤਾਰਿਆਂ ਨੂੰ ਸਮਝਣ ਲਈ ਇਕੋ ਇਕ ਸੰਭਵ ਆਧਾਰ ਮਕੈਨਿਕਸ ਨੂੰ ਸਮਝਿਆ ਜਾਂਦਾ ਸੀ। ਮਕਾਨਕੀ ਪਦਾਰਥਵਾਦ ਦੇ ਪ੍ਰਤਿਨਿਧ ਮਕੈਨਿਕਸ ਦੇ ਕਾਨੂੰਨਾਂ ਨੂੰ ਸਰਬ-ਵਿਆਪਕ ਕਾਨੂੰਨ

ਸਮਝਦੇ ਸਨ, ਜਿਨ੍ਹਾਂ ਅਨੁਸਾਰ ਸਾਰੀ ਹੀ ਨਿਰਜੀਵ ਅਤੇ ਸਜੀਵ ਪ੍ਰਕਿਰਤੀ ਵਿਕਾਸ ਕਰ ਰਹੀ ਹੈ। ਪਸ਼ੂ ਨੂੰ ਇਕ ਤਰ੍ਹਾਂ ਦੀ ਮਸ਼ੀਨ ਸਮਝਿਆ ਜਾਂਦਾ ਸੀ, ਅਤੇ ਇਹ ਵੀ ਸਗੋਂ ਦਾਅਵਾ ਕੀਤਾ ਜਾਂਦਾ ਸੀ ਕਿ ਹੋਰ ਕਿਸੇ ਵੀ ਮਸ਼ੀਨ ਵਾਂਗ, ਇਹ ਕਸ਼ਟ ਮਹਿਸੂਸ ਨਹੀਂ ਕਰਦਾ। ਇਹਨਾਂ ਫ਼ਿਲਾਸਫ਼ਰਾਂ ਦੀ ਰਾਇ ਵਿਚ, ਮਨੁੱਖ ਇਕ ਬੜਾ ਜਟਿਲ ਮੈਕਾਨਿਜ਼ਮ ਹੀ ਸੀ। ਫ਼ਰਾਂਸੀਸੀ ਫ਼ਿਲਾਸਫ਼ਰ **ਜੂਲੀਅਨ ਆਫ਼ਰੇ' ਦ ਲਾਮੇਤਰੇ** ਨੇ ਤਾਂ ਆਪਣੀ ਬੁਨਿਆਦੀ ਕਿਰਤ ਨੂੰ "ਮਨੁੱਖ-ਮਸ਼ੀਨ" ਦਾ ਸਿਰਲੇਖ ਦਿਤਾ।

ਉਸ ਵੇਲੇ ਬ੍ਰਹਿਮੰਡ ਨੂੰ ਇਕ ਬਹੁਤ ਵੱਡੀ ਘੜੀ ਵਾਂਗ ਸਮਝਿਆ ਜਾਂਦਾ ਸੀ। ਪਰ, ਬੇਸ਼ਕ, ਘੜੀ ਨੂੰ ਕੋਈ ਚਾਬੀ ਦੇਣ ਵਾਲਾ ਵੀ ਚਾਹੀਦਾ ਸੀ। ਤਾਂ ਫਿਰ ਉਹ ਮਹਾਨ ਘੜੀਸਾਜ਼ ਕੌਣ ਹੈ? ਦੂਜੇ ਸ਼ਬਦਾਂ ਵਿਚ, ਬ੍ਰਹਿਮੰਡ ਦੇ, ਬਨਸਪਤੀ ਅਤੇ ਪਸ਼ੂ ਸੰਸਾਰ ਦੇ, ਅਤੇ ਮਨੁੱਖ ਦੇ ਪਰਗਟ ਹੋਣ ਦੀ ਵਿਆਖਿਆ ਕਿਵੇਂ ਕੀਤੀ ਜਾ ਸਕਦੀ ਹੈ? ਮਕੈਨਿਕਸ ਦੇ ਕਾਨੂੰਨਾਂ ਉਪਰ ਹੀ ਨਿਰਭਰ ਕਰਦਿਆਂ ਇਸ ਸਵਾਲ ਦਾ ਠੀਕ ਜਵਾਬ ਦੇਣਾ ਬੜਾ ਮੁਸ਼ਕਲ ਸੀ। ਮਕੈਨਿਕਸ ਵਿਚ ਹਰ ਚੀਜ਼ ਸਰਲ ਹੈ: ਜੇ ਤੁਸੀਂ ਬਿਲੀਅਰਡ ਦੇ ਗੋਲੇ ਨੂੰ ਹਰਕਤ ਦਿਓ, ਤਾਂ ਇਹ ਮੇਜ਼ ਉਪਰ ਚੱਲੀ ਜਾਇਗਾ ਜਦੋਂ ਤੱਕ ਕਿ ਇਹ ਰੁਕ ਨਹੀਂ ਜਾਂਦਾ, ਜੇ ਇਸਨੂੰ ਮੁੜਕੇ ਹਰਕਤ ਨਹੀਂ ਦਿਤੀ ਜਾਂਦੀ। ਕੀ ਬ੍ਰਹਿਮੰਡ ਨਾਲ ਵੀ ਇੰਝ ਹੀ ਹੈ? ਸ਼ਾਇਦ ਕਿਸੇ ਨੇ ਕਿਸੇ ਵੇਲੇ ਇਸਦੀ ਘੜੀ ਨੂੰ ਚਾਬੀ ਲਾਈ ਸੀ, ਅਤੇ ਇਹ ਬਿਨਾਂ ਕਿਸੇ ਰੁਕਾਵਟ ਦੇ ਕੁਝ ਸਮੇਂ ਲਈ ਕੰਮ ਕਰਦੀ ਜਾਇਗੀ। ਜਿਵੇਂ ਕਿ ਅਸੀਂ ਉਪਰ ਦੱਸਿਆ ਹੈ, ਇਹੋ ਜਿਹੇ ਕੰਮ ਦੇ ਸਮਰੱਥ ਇਕੋ ਇਕ "ਘੜੀਸਾਜ਼" ਕੋਈ ਗੈਰ-ਪਦਾਰਥਕ, ਰੂਹਾਨੀ ਸ਼ਕਤੀ ਹੀ ਹੋ ਸਕਦੀ ਹੈ।

ਇਸਤੋਂ ਸਿੱਟਾ ਇਹ ਨਿਕਲਦਾ ਹੈ ਕਿ ਮਕਾਨਕੀ ਪਦਾਰਥਵਾਦ

ਸਵੈਵਿਰੋਧੀ ਹੈ, ਕਿਉਂਕਿ ਅਖ਼ੀਰ ਵਿਚ ਜਦੋਂ ਸੰਸਾਰ ਵਿਚ ਵਾਪਰਦੀਆਂ ਤਬਦੀਲੀਆਂ ਦੇ ਸੋਮੇ ਦੀ ਅਤੇ ਖ਼ੁਦ ਸੰਸਾਰ ਦੀ ਸਮੱਸਿਆ ਨਾਲ ਨਜਿੱਠਣਾ ਪੈਂਦਾ ਹੈ, ਤਾਂ ਇਹ ਰੂਹਾਨੀ ਮੂਲ ਦਾ ਜਾਂ ਦੂਜੇ ਸ਼ਬਦਾਂ ਵਿਚ, ਪ੍ਰਮਾਤਮਾ ਦਾ ਆਸਰਾ ਲੈਂਦਾ ਹੈ। ਇਹੋ ਜਿਹੀ ਪੁਜ਼ੀਸ਼ਨ ਨੂੰ **ਈਸ਼ਵਾਦ** ਕਿਹਾ ਜਾਂਦਾ ਹੈ; ਇਹ ਸੰਸਾਰ ਦੇ ਮੁਢਲੇ ਸੋਮੇ ਵਜੋਂ ਪ੍ਰਮਾਤਮਾ ਨੂੰ ਮੰਨਦੀ ਹੈ: ਸੰਸਾਰ ਨੂੰ ਸਿਰਜ ਕੇ, ਇਸਦੀ "ਘੜੀ" ਨੂੰ ਚਾਬੀ ਦੇ ਕੇ, ਪ੍ਰਮਾਤਮਾ ਦੀ ਇਸ ਵਿਚ ਸਾਰੀ ਦਿਲਚਸਪੀ ਜਾਂਦੀ ਰਹੀ, ਅਤੇ ਉਸਨੇ ਇਸਨੂੰ ਆਪਣੇ ਹੀ ਸੋਮਿਆਂ ਦੇ ਸਿਰ ਉਤੇ ਛੱਡ ਦਿਤਾ।

ਪਰ ਬ੍ਰਹਿਮੰਡ ਅਤੇ ਮਨੁੱਖ ਵੱਲ ਇਸਤਰ੍ਹਾਂ ਦੀ ਪਹੁੰਚ ਇਸਤਰ੍ਹਾਂ ਦੇ ਸਵਾਲਾਂ ਦਾ ਜਵਾਬ ਨਹੀਂ ਸੀ ਦੇਂਦੀ: ਚੇਤਨਾ ਕੀ ਹੈ; ਮਨੁੱਖ ਵਿਚ ਤਰਕ ਦੀ, ਸੁੰਦਰਤਾ ਨੂੰ ਸਲਾਹ ਸਕਣ ਦੀ, ਜ਼ਮੀਰ ਦੀ ਹੋਂਦ ਮਹਿਸੂਸ ਕਰ ਸਕਣ ਦੀ, ਜਾਂ ਕਿਸੇ ਦੂਜੇ ਵਿਅਕਤੀ ਨਾਲ ਪਿਆਰ ਪਾਉਣ ਦੀ ਯੋਗਤਾ ਕਿਵੇਂ ਪੈਦਾ ਹੋਈ? ਮਕਾਨਕੀ ਪਦਾਰਥਵਾਦੀਆਂ ਨੇ ਇਸ ਵਰਤਾਰੇ ਦੀ ਵਿਆਖਿਆ ਵਖੋ ਵਖਰੇ ਤਰੀਕਿਆਂ ਨਾਲ ਕਰਨ ਦੀ ਕੋਸ਼ਿਸ਼ ਕੀਤੀ।

ਕੁਝ ਦਾ ਵਿਸ਼ਵਾਸ ਸੀ ਕਿ ਵਿਚਾਰ ਖ਼ੁਦ ਪਦਾਰਥਕ ਅਤੇ ਠੋਸ ਚੀਜ਼ ਹੈ। ਇਹ ਕਿਹਾ ਜਾਂਦਾ ਸੀ ਕਿ ਵਿਚਾਰ ਦਿਮਾਗ਼ ਵਿਚੋਂ ਉਸੇਤਰ੍ਹਾਂ ਹੀ ਖਾਰਜ ਹੁੰਦੇ ਹਨ ਜਿਵੇਂ ਜਿਗਰ ਵਿਚੋਂ ਪਿੱਤ। ਇਸ ਖ਼ਿਆਲ ਵਿਚ ਕਾਫ਼ੀ ਮੰਤਕ ਵੀ ਲੱਗਦਾ ਹੈ। ਫਿਰ ਵੀ ਇਹ ਠੀਕ ਠੀਕ ਸਪਸ਼ਟ ਨਹੀਂ ਹੁੰਦਾ ਕਿ ਸੋਚਣ ਦਾ ਪ੍ਰਕਾਰਜ ਮਨੁੱਖ ਵਿਚ ਹੀ ਕਿਉਂ ਮੌਜੂਦ ਹੈ। ਇਸਲਈ ਮਕਾਨਕੀ ਪਦਾਰਥਵਾਦੀਆਂ ਦੀ ਇਕ ਹੋਰ ਟੋਲੀ ਇਸ ਸਿੱਟੇ ਉਤੇ ਪੁੱਜੀ ਕਿ ਮਨ, ਜਾਂ ਚੇਤਨਾ ਮਨੁੱਖਾ ਸ਼ਰੀਰ ਦੀ ਨਿਰਵਿਘਣ ਕੰਮ ਕਰਦੀ ਮਸ਼ੀਨ ਦਾ ਇਕ ਵਾਧੂ "ਪੂਰਕ" ਹੈ। ਮਕਾਨਕੀ

ਪਦਾਰਥਵਾਦ ਦਾ ਸਵੈਵਿਰੋਧ ਇਸ ਸਿੱਟੇ ਵਿਚ ਸਪਸ਼ਟ ਤਰ੍ਹਾਂ ਨਾਲ ਪਰਗਟ ਹੋ ਜਾਂਦਾ ਹੈ।

ਪਦਾਰਥਵਾਦ ਲਈ ਇਹ ਦਾਅਵਾ ਕਰਨਾ ਇਕ ਅਸੰਗਤੀ ਹੈ ਕਿ ਸੰਸਾਰ ਵਿਚ ਪਦਾਰਥ ਤੋਂ ਬਿਨਾਂ ਹੋਰ ਕੁਝ ਨਹੀਂ, ਅਤੇ ਇਹ ਵਿਸ਼ਵਾਸ ਕਰਨਾ ਕਿ ਕੋਈ ਵੀ ਚੀਜ਼, ਜਿਸਨੂੰ ਕਿਸੇ ਵੀ ਮਾਪ ਨਾਲ ਪਦਾਰਥ ਨਹੀਂ ਸਮਝਿਆ ਜਾ ਸਕਦਾ — ਉਦਾਹਰਣ ਵਜੋਂ, ਮਨੁੱਖੀ ਮਨ — ਉਹ ਖੋਜ ਕਰਨ ਦੇ ਯੋਗ ਨਹੀਂ। ਇਕਸਾਰ **ਪਦਾਰਥਵਾਦੀ ਨੂੰ ਇਸਦੇ ਸਮਰੱਥ ਹੋਣਾ ਚਾਹੀਦਾ ਹੈ ਕਿ ਉਹ ਮਨੁੱਖੀ ਵਿਚਾਰਾਂ, ਜਜ਼ਬਿਆਂ ਅਤੇ ਇੱਛਾ-ਸ਼ਕਤੀ ਦੀ ਵਿਆਖਿਆ ਪਦਾਰਥ ਦੇ ਵਿਕਾਸ ਦੇ ਨਿਯਮਾਂ ਅਨੁਸਾਰ ਅਤੇ ਇਸਦੇ ਲਾਜ਼ਮੀ ਸਿੱਟੇ ਵਜੋਂ ਕਰ ਸਕੇ।** ਮਕਾਨਕੀ ਪਦਾਰਥਵਾਦ ਇੰਝ ਨਹੀਂ ਸੀ ਕਰ ਸਕਦਾ, ਕਿਉਂਕਿ ਮਕੈਨਿਕਸ ਦੇ ਕਾਨੂੰਨ ਇਕ ਚੇਤੰਨ, ਸੋਚਣ ਵਾਲੀ ਹਸਤੀ ਵਜੋਂ ਮਨੁੱਖ ਦੀ ਵਿਆਖਿਆ ਨਹੀਂ ਸਨ ਕਰ ਸਕਦੇ, ਜਿਹੜਾ ਮਨੁੱਖ ਕਿ ਆਪਣੇ ਸਾਮ੍ਹਣੇ ਨਿਸ਼ਾਨੇ ਰੱਖਣ ਅਤੇ ਉਹਨਾਂ ਨੂੰ ਪਰਾਪਤ ਕਰਨ ਦੇ ਸਮਰੱਥ ਹੈ। ਮਕਾਨਕੀ ਫ਼ਿਲਾਸਫ਼ੀ ਵਿਚ ਸੰਸਾਰ ਦੀ ਏਕਤਾ ਦਾ ਸੰਕਲਪ ਇਸ ਤੱਥ ਦੀ ਵਿਆਖਿਆ ਨਹੀਂ ਕਰਦਾ ਕਿ ਸੰਸਾਰ ਇਕ ਹੈ, ਪਰ ਆਪਣੀ ਵੰਨ-ਸੁਵੰਨਤਾ ਵਿਚ ਇਕ ਹੈ। ਇਸਲਈ ਮਕਾਨਕੀ ਪਦਾਰਥਵਾਦੀਆਂ ਵਲੋਂ ਚਿਤਰੀ ਗਈ ਸੰਸਾਰ ਦੀ ਬੇਰੰਗ, ਉਦਾਸ ਤਸਵੀਰ ਸੌਖੀ ਤਰ੍ਹਾਂ ਹੀ ਖਿੰਡ ਕੇ ਸਰਗਰਮ ਆਤਮਾ ਅਤੇ ਨਿਸ਼ਕਿਰਿਆ ਪਦਾਰਥ ਵਿਚ ਬਦਲ ਜਾਂਦੀ ਹੈ; ਅਤੇ ਇਹ ਗੱਲ ਆਦਰਸ਼ਵਾਦ ਤੋਂ ਕੋਈ ਬਹੁਤੀ ਦੂਰ ਨਹੀਂ।

## ਕੀ ਕੋਈ ਤੀਜੀ ਦਾਰਸ਼ਨਿਕ ਪਹੁੰਚ ਸੰਭਵ ਹੈ?

ਜਿਹੜਾ ਸਿਧਾਂਤ ਸੰਸਾਰ ਵਿਚ ਦੋ ਮੂਲ ਤੱਤਾਂ — ਆਤਮਾ ਅਤੇ ਪਦਾਰਥ — ਦੀ ਹੋਂਦ ਨੂੰ ਮੰਣਦਾ ਹੈ, ਉਸਨੂੰ **ਦਵੈਤਵਾਦ**

ਕਿਹਾ ਜਾਂਦਾ ਹੈ, ਅਤੇ ਇਹ ਇਕਤਰ੍ਹਾਂ ਨਾਲ ਪਦਾਰਥਵਾਦ ਅਤੇ ਆਦਰਸ਼ਵਾਦ ਦੇ ਵਿਚਕਾਰਲੀ ਕੋਈ ਚੀਜ਼ ਹੈ। ਇਹੋ ਜਿਹੀ "ਕੱਚੀ-ਪੱਕੀ" ਫ਼ਿਲਾਸਫ਼ੀ ਆਪਣੀਆਂ ਸੀਮਾਵਾਂ ਅਤੇ ਸਵੈਵਿਰੋਧ ਵਾਲੇ ਮਕਾਨਕੀ ਪਦਾਰਥਵਾਦ ਦਾ ਨਤੀਜਾ ਹੈ। ਆਦਰਸ਼ਵਾਦੀ ਵੀ ਕਦੀ ਕਦੀ ਤਿਲਕ ਕੇ ਦਵੈਤਵਾਦ ਵਿਚ ਆ ਡਿਗਦੇ ਹਨ ਕਿਉਂਕਿ ਉਹਨਾਂ ਨੂੰ ਵਿਗਿਆਨ ਅਤੇ ਹਕੀਕਤ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ, ਅਤੇ ਇਸ ਕਰਕੇ ਉਹ ਪਦਾਰਥਕ ਸੰਸਾਰ ਦੀ ਹੋਂਦ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕਰ ਸਕਦੇ।

ਪਰ ਦਵੈਤਵਾਦ ਪਦਾਰਥਵਾਦ ਅਤੇ ਆਦਰਸ਼ਵਾਦ ਦੇ ਨਾਲ ਨਾਲ ਫ਼ਿਲਾਸਫ਼ੀ ਵਿਚ ਕੋਈ "ਤੀਜੀ ਪਹੁੰਚ" ਜਾਂ ਤੀਜਾ ਰੁਝਾਣ ਨਹੀਂ। ਬੁਨਿਆਦੀ ਮਸਲਿਆਂ ਨਾਲ ਨਜਿੱਠਦਿਆਂ ਇਸਦੇ ਪ੍ਰਤਿਨਿਧ ਜਾਂ ਆਦਰਸ਼ਵਾਦ ਦਾ ਜਾਂ ਪਦਾਰਥਵਾਦ ਦਾ ਆਸਰਾ ਲੈਂਦੇ ਹਨ। ਕਦੀ ਕਦੀ ਦਵੈਤਵਾਦ ਪਦਾਰਥਵਾਦ ਦਾ ਪ੍ਰਤੱਖ ਤੋਰ ਉਤੇ ਤਿਆਗ ਕਰਦਿਆਂ ਇਸਨੂੰ ਵਿਚ ਲੈ ਆਉਣ ਦੇ "ਚੋਰੀ ਚੋਰੀ" ਯਤਨ ਦਾ ਹੀ ਕੰਮ ਕਰਦਾ ਹੈ। ਇਹੋ ਜਿਹਾ ਲੁਕਵਾਂ, "ਚੋਰੀ ਚੋਰੀ" ਦਾ ਪਦਾਰਥਵਾਦ ਕਈ ਬੁਰਜੂਆ ਪ੍ਰਕਿਰਤਕ ਵਿਗਿਆਨੀਆਂ ਦਾ ਪ੍ਰਤਿਨਿਧ ਲੱਛਣ ਹੈ। ਦਵੈਤਵਾਦ ਦੀ ਇਕ ਪ੍ਰਮਾਣੀਕ ਉਦਾਹਰਣ ਸਤਾਰ੍ਹਵੀਂ ਸਦੀ ਦੇ ਫ਼ਰਾਂਸੀਸੀ ਚਿੰਤਕ, **ਰੇਨੇ ਦਿਕਾਰਤੀ** ਦੇ ਸਿਧਾਂਤ ਵਿਚ ਪਰਗਟ ਹੁੰਦੀ ਹੈ ਜਿਸਦਾ ਵਿਸ਼ਵਾਸ ਸੀ ਕਿ ਸੰਸਾਰ ਵਿਚ ਦੋ ਪ੍ਰਾਥਮਿਕ ਵਸਤਾਂ ਹਨ—ਆਕਾਰ ਰੱਖਦੀ ਵਸਤ ਪਦਾਰਥ ਅਤੇ ਸੋਚਣ ਵਾਲੀ ਵਸਤ ਮਨ, ਅਰਥਾਤ, ਸ਼ਰੀਰ ਰੂਪੀ ਅਤੇ ਰੂਹਾਨੀ। ਇਹ ਵਸਤਾਂ ਹਰ ਪੱਖੋਂ ਇਕ ਦੂਜੀ ਦੇ ਵਿਰੁਧ ਜਾਂਦੀਆਂ ਹਨ ਅਤੇ ਕਿਸੇਤਰ੍ਹਾਂ ਵੀ ਸੰਬੰਧ ਨਹੀਂ ਰੱਖਦੀਆਂ। ਪਰ ਅੰਤਮ ਵਿਸ਼ਲੇਸ਼ਣ ਵਿਚ ਦਿਕਾਰਤੀ ਆਦਰਸ਼ਵਾਦੀ ਸਿੱਟੇ ਉੱਤੇ ਪੁੱਜਾ ਕਿ ਮਨ

ਅਤੇ ਪਦਾਰਥ ਦੋਵੇਂ ਹੀ ਇਕ ਹੋਰ ਵੀ ਵਧੇਰੇ ਆਮ ਪ੍ਰਾਥਮਿਕ ਮੂਲ ਤੱਤ, ਅਰਥਾਤ, ਪ੍ਰਮਾਤਮਾ, ਵਿਚ ਇਕੱਠੇ ਹੋ ਸਕਦੇ ਹਨ।

ਦਵੈਤਵਾਦ ਅਨੁਸਾਰ ਮਨੁੱਖ ਵੀ ਸ਼ਰੀਰਕ ਅਤੇ ਰੂਹਾਨੀ, ਹਨੇਰੇ ਅਤੇ ਚਾਨਣੇ ਮੂਲ ਤੱਤਾਂ ਦਾ ਜੋੜ ਹੈ। ਇਸ ਨੁਕਤੇ ਤੋਂ, ਮਨੁੱਖ ਅੱਧਾ ਜਾਨਵਰ ਅਤੇ ਅੱਧਾ ਫ਼ਰਿਸ਼ਤਾ ਹੈ। ਉਸਦੀਆਂ ਚੰਗੇਰੀਆਂ ਉਤੇਜਨਾਵਾਂ ਉਸਨੂੰ ਚੰਗਿਆਈ, ਗਿਆਨ ਅਤੇ ਸੁੰਦਰਤਾ ਵੱਲ ਲੈ ਜਾਂਦੀਆਂ ਹਨ, ਪਰ ਉਸਦੀਆਂ ਘਟੀਆ ਰੁਚੀਆਂ ਉਸਨੂੰ ਆਪਣੇ ਪਾਸ਼ਵੀ ਵੇਗਾਂ ਨੂੰ ਸਤੁੰਸ਼ਟ ਕਰਨ ਲਈ ਮਜਬੂਰ ਕਰਦੀਆਂ ਹਨ। ਦਵੈਤਵਾਦ ਅਮਲੀ ਨਸੀਹਤ ਵੀ ਕਰਦਾ ਹੈ: ਮਨੁੱਖ ਨੂੰ ਆਪਣੇ ਸ਼ਰੀਰ ਦਾ ਅਤੇ ਖਾਣ, ਪੀਣ ਜਾਂ ਪਿਆਰ ਕਰਨ ਦਾ ਤ੍ਰਿਸਕਾਰ ਕਰਨਾ ਚਾਹੀਦਾ ਹੈ; ਉਸਨੂੰ "ਆਪਣੀਆਂ ਚੰਮ-ਖੁਸ਼ੀਆਂ ਦਾ ਦਮਨ ਕਰਨਾ" ਚਾਹੀਦਾ ਹੈ, ਸ਼ਰੀਰ ਨੂੰ ਕਸ਼ਟ ਦੇਣਾ ਚਾਹੀਦਾ ਹੈ, ਕਿਉਂਕਿ ਇਹ ਤਾਂ ਬੱਸ ਉਸਦੀ ਅਮਰ ਆਤਮਾ ਦੀ ਆਰਜ਼ੀ ਰਿਹਾਇਸ਼ਗਾਹ ਹੈ। ਇਸ ਸੂਰਤ ਵਿਚ ਵੀ ਦਵੈਤਵਾਦ ਆਦਰਸ਼ਵਾਦ ਹੋ ਨਿੱਬੜਦਾ ਹੈ।

ਦਵੈਤਵਾਦ ਦਾ ਵਿਰੋਧੀ ਸਿਧਾਂਤ **ਅਦਵੈਤਵਾਦ** ਹੈ—ਐਸਾ ਸਿਧਾਂਤ ਹੈ ਜਿਹੜਾ ਮੰਨਦਾ ਹੈ ਕਿ ਕਿਸੇ ਇਕ ਅਸੂਲ ਨੂੰ ਮੰਣ ਲੈਣਾ ਚਾਹੀਦਾ ਹੈ ਅਤੇ ਉਸ ਉਪਰ ਇਕਸਾਰ ਚੱਲਣਾ ਚਾਹੀਦਾ ਹੈ। ਇਸਦੇ ਅਨੁਕੂਲ, ਅਦਵੈਤਵਾਦ ਪਦਾਰਥਵਾਦੀ ਵੀ ਹੋ ਸਕਦਾ ਹੈ, ਆਦਰਸ਼ਵਾਦੀ ਵੀ।

ਪਰ ਕੀ ਆਦਰਸ਼ਵਾਦ ਇਕ ਪੂਰੀ ਤਰ੍ਹਾਂ ਇਕਸਾਰ ਅਦਵੈਤਵਾਦੀ ਸਿਧਾਂਤ ਹੋ ਸਕਦਾ ਹੈ? ਆਮ ਕਰਕੇ ਸਭ ਤੋਂ ਵਧੇਰੇ ਇਕਸਾਰ ਆਦਰਸ਼ਵਾਦ, ਹੀਗਲ ਦੇ ਆਦਰਸ਼ਵਾਦ, ਦੀ ਉਦਾਹਰਣ ਦਿਤੀ ਜਾਂਦੀ ਹੈ। ਹੀਗਲ ਦਾ ਵਿਸ਼ਵਾਸ ਸੀ ਕਿ ਪਹਿਲਾਂ ਪਹਿਲਾਂ ਸਿਰਫ਼ ਇਕ ਨਿਰਪੇਖ ਵਿਚਾਰ—ਸੰਸਾਰ

ਆਤਮਾ — ਦੀ ਹੀ ਹੋਂਦ ਸੀ; ਮਗਰੋਂ ਇਸ ਆਤਮਾ ਨੇ ਪ੍ਰਕਿਰਤੀ ਅਤੇ ਮਨੁੱਖ ਨੂੰ ਜਨਮ ਦਿਤਾ। ਹੀਗਲ ਦਾ ਕਹਿਣਾ ਸੀ ਕਿ ਪ੍ਰਕਿਰਤੀ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸਦੀ ਪ੍ਰਤੱਖ ਵੰਨ-ਸੁਵੰਨਤਾ ਦੇ ਪਿੱਛੇ ਰੂਹਾਨੀ ਕਾਨੂੰਨ ਕੰਮ ਕਰਦੇ ਹਨ ਜਿਹੜੇ ਇਸ ਵਿਚ ਤਰਤੀਬ ਲਿਆਉਂਦੇ ਅਤੇ ਸੰਸਾਰ ਨੂੰ ਇਕੋ ਇਕ ਸਮੁੱਚ ਵਿਚ ਇਕੱਠਿਆਂ ਕਰਦੇ ਹਨ। ਇਸਤਰ੍ਹਾਂ, ਪਦਾਰਥਕ ਸੰਸਾਰ ਨੂੰ, ਜਿਸ ਵਿਚ ਅਸੀਂ ਰਹਿ ਰਹੇ ਹਾਂ ਜਿਸਨੂੰ ਅਸੀਂ ਦੇਖ, ਛੂਹ ਅਤੇ ਮਹਿਸੂਸ ਕਰ ਸਕਦੇ ਹਾਂ, ਮਾਣਤਾ ਦੇਂਦਿਆਂ ਹੀਗਲ ਇਸਦੀ ਵੰਨ-ਸੁਵੰਨਤਾ ਦੀ ਵਿਆਖਿਆ ਕਰਨ ਲਈ, ਇਸ ਵਿਚ ਮੌਜੂਦ ਸਭ ਕੁਝ ਦਾ "ਪ੍ਰਤਿਰੂਪ" ਪੈਦਾ ਕਰ ਦੇਂਦਾ ਹੈ: ਆਦਰਸ਼ਵਾਦੀ ਲਈ ਬਾਹਰਲਾ ਪ੍ਰਕਿਰਤਕ ਸੰਸਾਰ ਆਦਰਸ਼ਕ ਸੰਸਾਰ ਦਾ ਸਿਰਫ਼ ਇਕ ਉਛਾੜ ਮਾਤਰ ਹੀ ਹੈ। ਇਸਲਈ, ਆਦਰਸ਼ਵਾਦੀ ਇਕਸਾਰ ਅਦਵੈਤਵਾਦੀ ਬਣਨ ਦੇ ਸਮਰੱਥ ਨਹੀਂ।

ਅੱਜ, ਕੁਝ ਪੱਛਮੀ ਫ਼ਿਲਾਸਫ਼ਰ ਇਕ "ਵਿਸ਼ੇਸ਼", ਅਦਵੈਤਵਾਦੀ ਫ਼ਿਲਾਸਫ਼ੀ ਉਸਾਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਹੜੀ ਪਦਾਰਥਵਾਦ ਅਤੇ ਆਦਰਸ਼ਵਾਦ ਨੂੰ ਇਕਮਿਕ ਕਰ ਦੇਵੇਗੀ। ਉਦਾਹਰਣ ਵਜੋਂ, ਇਕ "ਨਿਰਪੱਖ ਅਦਵੈਤਵਾਦ" ਦਾ ਸਿਧਾਂਤ ਹੈ, ਜਿਸਦੇ ਪ੍ਰਤਿਨਿਧ ਇਕਤਰ੍ਹਾਂ ਦੇ ਵਿਸ਼ੇਸ਼ ਸਾਂਝੇ "ਅਨੁਭਵ" ਰਾਹੀਂ ਪਦਾਰਥਕ ਅਤੇ ਆਦਰਸ਼ਕ ਵਿਚਲੀਆਂ ਸਮਾਂ ਵਿਹਾਅ ਚੁੱਕੀਆਂ ਵਿਰੋਧਤਾਈਆਂ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।

ਕੁਝ ਹੋਰ ਸਿਧਾਂਤਾਂ ਅਨੁਸਾਰ ਸੰਸਾਰ ਬਾਰੇ ਦੋ ਦ੍ਰਿਸ਼ਟੀਕੋਨ ਲਾਗੂ ਕਰਕੇ ਪਦਾਰਥਵਾਦ ਅਤੇ ਆਦਰਸ਼ਵਾਦ ਵਿਚਲੀਆਂ ਵਿਰੋਧਤਾਈਆਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਕ ਵਿਚ, ਸੰਸਾਰ ਦਾ ਵਰਣਨ ਪ੍ਰਕਿਰਤੀ ਦੇ ਵਸਤੂਪਰਕ ਵਰਤਾਰਿਆਂ ਦੇ

ਇਕਸੁਰ ਅੰਤਰ-ਸੰਬੰਧ ਵਜੋਂ ਕੀਤਾ ਗਿਆ ਹੈ; ਦੂਜੇ ਵਿਚ, ਇਸਨੂੰ ਮਨੁੱਖੀ ਸਰਗਰਮੀਆਂ ਦੇ ਖੇਤਰ ਵਜੋਂ, ਮਨੁੱਖ ਦੇ ਜਜ਼ਬਿਆਂ ਅਤੇ ਇੱਛਾਵਾਂ ਦੇ ਪਰਗਟਾਅ ਵਜੋਂ ਦੇਖਿਆ ਗਿਆ ਹੈ। ਦੇਖਣ ਨੂੰ ਇਹ ਹਰ ਇਕ ਦੀ ਸੰਤੁਸ਼ਟੀ ਕਰਦਾ ਲੱਗੇਗਾ। ਫਿਰ ਵੀ ਇਹ ਸਪਸ਼ਟ ਹੈ ਕਿ ਇਹੋ ਜਿਹਾ "ਨਿਰਪੱਖ ਅਦਵੈਤਵਾਦ" ਦਵੈਤਵਾਦ ਦੇ ਇਕ ਬੜੇ ਲੁਕਵੇਂ ਰੂਪ ਤੋਂ ਸਿਵਾ ਹੋਰ ਕੁਝ ਨਹੀਂ।

ਪਦਾਰਥ ਅਤੇ ਚੇਤਨਾ ਵਿਚਲੇ ਸੰਬੰਧ ਬਾਰੇ ਇਕ ਹੋਰ, ਅਤੇ ਪਹਿਲੀ ਨਜ਼ਰੇ, ਸਭ ਤੋਂ ਵੱਧ ਇਕਸਾਰ "ਅਦਵੈਤਵਾਦੀ" ਵਿਚਾਰ ਵੀ ਹੈ। ਇਸ ਵਿਚਾਰ ਅਨੁਸਾਰ, ਸਾਡਾ ਮਨ ਜਾਂ ਚੇਤਨਾ ਪਦਾਰਥ ਤੋਂ ਵੱਖਰੀ ਕੋਈ ਚੀਜ਼ ਨਹੀਂ। ਚਿੰਤਨ ਪਦਾਰਥਕ ਹੈ। ਪਰ ਲੈਨਿਨ ਨੇ ਪਦਾਰਥਵਾਦੀ **ਜੋਜ਼ਫ਼ ਦੀਤਜ਼ਜੈਨ** ਦੀ, ਜਿਹੜਾ ਇਸ ਵਿਚਾਰ ਨੂੰ ਮੰਨਦਾ ਸੀ, ਆਲੋਚਨਾ ਕੀਤੀ ਅਤੇ ਇਹੋ ਜਿਹੇ ਪਦਾਰਥਵਾਦ ਨੂੰ ਗੰਵਾਰੂ, ਸਰਲੀਕ੍ਰਿਤ ਅਤੇ, ਇਸਲਈ, ਪਦਾਰਥ ਅਤੇ ਚੇਤਨਾ ਵਿਚਲੇ ਸੰਬੰਧ ਨੂੰ ਗ਼ਲਤ ਤਰ੍ਹਾਂ ਪੇਸ਼ ਕਰਨ ਦਾ ਇਕ ਸਾਧਨ ਦਸਿਆ। "ਇਹ ਕਹਿਣਾ ਕਿ ਚਿੰਤਨ ਪਦਾਰਥਕ ਹੈ, ਇਕ ਗ਼ਲਤ ਕਦਮ ਚੁੱਕਣਾ ਹੈ, ਪਦਾਰਥਵਾਦ ਅਤੇ ਆਦਰਸ਼ਵਾਦ ਨੂੰ ਰਲਗੱਡ ਕਰਨ ਵੱਲ ਨੂੰ ਇਕ ਕਦਮ।"* ਪਦਾਰਥਕ, ਅਸਲ ਵਿਚ, ਸਾਡੇ ਮਨ ਉਪਰ ਨਿਰਭਰ ਨਹੀਂ ਕਰਦਾ। ਪਰ ਵਸਤੂਪਰਕ ਆਦਰਸ਼ਵਾਦੀ ਲਈ ਰੂਹਾਨੀ, ਚਿੰਤਨ, ਵੀ ਮਨੁੱਖੀ ਚੇਤਨਾ ਤੋਂ ਸਵੈਧੀਨ ਹੈ। ਇਕਸਾਰ ਅਦਵੈਤਵਾਦੀ ਪਦਾਰਥਵਾਦ ਚਿੰਤਨ ਨੂੰ ਪਦਾਰਥ ਨਾਲ ਸਮਰੂਪ ਨਹੀਂ ਕਰਦਾ, ਸਗੋਂ ਚਿੰਤਨ ਜਾਂ ਚੇਤਨਾ ਨੂੰ ਪਦਾਰਥ ਦੇ ਵਿਕਾਸ ਦੇ ਉਚੇਰੇ ਪੜਾਵਾਂ ਉਤੇ ਇਸਦੀ ਸਰਵੁੱਚ ਉਪਜ ਸਮਝਦਾ ਹੈ।

---

*ਵ. ਇ. ਲੈਨਿਨ, "**ਪਦਾਰਥਵਾਦ ਅਤੇ ਅਨੁਭਵ-ਸਿੱਧ ਆਲੋਚਨਾ**", ਕਿਰਤ ਸੰਗ੍ਰਹਿ, ਸੈਂਚੀ ੧੪, ਸਫ਼ਾ ੨੪੪।

## ਨਿਰਾਸ਼ਾਵਾਦੀ ਦ੍ਰਿਸ਼ਟੀਕੋਨ ਤੋਂ

ਹੁਣ ਅਸੀਂ ਮੁੜ ਕੇ ਪਹਿਲਾਂ ਉਠਾਏ ਗਏ ਮਸਲੇ ਵੱਲ ਆ ਸਕਦੇ ਹਾਂ—ਆਦਰਸ਼ਵਾਦ ਅਤੇ ਪਦਾਰਥਵਾਦ ਦੇ ਦ੍ਰਿਸ਼ਟੀਕੋਨਾਂ ਤੋਂ ਸਾਡੇ ਨਾਲ ਕੀ ਵਾਪਰਣ ਵਾਲਾ ਹੈ, ਪਦਾਰਥਵਾਦੀ ਜਾਂ ਆਦਰਸ਼ਵਾਦੀ ਸਿਧਾਂਤ ਉਪਰ ਚੱਲਦਿਆਂ ਅਸੀਂ ਜ਼ਿੰਦਗੀ ਵਿਚ ਕੀ ਸਟੈਂਡ ਲਵਾਂਗੇ।

ਅਸੀਂ ਪਹਿਲਾਂ ਹੀ ਦੱਸ ਆਏ ਹਾਂ ਕਿ ਕਦੀ ਕਦੀ ਪਦਾਰਥਵਾਦੀ ਦਾ ਵਰਣਨ ਇਕ ਘਟੀਆ, ਅਣਘੜ ਆਦਮੀ ਵਜੋਂ ਕੀਤਾ ਜਾਂਦਾ ਹੈ ਜਿਸਦੀ ਇਕੋ ਇਕ ਖਾਹਸ਼ ਚੰਗਾ ਖਾਣਾ–ਪੀਣਾ ਹੁੰਦੀ ਹੈ। ਆਦਰਸ਼ਵਾਦੀ ਇਸ ਮਿੱਥ ਨੂੰ ਚੱਲਦਾ ਰੱਖਣਾ ਪਸੰਦ ਕਰਦੇ ਹਨ। ਪਦਾਰਥਵਾਦ ਨੂੰ ਇਸਦੇ ਸਿਰਫ਼ ਇਕ ਰੂਪ, ਮਕਾਨਕੀ ਪਦਾਰਥਵਾਦ ਤੱਕ ਸੀਮਤ ਕਰਦਿਆਂ ਉਹ ਦੱਸਦੇ ਹਨ ਕਿ ਮਕਾਨਕੀ ਪਦਾਰਥਵਾਦੀ ਫ਼ਿਲਾਸਫ਼ਰ ਆਸ-ਰਹਿਤ, ਨਿਰਾਸ਼ਾਵਾਦੀ ਤਸਵੀਰ ਪੇਸ਼ ਕਰਦੇ ਹਨ: ਮਨੁੱਖ ਪ੍ਰਕਿਰਤਕ ਸ਼ਕਤੀਆਂ ਦੇ ਹੱਥਾਂ ਵਿਚ ਇਕ ਲਾਚਾਰ ਖਿਡੌਣਾ ਹੈ, ਸਿਰਫ਼ "ਹੋਰ ਚੀਜ਼ਾਂ ਵਿਚਕਾਰ ਇਕ ਚੀਜ਼" ਹੈ। ਇੱਛਾ-ਸ਼ਕਤੀ ਦੀ ਆਜ਼ਾਦੀ, ਰਚਣੇਈ ਸਰਗਰਮੀਆਂ, ਦੁਨੀਆਂ ਨੂੰ ਬਦਲਣ ਲਈ ਘੋਲ... ਇਹ ਸਭ ਝਾਵਲੇ ਹਨ। ਇਕੋ ਇਕ ਚੀਜ਼ ਜਿਹੜੀ ਮਨੁੱਖ ਕਰ ਸਕਦਾ ਹੈ, ਉਹ ਇਹ ਕਿ ਆਪਣੇ ਆਪ ਨੂੰ ਸਾਰੀ ਦੁਨੀਆਂ ਤੋਂ ਬਚਾ ਕੇ ਰੱਖੇ, ਆਪਣੇ ਹੀ ਲੋਕਾਂ ਦੀਆਂ ਅਤੇ ਸਮੁੱਚੀ ਮਨੁੱਖਤਾ ਦੀਆਂ ਲੋੜਾਂ ਨੂੰ ਭੁੱਲ ਜਾਏ, ਵਿਅਰਥ ਘੋਲ ਦਾ ਤਿਆਗ ਕਰ ਦੇਵੇ ਅਤੇ ਜਿਹੜੀ ਵੀ ਕੋਈ ਖੁਸ਼ੀ ਹੱਥ ਲੱਗ ਸਕਦੀ ਹੈ, ਉਸਨੂੰ ਮਾਣੇ। ਪਰ, ਅਸੀਂ ਹੁਣੇ ਦੇਖਿਆ ਹੈ ਕਿ ਮਕਾਨਕੀ ਪਦਾਰਥਵਾਦ ਦੀ ਸਵੈਵਿਰੋਧੀ ਪ੍ਰਕਿਰਤੀ ਕਾਰਨ, ਇਸਦੇ ਅਦਵੈਤਵਾਦੀ ਪਦਾਰਥਵਾਦ ਤੋਂ ਆਦਰਸ਼ਵਾਦ ਵੱਲ

ਲਾਂਭੇ ਜਾਣ ਦੇ ਕਾਰਨ ਹੀ ਇਹੋ ਜਿਹੇ ਸਿੱਟਿਆਂ ਉਤੇ ਪਹੁੰਚਣਾ ਸੰਭਵ ਹੈ।

ਆਓ ਦੇਖੀਏ ਕਿ ਆਦਰਸ਼ਵਾਦ ਸਾਨੂੰ ਕਿਹੜੀਆਂ ਜੀਵਨ--ਕੀਮਤਾਂ ਪੇਸ਼ ਕਰਦਾ ਹੈ। ਇਸ ਸੰਸਾਰ ਵਿਚ ਬਹੁਤਾ ਕੁਝ ਪਰਾਪਤ ਕਰਨ ਸਕਣ ਵਾਸਤੇ ਮਨੁੱਖ ਲਈ ਇਸਨੂੰ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਇਸਲਈ, ਆਦਰਸ਼ਵਾਦੀ ਦਾ ਸੰਸਾਰ ਦ੍ਰਿਸ਼ਟੀਕੋਨ ਬੁਨਿਆਦੀ ਤੌਰ ਉਤੇ ਨਿਰਾਸ਼ਾਵਾਦੀ ਹੈ। ਮੌਤ, ਕਸ਼ਟ ਅਤੇ ਇਕਲਾਪਾ ਇਸ ਸੰਸਾਰ ਉਤੇ ਭਾਰੂ ਹਨ। ਸੱਚੀ ਆਜ਼ਾਦੀ, ਰਚਣਾਤਮਿਕਤਾ, ਪਿਆਰ ਅਤੇ ਖ਼ੁਸ਼ੀ — ਸਾਰੀਆਂ ਚੀਜ਼ਾਂ ਜਿਨ੍ਹਾਂ ਦੇ ਕਿ ਮਨੁੱਖ ਯੋਗ ਹੈ — ਦੀ ਅਣਹੋਂਦ ਹੈ। ਫਿਰ ਵੀ, ਆਦਰਸ਼ਵਾਦੀ ਦਾ ਕਹਿਣਾ ਹੈ, ਅਸੀਂ ਇਸ ਸੰਸਾਰ ਵਿਚ ਆਪਣੀ ਜ਼ਿੰਦਗੀ ਨੂੰ ਬਦਲੇ ਤੋਂ ਬਿਨਾਂ ਹੀ ਘੱਟੋ ਘੱਟ ਬਰਦਾਸ਼ਤ ਕਰਨ ਯੋਗ ਬਣਾ ਸਕਦੇ ਹਾਂ। ਕਿਵੇਂ ? ਇਹ ਵਿਸ਼ਵਾਸ ਕਰਕੇ ਕਿ ਇਕ ਹੋਰ ਵੀ ਸੰਸਾਰ ਹੈ ਅਤੇ ਇਹ ਅਦਿੱਖ ਸੰਸਾਰ ਅਸਲੀ ਹੈ; ਕਿ ਮਨੁੱਖ ਇਸ ਨਾਲ ਡੂੰਘੇ ਸੰਬੰਧਾਂ ਰਾਹੀਂ ਜੁੜਿਆ ਹੋਇਆ ਹੈ, ਕਿ ਉਹ ਇਸਨਾਲ ਸੰਚਾਰ ਕਰ ਸਕਦਾ ਹੈ, ਅਤੇ ਉਹ ਜਲਦੀ ਹੀ ਹਮੇਸ਼ਾ ਹਮੇਸ਼ਾ ਲਈ ਇਸ ਵਿਚ ਦਾਖ਼ਲ ਹੋ ਜਾਵੇਗਾ। ਸੋ, ਜੇ ਇਸ ਫ਼ਿਲਾਸਫ਼ੀ ਨੂੰ ਆਸ਼ਾਵਾਦੀ ਕਿਹਾ ਜਾ ਸਕਦਾ ਹੈ, ਤਾਂ ਇਹ ਝੂਠਾ, ਝਾਵਲਾ-ਰੂਪੀ ਆਸ਼ਾਵਾਦ ਹੈ।

ਸਮਕਾਲੀ ਪੱਛਮੀ ਫ਼ਿਲਾਸਫ਼ੀ ਵਿਚ ਵੀ ਨਿਰਾਸ਼ਾਵਾਦੀ ਸੁਰ ਕਾਫ਼ੀ ਉੱਚੀ ਹੈ: ਸਾਡਾ ਸਮੁੱਚਾ ਜੀਵਨ ਨਾ ਦੂਰ ਹੋਣ ਵਾਲੀਆਂ, ਦੁਖਾਂਤਕ ਵਿਰੋਧਤਾਈਆਂ ਨਾਲ ਭਰਿਆ ਪਿਆ ਹੈ: ਇਹ ਐਸਾ ਜੀਵਨ ਹੈ ਜਿਹੜਾ ਮੌਤ ਵਿਚ ਜਾ ਮੁੱਕਦਾ ਹੈ, ਇਸਲਈ ਮਨੁੱਖਾ ਜੀਵਨ ਦਾ ਕੋਈ ਅਰਥ ਨਹੀਂ; ਇਹ ਬੇਥਵ੍ਹੀ ਚੀਜ਼ ਹੈ। ਭਾਵੇਂ ਕੁਝ ਫ਼ਿਲਾਸਫ਼ਰਾਂ ਨੇ (ਉਦਾਹਰਣ ਵਜੋਂ, **ਜਾਂ-ਪਾਲ ਸਾਰਤਰ** ਨੇ) ਮਨੁੱਖਾ ਜੀਵਨ ਦੀ ਇਸਤਰ੍ਹਾਂ ਦੀ ਸੂਝ ਤੋਂ ਇਨਕਲਾਬੀ

ਨਤੀਜੇ ਕੱਢਣ ਦੀ ਕੋਸ਼ਿਸ਼ ਕੀਤੀ, ਇਹ ਸਿਰਫ਼ ਅਸਪਸ਼ਟ ਜਿਹੇ ਅਰਾਜਕਤਾਵਾਦੀ-ਸੰਘਸਮਾਜਵਾਦੀ ਸੰਕਲਪ ਸਨ: ਸੰਸਾਰ ਦੀ ਕਾਇਆ-ਕਲਪ ਹਕੀਕਤ ਦੇ ਵਸਤੂਪਰਕ ਕਾਨੂੰਨਾਂ ਦੀ ਸਮਝ ਉਪਰ ਆਧਾਰਤ ਨਹੀਂ ਕੀਤੀ ਜਾ ਸਕਦੀ, ਸਗੋਂ ਇਹ ਊਟ-ਪਟਾਂਗ ਹਕੀਕਤ **ਦੇ ਬਾਵਜੂਦ** ਚੱਲਣੀ ਚਾਹੀਦੀ ਹੈ। ਇਸਤਰ੍ਹਾਂ ਦੇ "ਇਨਕਲਾਬ" ਲਈ ਧਿਆਨ ਨਾਲ ਵਿਸਥਾਰੇ ਸਿਧਾਂਤ, ਸਖ਼ਤ ਅਨੁਸ਼ਾਸਣ, ਜਾਂ ਸਮੂਹਕ ਜਥੇਬੰਦੀ ਦੀ ਕੋਈ ਲੋੜ ਨਹੀਂ। "ਨਰਕ — ਇਹ ਸਭ ਹੋਰ ਹਨ", — ਇਹ ਕਥਣ ਹੈ ਸਾਰਤਰ ਦੇ ਇਕ ਨਾਟਕ ਦੇ ਪਾਤਰ ਦਾ। ਪਾਸਕਲ ਲੇਨੇ ਦੇ ਛੋਟੇ ਜਿਹੇ ਨਾਵਲ "L'irrevolution"* ਦਾ ਨਾਇਕ ਇਹ ਦਾਅਵਾ ਕਰਦਾ ਹੈ ਕਿ ਮਜ਼ਦੂਰ ਆਪਣੇ ਹੱਕਾਂ ਦੀ ਰਾਖੀ ਲਈ ਟਰੇਡ ਯੂਨੀਅਨਾਂ ਅਤੇ ਪਾਰਟੀ ਉਪਰ ਵਿਸ਼ਵਾਸ ਕਰਦੇ ਹਨ, ਜਿਸ ਕਰਕੇ ਉਹ ਆਜ਼ਾਦ ਨਹੀਂ ਹਨ। ਪਹਿਲੀ ਥਾਂ ਤੇ, ਉਹਨਾਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਅਤੇ ਆਪਣੇ ਅੰਦਰਲੇ "ਆਪੇ" ਨੂੰ ਪਰਗਟ ਕਰ ਸਕਣ ਅਤੇ ਪਦਾਰਥਕ ਸੰਸਾਰ ਦਾ ਇਕ ਕਿਣਕਾ ਬਣ ਜਾਣ ਤੋਂ ਬਚੇ ਰਹਿ ਸਕਣ। ਇਸ ਦ੍ਰਿਸ਼ਟੀਕੋਨ ਅਨੁਸਾਰ, ਆਪਣੇ ਹੱਕਾਂ ਲਈ, ਚੰਗੇਰੀਆਂ ਪਦਾਰਥਕ ਹਾਲਤਾਂ ਲਈ ਅਤੇ ਜਮਹੂਰੀ ਆਜ਼ਾਦੀਆਂ ਲਈ ਲੜਨ, ਹੜਤਾਲ ਕਰਨ ਦਾ ਅਰਥ "ਵਸਤਾਂ ਦੀ ਤਾਕਤ" ਅੱਗੇ, ਪਦਾਰਥਕ ਸੰਸਾਰ ਦੀ ਤਾਕਤ ਅੱਗੇ ਗੋਡੇ ਟੇਕਣਾ ਹੈ। ਬੇਸ਼ਕ, ਸਮਾਜ ਦੀ ਕਾਇਆ-ਕਲਪ ਨਹੀਂ ਕੀਤੀ ਜਾ ਸਕਦੀ ਜੇ ਵਸਤੂਪਰਕ ਕਾਨੂੰਨਾਂ ਦੇ ਗਿਆਨ ਉਪਰ ਨਿਰਭਰ ਕਰਦਿਆਂ ਘੋਲ ਦੇ ਯਥਾਰਥਕ ਰੂਪਾਂ ਨੂੰ ਅੱਖੋਂ ਉਹਲੇ ਕੀਤਾ ਜਾਂਦਾ ਹੈ।

---

* "ਅਣ-ਇਨਕਲਾਬ" — **ਅਨੁ:**

ਤੱਤ ਰੂਪ ਵਿਚ ਇਹੀ ਹੈ ਜੋ ਕਿ "ਉੱਚੇ-ਸੁੱਚੇ ਆਦਰਸ਼ਾਂ ਲਈ ਯਤਨ ਕਰਨ" ਦਾ, ਜਿਸਨੂੰ ਆਦਰਸ਼ਵਾਦੀ ਆਪਣਾ ਵਿਲੱਖਣ ਲੱਛਣ ਸਮਝਦੇ ਹਨ, ਮਤਲਬ ਨਿਕਲਦਾ ਹੈ। ਇਸਤੋਂ ਘੋਰ ਨਿਰਾਸ਼ਾਵਾਦ, ਅਹੰਕਾਰ, ਠੋਸ ਕੰਮ ਤੋਂ ਅਸਮਰੱਥਾ ਅਤੇ ਲਫ਼ੌੜੀ, ਖੋਖਲੀ ਗੱਲਬਾਤ ਦਾ ਹੀ ਪਤਾ ਲੱਗਦਾ ਹੈ।

ਆਦਰਸ਼ਵਾਦ ਮਨੁੱਖ ਵਿਚ, ਉਸਦੀਆਂ ਸ਼ਕਤੀਆਂ ਵਿਚ, ਅਤੇ ਜ਼ਿੰਦਗੀ ਵਿਚ ਆਪਣਾ ਰਸਤਾ ਆਪ ਚੁਣ ਸਕਣ ਦੀ ਉਸਦੀ ਯੋਗਤਾ ਵਿਚ ਬੇਵਿਸ਼ਵਾਸੀ ਵੱਲ ਲੈ ਜਾਂਦਾ ਹੈ। ਇਸਦੀ ਇਕ ਉਦਾਹਰਣ ਕਾਂਤ ਦੀ ਨੈਤਿਕ, "ਅਮਲੀ" ਫ਼ਿਲਾਸਫ਼ੀ ਹੈ। ਕਾਂਤ ਦਾ ਖ਼ਿਆਲ ਸੀ ਕਿ ਮਨੁੱਖ ਨੂੰ ਅਟੱਲ ਕਾਨੂੰਨ ਵਜੋਂ ਫ਼ਰਜ਼ ਦੀ ਆਵਾਜ਼ ਸੁਣਨੀ ਚਾਹੀਦੀ ਹੈ, ਉਸਨੂੰ ਆਪਣੀ ਜ਼ਮੀਰ ਦੇ ਹੁਕਮ ਮੁਤਾਬਕ ਚੱਲਣਾ ਚਾਹੀਦਾ ਹੈ, ਭਾਵੇਂ ਇਹ ਉਸਦੇ ਪਦਾਰਥਕ ਹਿੱਤਾਂ, ਜਿਵੇਂ ਕਿ ਕੰਮ ਵਿਚ ਤਰੱਕੀ, ਲਾਹੇਵੰਦਾ ਸੌਦਾ ਆਦਿ, ਦੇ ਉਲਟ ਹੀ ਕਿਉਂ ਨਾ ਜਾਂਦਾ ਹੋਵੇ। ਮਨੁੱਖ ਨੂੰ ਆਪਣੇ ਸਦਗੁਣੀ ਵਿਹਾਰ ਲਈ ਇਨਾਮ ਦੀ ਉਡੀਕ ਨਹੀਂ ਕਰਨੀ ਚਾਹੀਦੀ। ਇਸ ਨੁਕਤੇ ਉਤੇ, ਇਸ ਗੱਲ ਵੱਲ ਧਿਆਨ ਦੁਆਇਆ ਜਾਣਾ ਜ਼ਰੂਰੀ ਲੱਗਦਾ ਹੈ: ਇਹ ਥਾਂ ਹੈ ਜਿਥੇ ਦਾਰਸ਼ਨਿਕ ਆਦਰਸ਼ਵਾਦ ਉੱਚੇ-ਸੁੱਚੇ ਆਦਰਸ਼ਾਂ ਵਿਚ ਵਿਸ਼ਵਾਸ ਨਾਲ ਇਕਮਿਕ ਹੋਇਆ ਹੋਇਆ ਹੈ! ਪਰ ਕਾਂਤ ਇਸਤੋਂ ਵੀ ਅੱਗੇ ਗਿਆ: ਮਨੁੱਖ ਨੂੰ ਇਸ ਸੰਸਾਰ ਵਿਚ ਇਨਾਮ ਦੀ ਆਸ ਨਹੀਂ ਰੱਖਣੀ ਚਾਹੀਦੀ। ਦੂਜੇ ਸੰਸਾਰ ਵਿਚ ਹਰ ਸਦਗੁਣੀ ਮਨੁੱਖ ਨੂੰ ਉਸਦੇ ਚੰਗੇ ਵਿਵਹਾਰ ਲਈ ਇਨਾਮ ਦਿਤਾ ਜਾਇਗਾ, ਅਤੇ ਜਿਨ੍ਹਾਂ ਨੇ ਫ਼ਰਜ਼ ਦੀ ਆਵਾਜ਼ ਨੂੰ ਕੰਨ ਨਹੀਂ ਧਰਿਆ ਹੋਵੇਗਾ, ਉਹਨਾਂ ਨੂੰ ਸਜ਼ਾ ਦਿਤੀ ਜਾਇਗੀ। ਅੰਤਮ ਵਿਸ਼ਲੇਸ਼ਣ ਵਿਚ, ਕਾਂਤ ਦਾ ਵਿਸ਼ਵਾਸ ਸੀ ਕਿ ਜੇ ਮਨੁੱਖ ਨੂੰ ਆਪਣੇ ਆਪ ਉਤੇ ਛੱਡ ਦਿਤਾ ਜਾਏ, ਅਤੇ "ਉਪਰ ਵਲੋਂ" ਉਸ ਉਪਰ ਕੋਈ

ਕੰਟਰੋਲ ਨਾ ਰੱਖਿਆ ਜਾਏ, ਤਾਂ ਉਹ ਸਦਗੁਣੀ ਢੰਗ ਨਾਲ ਵਿਵਹਾਰ ਨਹੀਂ ਕਰੇਗਾ।

ਆਓ ਦੇਖੀਏ ਕਿ ਸੰਸਾਰ ਵਿਚ ਅੱਗੋਂ ਹੋਣ ਵਾਲੀਆਂ ਤਬਦੀਲੀਆਂ ਅਤੇ ਸੁਧਾਈਆਂ ਬਾਰੇ, ਅਤੇ ਉੱਚੇ-ਸੁੱਚੇ ਆਦਰਸ਼ਾਂ ਵੱਲ ਮਨੁੱਖ ਦੇ ਯਤਨਾਂ ਬਾਰੇ ਕਹਿਣ ਲਈ ਅਦਵੈਤਵਾਦੀ ਪਦਾਰਥਵਾਦ ਕੋਲ ਕੀ ਹੈ।

## ਆਸ਼ਾਵਾਦ ਦਾ ਆਧਾਰ

ਅਸੀਂ ਹੇਠ ਲਿਖੇ ਕਥਨ ਨਾਲ ਗੱਲ ਸ਼ੁਰੂ ਕਰਾਂਗੇ: "ਮੈਨੂੰ ਅਖਾਉਤੀ 'ਅਮਲੀ' ਆਦਮੀਆਂ ਉਤੇ, ਸਮੇਤ ਉਹਨਾਂ ਦੀ ਸਿਆਣਪ ਦੇ, ਹਾਸਾ ਆਉਂਦਾ ਹੈ। ਜੇ ਕੋਈ ਬੈਲ ਬਣਨਾ ਚੁਣ ਲੈਂਦਾ ਹੈ, ਤਾਂ ਬੇਸ਼ਕ ਉਹ ਮਨੁੱਖਤਾ ਦੇ ਕਸ਼ਟਾਂ ਵਲੋਂ ਮੂੰਹ ਫੇਰ ਸਕਦਾ ਹੈ ਅਤੇ ਆਪਣੀ ਹੀ ਚਮੜੀ ਦਾ ਧਿਆਨ ਰੱਖ ਸਕਦਾ ਹੈ।"* ਇਹ ਸ਼ਬਦ ਕਾਰਲ ਮਾਰਕਸ ਦੇ ਹਨ, ਜੋ ਕਿ ਇਕਸਾਰ ਪਦਾਰਥਵਾਦੀ ਸੀ ਅਤੇ ਸਾਰੇ ਆਦਰਸ਼ਵਾਦੀ ਸਿਧਾਂਤਾ ਦਾ ਪੱਕਾ ਵਿਰੋਧੀ ਸੀ।

ਆਦਰਸ਼ਵਾਦੀਆਂ ਤੋਂ ਉਲਟ, ਪਦਾਰਥਵਾਦੀ ਦੂਜੇ ਸੰਸਾਰ ਦੀਆਂ ਸ਼ਕਤੀਆਂ ਤੋਂ ਸਹਾਇਤਾ ਨਹੀਂ ਮੰਗਦਾ, ਜਿਹੜੀਆਂ ਮਨੁੱਖ ਨੂੰ ਸੋਟੀ ਅਤੇ ਗਾਜਰ ਨਾਲ ਸਦਗੁਣ ਦੇ ਰਾਹ ਉਤੇ ਤੋਰਦੀਆਂ ਹਨ। ਇਕ ਇਕਸਾਰ ਪਦਾਰਥਵਾਦੀ ਮਨੁੱਖ ਵਿਚ, ਉਸਦੀਆਂ ਸ਼ਕਤੀਆਂ ਵਿਚ ਅਤੇ ਸਮਰੱਥਾਵਾਂ ਵਿਚ ਯਕੀਨ

---

*"ਨਿਊ ਯਾਰਕ ਵਿਚ ਸਿਗਫ਼ਰੀਦ ਮਾਇਰ ਨੂੰ ਮਾਰਕਸ ਦੀ ਚਿੱਠੀ, ਅਪ੍ਰੈਲ ੩੦, ੧੮੬੭", ਮਾਰਕਸ/ਏਂਗਲਜ਼, ਚੋਣਵਾਂ ਚਿੱਠੀ-ਪੱਤਰ, ਸਫ਼ਾ ੧੭੩।

ਕਰਦਾ ਹੈ। ਇਸ ਆਸ਼ਾਵਾਦੀ ਸੰਸਾਰ ਦ੍ਰਿਸ਼ਟੀਕੋਨ ਦੇ ਵਿਸ਼ੇਸ਼ ਲੱਛਣ, ਜੋ ਕਿ ਇਕਸਾਰ ਪਦਾਰਥਵਾਦੀ ਦੇ ਪ੍ਰਤਿਨਿਧ ਲੱਛਣ ਹਨ, ਸਿਧੇ ਸੰਸਾਰ ਅਤੇ ਮਨੁੱਖ ਬਾਰੇ ਉਸਦੀ ਦ੍ਰਿਸ਼ਟੀ ਤੋਂ ਨਿਕਲਦੇ ਹਨ।

ਪਦਾਰਥਵਾਦੀ ਲਈ, ਸੰਸਾਰ ਆਪਣੀ ਵਿਭਿੰਨਤਾ ਵਿਚ ਇਕ ਹੈ, ਅਤੇ ਸਮੇਂ ਅਤੇ ਸਥਾਨ ਵਿਚ ਅਸੀਮ ਹੈ। ਪਰ ਫਿਰ ਵੀ ਪਦਾਰਥਵਾਦੀ ਨੂੰ ਸਪਸ਼ਟ ਕਰਨਾ ਪੈਂਦਾ ਹੈ ਕਿ ਇਸ ਸੰਸਾਰ ਵਿਚ ਮਨੁੱਖ ਦਾ ਕੀ ਸਥਾਨ ਹੈ, ਅਤੇ ਚੇਤਨਾ ਕਿਵੇਂ ਜਨਮ ਲੈਂਦੀ ਹੈ। "ਮਹਾਨ ਘੜੀਸਾਜ਼" ਦੀ ਸਹਾਇਤਾ ਉਪਰ ਨਿਰਭਰ ਕੀਤੇ ਤੋਂ ਬਿਨਾਂ ਸੰਸਾਰ ਬਾਰੇ ਇਹੋ ਜਿਹੇ ਦ੍ਰਿਸ਼ਟੀਕੋਨ ਨੂੰ ਪ੍ਰਮਾਣਿਤ ਕਰਨ ਲਈ, ਇਹ ਮੰਨਣਾ ਜ਼ਰੂਰੀ ਹੈ ਕਿ ਉਹ ਸਾਰੀਆਂ ਸ਼ਕਤੀਆਂ, ਜਿਹੜੀਆਂ ਨਿਰਜੀਵ ਅਤੇ ਸਜੀਵ ਪ੍ਰਕਿਰਤੀ ਦੀ ਸਾਰੀ ਵੰਨ-ਸੁਵੰਨਤਾ ਦੇ ਪਿੱਛੇ, ਅਤੇ, ਅੰਤਮ ਰੂਪ ਵਿਚ, ਮਨੁੱਖ ਦੇ ਪਿੱਛੇ ਵੀ (ਜਿਹੜਾ ਕਿ ਤਰਕ ਅਤੇ ਜਜ਼ਬਿਆਂ ਨਾਲ ਵਰੋਸਾਇਆ ਹੋਇਆ ਹੈ) ਕੰਮ ਕਰ ਰਹੀਆਂ ਹਨ, ਲਾਜ਼ਮੀ ਤੌਰ ਉਤੇ ਪਦਾਰਥ ਵਿਚ, ਪ੍ਰਕਿਰਤੀ ਵਿਚ ਹੀ ਮੌਜੂਦ ਹੋਣਗੀਆਂ, ਨਾ ਕਿ ਇਸਤੋਂ ਕਿਤੇ ਬਾਹਰ।

ਕੋਈ ਸਮਾਂ ਸੀ ਜਦੋਂ ਪ੍ਰਕਿਰਤੀ ਅਤੇ ਮਨੁੱਖ ਬਾਰੇ ਗਿਆਨ ਬੇਹੱਦ ਸੀਮਤ ਸੀ ਅਤੇ ਇਸ ਸਵਾਲ ਨੂੰ ਬੇਹੱਦ ਸਰਲ ਢੰਗ ਨਾਲ ਨਜਿੱਠਿਆ ਜਾਂਦਾ ਸੀ: ਚੇਤਨਾ, "ਆਤਮਾ", ਨਿਰਜੀਵ ਪਦਾਰਥ ਵਿਚੋਂ ਪੈਦਾ ਨਹੀਂ ਹੁੰਦੀ ਸਗੋਂ ਹਰ ਵਰਤਾਰੇ ਵਿਚ ਸ਼ਾਮਲ ਹੁੰਦੀ ਹੈ ਅਤੇ ਪ੍ਰਕਿਰਤੀ ਵਿਚ ਹਮੇਸ਼ਾ ਹੀ ਹਾਜ਼ਰ ਰਹੀ ਹੈ। ਇਹ, ਇਕਤਰ੍ਹਾਂ ਨਾਲ, ਪੱਥਰਾਂ, ਪਾਣੀ ਅਤੇ ਧਰਤੀ ਵਿਚ "ਸੌਂ ਰਹੀ ਹੁੰਦੀ ਹੈ," ਦਰੱਖਤਾਂ ਅਤੇ ਜਾਨਵਰਾਂ ਵਿਚ ਹੌਲੀ ਹੌਲੀ ਜਾਗ ਰਹੀ ਹੁੰਦੀ ਹੈ ਅਤੇ ਮਨੁੱਖ ਦੇ ਪਰਗਟ ਹੋਣ ਨਾਲ ਅਖ਼ੀਰ ਆਪਣੀਆਂ ਅੱਖਾਂ "ਖੋਹਲ ਲੈਂਦੀ ਹੈ"। ਇਸ ਪਹੁੰਚ

ਨੂੰ **ਪਦਾਰਥ-ਜੀਵਵਾਦ** ਕਹਿੰਦੇ ਹਨ। ਇਹ ਬੇਹੱਦ ਸਰਲ ਹੈ, ਪਰ ਸੱਚ ਤੋਂ ਏਨਾਂ ਦੂਰ ਜਿੰਨਾਂ ਆਦਿ-ਕਾਲੀਨ ਮਨੁੱਖ ਆਧੁਨਿਕ ਸਨਅਤੀ ਸ਼ਹਿਰ ਦੇ ਵਾਸੀ ਤੋਂ। ਸਮਕਾਲੀ ਪਦਾਰਥਵਾਦੀ ਲਈ ਇਹੋ ਜਿਹੀ ਪਹੁੰਚ, ਬੇਸ਼ਕ, ਪ੍ਰਵਾਨਣਯੋਗ ਨਹੀਂ।

ਆਓ ਇਸ ਸਵਾਲ ਨੂੰ ਇਕ ਵਖਰੇ ਕੋਨ ਤੋ ਵਿਚਾਰਨ ਦੀ ਕੋਸ਼ਿਸ਼ ਕਰੀਏ। ਜੀਵਨ ਕੀ ਹੈ? ਜੇ ਕੋਈ ਚੱਟਾਨ ਤੇਜ਼ ਹਵਾਵਾਂ ਅਤੇ ਬਰਫ਼ਾਨੀ ਤੂਫ਼ਾਨਾਂ ਦਾ ਨਿਰੰਤਰ ਸ਼ਿਕਾਰ ਰਹਿੰਦੀ ਹੈ ਤਾਂ ਇਹ ਹੌਲੀ ਹੌਲੀ ਭੁਰ ਜਾਇਗੀ; ਇਹ ਵਖਰੀ ਲੱਗੇਗੀ, ਭਾਵੇਂ ਇਹ ਆਪਣੀ ਥਾਂ ਰਹੇਗੀ। ਇਸਦੀ ਤੁਲਨਾ ਵਿਚ ਇਕ ਜਿਊਂਦੀ-ਜਾਗਦੀ ਚੀਜ਼, ਭਾਵੇਂ ਉਹ ਨਿੱਕੇ ਤੋਂ ਨਿੱਕਾ ਕੀੜਾ ਹੀ ਕਿਉਂ ਨਾ ਹੋਵੇ, ਸ਼ਰਨ ਲੱਭਣ ਦੀ ਕੋਸ਼ਿਸ਼ ਕਰੇਗੀ। ਇਥੋਂ ਤੱਕ ਕਿ ਪੌਦਾ ਵੀ, ਇਕਤਰ੍ਹਾਂ ਨਾਲ , "ਕੋਈ ਕਦਮ ਚੁੱਕੇਗਾ" —ਆਪਣੇ ਫੁੱਲ ਦੀਆਂ ਪਤੀਆਂ ਨੂੰ ਬੰਦ ਕਰ ਕੇ। ਇਸਤਰ੍ਹਾਂ ਨਿਰਜੀਵ ਪ੍ਰਕਿਰਤੀ ਤੋਂ ਉਲਟ, ਕੋਈ ਵੀ ਜਿਊਂਦੀ-ਜਾਗਦੀ ਚੀਜ਼ ਹਮੇਸ਼ਾ ਆਪਣੇ ਮਾਹੌਲ ਨਾਲ ਇਕ ਸੰਤੁਲਣ ਕਾਇਮ ਰੱਖਦੀ ਹੈ, ਖ਼ਤਰੇ ਤੋ ਬਚਣ ਲਈ, ਖ਼ੁਰਾਕ ਲੱਭਣ ਲਈ, ਆਪਣੇ ਬੱਚਿਆਂ ਨੂੰ ਬਚਾਉਣ ਲਈ ਆਪਣੀ ਹੋਂਦ ਦੀਆਂ ਬਦਲੀਆਂ ਹੋਈਆਂ ਹਾਲਤਾਂ ਵੱਲ ਨਿਰੰਤਰ ਪ੍ਰਤਿਕਰਮ ਦੇਂਦੀ ਰਹਿੰਦੀ ਹੈ।

ਪਰ ਮਾਹੌਲ ਵਿਚਲੀਆਂ ਤਬਦੀਲੀਆਂ ਵੱਲ ਠੀਕ ਠੀਕ ਪ੍ਰਤਿਕਰਮ ਦੇਣ ਦੀ ਯੋਗਤਾ ਸਾਰੇ ਜੀਵਾਂ ਵਿਚ ਸੀਮਤ ਹੁੰਦੀ ਹੈ, ਸਿਵਾਇ ਮਨੁੱਖ ਦੇ ਜਿਹੜਾ ਬੇਹੱਦ ਭਿੰਨ ਭਿੰਨ ਅਤੇ ਜਟਿਲ ਹਾਲਤਾਂ ਵਿਚ ਰਹਿੰਦਾ ਹੈ ਅਤੇ ਆਪਣੇ ਆਪ ਨੂੰ ਨਿਰੰਤਰ ਬਿਲਕੁਲ ਨਵੀਆਂ ਹਾਲਤਾਂ ਦੇ ਰੂਬਰੂ ਦੇਖਦਾ ਹੈ। ਧਰਤੀ ਉਪਰ ਰਹਿਣ ਵਾਲਾ ਕੋਈ ਵੀ ਜਾਨਵਰ ਮਰ ਜਾਇਗਾ ਜੇ ਇਸਨੂੰ ਪਾਣੀ ਹੇਠਾਂ ਰੱਖ ਦਿਤਾ ਜਾਏ, ਪਰ ਮਨੁੱਖ ਟੋਭਿਆਂ ਵਾਲੇ ਸੂਟ

ਦੀ ਵਰਤੋਂ ਕਰ ਸਕਦਾ ਹੈ ਜਿਸ ਨਾਲ ਆਕਸੀਜਨ ਟੈਂਕ ਲੱਗਾ ਹੁੰਦਾ ਹੈ। ਗਰਮ ਇਲਾਕਿਆਂ ਦੇ ਜਾਨਵਰ ਉੱਤਰੀ ਧਰੂ ਉਤੇ ਜਿਊਂਦੇ ਨਹੀਂ ਰਹਿ ਸਕਦੇ, ਥੋਹੜੇ ਸਮੇਂ ਲਈ ਵੀ ਨਹੀਂ। ਦੂਜੇ ਪਾਸੇ, ਮਨੁੱਖ ਉਹਨਾਂ ਸਖ਼ਤ ਹਾਲਤਾਂ ਵਿਚ ਵੀ ਜਿਊਂਦੇ ਰਹਿਣ ਲਈ ਆਪਣੇ ਆਪ ਨੂੰ ਤਿਆਰ ਕਰ ਸਕਦਾ ਹੈ, ਜਿਨ੍ਹਾਂ ਵਿਚ ਉਹ ਕਦੀ ਵੀ ਨਾ ਰਿਹਾ ਹੋਵੇ। ਤਾਂ ਫਿਰ ਕਿਉਂ ਮਨੁੱਖ, ਜਿਹੜਾ ਸ਼ਰੀਰਕ ਤੌਰ ਉਤੇ ਏਨਾਂ ਲੈਸ ਨਹੀਂ, ਜਿਸ ਕੋਲ ਨਾ ਮੋਟੀ ਜੱਤ ਵਾਲੀ ਚਮੜੀ ਹੈ ਅਤੇ ਨਾ ਹੀ ਤਿੱਖੇ ਨਹੁੰ ਜਾਂ ਦੰਦ ਹਨ, ਜਾਨਵਰਾਂ ਉਪਰ ਏਨੀਂ ਬਰਤਰੀ ਮਾਣਦਾ ਹੈ?

ਇਹ ਮਨੁੱਖ ਦੀ ਇਸ ਯੋਗਤਾ ਕਰਕੇ ਹੈ ਕਿ ਉਹ ਅਵਸਥਾ ਦਾ ਵਿਸ਼ਲੇਸ਼ਣ ਕਰ ਸਕਦਾ ਹੈ, ਜੋ ਕੁਝ ਉਸਨੇ ਦੇਖਿਆ ਹੁੰਦਾ ਹੈ ਉਸਦਾ ਸਾਰ ਕੱਢ ਸਕਦਾ ਹੈ ਅਤੇ ਭਵਿੱਖ ਬਾਰੇ ਪੇਸ਼ਗੋਈ ਕਰ ਸਕਦਾ ਹੈ। ਭੈੜੇ ਤੋਂ ਭੈੜਾ ਭਵਨ-ਨਿਰਮਾਤਾ ਵੀ ਚੰਗੀਆਂ ਤੋਂ ਚੰਗੀਆਂ ਮਧੂ-ਮੱਖੀਆਂ ਨੂੰ ਪਿੱਛੇ ਛੱਡ ਜਾਂਦਾ ਹੈ ਕਿਉਂਕਿ ਉਹ ਘਰ ਨੂੰ ਪਹਿਲਾਂ ਆਪਣੇ ਦਿਮਾਗ਼ ਵਿਚ ਉਸਾਰਦਾ ਹੈ। ਅਤੇ ਬਿਲਕੁਲ ਇਹੀ ਪ੍ਰਕਾਰਜ ਹਨ ਜਿਹੜੇ ਮਨੁੱਖੀ ਚੇਤਨਾ ਪੂਰੇ ਕਰਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਚੇਤਨਾ ਸਜੀਵ ਵਜੂਦਾਂ ਦੀਆਂ ਜ਼ੀਵਨ-ਹਾਲਤਾਂ ਦੇ ਜਟਿਲ ਹੋਣ ਦੇ ਸਿੱਟੇ ਵਜੋਂ ਪੈਦਾ ਹੁੰਦੀ ਹੈ। ਇਹ ਸਜੀਵ ਪਦਾਰਥ ਦੇ ਵਿਕਾਸ ਦੀ ਉਪਜ ਹੈ, ਮਾਹੌਲ ਵਿਚ ਅਨੁਕੂਲਣ ਦਾ ਸਭ ਤੋਂ ਸੰਪੂਰਨ ਸਾਧਨ ਹੈ। ਕਈ ਵਿਗਿਆਨ, ਜਿਵੇਂ ਕਿ ਮਾਨਵ-ਵਿਗਿਆਨ, ਮਨੋਵਿਗਿਆਨ, ਜੀਵ-ਵਿਗਿਆਨ ਅਤੇ ਮਾਨਸਿਕ-ਸ਼ਰੀਰ-ਵਿਗਿਆਨ, ਅਰੱਦ ਤਰੀਕੇ ਨਾਲ ਇਹ ਗੱਲ ਸਾਬਤ ਕਰਦੇ ਹਨ। ਇਸਲਈ ਅਸੀਂ ਇਹ ਸਿੱਟੇ ਕੱਢ ਸਕਦੇ ਹਾਂ:

ਪਹਿਲਾ, ਜੇ ਚੇਤਨਾ ਸੰਸਾਰ ਵਿਚ ਆਪਣੇ ਆਪ ਨੂੰ ਅਨੁਕੂਲਣ ਵਿਚ ਮਨੁੱਖ ਦੀ ਸਹਾਇਤਾ ਕਰਨ ਵਾਸਤੇ ਪੈਦਾ

ਹੁੰਦੀ ਹੈ, ਤਾਂ ਇਸਨੂੰ ਚਾਹੀਦਾ ਹੈ ਕਿ ਮਾਹੌਲ ਬਾਰੇ ਸਾਨੂੰ ਠੀਕ ਠੀਕ ਸੂਚਨਾ ਦੇਵੇ, ਨਹੀਂ ਤਾਂ ਇਹ ਫ਼ਜ਼ੂਲ ਹੋਵੇਗੀ, ਸਗੋਂ ਮਨੁੱਖ ਲਈ ਹਾਨੀਕਾਰਕ ਵੀ ਹੋ ਸਕਦੀ ਹੈ। ਦੂਜਾ, ਜੇ ਚੇਤਨਾ ਮਨੁੱਖ ਦੀਆਂ ਅਮਲੀ ਲੋੜਾਂ ਦੀ ਉਪਜ ਹੈ, ਤਾਂ ਇਹ ਬੁਨਿਆਦੀ ਮਹਤਵਪੂਰਨ ਕਾਰਜਾਂ ਨੂੰ ਪੂਰਿਆਂ ਕਰਨ ਦਾ ਸਾਧਨ ਹੈ। ਇਸਤਰ੍ਹਾਂ ਮਨੁੱਖ ਨਾ ਸਿਰਫ਼ ਹਕੀਕਤ ਨੂੰ ਸਮਝਣ ਦੇ ਹੀ ਯੋਗ ਹੈ, ਸਗੋਂ ਪਰਾਪਤ ਕੀਤੇ ਗਿਆਨ ਨੂੰ ਆਪਣੇ ਜੀਵਨ--ਮਿਆਰ ਬਿਹਤਰ ਬਣਾਉਣ ਲਈ ਵਰਤਣ ਦੇ ਵੀ ਸਮਰੱਥ ਹੈ।

ਹੁਣ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਦਾਰਥਵਾਦੀ ਸੰਸਾਰ ਦ੍ਰਿਸ਼ਟੀਕੋਨ ਕਿਉਂ ਆਸ਼ਾਵਾਦੀ ਹੈ। ਸਾਡੇ ਦੁਆਲੇ ਦੇ ਸੰਸਾਰ ਦੀ ਭਾਰੀ ਵੰਨ-ਸੁਵੰਨਤਾ ਦੇ ਬਾਵਜੂਦ ਅਤੇ ਇਸ ਤੱਥ ਦੇ ਬਾਵਜੂਦ ਕਿ ਮਨੁੱਖ ਕਿਸੇਤਰ੍ਹਾਂ ਵੀ ਸਰਬ-ਸ਼ਕਤੀਮਾਨ ਨਹੀਂ, ਇਸ ਸੰਸਾਰ ਵਿਚ ਉਸਦੀ ਸਥਿਤੀ ਨਾਉਮੀਦੀ ਵਾਲੀ ਨਹੀਂ। ਉਹ ਸੰਸਾਰ ਬਾਰੇ ਸੂਝ ਪਰਾਪਤ ਕਰਨ ਦੇ ਸਮਰੱਥ ਹੈ, ਭਾਵੇਂ ਇਸ ਵਿਚ ਕੁਝ ਸਮਾਂ ਕਿਉਂ ਨਾ ਲੱਗੇ, ਅਤੇ ਇਸ ਗਿਆਨ ਨੂੰ ਉਹ ਆਪਣੇ ਹਿੱਤਾਂ ਵਿਚ ਵਰਤ ਸਕਦਾ ਹੈ। ਇਹ ਸੰਸਾਰ ਮਨੁੱਖ ਲਈ, ਉਸਦੀ ਵਧਦੀ ਸ਼ਕਤੀ ਲਈ ਸਰਗਰਮੀ ਦਾ ਇਕ ਅਸੀਮ ਖੇਤਰ ਹੈ। ਕਿਸੇ ਸਰਵੁੱਚ ਸ਼ਕਤੀ ਨੇ ਉਸਨੂੰ ਇਹ ਗੁਣ ਨਹੀਂ ਦਿਤਾ; ਇਹ ਆਸ਼ਾਵਾਦੀ ਪਹੁੰਚ, ਸਗੋਂ, ਪ੍ਰਕਿਰਤੀ ਅਤੇ ਦੂਜੇ ਲੋਕਾਂ ਨਾਲ ਉਸਦੇ ਡੂੰਘੇ ਅਨਿੱਖੜ ਸੰਬੰਧ ਉਪਰ ਆਧਾਰਤ ਹੈ।

### ਹੈਮਲਟ ਜਾਂ ਫ਼ਾਊਸਟ ?

ਅਸੀਂ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਾਂ ਕਿ ਆਦਰਸ਼ਵਾਦੀ ਅਤੇ ਪਦਾਰਥਵਾਦੀ ਫ਼ਿਲਾਸਫ਼ਰਾਂ ਵਿਚਕਾਰ ਵਿਵਾਦ ਦੇ ਸਭ ਤੋਂ ਮਹਤਵਪੂਰਨ ਨੁਕਤਿਆਂ ਵਿਚੋਂ ਇਕ ਇਹ ਸਵਾਲ ਹੈ ਕਿ

ਕੀ ਸੰਸਾਰ ਨੂੰ ਸਮਝਣਾ ਸੰਭਵ ਹੈ? ਇਹ ਵੀ ਕਿਹਾ ਜਾ ਸਕਦਾ ਹੈ ਕਿ ਫ਼ਿਲਾਸਫ਼ੀ ਦਾ ਬੁਨਿਆਦੀ ਮਸਲਾ ਠੀਕ ਠੀਕ ਤਾਂ ਹੀ ਸੂਤ੍ਰਿਤ ਕੀਤਾ ਜਾ ਸਕਦਾ ਹੈ ਜੇ ਇਸ ਵਿਚ ਇਹ ਸਵਾਲ ਮਿਲਾ ਦਿਤਾ ਜਾਏ ਕਿ ਕੀ ਸੰਸਾਰ ਬਾਰੇ ਜਾਣਿਆ ਜਾ ਸਕਦਾ ਹੈ? ਤਾਂ ਫਿਰ ਆਓ ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦੀ ਵਧੇਰੇ ਠੀਕ ਠੀਕ ਪਰਿਭਾਸ਼ਾ ਦੇਣ ਦੀ ਕੋਸ਼ਿਸ਼ ਕਰੀਏ।

ਇਸ ਮਸਲੇ ਦੇ ਦੋ ਪਾਸੇ ਜਾਂ ਦੋ ਪੱਖ ਹਨ। ਪਹਿਲਾ **ਹੋਂਦ-ਸ਼ਾਸਤਰੀ** ਹੈ: ਪਹਿਲਾਂ ਕੀ ਪੈਦਾ ਹੁੰਦਾ ਹੈ—ਚੇਤਨਾ ਜਾਂ ਹਸਤੀ? ਅਤੇ ਦੂਜਾ **ਗਿਆਨ-ਸ਼ਾਸਤਰੀ** ਹੈ: ਕੀ ਮਨੁੱਖ ਦੁਆਲੇ ਦੇ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ?

ਅਸੀਂ ਪਹਿਲਾਂ ਹੀ ਦਰਸਾ ਚੁੱਕੇ ਹਾਂ ਕਿ ਇਕ ਇਕਸਾਰ ਪਦਾਰਥਵਾਦੀ, ਪ੍ਰਕਿਰਤੀ ਦੇ ਵਿਚੋਂ ਹੀ ਚੇਤਨਾ ਦੇ ਪਰਗਟ ਹੋਣ ਦੇ ਅਮਲ ਦੀ ਵਿਆਖਿਆ ਕਰਦਾ ਹੋਇਆ, ਨਾਲ ਹੀ ਇਸ ਸਵਾਲ ਦਾ ਵੀ ਜਵਾਬ ਦੇ ਜਾਂਦਾ ਹੈ ਕਿ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ ਜਾਂ ਨਹੀਂ। ਸਚਮੁਚ, ਅਸੀਂ ਸਿਰਫ਼ ਇਸ ਗੱਲ ਦੀ ਹੀ ਵਿਆਖਿਆ ਨਹੀਂ ਕਰਦੇ ਕਿ ਜ਼ਿੰਦਗੀ ਅਤੇ ਮਗਰੋਂ ਜਾ ਕੇ ਇਸਦੀ ਉੱਚਤਮ ਪਰਾਪਤੀ ਮਨੁੱਖ, **ਕਿਵੇਂ** ਪਰਗਟ ਹੁੰਦੇ ਹਨ; ਅਸੀਂ ਇਸ ਗੱਲ ਦਾ ਜਵਾਬ ਵੀ ਦੇਂਦੇ ਹਾਂ ਕਿ ਜ਼ਿੰਦਗੀ ਅਤੇ ਚੇਤਨਾ **ਕਿਉਂ** ਪਰਗਟ ਹੁੰਦੇ ਹਨ। ਇਹ ਪਤਾ ਲਾ ਕੇ ਕਿ ਸੰਸਾਰ ਦਾ ਠੀਕ ਗਿਆਨ ਮਨੁੱਖ ਦੇ ਜਿਊਣ ਲਈ ਇਕ ਲਾਜ਼ਮੀ ਸ਼ਰਤ ਹੈ, ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ ਕਿ ਮਨੁੱਖ ਇਸਦਾ ਬੋਧ ਪਰਾਪਤ ਕਰ ਸਕਦਾ ਹੈ। ਪਦਾਰਥ ਦੀ ਪ੍ਰਾਥਮਿਕਤਾ ਦੇ ਸਵਾਲ ਦਾ ਜਵਾਬ ਦੇ ਲੈਣ ਪਿਛੋਂ, ਨਾਲ ਹੀ ਸਾਨੂੰ ਸੰਸਾਰ ਬਾਰੇ ਬੋਧ ਪਰਾਪਤ ਕਰ ਸਕਣ ਦੀ ਮਨੁੱਖ ਦੀ ਸਮਰੱਥਾ ਸੰਬੰਧੀ ਸਵਾਲ ਦਾ ਹਾਂ ਵਿਚ ਜਵਾਬ ਦੇਣ ਦਾ ਮੌਕਾ ਮਿਲ ਜਾਂਦਾ ਹੈ। **ਇਸਤਰ੍ਹਾਂ** ਇਹ ਦੋ ਸਵਾਲ ਏਨੀਂ ਡੂੰਘੀ

ਤਰ੍ਹਾਂ ਸੰਬੰਧਤ ਹਨ ਕਿ ਉਹਨਾਂ ਨੂੰ ਇਕੱਠਿਆਂ ਕਰਕੇ ਦੇਖਣ ਅਤੇ ਇਹਨਾਂ ਨੂੰ ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦੇ ਜੁੜਵੇਂ ਅੰਗ ਦੱਸਣ ਲਈ ਸਾਡੇ ਕੋਲ ਹਰ ਦਲੀਲ ਮੌਜੂਦ ਹੈ।

ਪਰ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਦੇ ਦੋ ਪੱਖਾਂ ਵਿਚਕਾਰ ਸੰਬੰਧ ਦੇਖਣਾ ਹਮੇਸ਼ਾ ਹੀ ਏਨਾਂ ਸੌਖਾ ਨਹੀਂ ਹੁੰਦਾ। ਕਦੀ ਕਦੀ ਇਸ ਸਿੱਧੇ ਸਾਦੇ ਮਸਲੇ ਨੂੰ ਆਦਰਸ਼ਵਾਦੀ ਜਾਣ-ਬੁੱਝ ਕੇ ਉਲਝਾ ਦੇਂਦੇ ਹਨ। ਕਿਸ ਵਾਸਤੇ? ਅਤੇ ਕਿਵੇਂ?

ਆਦਰਸ਼ਵਾਦੀਆਂ ਦਾ ਦਾਅਵਾ ਹੈ ਕਿ ਮਨੁੱਖ ਦੀ ਆਤਮਾ ਦੇ ਇਕ ਪਾਸੇ ਦਾ ਲੱਛਣ ਗਿਆਨ ਲਈ ਅਰੁਕ ਪਿਆਸ ਹੈ। ਇਹ ਮਨੁੱਖ ਦੀ "ਡਾਕਟਰ ਫ਼ਾਊਸਟ" ਵਾਲੀ ਪ੍ਰਕਿਰਤੀ ਹੈ। ਮਨੁੱਖ ਦੀ ਆਤਮਾ ਦਾ ਇਕ ਹੋਰ ਪਾਸਾ ਸੰਸਾਰ ਵਿਚ ਮਨੁੱਖ ਦੀ ਹੋਂਦ ਨਾਲ ਸੰਬੰਧਤ ਹੈਮਲਟ ਦੇ "ਸਰਾਪੇ ਹੋਏ" ਸਵਾਲਾਂ ਵਿਚ ਪਰਗਟ ਹੁੰਦਾ ਹੈ: ਮੈਂ ਕੌਣ ਹਾਂ, ਮੈਂ ਕਿੱਧਰ ਜਾ ਰਿਹਾ ਹਾਂ, ਕੀ ਮੈਂ ਹੋਣੀ ਦੇ ਹੁਕਮਾਂ ਅੱਗੇ ਗੋਡੇ ਟੇਕ ਦੇਵਾਂ ਜਾਂ ਕਿ ਇਸਦਾ ਮੁਕਾਬਲਾ ਕਰਾਂ? ਤਾਂ ਫਿਰ, ਫ਼ਿਲਾਸਫ਼ਰ ਕਿਸਦੇ ਮਗਰ ਚੱਲੇ—ਫ਼ਾਊਸਟ ਦੇ ਮਗਰ, ਜਿਹੜਾ ਸਿਰਫ਼ ਮਨੁੱਖ ਦੀਆਂ ਬੋਧ ਪਰਾਪਤ ਕਰਨ ਦੀਆਂ ਯੋਗਤਾਵਾਂ ਵਿਚ ਹੀ ਦਿਲਚਸਪੀ ਰੱਖਦਾ ਹੈ, ਜਾਂ ਹੈਮਲਟ ਦੇ ਮਗਰ, ਜਿਹੜਾ ਸੰਸਾਰ ਵਿਚ ਮਨੁੱਖ ਦੀ ਥਾਂ ਬਾਰੇ ਸੋਚ ਰਿਹਾ ਹੈ? ਆਦਰਸ਼ਵਾਦੀ ਫ਼ਿਲਾਸਫ਼ਰ ਕਹਿੰਦੇ ਹਨ ਕਿ ਇਸ ਗੱਲ ਉਪਰ ਨਿਰਭਰ ਕਰਦਿਆਂ ਕਿ ਉਸਦੀ ਆਤਮਾ ਦਾ ਕਿਹੜਾ ਪਾਸਾ ਭਾਰੂ ਹੈ, ਫ਼ਿਲਾਸਫ਼ਰ ਇਹ ਬੁਨਿਆਦੀ ਸਵਾਲ ਆਪਣੇ ਲਈ ਆਪ ਹਲ ਕਰਦਾ ਹੈ।

ਕੁਝ ਸਮਕਾਲੀ ਫ਼ਿਲਾਸਫ਼ਰ ਇਹ ਖ਼ਿਆਲ ਕਰਦੇ ਹਨ ਕਿ ਇਕ ਨਹੀਂ, ਸਗੋਂ ਦੋ ਸਵੈਧੀਨ ਸਵਾਲ ਹਨ। ਉਦਾਹਰਣ ਵਜੋਂ, ਪ੍ਰਤੱਖਵਾਦ ਦੇ ਪ੍ਰਤਿਨਿਧ ਕਹਿੰਦੇ ਹਨ ਕਿ ਉਹ ਗਿਆਨ--ਸ਼ਾਸਤਰੀ ਮਸਲੇ—ਮਨੁੱਖ ਦੇ ਗਿਆਨ ਪਰਾਪਤ ਕਰਨ ਦੇ

ਅਮਲ ਦਾ ਅਧਿਐਨ ਕਰਨ—ਵਿਚ ਹੀ ਸਿਰਫ਼ ਜੁੱਟੇ ਹੋਏ ਹਨ ਅਤੇ ਇਸ ਗੱਲ ਵਿਚ ਜ਼ਰਾ ਵੀ ਦਿਲਚਸਪੀ ਨਹੀਂ ਰੱਖਦੇ ਕਿ ਬੋਧ ਪਰਾਪਤ ਕਰਨ ਦੀ ਮਨੁੱਖ ਦੀ ਯੋਗਤਾ ਕਿਸਤਰ੍ਹਾਂ ਪੈਦਾ ਹੋਈ ਹੈ।

ਪਰਿਣਾਮਵਾਦ ਦੇ ਪ੍ਰਤਿਨਿਧਾਂ ਦਾ ਕਹਿਣਾ ਹੈ ਕਿ ਗਿਆਨ ਦਾ ਸਵਾਲ ਬਹੁਤ ਹੀ ਆਮ ਹੈ, ਇਸਲਈ ਇਹ ਸਾਰੇ ਫ਼ਿਲਾਸਫ਼ਰਾਂ ਲਈ ਦਿਲਚਸਪੀ ਵਾਲਾ ਨਹੀਂ ਹੋ ਸਕਦਾ। ਉਹ ਖ਼ੁਦ ਇਸ ਗੱਲ ਨੂੰ ਮਹਤਵਪੂਰਨ ਨਹੀਂ ਸਮਝਦੇ ਕਿ ਦੁਨੀਆਂ ਬਾਰੇ ਬੋਧ ਕਿਵੇਂ ਪਰਾਪਤ ਕੀਤਾ ਜਾ ਸਕਦਾ ਹੈ, ਸਗੋਂ ਇਸ ਗੱਲ ਨੂੰ ਮਹਤਵਪੂਰਨ ਸਮਝਦੇ ਹਨ ਕਿ ਇਸ ਵਿਚ ਕੋਈ ਨਿੱਘਾ ਕੋਨਾ ਕਿਵੇਂ ਲੱਭਿਆ ਜਾ ਸਕਦਾ ਹੈ, ਜ਼ਿੰਦਗੀ ਨੂੰ ਹੋਰ ਸੁਖਾਵੀਂ ਕਿਵੇਂ ਬਣਾਇਆ ਜਾ ਸਕਦਾ ਹੈ, ਨਾ ਹਲ ਹੋਣ ਵਾਲੀਆਂ ਅੜਾਉਣੀਆਂ ਨੂੰ ਹਲ ਕਰਨ ਦੀ ਕੋਸ਼ਿਸ਼ ਉਤੇ ਉਹ ਮਗ਼ਜ਼-ਪੱਚੀ ਨਹੀਂ ਕਰਨਗੇ। ਫ਼ਿਲਾਸਫ਼ਰ ਨੂੰ ਸਚਾਈ ਜਾਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸਗੋਂ ਉਹਨਾਂ ਸਮੱਸਿਆਵਾਂ ਨੂੰ ਹਲ ਕਰਨਾ ਚਾਹੀਦਾ ਹੈ ਜਿਹੜੀਆਂ ਅਮਲੀ ਸਰਗਰਮੀਆਂ ਵਿਚ ਵਖੋ ਵਖਰੀਆਂ ਅਵਸਥਾਵਾਂ ਵਿਚ ਮਨੁੱਖ ਸਾਮ੍ਹਣੇ ਆਉਂਦੀਆਂ ਹਨ।

ਨਵ-ਥਾਮਸਵਾਦੀਆਂ ਦੀ ਰਾਇ ਹੈ ਕਿ ਫ਼ਿਲਾਸਫ਼ੀ ਦਾ ਤੱਤ ਅਤੇ ਮੰਤਵ ਇਹ ਦਰਸਾਉਣਾ ਹੈ ਕਿ ਘਾਹ ਦੇ ਹਰ ਤਿਣਕੇ ਦੀ ਅਤੇ ਹਰ ਫੁੱਲ ਦੀ, ਹਰ ਮਨੁੱਖ ਦੀ, ਹਰ ਰਾਜ ਦੀ ਵਿਗਿਆਨ ਦੀ ਹਰ ਅਵਸਥਾ ਅਤੇ ਸ਼ਾਖ ਦੀ, ਅਤੇ ਸਮੁੱਚੇ ਬ੍ਰਹਿਮੰਡ ਦੀ ਹੋਂਦ ਪ੍ਰਮਾਤਮਾ ਦੀ ਹੋਂਦ ਨੂੰ ਅਤੇ ਸਾਡੇ ਸੰਸਾਰ ਵਿਚ ਉਸਦੀ ਨਿਰੰਤਰ ਮੌਜੂਦਗੀ ਨੂੰ ਸਾਬਤ ਕਰਦੀ ਹੈ।

ਅਸਤਿਤਵਾਦੀਆਂ ਦਾ ਯਕੀਨ ਹੈ ਕਿ ਇਸ ਸਵਾਲ ਨੂੰ, ਕਿ ਦੁਨੀਆਂ ਨੂੰ ਜਾਣਿਆ ਜਾ ਸਕਦਾ ਹੈ ਜਾਂ ਨਹੀਂ, ਮਨੁੱਖ ਦੇ ਸਵੈ-ਗਿਆਨ ਦੇ ਸਵਾਲ ਵਜੋਂ ਸਮਝਿਆ ਜਾਣਾ ਚਾਹੀਦਾ

ਹੈ, ਕਿਉਂਕਿ ਸਾਡੇ ਵਿਚੋਂ ਹਰ ਕੋਈ ਪਹਿਲੀ ਥਾਂ ਉਤੇ ਆਪਣੀ ਅੰਦਰਲੀ ਦੁਨੀਆਂ ਵਿਚ, ਆਪਣੀ "ਹਉਂ" ਵਿਚ ਦਿਲਚਸਪੀ ਰੱਖਦਾ ਹੈ, ਨਾ ਕਿ ਬਾਹਰ ਹੋਂਦ ਰੱਖਦੀ ਦੁਨੀਆਂ ਵਿਚ।

ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਨੂੰ ਇੰਝ ਟੋਟਿਆਂ ਵਿਚ ਵੰਡਣ ਦਾ ਕੀ ਸਿੱਟਾ ਹੈ? ਫ਼ਰਜ਼ ਕਰ ਲਵੋ ਕਿ ਅਸੀਂ ਇਸ ਦ੍ਰਿਸ਼ਟੀਕੋਨ ਨਾਲ ਸਹਿਮਤ ਹਾਂ ਕਿ ਫ਼ਿਲਾਸਫ਼ਰ ਸਿਰਫ਼ ਮਨੁੱਖ ਦੇ ਸਵੈ-ਗਿਆਨ ਦੇ ਅਤੇ ਆਪਣੀਆਂ ਕੀਮਤਾਂ ਦੀ ਸਾਪੇਖ ਸਥਿਤੀ ਦੀ ਪਛਾਣ ਦੇ ਸਵਾਲ ਵਿਚ ਹੀ ਦਿਲਚਸਪੀ ਰੱਖਦਾ ਹੈ। ਕੀ ਅਸੀਂ ਇਸ ਸਵਾਲ ਦਾ ਸੰਤੋਸ਼ਜਨਕ ਉੱਤਰ ਦੇ ਸਕਦੇ ਹਾਂ ਜੇ ਅਸੀਂ ਜਾਣ-ਬੁੱਝ ਕੇ ਇਸਤਰ੍ਹਾਂ ਦੇ ਸਵਾਲਾਂ ਦੀ ਮਨਾਹੀ ਕਰ ਦੇਈਏ: ਸੰਸਾਰ, ਅਤੇ ਇਸਦੇ ਅੰਗ ਵਜੋਂ ਮਨੁੱਖ, ਕਿਵੇਂ ਹੋਂਦ ਵਿਚ ਆਇਆ? ਕੀ ਇਸ ਸੰਸਾਰ ਵਿਚ ਮਨੁੱਖ ਇਕੱਲਾ ਹੈ, ਜਾਂ ਕਿ ਉਹ ਪ੍ਰਕਿਰਤੀ ਅਤੇ ਸਮਾਜ ਦਾ ਇਕ ਅੰਗ ਹੈ? ਦੂਜੇ ਸ਼ਬਦਾਂ ਵਿਚ, ਜੇ ਅਸੀਂ ਮਨ ਜਾਂ ਪਦਾਰਥ ਦੀ ਪ੍ਰਾਥਮਿਕਤਾ ਦੇ ਸਵਾਲ ਨੂੰ ਅੱਖੋਂ ਉਹਲੇ ਕਰਨ ਦੀ ਕੋਸ਼ਿਸ਼ ਕਰੀਏ, ਤਾਂ ਅਸੀਂ ਮਨੁੱਖ ਨੂੰ ਪ੍ਰਕਿਰਤੀ ਨਾਲ ਅਤੇ ਲੋਕਾਂ ਨਾਲ, ਬੀਤੇ ਨਾਲ ਅਤੇ ਭਵਿੱਖ ਨਾਲ ਉਸਦੇ ਸੰਬੰਧਾਂ ਤੋਂ "ਵਾਂਝਿਆਂ" ਕਰ ਰਹੇ ਹੋਵਾਂਗੇ। ਸੰਸਾਰ ਨਾਲ ਮਨੁੱਖ ਦੇ ਸਾਰੇ ਬਹੁਭਾਂਤਕ ਸੰਬੰਧਾਂ ਨੂੰ ਖ਼ਤਮ ਕਰਕੇ, ਸਾਡੇ ਲਈ ਇਹ ਐਲਾਨ ਕਰਨ ਤੋਂ ਛੁੱਟ ਹੋਰ ਕੁਝ ਨਹੀਂ ਰਹਿ ਜਾਇਗਾ: ਕਿ ਉਹ ਸਮਾਜ ਨਾਲ ਵੀ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਰੱਖਦਾ। ਜੇ ਸ਼ੈਕਸਪੀਅਰ ਹੈਮਲਟ ਨੂੰ ਇਸਤਰ੍ਹਾਂ ਦਾ ਨਿਗੂਣਾ ਜੀਵ ਬਣਾ ਦੇਂਦਾ, ਤਾਂ ਉਹ ਸ਼ਾਇਦ ਹੀ ਹੈ ਇਹੋ ਜਿਹੀ ਮਹਾਨ ਕਲਾਤਮਕ ਕੀਮਤ ਵਾਲਾ ਪਾਤਰ ਸਿਰਜਣ ਵਿਚ ਸਫ਼ਲ ਹੋ ਸਕਦਾ। ਫ਼ਿਰ ਵੀ ਅਸਤਿਤਵਵਾਦੀ ਇਸ ਪੁਜ਼ੀਸ਼ਨ ਉਤੇ ਅੜੇ ਹੋਏ ਹਨ।

ਇਸਤਰ੍ਹਾਂ ਦੀ ਫ਼ਿਲਾਸਫ਼ੀ ਮਨੁੱਖ ਦੇ ਮਸਲੇ ਦਾ **ਸਮਾਜਕ**

**ਪੱਖ** ਜਾਣ-ਬੁੱਝ ਕੇ ਅੱਖੋਂ ਉਹਲੇ ਕਰਦੀ ਹੈ ਅਤੇ ਇਸਤਰ੍ਹਾਂ ਸਾਡੇ ਸਮੇਂ ਦੇ ਬੁਨਿਆਦੀ ਸਵਾਲਾਂ ਨਾਲ ਨਜਿੱਠਣ ਵਿਚ ਅਸਫ਼ਲ ਰਹਿੰਦੀ ਹੈ। ਅਸਤਿਤਵਵਾਦੀ ਸਾਨੂੰ ਮਨੁੱਖ ਅਤੇ ਸੰਸਾਰ ਵਿਚਕਾਰ, ਆਪਣੇ ਕਾਰਜਾਂ ਅਤੇ ਉਹਨਾਂ ਟੀਚਿਆਂ ਵਿਚਕਾਰ, ਜਿਹੜੇ ਉਹ ਸੰਸਾਰ ਦੀ ਕਾਇਆ-ਕਲਪ ਲਈ ਆਪਣੇ ਸਾਮ੍ਹਣੇ ਰੱਖਦਾ ਹੈ, **ਪ੍ਰਸਪਰ ਸੰਬੰਧ** ਬਾਰੇ ਸੋਚਣ ਦੀ "ਮਨਾਹੀ ਕਰਦਾ ਹੈ।"

ਇਸਤਰ੍ਹਾਂ ਸਾਰੀਆਂ ਦੀਆਂ ਸਾਰੀਆਂ ਦਾਰਸ਼ਨਿਕ ਸਮੱਸਿਆਵਾਂ ਨੂੰ ਗਿਆਨ ਅਤੇ ਸਵੈ-ਗਿਆਨ ਨਾਲ ਸੰਬੰਧਤ ਮਸਲਿਆਂ ਦੁਆਲੇ ਕੇਂਦਰਿਤ ਕਰਕੇ ਅਸੀਂ ਗਿਆਨ ਮੀਮਾਂਸਾ ਦੇ ਆਮ ਮਸਲਿਆਂ ਨੂੰ ਵੀ ਠੀਕ ਤਰ੍ਹਾਂ ਨਾਲ ਹਲ ਕਰਨ ਦੇ ਸਮਰੱਥ ਨਹੀਂ ਹੋ ਸਕਾਂਗੇ। ਇਹੋ ਜਿਹੀ ਪਹੁੰਚ ਰੱਖਣ ਦਾ ਮਤਲਬ ਹੋਵੇਗਾ ਸਮਾਜਕ ਘੋਲ ਨਾਲ ਸੰਬੰਧਤ ਤੋੜ ਲੈਣਾ ਅਤੇ ਸੰਸਾਰ-ਦ੍ਰਿਸ਼ਟੀਕੋਨ ਨਾਲ ਸੰਬੰਧਤ ਤੀਖਣ ਦਾਰਸ਼ਨਿਕ ਸਮੱਸਿਆਵਾਂ ਨਾਲ ਨਜਿੱਠਣ ਦੇ ਸਾਰੇ ਯਤਨਾਂ ਨੂੰ ਤਿਆਗ ਦੇਣਾ।

ਪਰ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਨੂੰ ਦੋ ਜਾਂ ਹੋਰ ਵੀ ਵਧੇਰੇ ਹਿੱਸਿਆਂ ਵਿਚ ਵੰਡਣ ਦੇ ਹਿਮਾਇਤੀ ਆਪਣੀ ਪੁਜ਼ੀਸ਼ਨ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਨੂੰ ਯਕੀਨ ਹੈ ਕਿ ਸੰਸਾਰ ਬਾਰੇ ਗਿਆਨ ਪਰਾਪਤ ਕਰਨ ਦੀ ਸੰਭਾਵਨਾ ਪਦਾਰਥ ਅਤੇ ਮਨ ਦੀ ਪ੍ਰਾਥਮਿਕਤਾ ਨਾਲ ਕਿਸੇ ਤਰ੍ਹਾਂ ਵੀ ਨਹੀਂ ਜੁੜੀ ਹੋਈ, ਕਿਉਂਕਿ ਆਦਰਸ਼ਵਾਦੀਆਂ ਵਿਚਕਾਰ ਕਈ ਫ਼ਿਲਾਸਫ਼ਰ ਹਨ ਜਿਹੜੇ ਮੰਣਦੇ ਹਨ ਕਿ ਉਹਨਾਂ ਦੇ ਦੁਆਲੇ ਦੇ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਪੁਰਾਤਨ ਸਮੇਂ ਦਾ ਮਹਾਨ ਆਦਰਸ਼ਵਾਦੀ ਫ਼ਿਲਾਸਫ਼ਰ ਅਫ਼ਲਾਤੂਨ ਇਹ ਖ਼ਿਆਲ ਕਰਦਾ ਸੀ ਕਿ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਹੀਗਲ ਦਾ ਵੀ ਇਹੀ ਵਿਚਾਰ ਸੀ। ਪਰ ਕੀ ਇਹ ਸਚਮੁਚ ਇੰਝ ਹੀ ਹੈ? ਇਸ ਗੱਲ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ

ਆਓ ਦੋ ਤਰ੍ਹਾਂ ਦੇ ਆਦਰਸ਼ਵਾਦ ਦੀ—ਆਤਮਪਰਕ ਆਦਰਸ਼ਵਾਦ ਅਤੇ ਵਸਤੂਪਰਕ ਆਦਰਸ਼ਵਾਦ ਦੀ—ਪੁਣਛਾਣ ਕਰੀਏ।

## ਸਾਜ਼ ਤੋਂ ਬਿਨਾਂ ਸਾਜ਼ਿੰਦਾ ਅਤੇ ਇਕ ਪਾਗਲ ਪਿਆਨੋ

**ਵਸਤੂਪਰਕ ਆਦਰਸ਼ਵਾਦੀਆਂ** ਦਾ ਵਿਸ਼ਵਾਸ ਹੈ ਕਿ ਸੰਸਾਰ ਮਨ ਜਾਂ ਚੇਤਨਾ ਉਪਰ ਆਧਾਰਤ ਹੈ। ਫਿਰ ਵੀ, ਵਸਤੂਪਰਕ ਆਦਰਸ਼ਵਾਦੀ ਇਹ ਦਲੀਲ ਦੇਂਦਾ ਹੈ, ਮਨੁੱਖ ਦੀ ਚੇਤਨਾ ਪਰਿਪੂਰਨ ਨਹੀਂ ਹੈ। ਕਦੀ ਕਦੀ ਸੰਸਾਰ ਦੀਆਂ ਅੜਾਉਣੀਆਂ ਉਸਦੇ ਮਨ ਦੀ ਸ਼ਕਤੀ ਤੋਂ ਬਾਹਰ ਹੁੰਦੀਆਂ ਹਨ। ਉਹ ਸੌਖੀ ਤਰ੍ਹਾਂ ਹਾਰ ਖਾ ਜਾਂਦਾ ਹੈ ਅਤੇ ਮੁਸ਼ਕਲਾਂ ਦੇ ਰੂਬਰੂ ਪਿੱਛੇ ਹਟ ਜਾਇਗਾ, ਅਤੇ ਤੀਬਰ ਜਜ਼ਬਾ ਅਕਸਰ ਨਰੋਏ ਤਰਕ ਨੂੰ ਧੁੰਦਲਾ ਕਰ ਦੇਂਦਾ ਹੈ। ਮਨੁੱਖ ਗ਼ਲਤੀਆਂ ਕਰ ਸਕਦਾ ਹੈ ਅਤੇ ਪ੍ਰਮਾਣਿਤ ਅਧਿਕਾਰੀਆਂ ਅੱਗੇ ਗੋਡੇ ਟੇਕ ਦੇਵੇਗਾ। ਇਸਤੋਂ ਛੁੱਟ, ਉਸਦੀ ਜ਼ਿੰਦਗੀ ਸੰਖੇਪ ਹੈ, ਜਿਹੜੀ ਗੱਲ ਕਿ ਉਸਨੂੰ ਆਪਣੇ ਤਰਕ ਦੀ ਵਧੇਰੇ ਲੰਮੇ ਸਮੇਂ ਲਈ ਵਰਤੋਂ ਕਰਨ ਤੋਂ ਰੋਕਦੀ ਹੈ। ਪਰ ਇਕ ਤਰ੍ਹਾਂ ਦਾ ਤਰਕ ਹੋਰ ਵੀ ਹੈ—ਨਿਰਪੇਖ ਅਤੇ ਪਰਾ-ਪ੍ਰਕਿਰਤਕ—ਜਿਹੜਾ ਮਨੁੱਖ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਜਿਹੜਾ ਸਦਾ ਹੀ ਮੌਜੂਦ ਰਹੇਗਾ। ਇਸ ਸਰਵੁੱਚ ਤਰਕ ਲਈ ਪ੍ਰਕਿਰਤੀ ਦੇ ਸਾਰੇ ਭੇਦ ਅਤੇ ਮਨੁੱਖ ਦੀ ਹੋਣੀ ਪ੍ਰਤੱਖ ਹੈ। ਮਨੁੱਖੀ ਮਨ ਇਕ ਕਿਣਕੇ ਤੋਂ, ਅਰਸ਼ੀ ਤਰਕ ਦੇ ਇਕ ਮਾੜੇ ਜਿਹੇ ਪ੍ਰਤਿਬਿੰਬ ਤੋਂ ਸਿਵਾ ਹੋਰ ਕੁਝ ਨਹੀਂ।

ਇਸਤਰ੍ਹਾਂ, ਨਿਰਪੇਖ, ਅਰਸ਼ੀ ਤਰਕ **ਮਨੁੱਖ ਤੋਂ ਸਵੈਧੀਨ ਅਰਥਾਤ, ਵਸਤੂਪਰਕ ਤੌਰ ਉਤੇ** ਹੋਂਦ ਰੱਖਦਾ ਹੈ, ਜਦ ਕਿ ਮਨੁੱਖ ਆਪ ਅਤੇ ਸਮੁੱਚਾ ਸੰਸਾਰ ਇਸ ਪਰਾ-ਪ੍ਰਕਿਰਤਕ ਆਤਮਾ ਦੀਆਂ ਸਰਗਰਮੀਆਂ ਦਾ ਸਿੱਟਾ ਹਨ। ਇਹ ਵਸਤੂਪਰਕ ਆਦਰਸ਼ਵਾਦ ਦਾ ਤੱਤ ਹੈ।

**ਆਤਮਪਰਕ ਆਦਰਸ਼ਵਾਦੀ** ਲਈ, ਜੋ ਕੁਝ ਵੀ ਹੋਂਦ ਰੱਖਦਾ ਹੈ, ਉਸ ਸਭ ਕਾਸੇ ਦੀ ਬੁਨਿਆਦ ਮਨ ਜਾਂ ਤਰਕ ਵੀ ਹੈ। ਪਰ ਅਰਸ਼ੀ, ਨਿਰਪੇਖ, ਦੈਵੀ ਤਰਕ ਦਾ ਇਥੇ ਕੋਈ ਜ਼ਿਕਰ ਨਹੀਂ, ਕਿਉਂਕਿ ਆਤਮਪਰਕ ਆਦਰਸ਼ਵਾਦੀ ਦਾ ਵਿਚਾਰ ਹੈ ਕਿ ਮਨੁੱਖ ਦੇ ਦੁਆਲੇ ਦੀ ਹਰ ਚੀਜ਼ ਉਸਦੇ ਆਪਣੇ ਮਨ ਦੀ, ਉਸਦੀ ਆਪਣੀ ਕਲਪਣਾ ਦੀ ਉਪਜ ਹੀ ਹੈ, ਅਰਥਾਤ, ਇਹ ਸਿਰਫ਼ ਆਤਮਪਰਕ ਤੌਰ ਉਤੇ ਹੋਂਦ ਰੱਖਦੀ ਹੈ। ਆਤਮਪਰਕ ਆਦਰਸ਼ਵਾਦੀ ਨੂੰ ਇਸ ਗੱਲ ਦਾ ਯਕੀਨ ਹੁੰਦਾ ਹੈ ਕਿ ਜਦੋਂ ਉਹ ਸਵੇਰੇ ਉੱਠਦਾ ਹੈ ਤਾਂ ਸਾਰਾ ਕੁਝ ਹੋਂਦ ਵਿਚ ਆ ਜਾਂਦਾ ਹੈ, ਇਕ ਵਾਰੀ ਮੁੜਕੇ ਲੋਪ ਹੋ ਜਾਣ ਲਈ ਜਦੋਂ ਉਹ ਸੌਂ ਜਾਵੇਗਾ। ਅਠਾਰ੍ਹਵੀਂ ਸਦੀ ਦੇ ਅੰਗ੍ਰੇਜ਼ ਫ਼ਿਲਾਸਫ਼ਰ **ਜਾਰਜ ਬਰਕਲੇ** ਅਨੁਸਾਰ, ਜਿਹੜਾ ਇਸ ਸਿਧਾਂਤ ਦਾ ਅਨੁਆਈ ਸੀ: "ਹੋਂਦ ਰੱਖਣ ਦਾ ਮਤਲਬ ਹੈ ਮਹਿਸੂਸ ਹੋਣਾ।" *

ਸਾਰੇ ਹੀ ਆਤਮਪਰਕ ਆਦਰਸ਼ਵਾਦੀ ਇਹੋ ਜਿਹੇ ਸਿਰੇ ਦੇ ਸਿੱਟਿਆਂ ਉਤੇ ਨਹੀਂ ਪਹੁੰਚਦੇ। ਉਦਾਹਰਣ ਵਜੋਂ ਕਾਂਤ ਦਾ ਖ਼ਿਆਲ ਸੀ ਕਿ ਸੰਸਾਰ ਸਚਮੁਚ ਹੋਂਦ ਰੱਖਦਾ ਹੈ, ਕਿ ਇਹ ਸਾਡੀ ਕਲਪਣਾ ਦਾ ਫਲਸਰੂਪ ਹੀ ਨਹੀਂ। ਪਰ ਉਸਦਾ ਯਕੀਨ ਸੀ ਕਿ ਅਸੀਂ ਇਸ ਬਾਰੇ ਕੁਝ ਨਹੀਂ ਜਾਣਦੇ। ਅਸੀਂ ਸਿਰਫ਼ ਆਪਣੀਆਂ ਇੰਦਰਿਆਵੀ ਅਨੁਭੂਤੀਆਂ ਦੀ ਗੱਲ ਹੀ ਕਰ ਸਕਦੇ ਹਾਂ, ਨਾ ਕਿ ਉਸ ਸਭ ਕੁਝ ਦੀ, ਜੋ ਕੁਝ ਉਹਨਾਂ ਦੇ ਪਿੱਛੇ ਹੈ। ਜਿਹੜੇ ਆਤਮਪਰਕ ਆਦਰਸ਼ਵਾਦੀ ਚਰਮ ਸਿੱਟਿਆਂ ਉਤੇ ਪੁੱਜਦੇ ਹਨ ਅਤੇ ਇਹ ਦਾਅਵਾ ਕਰਦੇ ਹਨ ਕਿ ਸਿਰਫ਼ ਮਨੁੱਖੀ

---

*ਵ.ਇ. ਲੈਨਿਨ ਦੀ ਪੁਸਤਕ "**ਪਦਾਰਥਵਾਦ ਅਤੇ ਅਨੁਭਵ-ਸਿੱਧ ਆਲੋਚਨਾ**" ਵਿਚੋਂ ਉਧਰਿਤ, ਕਿਰਤ ਸੰਗ੍ਰਹਿ, ਸੈਂਚੀ ੧੪, ਸਫ਼ਾ ੨੪।

ਚੇਤਨਾ ਹੀ ਅਸਲ ਵਿਚ ਹੋਂਦ ਰੱਖਦੀ ਹੈ, ਉਹਨਾਂ ਨੂੰ **ਅਹੰ-ਮਾਤਰਵਾਦੀ** ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਚਰਮ ਆਤਮਪਰਕਤਾ ਉਨ੍ਹੀਵੀਂ ਸਦੀ ਦੇ ਜਰਮਨ ਆਦਰਸ਼ਵਾਦੀ ਫ਼ਿਲਾਸਫ਼ਰ **ਆਰਥਰ ਸ਼ੋਪਨਹਾਵਰ** ਦੇ ਸਿਧਾਂਤ ਦਾ ਪ੍ਰਤਿਨਿਧ ਲੱਛਣ ਹੈ; ਉਸਨੇ ਲਿਖਿਆ ਸੀ ਕਿ ਸੰਸਾਰ ਸਾਡੀ ਕਲਪਣਾ ਹੈ। ਬੀਤੇ ਦੇ ਇਕ ਫ਼ਰਾਂਸੀਸੀ ਪਦਾਰਥਵਾਦੀ ਫ਼ਿਲਾਸਫ਼ਰ ਨੇ ਕਿਹਾ ਸੀ ਕਿ ਆਤਮਪਰਕ ਆਦਰਸ਼ਵਾਦ ਦਾ ਮੰਤਕ ਪਿਆਨੋ ਵਾਲਾ ਮੰਤਕ ਹੈ ਜਿਹੜਾ ਪਾਗਲ ਹੋ ਗਿਆ ਹੈ ਅਤੇ ਖ਼ਿਆਲ ਕਰਦਾ ਹੈ ਕਿ ਇਹ ਆਪਣੇ ਆਪ ਹੀ ਵੱਜ ਸਕਦਾ ਹੈ, ਭਾਵੇਂ ਇਸਦੀਆਂ ਸੁਰਾਂ ਨੂੰ ਦਬਾਉਣ ਵਾਲਾ ਕੋਈ ਵੀ ਨਾ ਹੋਵੇ। ਇਸੇਤਰ੍ਹਾਂ ਹੀ ਇਕ ਆਤਮਪਰਕ ਆਦਰਸ਼ਵਾਦੀ ਨੂੰ ਇਹ ਪੱਕਾ ਯਕੀਨ ਹੈ ਕਿ ਮਨੁੱਖ ਬਿਨਾਂ ਕਿਸੇ ਬਾਹਰਮੁਖੀ ਕਾਰਨ ਦੇ ਸੋਚਦਾ, ਮਹਿਸੂਸ ਕਰਦਾ ਅਤੇ ਕਸ਼ਟ ਭੋਗਦਾ ਹੈ।

ਇਹੋ ਜਿਹੀ ਫ਼ਿਲਾਸਫ਼ੀ ਆਮ ਸੂਝ ਦੇ, ਮੁਢਲੇ ਜਿਹੇ ਮਨੁੱਖੀ ਮੰਤਕ ਦੇ ਉਲਟ ਜਾਂਦੀ ਹੈ। ਇਹ ਬਿਲਕੁਲ ਖ਼ਤਰਨਾਕ ਵੀ ਹੈ, ਕਿਉਂਕਿ ਪੜ੍ਹਨ, ਕੰਮ ਕਰਨ ਜਾਂ ਘੋਲ ਕਰਨ ਦਾ ਬਿਲਕੁਲ ਕੋਈ ਅਰਥ ਨਹੀਂ ਹੋ ਸਕਦਾ ਜੇ ਸਾਡਾ ਸਮੁੱਚਾ ਜੀਵਨ ਸਿਰਫ਼ ਸਾਡੀ ਆਪਣੀ ਕਲਪਣਾ ਦੀ ਹੀ ਉਪਜ ਹੈ ਤਾਂ। ਸਭ ਕੁਝ ਸਿਵਾਇ ਸੁਫ਼ਨੇ ਦੇ ਹੋਰ ਕੁਝ ਨਹੀਂ, ਅਤੇ ਹਰ ਘੋਲ ਹਵਾ-ਚੱਕੀ ਨਾਲ ਲੜਾਈ ਹੈ।

ਵਸਤੂਪਰਕ ਆਦਰਸ਼ਵਾਦ ਦਾ ਮੰਤਕ ਕੋਈ ਘੱਟ ਖ਼ਿਆਲੀ ਨਹੀਂ। ਜੇ ਅਸੀਂ ਸਾਜ਼ ਨਾਲ ਆਪਣੀ ਤੁਲਣਾ ਜਾਰੀ ਰੱਖੀਏ, ਤਾਂ ਵਸਤੂਪਰਕ ਤਰਕ ਇਕ ਐਸਾ ਸਾਜ਼ਿੰਦਾ ਹੈ ਜਿਹੜਾ "ਪਿਆਨੋ" (ਪ੍ਰਕਿਰਤੀ, ਪਸ਼ੂਆਂ, ਮਨੁੱਖ) ਤੋਂ ਬਿਨਾਂ ਹੀ ਪਿਆਨੋ ਵਜਾਈ ਜਾ ਰਿਹਾ ਹੈ! ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਇਕ ਫ਼ਿਲਾਸਫ਼ਰ ਕਿਸਤਰ੍ਹਾਂ ਦੇ ਅਸਚਰਜ ਵਿਚਾਰਾਂ

ਉਤੇ ਪੁੱਜਦਾ ਹੈ, ਜੇ ਉਹ ਆਦਰਸ਼ਵਾਦ ਦੀ ਧਿਰ ਲੈਂਦਾ ਹੈ। ਅਤੇ ਸੰਸਾਰ ਨੂੰ ਜਾਣਨ ਦੀ ਸੰਭਾਵਨਾ ਬਾਰੇ ਆਦਰਸ਼ਵਾਦ ਕੀ ਕਹਿੰਦਾ ਹੈ?

ਇਕ ਵਸਤੂਪਰਕ ਆਦਰਸ਼ਵਾਦੀ ਕਹੇਗਾ: ਹਾਂ, ਬੇਸ਼ਕ, ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਪਰ ਆਓ ਦੇਖੀਏ ਕਿ ਉਹ ਸ਼ਬਦ "ਜਾਣਿਆ ਜਾ ਸਕਣ ਵਾਲਾ" ਦੇ ਕੀ ਅਰਥ ਲੈਂਦਾ ਹੈ। ਅਫ਼ਲਾਤੂਨ ਦਾ ਵਿਚਾਰ ਸੀ ਕਿ ਮਨੁੱਖ ਸੰਸਾਰ ਨੂੰ ਜਾਣ ਸਕਦਾ ਹੈ, ਪਰ ਪਦਾਰਥਕ ਸੰਸਾਰ ਨੂੰ ਨਹੀਂ, ਸਗੋਂ ਨਿਰੋਲ ਵਿਚਾਰਾਂ ਦੇ ਸੰਸਾਰ ਨੂੰ ਜਿਸਨੇ ਪਦਾਰਥ ਵਿਚ ਜ਼ਿੰਦਗੀ ਫੂਕ ਕੇ ਇਸਨੂੰ ਸਿਰਜਿਆ ਹੈ। ਮਨੁੱਖੀ ਆਤਮਾ ਆਪ ਵੀ ਕਦੀ ਵਿਚਾਰਾਂ ਦੀ ਇਸ ਬਾਦਸ਼ਾਹਤ ਵਿਚ ਰਹਿੰਦੀ ਸੀ, ਇਸਲਈ ਇਸ ਵਾਸਤੇ ਉਸ ਸੰਸਾਰ ਨੂੰ "ਮੁੜ ਯਾਦ ਕਰ ਸਕਣਾ" ਸੌਖਾ ਹੈ, ਜਿਸਨੇ ਪਹਿਲਾਂ ਇਸਨੂੰ ਘੇਰਿਆ ਹੋਇਆ ਸੀ। ਇਸਤਰ੍ਹਾਂ, ਵਸਤੂਪਰਕ ਆਦਰਸ਼ਵਾਦੀ ਲਈ "ਸੰਸਾਰ" ਹਕੀਕਤ ਨਹੀਂ, ਸਗੋਂ ਇਕ ਵਿਸ਼ੇਸ਼, ਆਦਰਸ਼ਕ ਸੰਸਾਰ ਹੈ। ਬੋਧਾਤਮਕ ਅਮਲ ਮੁੜ ਯਾਦ ਕਰਨ ਦਾ ਅਮਲ ਹੈ, ਕਿਉਂਕਿ ਮਨੁੱਖੀ ਮਨ ਇਸ ਆਦਰਸ਼ਕ ਸੰਸਾਰ ਦਾ ਹਿੱਸਾ ਹੈ। ਸੱਚ ਦੀ ਭਾਲ ਵਿਚ ਯਥਾਰਥ ਦਾ ਅਧਿਐਨ ਕਰਨ ਦੀ, ਜਾਂ ਤੱਥ ਇਕੱਠੇ ਕਰਨ, ਉਹਨਾਂ ਦਾ ਟਾਕਰਾ ਕਰਨ, ਵਿਸ਼ਲੇਸ਼ਣ ਕਰਨ ਅਤੇ ਉਹਨਾਂ ਦਾ ਸਮਾਨੀਕਰਨ ਕਰਨ ਦੀ, ਜਾਂ ਸ਼ੰਕਾ ਪਰਗਟ ਕਰਨ ਦੀ ਕੋਈ ਲੋੜ ਨਹੀਂ। ਮਨੁੱਖ ਨੂੰ ਸਿਰਫ਼ ਜ਼ਰਾ ਸੋਚਣ ਦੀ ਲੋੜ ਹੈ— ਅਤੇ ਬ੍ਰਹਿਮੰਡ ਦੇ ਭੇਦਾਂ ਦੀਆਂ ਚਾਬੀਆਂ ਉਸਦੇ ਹੱਥਾਂ ਵਿਚ ਹੋਣਗੀਆਂ।

ਆਤਮਪਰਕ ਆਦਰਸ਼ਵਾਦੀ ਲਈ ਗੱਲ ਹੋਰ ਵੀ ਸਰਲ ਹੈ। ਜੇ ਸਾਰਾ ਸੰਸਾਰ ਹੀ ਸਾਡੀਆਂ ਇੰਦਰਿਆਵੀ ਅਨੁਭੂਤੀਆਂ, ਮਨ ਅਤੇ ਕਲਪਣਾ ਦੀ ਉਪਜ ਤੋਂ ਛੁੱਟ ਕਝ ਨਹੀਂ, ਤਾਂ ਅਸੀਂ

ਬੇਸ਼ਕ ਉਸ "ਸੰਸਾਰ" ਨੂੰ—ਸਾਡੀ ਚੇਤਨਾ ਵਲੋਂ ਸਿਰਜੇ ਗਏ ਬਿੰਬਾਂ ਦੇ ਸੰਸਾਰ ਨੂੰ—ਜਾਣਨ ਦੇ ਸਮਰੱਥ ਹਾਂ। ਇਸਤੋਂ ਸਿੱਟਾ ਇਹ ਨਿਕਲਦਾ ਹੈ ਕਿ ਸੰਸਾਰ ਦਾ ਬੋਧ ਅਸਲ ਵਿਚ ਸਵੈ-ਬੋਧ ਹੈ। ਹਕੀਕਤ, ਪ੍ਰਕਿਰਤੀ, ਸਮਾਜਕ ਅਮਲਾਂ ਦੀ ਸਾਰੀ ਵੰਨ-ਸੁਵੰਨਤਾ ਆਤਮਪਰਕ ਆਦਰਸ਼ਵਾਦੀ ਲਈ ਕੋਈ ਦਿਲਚਸਪੀ ਨਹੀਂ ਰੱਖਦੇ: ਇਹਨਾਂ ਦੀ ਉਸ ਵਾਸਤੇ ਕੋਈ ਹੋਂਦ ਹੀ ਨਹੀਂ।

ਸੋ, ਅਸੀਂ ਦੇਖਿਆ ਹੈ ਕਿ ਵਸਤੂਪਰਕ ਅਤੇ ਆਤਮਪਰਕ ਦੋਵੇਂ ਹੀ ਆਦਰਸ਼ਵਾਦੀ ਇਹ ਮੰਣਦੇ ਹਨ ਕਿ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਪਰ ਕਿਸ ਸੰਸਾਰ ਨੂੰ? ਇਸ ਸੰਸਾਰ ਨੂੰ ਜਿਸ ਵਿਚ ਅਸੀਂ ਰਹਿ ਰਹੇ ਹਾਂ—ਇਸ ਸੁੰਦਰ, ਮਹਾਨ, ਵਿਰੋਧਤਾਈਆਂ ਨਾਲ ਭਰੇ ਹੋਏ ਜਟਿਲ ਸੰਸਾਰ ਨੂੰ? ਓ ਨਹੀਂ—ਉਹਨਾਂ ਦੇ "ਆਪਣੇ" ਸੰਸਾਰ ਨੂੰ, ਵਿਚਾਰਾਂ ਅਤੇ ਇੰਦਰਿਆਵੀ ਅਨੁਭੂਤੀਆਂ ਦੇ ਸੰਸਾਰ ਨੂੰ, ਜਿਹੜਾ ਖ਼ੁਦ ਫ਼ਿਲਾਸਫ਼ਰਾਂ ਵਲੋਂ ਬਣਾਵਟੀ ਤੌਰ ਉਤੇ ਸਿਰਜਿਆ ਗਿਆ ਹੈ। ਕੁਦਰਤੀ ਤੌਰ ਉਤੇ, ਬੋਧ-ਪਰਾਪਤੀ ਦਾ ਅਮਲ ਉਹਨਾਂ ਦੀ ਰਾਇ ਵਿਚ ਅਸਾਧਾਰਨ ਤੌਰ ਉਤੇ ਸਰਲ ਹੋ ਨਿੱਬੜਦਾ ਹੈ: ਸਾਰੀਆਂ ਮੁਸ਼ਕਲਾਂ, ਜਿਨ੍ਹਾਂ ਦਾ ਇਕ ਵਿਗਿਆਨੀ ਨੂੰ ਆਮ ਕਰਕੇ ਸਾਮ੍ਹਣਾ ਕਰਨਾ ਪੈਂਦਾ ਹੈ, ਸਾਰੀਆਂ ਖੋਜ-ਕਿਰਿਆਵਾਂ ਅਤੇ ਸਿਰਜਣ-ਪੀੜਾਂ, ਜਿਹੜੀਆਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਮਨੁੱਖਾ ਚਿੰਤਨ ਨੂੰ "ਹਠੀ" ਯਥਾਰਥ ਨਾਲ ਨਿਪਟਣਾ ਪੈਂਦਾ ਹੈ, ਕੋਈ ਹੋਂਦ ਨਹੀਂ ਰੱਖਦੀਆਂ। ਆਦਰਸ਼ਵਾਦੀ ਲਈ, ਇਹ ਇਕ ਵਿਚਾਰ ਵਲੋਂ ਦੂਜੇ ਵਿਚਾਰ ਨੂੰ ਜਾਣਨ ਦਾ ਮਸਲਾ ਹੈ, ਜਦ ਕਿ ਸਾਰਾ ਜਾਣਨ ਦਾ ਅਮਲ ਸਵੈ-ਗਿਆਨ ਬਣ ਕੇ ਰਹਿ ਜਾਂਦਾ ਹੈ।

ਪਦਾਰਥਵਾਦੀ ਲਈ ਇਹ ਬਿਲਕੁਲ ਵੱਖਰੀ ਗੱਲ ਹੈ। ਇਕਸਾਰ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਬੋਧ-ਪਰਾਪਤੀ ਦਾ ਅਮਲ ਇਕ ਬੇਹੱਦ ਜਟਿਲ ਮੁਸ਼ਕਲ ਅਤੇ ਅਸੀਮ ਅਮਲ

ਹੈ। ਹੌਲੀ ਹੌਲੀ, ਕਦਮ ਕਦਮ ਕਰਕੇ, ਮਨੁੱਖਤਾ ਪ੍ਰਕਿਰਤੀ ਦੇ ਭੇਦਾਂ ਨੂੰ ਖੋਹਲਦੀ ਹੈ। ਮਨੁੱਖ ਆਪਣੇ ਹੀ ਮਨ, ਵਿਚਾਰਾਂ ਅਤੇ ਇੰਦਰਿਆਵੀ ਅਨੁਭੂਤੀਆਂ ਦਾ ਨਹੀਂ, ਸਗੋਂ ਵਸਤੂਪਰਕ ਸੰਸਾਰ ਦਾ ਬੋਧ ਪਰਾਪਤ ਕਰਦਾ ਹੈ ਜਿਹੜਾ ਉਸਦੇ ਮਨ ਤੋਂ, ਅਤੇ ਆਮ ਕਰਕੇ ਕਿਸੇ ਵੀ ਮਨ ਤੋਂ, ਸਵੈਧੀਨ ਹੋਂਦ ਰੱਖਦਾ ਹੈ। ਇਸ ਸੰਸਾਰ ਨੂੰ ਠੀਕ ਤਰ੍ਹਾਂ ਜਾਣਨ ਦੀ ਸੰਭਾਵਨਾ ਉਸ ਲਾਜ਼ਮੀ ਸੰਬੰਧ ਵਿਚ ਜੜ੍ਹਾਂ ਰੱਖਦੀ ਹੈ, ਜਿਹੜਾ ਮਨੁੱਖ ਅਤੇ ਵਸਤੂਪਰਕ ਸੰਸਾਰ ਜਾਂ ਪਦਾਰਥ ਵਿਚਕਾਰ ਕਾਇਮ ਹੈ। ਪਰ ਇਹ ਅਮਲ "ਮੁੜ ਯਾਦ ਕਰਨ" ਦੇ ਤਰੀਕੇ ਨਾਲ ਨਹੀਂ ਵਾਪਰਦਾ। ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ, ਗਿਆਨ ਦਾ ਅਮਲ ਆਲੇ-ਦੁਆਲੇ ਦੀਆਂ ਵਸਤਾਂ ਜਾਂ ਵਰਤਾਰਿਆਂ ਦੀ ਨਕਲ, ਉਹਨਾਂ ਤੋਂ ਬਣੀ ਹੋਈ ਵਸਤ ਹੁੰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਕੋਈ ਵੀ ਨਕਲ ਤਿਆਰ ਕਰਨਾ, ਭਾਵੇਂ ਇਹ ਤਸਵੀਰ ਦੀ ਹੋਵੇ ਜਾਂ ਦਸਤਾਵੇਜ਼ ਦੀ, ਕਾਫ਼ੀ ਕਸ਼ਟ ਭਰਿਆ ਕੰਮ ਹੁੰਦਾ ਹੈ; ਪ੍ਰਕਿਰਤੀ ਦੀ ਇਹੋ ਜਿਹੀ "ਨਕਲ" ਤਿਆਰ ਕਰਨਾ ਕਿਸੇਤਰ੍ਹਾਂ ਵੀ ਘੱਟ ਮੁਸ਼ਕਲ ਨਹੀਂ ਹੁੰਦਾ।

ਇਸਤਰ੍ਹਾਂ ਅਸੀਂ ਦੇਖਿਆ ਹੈ ਕਿ ਆਦਰਸ਼ਵਾਦੀ ਅਤੇ ਪਦਾਰਥਵਾਦੀ ਖ਼ੁਦ ਸੰਸਾਰ ਨੂੰ, ਇਸਨੂੰ ਜਾਣਨ ਵਿਚ ਜੁੱਟੇ ਮਨੁੱਖ ਨੂੰ, ਅਤੇ ਇਸ ਸੰਸਾਰ ਨੂੰ ਜਾਣਨ ਦੇ ਅਮਲ ਨੂੰ ਬਿਲਕੁਲ ਉਲਟ ਪੁਜ਼ੀਸ਼ਨਾਂ ਤੋਂ ਲੈਂਦੇ ਹਨ।

ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ **ਸੰਸਾਰ ਨੂੰ ਜਾਣਨ ਦੀ ਸੰਭਾਵਨਾ ਦਾ ਮਸਲਾ ਸਿੱਧੀ ਤਰ੍ਹਾਂ ਅਤੇ ਫ਼ੌਰੀ ਤੌਰ ਉਤੇ ਪਦਾਰਥ ਅਤੇ ਚੇਤਨਾ ਦੀ ਪ੍ਰਾਥਮਿਕਤਾ ਦੇ ਮਸਲੇ ਨਾਲ ਜੁੜਿਆ ਹੋਇਆ ਹੈ।** ਇਸਲਈ, ਫ਼ਿਲਾਸਫ਼ੀ ਦੇ ਕੋਈ ਦੋ ਸਵਾਲ ਨਹੀਂ; ਸਿਰਫ਼ ਇਕੋ ਇਕ ਬੁਨਿਆਦੀ ਸਵਾਲ ਹੈ। ਇਸਤਰ੍ਹਾਂ ਫ਼ਿਲਾਸਫ਼ੀ ਨੂੰ ਇਸਦੀ ਇਕਜੁਟਤਾ ਅਤੇ ਸੰਸਾਰ ਦ੍ਰਿਸ਼ਟੀਕੋਣ ਤੋਂ ਵਾਂਝਿਆਂ ਕਰਨ ਦੇ ਯਤਨ ਵਿਅਰਥ ਸਾਬਤ ਹੋਏ ਹਨ।

ਅਸੀਂ ਪ੍ਰਕਿਰਤੀ, ਮਨੁੱਖ ਅਤੇ ਗਿਆਨ ਬਾਰੇ ਕੁਝ ਬਹੁਤ ਭਾਂਤ ਭਾਂਤ ਦੇ, ਅਤੇ ਕਦੀ ਕਦੀ ਵਿਚਿੱਤ੍ਰ ਵੀ, ਸੰਕਲਪਾਂ ਨੂੰ ਵਿਚਾਰਿਆ ਹੈ। ਕੀ ਇਹਨਾਂ ਵਿਚਾਰਾਂ ਦੀਆਂ ਕੋਈ ਬੁਨਿਆਦਾਂ ਵੀ ਹਨ, ਜਾਂ ਕਿ ਉਹ ਕੁਝ ਸਨਕੀ ਬੰਦਿਆਂ ਦੀ ਕਲਪਣਾ ਦਾ ਹੀ ਖਬਤ ਹਨ ?

ਪੁਰਾਣੇ ਪਦਾਰਥਵਾਦੀਆਂ ਦਾ ਵਿਸ਼ਵਾਸ ਸੀ ਕਿ ਆਦਰਸ਼ਵਾਦੀ ਸੰਕਲਪ ਸਿਰਫ਼ ਕਿੰਨੀਂ ਸਾਰੀ ਬਕਵਾਸ ਹਨ, ਵਿਗੜੀ ਹੋਈ ਕਲਪਣਾ ਦਾ ਖਬਤ ਹਨ, ਇਸਲਈ ਇਹਨਾਂ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਪਰ ਆਦਰਸ਼ਵਾਦ ਨੂੰ ਸਿਰਫ਼ ਹੱਸ ਕੇ ਨਹੀਂ ਟਾਲਿਆ ਜਾ ਸਕਦਾ। ਇਸਦੀਆਂ ਜੜ੍ਹਾਂ ਤੱਕ ਪੁੱਜਣਾ ਅਤੇ ਇਹ ਦੇਖਣਾ ਜ਼ਰੂਰੀ ਹੈ ਕਿ ਇਹ ਅੱਜ ਤੱਕ ਕਾਇਮ ਕਿਵੇਂ ਰਿਹਾ ਹੈ।

ਅਸੀਂ ਪਹਿਲਾਂ ਹੀ ਦੱਸ ਆਏ ਹਾਂ ਕਿ ਫ਼ਿਲਾਸਫ਼ੀ ਦੀਆਂ, ਇਸਦੇ ਪੈਦਾ ਹੋਣ ਦੀਆਂ ਜੜ੍ਹਾਂ ਮਨੁੱਖ ਦੀਆਂ ਅਮਲੀ ਸਰਗਰਮੀਆਂ ਵਿਚ, ਉਸਦੀ ਕਿਰਤ ਵਿਚ ਲੱਭੀਆਂ ਜਾਣੀਆਂ ਚਾਹੀਦੀਆਂ ਹਨ; ਕਿ ਇਹ ਉਸਦੇ ਨਿੱਤਾਪ੍ਰਤਿ ਜੀਵਨ ਵਿਚੋਂ ਪੈਦਾ ਹੁੰਦੀ ਹੈ। ਦੋ ਵਿਰੋਧੀ ਦਾਰਸ਼ਨਿਕ ਰੁਝਾਣਾਂ—ਪਦਾਰਥਵਾਦ ਅਤੇ ਆਦਰਸ਼ਵਾਦ ਦੇ ਪਰਗਟ ਹੋਣ ਦੇ ਵੀ "ਅਮਲੀ" ਕਾਰਨ ਹਨ।

ਕਿਰਤ ਦੇ ਅਮਲ ਵਿਚ, ਹਰ ਕੋਈ ਆਪਣੇ ਲਈ ਟੀਚੇ ਮਿਥਦਾ ਹੈ। ਫਿਰ ਉਹ ਉਚਿਤ ਸਾਧਨਾਂ ਦੀ ਤਲਾਸ਼ ਕਰਦਾ ਹੈ ਅਤੇ ਉਹਨਾਂ ਨੂੰ ਵਰਤਦਿਆਂ ਹੋਇਆਂ, ਇਹਨਾਂ ਦੇ ਸਿੱਟੇ ਵਜੋਂ ਉਹ ਕੁਝ ਪਰਾਪਤ ਕਰਦਾ ਹੈ ਜਿਸਦੀ ਉਸਨੇ ਕਲਪਣਾ ਕੀਤੀ ਸੀ—ਭਾਵੇਂ ਇਹ ਕਹੀ ਹੋਵੇ ਜਾਂ ਕੁਹਾੜੀ, ਜਾਨਵਰਾਂ

ਦੀ ਕੋਈ ਨਵੀਂ ਨਸਲ ਹੋਵੇ ਜਾਂ ਕਣਕ ਦੀ ਫ਼ਸਲ। ਕੁਦਰਤੀ ਤੌਰ ਉਤੇ, ਜਿਉਂ ਜਿਉਂ ਉਹ ਕੰਮ ਕਰਦਾ ਹੈ, ਉਸਦਾ ਲਾਜ਼ਮੀ ਤੌਰ ਉਤੇ ਵਿਚਾਰ ਬਣਦਾ ਜਾਂਦਾ ਹੈ ਕਿ ਉਸਦੇ ਦੁਆਲੇ ਦੀ ਦੁਨੀਆਂ ਉਸਤੋਂ ਸਵੈਧੀਨ ਹੋਂਦ ਰੱਖਦੀ ਹੈ, ਕਿ ਇਹ ਵਸਤੂਪਰਕ ਹੈ, ਅਤੇ ਇਸ ਸੰਸਾਰ ਵਿਚ ਕੋਈ ਟੀਚਾ ਪਰਾਪਤ ਕਰਨ ਲਈ ਉਸਨੂੰ ਕੁਝ ਸ਼ਰੀਰਕ ਯਤਨ ਕਰਨ ਦੀ, ਸ਼ਕਤੀ ਦੀ ਕਿਸੇ ਨਾ ਕਿਸੇ ਮਾਤਰਾ ਦੀ, ਗਿਆਨ ਅਤੇ ਯੋਗਤਾ ਦੀ ਨਿਸ਼ਚਿਤ ਪੱਧਰ ਦੀ ਲੋੜ ਹੁੰਦੀ ਹੈ। ਫਿਰ ਵੀ, ਇਸ ਸੰਸਾਰ ਨੂੰ ਜਾਣਨਾ, ਇਸਨੂੰ ਬਿਹਤਰ ਬਣਾਉਣਾ ਅਤੇ ਮਨੁੱਖੀ ਲੋੜਾਂ ਅਨੁਸਾਰ ਢਾਲਣਾ ਸੰਭਵ ਹੈ, ਬਿਲਕੁਲ ਉਸੇਤਰ੍ਹਾਂ ਜਿਸਤਰ੍ਹਾਂ ਮਨੁੱਖ ਪ੍ਰਕਿਰਤਕ ਸ਼ਕਤੀਆਂ ਨੂੰ ਜ਼ਰਾਇਤ ਅਤੇ ਪਸ਼ੂ-ਪਾਲਣ ਦੇ ਕੰਮ ਵਿਚ ਆਪਣੀ ਸੇਵਾ ਵਿਚ ਲਾ ਲੈਂਦਾ ਹੈ, ਜਾਂ ਵਖੋ ਵਖਰੇ ਸੰਦ ਬਣਾਉਣ ਲਈ ਕੁਦਰਤੀ ਵਸਤਾਂ ਦੀ ਵਰਤੋਂ ਕਰ ਲੈਂਦਾ ਹੈ।

ਇਸਤਰ੍ਹਾਂ ਨਾਲ ਮਨੁੱਖ ਆਪਣਾ ਅਮਲੀ ਤਜਰਬਾ ਸਾਰੇ ਬ੍ਰਹਿਮੰਡ ਉਤੇ ਲਾਗੂ ਕਰਦਾ ਹੈ; ਉਸ ਵਾਸਤੇ ਪ੍ਰਕਿਰਤੀ ਇਕ ਵਿਰਾਟ ਵਰਕਸ਼ਾਪ ਹੈ, ਅਤੇ ਉਹ ਆਪ ਇਸ ਵਰਕਸ਼ਾਪ ਵਿਚ ਇਕ ਕਾਮਾ ਹੈ। ਇਹ ਸੰਸਾਰ ਦ੍ਰਿਸ਼ਟੀਕੋਨ ਪਦਾਰਥਵਾਦੀ ਵਿਚਾਰਾਂ ਦਾ ਤੁਰਤ ਪੂਰਵਗਾਮੀ ਸੀ।

ਮਨੁੱਖ ਦੀ ਕਿਰਤ-ਸਰਗਰਮੀ ਵਿਚ ਵਿਗਿਆਨਕ ਗਿਆਨ ਉਸਦਾ ਸੱਚਾ ਸਹਾਇਕ ਹੈ। ਇਹੀ ਕਾਰਨ ਹੈ ਕਿ ਪਦਾਰਥਵਾਦੀ ਫ਼ਿਲਾਸਫ਼ੀ ਆਪਣੇ ਸਿੱਟਿਆਂ ਦੀ ਪੁਸ਼ਟੀ ਦੀ ਇੱਛਾ ਵਿਚ ਲਗਾਤਾਰ ਵਿਗਿਆਨ ਉਪਰ ਨਿਰਭਰ ਕਰਦੀ ਹੈ, ਸਿੱਧੇ ਤੌਰ ਉਤੇ ਵਿਗਿਆਨਕ ਪਰਾਪਤੀਆਂ ਦਾ ਆਸਰਾ ਲੈਂਦੀ ਹੈ, ਅਤੇ ਆਪਣੀ ਵਾਰੀ, ਵਿਗਿਆਨ ਦੀ ਸਹਾਇਤਾ ਕਰਦੀ ਹੈ। ਵੀਹਵੀਂ ਸਦੀ ਦੇ ਇਕ ਸਿਰਕੱਢ ਭੌਤਕ-ਵਿਗਿਆਨੀ, **ਮੈਕਸ ਪਲਾਂਕ**, ਦਾ

ਵਿਚਾਰ ਸੀ ਕਿ ਪਦਾਰਥਵਾਦੀ ਵਿਚਾਰ ਉਪਜਾਊ ਵਿਗਿਆਨਕ ਖੋਜ ਦੀ ਲਾਜ਼ਮੀ ਲੋੜ ਹਨ, ਭਾਵੇਂ ਕਿ ਪ੍ਰਕਿਰਤੀ ਦੇ ਨਿਰਪੇਖ ਯਥਾਰਥ ਵਿਚ ਇਹ ਪੱਕਾ, ਕਦੀ ਨਾ ਡੋਲਣ ਵਾਲਾ ਵਿਸ਼ਵਾਸ ਖੋਜੀ ਦੇ ਕੰਮ ਦੀ ਇਕ ਕੁਦਰਤੀ ਅਤੇ ਲਾਜ਼ਮੀ ਪੂਰਵ-ਸ਼ਰਤ ਹੈ।

ਇਹ ਕੋਈ ਸਬੱਬੀ ਗੱਲ ਨਹੀਂ ਕਿ ਪਦਾਰਥਵਾਦ ਦੇ ਵਖੋ ਵਖਰੇ ਰੁਝਾਣਾਂ ਦਾ ਪਰਗਟ ਹੋਣਾ ਮਹਤਵਪੂਰਨ ਵਿਗਿਆਨਕ ਲੱਭਤਾਂ ਨਾਲ ਜੁੜਿਆ ਹੋਇਆ ਹੈ। ਉਦਾਹਰਣ ਵਜੋਂ, ਨਿਕੋਲਸ ਕੋਪਰਨੀਕਸ ਵਲੋਂ ਸੂਰਜ-ਕੇਂਦਰਤਾ ਦੇ ਵਿਚਾਰ ਦੀ ਵਿਆਖਿਆ ਅਤੇ ਸਪਸ਼ਟੀਕਰਣ ਨਾ ਸਿਰਫ਼ ਪ੍ਰਕਿਰਤਕ ਵਿਗਿਆਨ ਵਿਚ ਹੀ, ਸਗੋਂ ਪਦਾਰਥਵਾਦੀ ਫ਼ਿਲਾਸਫ਼ੀ ਵਿਚ ਵੀ "ਇਨਕਲਾਬੀ ਕਾਰਵਾਈ" ਸਾਬਤ ਹੋਏ। ਕੋਪਰਨੀਕਸ ਦੇ ਸਮੇਂ, ਇਹ ਖਿਆਲ ਕੀਤਾ ਜਾਂਦਾ ਸੀ ਕਿ ਧਰਤੀ ਅਹਿੱਲ ਹੈ ਅਤੇ ਬ੍ਰਹਿਮੰਡ ਦਾ ਕੇਂਦਰ ਹੈ। ਗ੍ਰਹਿ, ਸਿਤਾਰੇ ਅਤੇ ਆਕਾਸ਼ ਵਖੋ ਵਖਰੇ ਦਾਇਰਿਆਂ ਵਿਚ ਇਸ ਦੁਆਲੇ ਚੱਕਰ ਕੱਟਦੇ ਸਮਝੇ ਜਾਂਦੇ ਸਨ। "ਚੰਨ ਹੇਠਲੇ ਸੰਸਾਰ" ਵਿਚ, ਅਰਥਾਤ, ਧਰਤੀ ਉਪਰ ਸਭ ਕੁਝ ਆਰਜ਼ੀ ਅਤੇ ਅਧੂਰਾ ਸਮਝਿਆ ਜਾਂਦਾ ਸੀ, ਜਦ ਕਿ "ਚੰਨ ਤੋਂ ਪਾਰਲੇ" ਸੰਸਾਰ ਵਿਚ ਸਾਰਾ ਕੁਝ ਸਦੀਵੀ, ਅਬਦਲ ਅਤੇ ਸੰਪੂਰਨ ਸਮਝਿਆ ਜਾਂਦਾ ਸੀ।

ਧਰਤ-ਕੇਂਦਰਤਾ ਨੂੰ ਗ਼ਲਤ ਸਾਬਤ ਕਰਨ ਦਾ ਮਤਲਬ ਸੀ ਧਰਤੀ ਨੂੰ ਕਈ ਗ੍ਰਹਿਆਂ ਵਿਚੋਂ ਇਕ ਵਿਚ ਬਦਲ ਦੇਣਾ, ਆਪਣੇ ਹੀ ਕਾਨੂੰਨਾਂ ਅਨੁਸਾਰ ਚੱਲਣ ਵਾਲੇ "ਚੰਨ ਹੇਠਲੇ" ਅਤੇ "ਚੰਨ-ਪਾਰਲੇ" ਹਿੱਸਿਆਂ ਵਿਚ ਸੰਸਾਰ ਦੀ ਵੰਡ ਵੀ ਇਸ ਨਾਲ ਖ਼ਤਮ ਹੋ ਗਈ। ਇਸਤਰ੍ਹਾਂ ਨਾਲ ਸੰਸਾਰ ਨੂੰ ਇਕੋ ਇਕ ਸਮੁੱਚ ਵਜੋਂ ਮੰਣ ਲਿਆ ਗਿਆ। ਕੋਪਰਨੀਕਸ ਨੇ ਬ੍ਰਹਿਮੰਡ ਦੀਆਂ ਹੱਦਾਂ "ਫੈਲਾ ਦਿਤੀਆਂ" ਅਤੇ ਪੁਲਾੜ ਵਿਚ ਸੰਸਾਰ

ਦੀ ਅਸੀਮਤਤਾ ਨੂੰ ਪ੍ਰਮਾਣਿਤ ਕਰਨ ਦਾ ਰਾਹ ਖੋਹਲਿਆ। ਇਹ ਦਰਸਾ ਕੇ ਕਿ ਅਸਲੀ ਗਿਆਨ ਸਤਹ ਉਪਰ ਨਹੀਂ ਪਿਆ ਹੁੰਦਾ ਕਿ ਮਨੁੱਖ ਆਏ ਅਤੇ ਚੁੱਕ ਲਵੇ, ਸਗੋਂ ਬਾਹਰਲੇ ਵਰਤਾਰਿਆਂ ਦੇ ਪਿੱਛੇ ਲੁਕੇ ਵਸਤਾਂ ਦੇ ਤੱਤ ਨੂੰ ਉਘਾੜ ਕੇ ਇਸਨੂੰ ਕੱਢਣਾ ਪੈਂਦਾ ਹੈ, ਸੂਰਜ-ਕੇਂਦਰਤਾ ਨੇ ਗਿਆਨ ਦੇ ਅਮਲ ਨਾਲ ਸੰਬੰਧਤ ਦਾਰਸ਼ਨਿਕ ਵਿਚਾਰਾਂ ਨੂੰ ਨਿਸ਼ਚਿਤ ਰੂਪ ਦੇਣਾ ਵੀ ਸੰਭਵ ਬਣਾਇਆ। ਇਸਤਰ੍ਹਾਂ ਕੋਪਰਨੀਕਸ ਵਲੋਂ ਕੀਤੀ ਗਈ ਲੱਭਤ ਨੇ ਪ੍ਰਕਿਰਤੀ ਅਤੇ ਮਨੁੱਖ ਬਾਰੇ ਪਦਾਰਥਵਾਦੀ ਵਿਚਾਰਾਂ ਦੀ ਪੁਸ਼ਟੀ ਕਰਨ ਅਤੇ ਉਹਨਾਂ ਦਾ ਵਿਕਾਸ ਕਰਨ ਵਿਚ ਵੀ ਸਹਾਇਤਾ ਕੀਤੀ।

ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਵਿਚ ਪਦਾਰਥਵਾਦੀ ਫ਼ਿਲਾਸਫ਼ੀ ਦੇ ਮਕਾਨਕੀ ਰੂਪ ਦੇ ਪੈਦਾ ਹੋਣ ਦਾ ਇਕ ਕਾਰਨ ਮਕੈਨਿਕਸ ਦਾ ਵਿਗਾਸ ਸੀ। ਪਰ ਉਨ੍ਹੀਵੀਂ ਸਦੀ ਵਿਚ ਜਿਵੇਂ ਜਿਵੇਂ ਜੀਵ-ਵਿਗਿਆਨ, ਧਰਤ-ਵਿਗਿਆਨ, ਭੌਤਕ-ਵਿਗਿਆਨ ਅਤੇ ਰਸਾਇਣ ਨੇ ਪ੍ਰਗਤੀ ਕੀਤੀ, ਪਦਾਰਥਵਾਦ ਦਾ ਇਕ ਹੋਰ ਅਤੇ ਉਚੇਰਾ ਰੂਪ—ਵਿਰੋਧ-ਵਿਕਾਸੀ ਪਦਾਰਥਵਾਦ—ਹੋਂਦ ਵਿਚ ਆਇਆ।

ਪਦਾਰਥਵਾਦ ਵਿਚ, ਜਿਹੜਾ ਕਿ ਤਰਕ, ਵਿਗਿਆਨ ਅਤੇ ਆਮ ਸੂਝ ਉਪਰ ਨਿਰਭਰ ਕਰਦਾ ਹੈ, ਇਕ ਹੱਦ ਤੱਕ ਹਮੇਸ਼ਾ ਹੀ ਸੰਦੇਹ ਅਤੇ ਸ਼ੰਕਾਵਾਦ ਰਮਿਆ ਰਿਹਾ ਹੈ। ਅਵਿਸ਼ਵਾਸ, ਵਸਤਾਂ ਅਤੇ ਵਰਤਾਰਿਆਂ ਦੀਆਂ ਜੜ੍ਹਾਂ ਦੀ ਖੋਜ ਕਰਨਾ, ਪੁਸ਼ਟੀ ਕਰਨਾ ਅਤੇ ਪੂਰੀ ਤਰ੍ਹਾਂ ਪੁਣ-ਛਾਣ ਕਰਨਾ—ਇਹ ਪਦਾਰਥਵਾਦੀ ਸੰਸਾਰ ਦ੍ਰਿਸ਼ਟੀਕੋਨ ਦੇ ਪ੍ਰਤਿਨਿਧ ਲੱਛਣ ਹਨ। ਇਥੋਂ ਹੀ ਧਾਰਮਕ ਸੰਕਲਪਾਂ ਵੱਲ ਆਲੋਚਨਾਤਮਕ ਵਤੀਰਾ ਨਿਕਲਦਾ ਹੈ। "ਮੇਰੇ ਲਈ ਇਸ ਵਿਚ ਯਕੀਨ ਕਰਨਾ ਜ਼ਰੂਰੀ ਹੈ, ਕਿਉਂਕਿ ਇਹ ਬੇਤੁਕਾ ਹੈ", ਇਕ ਈਸਾਈ ਧਰਮ-ਸ਼ਾਸਤ੍ਰੀ

**ਤੇਰਤੂਲੀਅਨ** ਨੇ ਕਿਹਾ ਸੀ। ਇਸਦੇ ਟਾਕਰੇ ਵਿਚ ਇਕ ਪਦਾਰਥਵਾਦੀ ਇਹ ਕਹਿੰਦਾ ਹੈ ਕਿ ਜੇ ਇਹ ਬੇਤੁਕਾ ਹੈ ਤਾਂ ਇਹ ਠੀਕ ਨਹੀਂ ਹੋ ਸਕਦਾ, ਇਸਲਈ ਉਹ ਸੱਚ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਿਆਂ, ਵਿਰੋਧਤਾਈ ਦੀ ਖੋਜ ਕਰਨੀ ਸ਼ੁਰੂ ਕਰ ਦੇਂਦਾ ਹੈ। ਆਲੋਚਨਾਤਮਕ ਮਨ ਸਾਰੇ ਸਮਿਆਂ ਅਤੇ ਸਾਰੀਆਂ ਕੌਮਾਂ ਦੇ ਪਦਾਰਥਵਾਦੀਆਂ ਦਾ ਪ੍ਰਤਿਨਿਧ ਲੱਛਣ ਹੈ। ਉਦਾਹਰਣ ਵਜੋਂ, ਪੁਰਾਤਨ ਭਾਰਤੀ ਪਦਾਰਥਵਾਦੀਆਂ ਬਾਰੇ **ਜਵਾਹਰਲਾਲ ਨਹਿਰੂ** ਨੇ ਲਿਖਿਆ ਹੈ: "ਪਦਾਰਥਵਾਦੀ ਪ੍ਰਮਾਣਿਕਤਾ ਦੀ ਅਤੇ ਚਿੰਤਨ, ਧਰਮ ਅਤੇ ਧਰਮ-ਸ਼ਾਸਤਰ ਵਿਚ ਸਾਰੇ ਸਵਾਰਥੀ ਹਿੱਤਾਂ ਦੀ ਆਲੋਚਨਾ ਕਰਦੇ ਸਨ। ਉਹ ਵੇਦਾਂ ਦੀ, ਪੁਰੋਹਤਪੁਣੇ ਦੀ ਅਤੇ ਪਰੰਪਰਾਈ ਵਿਸ਼ਵਾਸਾਂ ਦੀ ਨਿਖੇਧੀ ਕਰਦੇ ਸਨ ਅਤੇ ਐਲਾਨ ਕਰਦੇ ਸਨ ਕਿ ਵਿਸ਼ਵਾਸ ਆਜ਼ਾਦ ਹੋਣਾ ਚਾਹੀਦਾ ਹੈ ਅਤੇ ਇਹ ਪੂਰਵ-ਮਿਥਣਾਂ ਜਾਂ ਸਿਰਫ਼ ਬੀਤੇ ਦੀ ਗਵਾਹੀ ਉਪਰ ਹੀ ਨਿਰਭਰ ਨਹੀਂ ਹੋਣਾ ਚਾਹੀਦਾ। ਉਹ ਜਾਦੂ ਅਤੇ ਵਹਿਮ-ਭਰਮ ਦੇ ਸਾਰੇ ਰੂਪਾਂ ਦੀ ਜ਼ੋਰਦਾਰ ਨਿਖੇਧੀ ਕਰਦੇ ਸਨ।"* ਪੂਰਬ ਦੇ ਗਿਆਰ੍ਹਵੀਂ ਸਦੀ ਦੇ ਮਹਾਨ ਕਵੀ, ਵਿਗਿਆਨੀ ਅਤੇ ਚਿੰਤਕ **ਉਮਰ ਖੱਯਾਮ** ਨੇ ਵੀ ਇਹੀ ਵਿਚਾਰ ਪਰਗਟ ਕੀਤੇ ਸਨ:

ਮਸਜਿਦਾਂ ਵਿਚ, ਗਿਰਜਿਆਂ ਵਿਚ,
ਅਤੇ ਦੇਵਤਿਆਂ ਵਿਚਕਾਰ
ਉਹ ਨਰਕ ਤੋਂ ਤਰਾਹੁੰਦੇ ਅਤੇ
ਸਵਰਗ ਦੇ ਸੁਫ਼ਨੇ ਲੈਂਦੇ ਹਨ।
ਪਰ ਜਿਸਨੇ ਦੁਨੀਆਂ ਦੀ ਬੁਝਾਰਤ

---

*ਜਵਾਹਰਲਾਲ ਨਹਿਰੂ, "**ਭਾਰਤ ਦੀ ਲੱਭਤ**", ਏਸ਼ੀਆ ਪਬਲਿਸ਼ਿੰਗ ਹਾਊਸ, ਬੰਬਈ, ੧੯੬੪, ਸਫ਼ਾ ੧੦੦।

ਬੁੱਝ ਲਈ ਹੈ
ਉਸਨੇ ਆਪਣੇ ਦਿਲ ਵਿਚ ਨਦੀਣ
ਨਹੀਂ ਉੱਗਣ ਦਿਤਾ।*

ਇਸਤਰ੍ਹਾਂ, ਗ਼ੈਰ-ਵਿਗਿਆਨਕ ਸੰਕਲਪਾਂ ਵਿਰੁਧ ਘੋਲ ਦੌਰਾਨ ਚਿੰਤਨ ਵਧੇਰੇ ਸੂਖਮ ਹੁੰਦਾ ਗਿਆ, ਗਿਆਨ ਪਰਾਪਤ ਕਰਨ ਦੇ ਤਰੀਕੇ ਵਧੇਰੇ ਜਟਿਲ ਹੁੰਦੇ ਗਏ, ਹਕੀਕਤ ਬਾਰੇ ਇਕਸੁਰ ਪਦਾਰਥਵਾਦੀ ਵਿਚਾਰ ਸੂਤ੍ਰਿਤ ਕੀਤਾ ਗਿਆ।

ਪਰ ਆਦਰਸ਼ਵਾਦ ਵੀ ਕੋਈ ਗ਼ੈਬੋਂ ਨਹੀਂ ਉਤਰਿਆ। ਮਨੁੱਖ ਦੀਆਂ ਉਹਨਾਂ ਹੀ ਅਮਲੀ ਸਰਗਰਮੀਆਂ ਨੇ ਇਸਦੇ ਜਨਮ ਵਿਚ ਵੀ ਇਕ ਨਿਸ਼ਚਿਤ ਰੋਲ ਅਦਾ ਕੀਤਾ, ਪਰ "ਨਫ਼ੀ" ਅਰਥਾਂ ਵਿਚ। ਮਨੁੱਖ ਹਮੇਸ਼ਾ ਹੀ ਉਹ ਕੁਝ ਪਰਾਪਤ ਕਰਨ ਵਿਚ ਸਫ਼ਲ ਨਹੀਂ ਹੋ ਜਾਂਦਾ ਅਤੇ ਨਾ ਹੀ ਕਦੀ ਹੋਇਆ ਹੈ, ਜਿਸਦੀ ਉਹ ਇੱਛਾ ਕਰਦਾ ਹੈ। ਪੁਰਾਤਨ ਸਮਿਆਂ ਵਿਚ ਇਹ ਖ਼ਾਸ ਕਰਕੇ ਸੱਚ ਸੀ ਜਦੋਂ ਅਜੇ ਮੁਢਲੇ ਦਾਰਸ਼ਨਿਕ ਵਿਚਾਰ ਰੂਪ ਧਾਰ ਰਹੇ ਸਨ। ਬਹੁਤ ਸਾਰੀਆਂ ਬਦਕਿਸਮਤੀਆਂ ਮਨੁੱਖ ਦੇ ਰਾਹ ਵਿਚ ਆਉਂਦੀਆਂ ਸਨ। ਉਸਨੂੰ ਅਕਸਰ ਮੁਸੀਬਤਾਂ ਦਾ ਸਾਮ੍ਹਣਾ ਕਰਨਾ ਪੈਂਦਾ ਅਤੇ ਉਹ ਉਸ ਸਭ ਕੁਝ ਦੀ ਹੀ ਵਿਆਖਿਆ ਨਹੀਂ ਸੀ ਕਰ ਸਕਦਾ ਜਿਸਦਾ ਉਸਨੂੰ ਸਾਮ੍ਹਣਾ ਕਰਨਾ ਪੈਂਦਾ ਸੀ। ਕਿਉਂ ਇਕ ਆਦਮੀ ਨੂੰ ਕੰਮ ਕਰਨਾ ਪੈਂਦਾ ਹੈ, ਪਰ ਦੂਜੇ ਨੂੰ ਨਹੀਂ? ਇਸਤਰ੍ਹਾਂ ਦਾ ਸਾਰਾ ਨਿਜ਼ਾਮ ਕਿਸਨੇ ਕਾਇਮ ਕੀਤਾ ਹੈ? ਮਨੁੱਖ ਜਿਊਂਦਾ ਸੀ, ਸੋਚਦਾ ਸੀ, ਕਸ਼ਟ ਭੋਗਦਾ ਸੀ, ਖੁਸ਼ ਹੁੰਦਾ ਸੀ ਅਤੇ ਇਕਦਮ ਮਰ ਗਿਆ। ਮਰਨ ਤੋਂ ਪਿਛੋਂ ਉਸਦੀ ਆਤਮਾ ਕਿਥੇ ਚੱਲੀ ਜਾਂਦੀ ਹੈ?

---

*"**ਉਮਰ ਖ਼ੱਯਾਮ**", ਦੁਸ਼ਾਂਬੇ, ਇਰਫ਼ਾਨ ਪ੍ਰਕਾਸ਼ਕ, ੧੯੭੦, ਸਫ਼ਾ ੧੦੯ (ਫ਼ਾਰਸੀ ਵਿਚ)।

ਪ੍ਰਕਿਰਤਕ ਸ਼ਕਤੀਆਂ ਨਾਲ ਆਪਣੇ ਘੋਲ ਵਿਚ ਮਨੁੱਖ ਦੀ ਬੇਬਸੀ, ਕਈ ਬੁਨਿਆਦੀ ਮਸਲੇ ਹਲ ਕਰ ਸਕਣ ਅਤੇ ਜ਼ਿੰਦਗੀਆਂ ਦੀਆਂ ਬੁਝਾਰਤਾਂ ਬੁੱਝ ਸਕਣ ਵਿਚ ਉਸਦੀ ਅਸਫ਼ਲਤਾ ਉਸਨੂੰ ਕਿਸੇ ਸ਼ਕਤੀਸ਼ਾਲੀ, "ਨਿਰਪੇਖ", ਆਦਰਸ਼ਕ ਤਾਕਤ ਦੀ ਸਹਾਇਤਾ ਮੰਗਣ ਵੱਲ ਲੈ ਗਈ। ਇਸਤਰ੍ਹਾਂ ਦੇ ਮਨੁੱਖ ਲਈ ਪ੍ਰਕਿਰਤੀ ਕੋਈ ਵਰਕਸ਼ਾਪ ਨਹੀਂ ਜਿਸ ਵਿਚ ਉਹ ਮਾਲਕ ਵੀ ਹੈ ਅਤੇ ਮਜ਼ਦੂਰ ਵੀ, ਸਗੋਂ ਦੂਜਿਆਂ ਦਾ ਬਣਾਇਆ ਹੋਇਆ ਇਕ ਗਿਰਜਾ ਹੈ, ਜਿਥੇ ਉਹ ਥੋਹੜੇ ਜਿਹੇ ਸਮੇਂ ਲਈ ਇਕ ਨਿਮਾਣੇ ਬਿਨੈਕਾਰ ਵਜੋਂ, ਮੰਗਤੇ ਵਜੋਂ ਆਉਂਦਾ ਹੈ। ਇਸਤਰ੍ਹਾਂ ਅਸੀਂ ਦੇਖਿਆ ਹੈ ਕਿ ਮਨੁੱਖ ਦੀਆਂ ਸਰਗਰਮੀਆਂ ਪਦਾਰਥਵਾਦੀ ਅਤੇ ਆਦਰਸ਼ਵਾਦੀ, ਦੋਹਾਂ ਤਰ੍ਹਾਂ ਦੇ ਵਿਚਾਰਾਂ ਨੂੰ ਜਨਮ ਦੇਂਦੀਆਂ ਹਨ। ਪਹਿਲੀ ਸੂਰਤ ਵਿਚ, ਮਨੁੱਖ ਦੀ ਤਾਕਤ ਅਤੇ ਸੰਭਾਵਨਾਵਾਂ ਨਿਸ਼ਚੈਕਾਰੀ ਹਨ, ਅਤੇ ਦੂਜੀ ਵਿਚ—ਉਸਦੀ ਕਮਜ਼ੋਰੀ।

ਮਾਰਕਸ ਨੇ ਲਿਖਿਆ ਸੀ: "...ਫ਼ਿਲਾਸਫ਼ਰ ਖੁੰਬਾਂ ਵਾਂਗ ਜ਼ਮੀਨ ਵਿਚੋਂ ਨਹੀਂ ਉੱਗ ਪੈਂਦੇ; ਉਹ ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ, ਜਿਨ੍ਹਾਂ ਦਾ ਸਭ ਤੋਂ ਸੂਖਮ, ਕੀਮਤੀ ਅਤੇ ਅਦਿੱਖ ਰਸ ਫ਼ਿਲਾਸਫ਼ੀ ਦੇ ਵਿਚਾਰਾਂ ਵਿਚ ਵਹਿ ਰਿਹਾ ਹੁੰਦਾ ਹੈ। ਉਹੀ ਭਾਵਨਾ, ਜਿਹੜੀ ਮਜ਼ਦੂਰਾਂ ਦੇ ਹੱਥਾਂ ਨਾਲ ਰੇਲਵੇ ਉਸਰਵਾਉਂਦੀ ਹੈ, ਫ਼ਿਲਾਸਫ਼ਰਾਂ ਦੇ ਦਿਮਾਗਾਂ ਵਿਚ ਦਾਰਸ਼ਨਿਕ ਪ੍ਰਣਾਲੀਆਂ ਬਣਾਉਂਦੀ ਹੈ।"*

ਬੀਤੇ ਸਮੇਂ ਵਿਚ ਮਨੁੱਖ ਨੂੰ ਬਹੁਤ ਮੁਸ਼ਕਲਾਂ ਆਉਂਦੀਆਂ ਸਨ; ਅੱਜ ਵੀ ਆਉਂਦੀਆਂ ਹਨ। ਆਲੇ-ਦੁਆਲੇ ਦਾ ਸੰਸਾਰ

---

*ਕਾਰਲ ਮਾਰਕਸ "**ਕੋਲਨੀਸ਼ੇ ਜ਼ਾਈਤੁੰਗ ਨੰ. ੧੭੯ ਵਿਚ ਮੁੱਖ ਲੇਖ**"; ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼, ਕਿਰਤ ਸੰਗ੍ਰਹਿ, ਸੈਂਚੀ ੧, ਸਫ਼ਾ ੧੯੫।

ਏਨਾਂ ਜਟਿਲ ਅਤੇ ਬਹੁਪੱਖੀ ਹੈ ਕਿ ਵਸਤਾਂ ਦੀ ਅਸਲੀਅਤ ਕਦੀ ਕਦੀ ਉਹਲੇ ਰਹਿ ਜਾਂਦੀ ਹੈ। ਬਚਪਣ ਤੋਂ ਹੀ ਅਸੀਂ ਅਨੇਕਾਂ ਸੰਕਲਪ ਅਤੇ ਆਦਰਸ਼ ਸਿਖਦੇ ਹਾਂ। ਅਸੀਂ ਫ਼ਰਜ਼, ਇੱਜ਼ਤ, ਇਨਸਾਫ਼ ਅਤੇ ਕਾਨੂੰਨ ਵਰਗੀਆਂ ਚੀਜ਼ਾਂ ਬਾਰੇ ਸਿਖਦੇ ਹਾਂ, ਅਸੀਂ ਮੰਤਕ ਅਤੇ ਗਣਿਤ ਦੇ ਕਾਨੂੰਨਾਂ ਦਾ ਅਧਿਐਨ ਕਰਦੇ ਹਾਂ। ਪਰ ਇਹ ਵਿਚਾਰ ਅਤੇ ਕਾਨੂੰਨ, ਇਹ ਨਿਯਮ ਅਤੇ ਰਸਮਾਂ ਕਿਥੋਂ ਆਈਆਂ ਹਨ? ਕੀ ਸਚਮੁਚ ਅਸੀਂ ਹੀ ਇਹਨਾਂ ਸਾਰਿਆਂ ਦੀ ਕਾਢ ਕੱਢੀ ਹੈ? ਅਸੀਂ ਕਿਸੇ ਬੰਦੇ ਦਾ ਨਾਂ ਨਹੀਂ ਲੈ ਸਕਦੇ ਜਿਸਨੇ ਇਹਨਾਂ ਨੂੰ ਸਥਾਪਤ ਕੀਤਾ ਹੋਵੇ; ਇਸਲਈ, ਸ਼ਾਇਦ ਇਹ ਹਮੇਸ਼ਾ ਹੀ ਮੌਜੂਦ ਰਹੇ ਹਨ, ਅਰਸ਼ਾਂ ਤੋਂ ਸਾਡੇ ਲਈ ਭੇਜੇ ਗਏ ਹਨ? ਇਹੋ ਜਿਹੀਆਂ ਦਲੀਲਾਂ ਵਸਤੂਪਰਕ ਆਦਰਸ਼ਵਾਦ ਦੇ ਬਹੁਤ ਨੇੜੇ ਹਨ।

ਅਸੀਂ ਸੁੰਘ ਸਕਦੇ ਹਾਂ, ਦੇਖ, ਸੁਣ ਅਤੇ ਮਹਿਸੂਸ ਕਰ ਸਕਦੇ ਹਾਂ। ਪਰ ਜੇ ਅਸੀਂ ਆਪਣੀਆਂ ਅੱਖਾਂ ਬੰਦ ਕਰ ਲਈਏ, ਤਾਂ ਸੰਸਾਰ ਦੀ ਵੰਨ-ਸੁਵੰਨਤਾ, ਜਿਸਨੂੰ ਅਸੀਂ ਦੇਖਦੇ ਹਾਂ ਲੋਪ ਹੋ ਜਾਂਦੀ ਹੈ ਅਤੇ ਅਸੀਂ ਹਨੇਰੇ ਖੂਹ ਵਿਚ ਜਾ ਡਿਗਦੇ ਹਾਂ। ਜੇ ਸਾਡੀ ਸੁੰਘਣ ਸ਼ਕਤੀ ਮਾਰੀ ਜਾਏ, ਤਾਂ ਖ਼ੁਸ਼ਬੂ ਬਦਬੂ ਸਾਡੇ ਲਈ ਕੋਈ ਵਜੂਦ ਨਹੀਂ ਰੱਖਣਗੀਆਂ। ਅਤੇ ਜੇ ਸਾਡੀ ਸੁਣਨ ਸ਼ਕਤੀ ਵਿਚ ਕੋਈ ਖਰਾਬੀ ਹੋਵੇ — ਤਾਂ ਸੰਸਾਰ ਚੁੱਪ ਹੋ ਜਾਇਗਾ। ਅਤੇ ਇਸਦੇ ਉਲਟ, ਜੇ ਕਿਸੇ ਦੂਜੇ ਸੰਸਾਰ ਵਿਚਲੇ ਕੁਝ ਹੋਰ ਜੀਵਾਂ ਦੇ ਪੰਜ ਨਹੀਂ ਸਗੋਂ ਸੱਤ, ਜਾਂ ਇਥੋਂ ਤੱਕ ਕਿ ਅੱਠ ਵੀ, ਗਿਆਨ-ਇੰਦਰੇ ਹੋਣ, ਤਾਂ ਜਿਸ ਦੁਨੀਆਂ ਵਿਚ ਉਹ ਰਹਿ ਰਹੇ ਹਨ, ਉਹ ਸਾਡੀ ਦੁਨੀਆਂ ਨਾਲੋਂ ਸ਼ਾਇਦ ਬਹੁਤ ਵਖਰੀ ਤਰ੍ਹਾਂ ਦੀ ਹੋਵੇਗੀ। ਇਸਤਰ੍ਹਾਂ ਦੀ ਦਲੀਲ ਬੰਦੇ ਨੂੰ ਆਤਮਪਰਕ ਆਦਰਸ਼ਵਾਦ ਵੱਲ ਲਿਜਾ ਸਕਦੀ ਹੈ, ਅਤੇ ਉਸਨੂੰ ਸ਼ਾਇਦ ਇਸਦਾ ਪਤਾ ਵੀ ਨਾ ਲੱਗੇ।

ਬੋਧ-ਪਰਾਪਤੀ ਦਾ ਅਮਲ ਏਨਾਂ ਜਟਿਲ ਹੈ, ਅਤੇ ਗਿਆਨ ਦੇ ਕੰਡਿਆਲੇ ਰਾਹ ਉਤੇ ਤੁਰਨਾ ਏਨਾਂ ਕਠਿਨ ਹੈ ਕਿ ਬੰਦਾ ਸੌਖੀ ਤਰ੍ਹਾਂ ਹੀ ਭਟਕ ਸਕਦਾ ਹੈ। ਅਤੇ ਬਿਲਕੁਲ ਇਹੀ ਥਾਂ ਹੈ ਜਿਥੇ ਆਦਰਸ਼ਵਾਦ ਆਪਣਾ ਹੀ "ਹਲ" ਤਜਵੀਜ਼ ਕਰਕੇ, ਜਿਹੜਾ ਕਿ ਆਮ ਕਰਕੇ ਸਭ ਤੋਂ ਸੌਖਾ ਹੁੰਦਾ ਹੈ, ਆਪਣੀਆਂ ਸੇਵਾਵਾਂ ਪੇਸ਼ ਕਰਦਾ ਹੈ।

ਪਰ ਮਨੁੱਖ ਹੌਲੀ ਹੌਲੀ ਆਪਣੇ ਤਜਰਬੇ ਦੀ ਸੀਮਤ ਪ੍ਰਕਿਰਤੀ ਉਤੇ ਕਾਬੂ ਪਾ ਰਿਹਾ ਹੈ, ਅਤੇ ਪ੍ਰਕਿਰਤੀ ਵਲੋਂ ਛੇਕਿਆ ਗਿਆ ਹੋਣ ਦੀ ਥਾਂ ਇਸਦਾ ਮਾਲਕ ਬਣਦਾ ਜਾ ਰਿਹਾ ਹੈ। ਵਿਗਿਆਨ ਦੇ ਵਿਗਾਸ ਨੇ ਹਰ ਤਰ੍ਹਾਂ ਦੇ ਕਾਲਪਣਿਕ ਸੰਕਲਪਾਂ ਨੂੰ ਭੰਗ ਕਰ ਦਿਤਾ ਹੈ, ਅਤੇ ਪਦਾਰਥਵਾਦ ਫ਼ਿਲਾਸਫ਼ੀ ਵਿਚ ਇਕ ਆਗੂ ਰੁਝਾਣ ਬਣਦਾ ਜਾ ਰਿਹਾ ਹੈ। ਅੱਜ ਕੁਝ ਹੀ ਫ਼ਿਲਾਸਫ਼ਰ ਹਨ ਜਿਹੜੇ ਖੁਲ੍ਹਮ-ਖੁਲ੍ਹਾ ਇਹ ਦਾਅਵਾ ਕਰਦੇ ਹੋਣ ਕਿ ਸੰਸਾਰ ਅਤੇ ਪ੍ਰਕਿਰਤੀ ਸਿਰਫ਼ ਇਕ ਸੁਫ਼ਨਾ, ਇਕ ਛਲਾਵਾ ਹਨ; ਐਸਾ ਆਦਰਸ਼ਵਾਦੀ ਲੱਭਣਾ ਬਿਲਕੁਲ ਇਕ ਸਮੱਸਿਆ ਹੋਵੇਗੀ ਜਿਹੜਾ ਵਿਗਿਆਨ ਦਾ ਤਿਆਗ ਕਰਦਾ ਹੋਵੇ ਅਤੇ ਇਹ ਵਿਸ਼ਵਾਸ ਰੱਖਦਾ ਹੋਵੇ ਕਿ ਸਿਰਫ਼ ਧਰਮ ਹੀ ਮਨੁੱਖ ਨੂੰ ਸੰਸਾਰ ਦਾ ਗਿਆਨ ਦੇਂਦਾ ਹੈ।

ਸਮਾਜਕ-ਇਤਿਹਾਸਕ ਤਜਰਬੇ ਦਾ ਵਿਗਾਸ ਦਾਰਸ਼ਨਿਕ ਚਿੰਤਨ ਦੇ ਵਿਗਾਸ ਨੂੰ ਨਿਰਧਾਰਿਤ ਕਰਦਾ ਹੈ। ਜਿਵੇਂ ਕਿ, ਏਂਗਲਜ਼ ਨੇ ਕਿਹਾ ਸੀ, ਨਿਰੋਲ ਚਿੰਤਨ ਦੀ ਸ਼ਕਤੀ ਹੀ ਨਹੀਂ ਜਿਹੜੀ ਫ਼ਿਲਾਸਫ਼ਰਾਂ ਨੂੰ ਅੱਗੇ ਹੀ ਅੱਗੇ ਧੱਕੀ ਜਾ ਰਹੀ ਹੈ: "ਇਸਦੇ ਬਿਲਕੁਲ ਉਲਟ, ਜਿਸ ਚੀਜ਼ ਨੇ ਉਹਨਾਂ ਨੂੰ ਸਭ ਤੋਂ ਵੱਧ ਅੱਗੇ ਵੱਲ ਧੱਕਿਆ, ਉਹ ਸੀ ਪ੍ਰਕਿਰਤਕ ਵਿਗਿਆਨ ਅਤੇ ਸਨਅਤ ਦੀ ਸ਼ਕਤੀਸ਼ਾਲੀ ਅਤੇ ਦਿਨੋਂ ਦਿਨ ਵਧੇਰੇ ਤੇਜ਼ ਰੌੜ੍ਹ ਬਣਦੀ ਜਾ ਰਹੀ ਤਰੱਕੀ। ਪਦਾਰਥਵਾਦੀਆਂ ਵਿਚਕਾਰ ਸਤਹ

ਉਪਰ ਇਹ ਸਭ ਕੁਝ ਸਪਸ਼ਟ ਸੀ, ਪਰ ਆਦਰਸ਼ਵਾਦੀ ਪ੍ਰਣਾਲੀਆਂ ਵੀ ਆਪਣੇ ਵਿਚ ਦਿਨੋ ਦਿਨ ਵਧੇਰੇ ਪਦਾਰਥਵਾਦੀ ਵਸਤੂ ਭਰ ਰਹੀਆਂ ਸਨ ਅਤੇ ਮਨ. ਅਤੇ ਪਦਾਰਥ ਵਿਚਲੇ ਵਿਰੋਧ ਨੂੰ ਸਰਬ-ਈਸ਼ਵਰਵਾਦੀ ਢੰਗ ਨਾਲ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ। ਇਸਤਰ੍ਹਾਂ ਆਖਰ ਹੀਗਲੀ ਪ੍ਰਣਾਲੀ ਵਿਧੀ ਅਤੇ ਵਸਤੂ ਵਿਚ ਆਦਰਸ਼ਵਾਦੀ ਢੰਗ ਨਾਲ ਸਿਰਭਾਰ ਖੜੇ ਕੀਤੇ ਗਏ ਪਦਾਰਥਵਾਦ ਨੂੰ ਹੀ ਪੇਸ਼ ਕਰਦੀ ਹੈ।" *

ਇਸਦੇ ਨਾਲ ਹੀ, ਆਦਰਸ਼ਵਾਦ ਖਤਮ ਨਹੀਂ ਹੋਣ ਲੱਗਾ, ਭਾਵੇਂ ਇਹ ਆਪਣੇ ਆਪ ਨੂੰ ਪਦਾਰਥਵਾਦ ਦਾ ਚੋਗਾ ਪਹਿਣਾ ਲੈਂਦਾ ਹੈ, ਜਾਂ ਦਾਅਵਾ ਕਰਦਾ ਹੈ ਕਿ ਇਹ ਆਦਰਸ਼ਵਾਦ ਅਤੇ ਪਦਾਰਥਵਾਦ ਦੋਹਾਂ ਤੋਂ ਹੀ "ਉਪਰ" ਹੈ। ਕੀ ਪਦਾਰਥਵਾਦ ਅਤੇ ਆਦਰਸ਼ਵਾਦ ਵਿਚਕਾਰ ਘੋਲ ਹਮੇਸ਼ਾ ਹੀ ਚੱਲਦਾ ਰਹੇਗਾ?

### ਧਰਤਵੀ ਤੂਫ਼ਾਨਾਂ ਦੀ "ਅਰਸ਼ੀ" ਗੂੰਜ

ਆਦਰਸ਼ਵਾਦ ਆਪਣੀਆਂ ਪੁਜ਼ੀਸ਼ਨਾਂ ਉਤੇ ਹਠੀ ਢੰਗ ਨਾਲ ਡਟਿਆ ਹੋਇਆ ਹੈ ਜਿਸਦਾ, ਇਕ ਹੱਦ ਤੱਕ, ਕਾਰਨ ਸਮਾਜਕ ਜੀਵਨ ਵਿਚਲੀਆਂ ਵਿਰੋਧਤਾਈਆਂ ਹਨ। ਅੱਜ ਆਦਰਸ਼ਵਾਦ ਦੇ ਪਰਗਟ ਹੋਣ ਅਤੇ ਕਾਇਮ ਰਹਿਣ ਦਾ ਕਾਰਨ ਸਿਰਫ਼ ਉਹ ਮੁਸ਼ਕਲਾਂ ਹੀ ਨਹੀਂ ਜਿਨ੍ਹਾਂ ਦਾ ਮਨੁੱਖ ਨੂੰ ਗਿਆਨ-
-ਪਰਾਪਤੀ ਦੇ ਅਮਲ ਅਤੇ ਕਿਰਤ-ਸਰਗਰਮੀਆਂ ਵਿਚਂ, ਅਤੇ

---

* ਫ਼ਰੈਡਰਿਕ ਏਂਗਲਜ਼, "**ਲੂਡਵਿਗ ਫ਼ਿਉਰਬਾਖ਼ ਅਤੇ ਕਲਾਸੀਕਲ ਜਰਮਨ ਫ਼ਿਲਾਸਫ਼ੀ ਦਾ ਅੰਤ**"; ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼, ਚੋਣਵੀਆਂ ਕਿਰਤਾਂ, ਤਿੰਨ ਸੈਂਚੀਆਂ ਵਿਚ, ਸੈਂਚੀ ੩, ਸਫ਼ਾ ੩੪੮।

ਸਮੁੱਚੇ ਤੌਰ ਉਤੇ ਆਪਣੇ ਜੀਵਨ ਵਿਚ ਟਾਕਰਾ ਕਰਨਾ ਪੈਂਦਾ ਹੈ। ਕਦੀਮੀ ਜ਼ਮਾਨੇ ਤੋਂ ਹੀ ਐਸੀਆਂ ਸ਼ਕਤੀਆਂ ਰਹੀਆਂ ਹਨ **ਜਿਹੜੀਆਂ ਆਦਰਸ਼ਵਾਦੀ ਫ਼ਿਲਾਸਫ਼ੀ ਫੈਲਾਉਣ ਤੋਂ ਲਾਭ ਉਠਾਉਂਦੀਆਂ ਹਨ।** ਲੰਮੇ ਸਮੇਂ ਤੱਕ, ਸਾਰੀ ਮਨੁੱਖਤਾ ਕੁਲੀਨ ਸਮਾਜ ਵਿਚ, ਜਿਸ ਕੋਲ ਭੂਮੀ, ਚਰਾਗਾਹਾਂ, ਜੰਗਲ ਅਤੇ ਕੰਮ ਦੇ ਸੰਦ ਹੁੰਦੇ ਸਨ, ਅਤੇ ਦਲਿਤ, ਸੱਖਣੇ ਲੋਕਾਂ ਵਿਚ ਵੰਡੀ ਰਹੀ ਹੈ, ਜਿਨ੍ਹਾਂ ਕੋਲ ਕੁਝ ਨਹੀਂ ਸੀ ਹੁੰਦਾ। ਗ਼ੁਲਾਮ-ਮਾਲਕ, ਸਾਮੰਤੀ ਸ਼ਾਹ ਅਤੇ ਸਰਮਾਇਦਾਰ ਆਪਣੀ ਸੱਤਾ ਅਤੇ ਆਪਣੀ ਦੌਲਤ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਰਹੇ, ਸਿਰਫ਼ ਬੰਦੂਕਾਂ, ਤੋਪਾਂ, ਫ਼ੌਜ ਅਤੇ ਜੇਲ੍ਹ ਦੀ ਸਹਾਇਤਾ ਨਾਲ ਹੀ ਨਹੀਂ। ਗ਼ਰੀਬ ਅਤੇ ਅਮੀਰ, ਦੱਬੇ-ਕੁੱਚਲਿਆਂ ਅਤੇ ਦਬਾਉਣ ਵਾਲਿਆਂ ਵਿਚਕਾਰ ਵੰਡੇ ਹੋਏ ਸਮਾਜ ਵਿਚ ਫ਼ਿਲਾਸਫ਼ੀ, ਧਰਮ, ਅਤੇ ਇਥੋਂ ਤੱਕ ਕਿ ਕਲਾਵਾਂ ਨੂੰ ਵੀ ਰੂਹਾਨੀ ਹਿੰਸਾ ਅਤੇ ਜਮਾਤੀ ਗ਼ਲਬੇ ਦੇ ਹਥਿਆਰਾਂ ਵਿਚ ਬਦਲ ਦਿਤਾ ਗਿਆ।' ਇਹ ਬਿਲਕੁਲ ਕੁਦਰਤੀ ਹੈ ਕਿ ਪ੍ਰਾਚੀਨ ਸੰਸਾਰ ਦੇ ਵਸਤੂਪਰਕ ਆਦਰਸ਼ਵਾਦੀ ਅਫ਼ਲਾਤੂਨ ਦਾ ਵਿਚਾਰ ਸੀ ਕਿ ਮਨੁੱਖ ਨਿਸ਼ਕਿਰਿਆ ਪਦਾਰਥ ਨਾਲ, ਆਪਮੁਹਾਰੇ, ਨੀਚ ਅਤੇ ਅਣਘੜ ਪਦਾਰਥ ਨਾਲ ਘਿਰਿਆ ਹੋਇਆ ਹੈ, ਜਦ ਕਿ ਪਦਾਰਥ ਵਿਚ ਅਸਲੀ ਤਰਤੀਬ ਵਿਚਾਰ ਨਾਲ ਹੀ ਆਉਂਦੀ ਹੈ। ਵਿਚਾਰ ਹੀ ਹੈ ਜਿਹੜਾ ਬੇਤਰਤੀਬੇ ਪਦਾਰਥ ਵਿਚ ਇਕਸੁਰਤਾ ਲਿਆਉਂਦਾ ਹੈ; ਅਤੇ ਜਿਸਤਰ੍ਹਾਂ ਵਿਚਾਰ ਪਦਾਰਥਕ ਸੰਸਾਰ ਵਿਚ ਤਰਤੀਬ ਲਿਆਉਂਦੇ ਹਨ, ਬਿਲਕੁਲ ਉਸੇਤਰ੍ਹਾਂ ਹੀ ਕੁਲੀਨ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਮ ਜਨਤਾ ਉਤੇ ਰਾਜ ਕਰਨ। ਅਸੀਂ ਦੇਖਦੇ ਹਾਂ ਕਿ ਫ਼ਿਲਾਸਫ਼ਰ, ਇਕ ਤਰ੍ਹਾਂ ਨਾਲ, ਸਥਾਪਤ ਸਮਾਜਕ ਨਿਜ਼ਾਮ ਦੀ "ਪੁਸ਼ਟੀ ਕਰਦਾ" ਹੈ ਅਤੇ ਦਾਅਵਾ ਕਰਦਾ ਹੈ ਕਿ ਇਸਨੂੰ ਬਦਲਣਾ ਅਸੰਭਵ ਹੈ।

ਜਿਉਂ ਜਿਉਂ ਸਮਾਂ ਬੀਤਦਾ ਗਿਆ, ਪੁਰਾਤਨ ਸਮਾਜ ਹਮਲਾਵਰਾਂ ਦੇ ਹਮਲਿਆਂ ਨਾਲ ਹੌਲੀ ਹੌਲੀ ਤਬਾਹ ਹੋ ਗਿਆ; ਗ਼ੁਲਾਮਾਂ ਦੀਆਂ ਬਗ਼ਾਵਤਾਂ ਨੇ ਅਤੇ ਆਰਥਕ ਨਿਘਾਰ ਨੇ ਇਸਨੂੰ ਅੰਦਰੋਂ ਵੀ ਢਾਹ ਲਾਈ। ਸੱਤਾਧਾਰੀਆਂ ਨੇ ਸਮਝ ਲਿਆ ਕਿ ਇਤਿਹਾਸ ਦੇ ਵਹਿਣ ਨੂੰ ਉਲਟਾਉਣਾ ਅਸੰਭਵ ਹੈ ਅਤੇ ਮਹਿਸੂਸ ਕਰ ਲਿਆ ਕਿ ਵਾਗਾਂ ਉਹਨਾਂ ਦੇ ਹੱਥੋਂ ਨਿਕਲ ਰਹੀਆਂ ਹਨ। ਇਸ ਦੌਰ ਵਿਚ, ਉਹਨਾਂ ਨੂੰ ਆਤਮਪਰਕ ਆਦਰਸ਼ਵਾਦੀ ਸਿਧਾਂਤਾਂ ਵਿਚ "ਤਸੱਲੀ" ਮਿਲਦੀ ਸੀ: ਸਾਰਾ ਕੁਝ ਭੁੱਲ-ਭੁਲਾ ਜਾਇਗਾ; ਖੁਸ਼ੀ ਤੋਂ ਸਿਵਾ ਹੋਰ ਸਭ ਕੁਝ ਝਾਵਲਾ ਹੈ। ਜਾਂ, ਇਸਦੇ ਉਲਟ, ਸਾਡੀਆਂ ਸਾਰੀਆਂ ਖਾਹਸ਼ਾਂ ਵਿਅਰਥ ਹਨ, ਮਨੁੱਖ ਕਦੀ ਵੀ ਸਚਮੁਚ ਖੁਸ਼ ਨਹੀਂ ਹੋ ਸਕਦਾ, ਇਸਲਈ ਸਾਨੂੰ ਉਸਦੀਆਂ ਲੋੜਾਂ ਘੱਟ ਤੋਂ ਘੱਟ ਹੱਦ ਤੱਕ ਲੈ ਆਉਣੀਆਂ ਚਾਹੀਦੀਆਂ ਹਨ ਅਤੇ ਤਿਆਗੀ, ਵਿਰਕਤ ਵਾਲਾ, ਸਖ਼ਤ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਸੰਸਾਰ ਵਿਚ ਨਾ ਸੱਤਾ, ਨਾ ਖੁਸ਼ੀ ਅਤੇ ਨਾ ਹੀ ਧਨ ਦੌਲਤ ਮਨੁੱਖ ਦੀ ਪਹੁੰਚ ਵਿਚ ਹਨ। ਇਹਨਾਂ ਦਾ ਤਾਂ ਬੱਸ ਕੋਈ ਵਜੂਦ ਹੀ ਨਹੀਂ!

ਨਿਯਮਣ, ਆਦਰਸ਼ਵਾਦ ਅਮੀਰਾਂ ਦੇ ਹਿੱਤਾਂ ਨੂੰ ਪਰਗਟ ਕਰਦਾ, ਉਚਿਤ ਠਹਿਰਾਉਂਦਾ ਅਤੇ ਉਹਨਾਂ ਦੀ ਰਾਖੀ ਕਰਦਾ ਹੈ। ਫਿਰ ਵੀ, ਕਦੀ ਕਦੀ ਐਸੇ ਲੋਕ ਵੀ ਆਦਰਸ਼ਵਾਦ ਅਪਣਾ ਲੈਂਦੇ ਹਨ, ਜਿਹੜੇ ਅਸਲ ਹਾਲਤ ਤੋਂ ਨਿਰਾਸ਼ ਹੋਏ ਹੁੰਦੇ ਹਨ ਅਤੇ ਇਹਨਾਂ ਨੂੰ ਬਦਲਣਾ ਚਾਹੁਣਗੇ। ਪਰ ਕੀ ਆਦਰਸ਼ਵਾਦੀ ਫ਼ਿਲਾਸਫ਼ੀ ਸਮਾਜ ਦੀ ਕਾਇਆ-ਕਲਪ ਦੇ ਉਤਮ ਕਾਰਜ ਵਿਚ ਸਹਾਇਤਾ ਕਰਨ ਦੇ ਸਚਮੁਚ ਹੀ ਯੋਗ ਹੈ ?

ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਜਰਮਨੀ ਦੀ ਆਰਥਕਤਾ ਮੁਕਾਬਲਤਨ ਪੱਛੜੀ ਹੋਈ ਸੀ। ਪਰ ਸਾਮੰਤੀ ਨਿਜ਼ਾਮ ਨੂੰ ਲਾਹ

ਮਾਰਨ ਦਾ ਵਿਚਾਰ, ਜਿਸਨੇ ਮਹਾਨ ਫ਼ਰਾਂਸੀਸੀ ਇਨਕਲਾਬ ਵਿਚੋਂ ਜਨਮ ਲਿਆ ਸੀ, ਬਹੁਤ ਜ਼ਿਆਦਾ ਜੀਵਤ ਸੀ। ਨੌਜਵਾਨ ਜਰਮਨ ਬੁਧੀਜੀਵੀ, ਜਿਹੜੇ ਵਧਦੀ ਬੁਰਜੂਆਜ਼ੀ ਦੇ ਹਿੱਤਾਂ ਨੂੰ ਪਰਗਟ ਕਰਦੇ ਸਨ, ਬੁਨਿਆਦੀ ਸਮਾਜਕ ਸੁਧਾਰਾਂ ਲਈ ਯਤਨ ਕਰ ਰਹੇ ਸਨ। ਪਰ ਸਮਾਜ ਦੀ **ਅਸਲੀ** ਕਾਇਆ-ਕਲਪ ਦੀ ਇਹਨਾਂ ਵਿਚ ਤਾਕਤ ਨਹੀਂ ਸੀ, ਕਿਉਂਕਿ ਇਹਨਾਂ ਨੂੰ ਜਨਤਾ ਦਾ ਸਮਰਥਨ ਪਰਾਪਤ ਨਹੀਂ ਸੀ ਅਤੇ ਪ੍ਰਤਿਗਾਮੀ ਸਮਾਜਕ ਸ਼ਕਤੀਆਂ ਦੀ ਧਿਰ ਲੈ ਰਹੀ ਰਾਜ ਸੱਤਾ ਬਹੁਤ ਮਜ਼ਬੂਤ ਸੀ। ਇਸਲਈ ਕੇਵਲ ਇਕੋ ਇਕ ਰਾਹ ਸੀ—... ਕਲਪਣਾ ਵਿਚ ਉਸ ਸੰਸਾਰ ਨੂੰ ਨਵੇਂ ਸਿਰਿਉਂ ਉਸਾਰਨਾ, ਇਕ ਫ਼ਿਲਾਸਫ਼ੀ, ਆਦਰਸ਼ਕ ਸੰਸਾਰ ਘੜਣਾ, ਜਿਸ ਵਿਚ ਅਸਲ ਸੰਸਾਰ ਦਾ ਤਿਆਗ ਕਰ ਦਿਤਾ ਜਾਏ। ਇਹੋ ਜਿਹੀ ਆਦਰਸ਼ਵਾਦੀ ਫ਼ਿਲਾਸਫ਼ੀ ਘੜ ਲਈ ਗਈ (**ਜਾਹਨ ਫ਼ਿਖਤ**, **ਫ਼ਰੀਦਰਿਖ ਸ਼ੈਲਿੰਗ**, ਗਿਓਰਗ ਹੀਗਲ), ਪਰ ਸੰਸਾਰ ਨੂੰ ਹਕੀਕਤ ਵਿਚ ਨਵੀਂ ਤਰਤੀਬ ਦੇਣ ਦੇ ਉਦੇਸ਼ ਵਿਚ ਇਹ ਜ਼ਰਾ ਵੀ ਸਹਾਇਕ ਨਾ ਹੋਈ, ਕਿਉਂਕਿ ਇਹ ਸਚਮੁਚ ਦੀਆਂ ਸਮੱਸਿਆਵਾਂ ਨੂੰ ਵਿਚਾਰਾਂ ਦੀ ਦੁਨੀਆਂ ਵਿਚ ਬਦਲ ਦੇਂਦੀ ਸੀ।

ਫ਼ਰਾਂਸ ਵਿਚ, ਇਸਦੇ ਉਲਟ, ਪਦਾਰਥਵਾਦੀ ਵਿਚਾਰ ਬੁਰਜੂਆਜ਼ੀ ਲਈ ਪ੍ਰੇਰਨਾ ਬਣੇ, ਜਿਹੜੀ ਕਿ ਮਹਾਨ ਫ਼ਰਾਂਸੀਸੀ ਇਨਕਲਾਬ ਤੋਂ ਪਹਿਲਾਂ ਸੱਤਾ ਪਰਾਪਤ ਕਰਨ ਲਈ ਘੋਲ ਕਰ ਰਹੀ ਸੀ। ਬੁਰਜੂਆ ਸਮਾਜ ਨੂੰ ਅਜੇ ਆਰਥਕ ਸੰਕਟਾਂ ਅਤੇ ਬੇਰੁਜ਼ਗਾਰੀ ਦੀਆਂ ਬਦਕਿਸਮਤੀਆਂ ਦਾ ਅਨੁਭਵ ਨਹੀਂ ਸੀ ਹੋਇਆ। ਮਜ਼ਦੂਰ ਜਮਾਤ ਬਹੁਤ ਕਮਜ਼ੋਰ ਅਤੇ ਭੈੜੀ ਤਰ੍ਹਾਂ ਸੰਗਠਿਤ ਸੀ। ਬੁਰਜੂਆਜ਼ੀ ਅਜੇ ਵੀ ਸਰਮਾਇਦਾਰਾ ਸਮਾਜ ਦੀਆਂ ਅਸੀਮ ਸੰਭਾਵਨਾਵਾਂ ਵਿਚ ਯਕੀਨ ਰੱਖਦੀ ਸੀ, ਅਤੇ ਇਸ ਤੱਥ ਤੋਂ ਚੇਤੰਨ ਨਹੀਂ ਸੀ ਕਿ ਭਵਿੱਖ ਵਿਚ ਉਸਦੀ "ਕਬਰ

ਪੁੱਟਣ ਵਾਲਾ" — ਨਵਜਾਤ ਪ੍ਰੋਲਤਾਰੀ — ਕਰਮ-ਭੂਮੀ ਵਿਚ ਆ ਰਿਹਾ ਹੈ। ਉਸਦਾ ਮੱਚ ਅਤੇ ਇੱਛਾ-ਸ਼ਕਤੀ ਅਜੇ ਵੀ ਜੋਬਨ ਉਤੇ ਸੀ ਅਤੇ ਉਹ ਆਸਾਂ ਨਾਲ ਭਰਪੂਰ ਸੀ। ਪਰ ਜਦੋਂ ਸਰਮਾਇਦਾਰੀ ਦੀ ਜਿੱਤ ਹੋ ਹੀ ਗਈ ਤਾਂ ਇਸਦੇ "ਹਨੇਰੇ" ਪਾਸੇ ਜਲਦੀ ਹੀ ਪ੍ਰਤੱਖ ਹੋ ਗਏ। ਪਦਾਰਥਵਾਦੀ ਫ਼ਿਲਾਸਫ਼ੀ ਨੇ ਸਰਮਾਇਦਾਰੀ ਲਈ ਹੌਲੀ ਹੌਲੀ ਖ਼ਤਰਨਾਕ ਮੋੜ ਕੱਟਿਆ। ਸਮਕਾਲੀ ਬੁਰਜੂਆ ਸਮਾਜ ਵਿਚ ਨਿਹਿਤ ਨਾ ਦੂਰ ਹੋਣ ਵਾਲੀਆਂ ਵਿਰੋਧਤਾਈਆਂ ਜਿੰਨੀਆਂ ਵਧੇਰੇ ਪ੍ਰਤੱਖ ਹੁੰਦੀਆਂ ਜਾਂਦੀਆਂ ਹਨ, ਪੱਛਮ ਵਿਚ ਓਨੀ ਹੀ ਵਧੇਰੇ ਗਿਣਤੀ ਵਿਚ ਵਖੋ ਵਖਰੀਆਂ ਆਦਰਸ਼ਵਾਦੀ ਦਾਰਸ਼ਨਿਕ ਪਰਪਾਟੀਆਂ ਪੈਦਾ ਹੋਈ ਜਾਂਦੀਆਂ ਹਨ।

ਇਸਤਰ੍ਹਾਂ, **ਪਦਾਰਥਵਾਦੀ ਫ਼ਿਲਾਸਫ਼ੀ ਨੇ ਹਮੇਸ਼ਾ ਹੀ ਅਗਵਾਨੂੰ ਸਮਾਜਕ ਸ਼ਕਤੀਆਂ ਦੇ ਹਿੱਤਾਂ ਨੂੰ ਪਰਗਟ ਕੀਤਾ ਹੈ, ਅਤੇ ਆਦਰਸ਼ਵਾਦੀ ਫ਼ਿਲਾਸਫ਼ੀ ਵੱਸੋਂ ਦੇ ਵਿਸ਼ੇਸ਼ਾਧਿਕਾਰਾਂ ਵਾਲੇ ਤਬਕਿਆਂ ਦੀ, ਉਹਨਾਂ ਦੇ ਹੱਕਾਂ, ਉਹਨਾਂ ਦੇ ਜੀਵਨ-ਢੰਗ ਦੀ, ਅਤੇ ਉਹਨਾਂ ਦੀਆਂ "ਆਜ਼ਾਦੀਆਂ" ਦੀ ਪੱਕੀ ਸਮਰਥਕ ਰਹੀ ਹੈ।**

ਪਰ, ਸਵਾਲ ਪੁੱਛਿਆ ਜਾ ਸਕਦਾ ਹੈ, ਕੀ ਪਦਾਰਥਵਾਦ ਨੂੰ ਆਮ ਜਨਤਾ ਨੇ ਹਮੇਸ਼ਾ ਹੀ "ਆਪਣੀ" ਫ਼ਿਲਾਸਫ਼ੀ ਮੰਨਿਆ ਹੈ? ਦਰ ਅਸਲ, ਲੋਕ, ਗ਼ੁਲਾਮ, ਕਿਸਾਨ, ਕਾਰੀਗਰ ਅਤੇ ਛੋਟੇ ਵਪਾਰੀ ਕਈ ਵਾਰੀ ਪਦਾਰਥਵਾਦੀ ਫ਼ਿਲਾਸਫ਼ੀ ਦੀ, ਜਾਂ ਫ਼ਿਰ ਕਿਸੇ ਕਿਸਮ ਦੀ ਫ਼ਿਲਾਸਫ਼ੀ ਦੀ ਹੋਂਦ ਤੋਂ ਚੇਤੰਨ ਹੀ ਨਹੀਂ ਸਨ ਹੁੰਦੇ। ਸਚਮੁਚ, ਫ਼ਿਲਾਸਫ਼ੀ ਨਾਲ ਉਹਨਾਂ ਦੀ ਕੀ ਸਾਂਝ ਹੋ ਸਕਦੀ ਸੀ — ਲੱਕ-ਤੋੜਵੇਂ ਕੰਮ ਨਾਲ ਥੱਕੇ-ਹਾਰੇ ਗ਼ੁਲਾਮ ਦੀ, ਰਾਤ ਦਿਨ ਖੇਤਾਂ ਵਿਚ ਕੰਮ ਕਰਦੇ ਕਿਸਾਨ ਦੀ, ਜਾਂ ਮਜ਼ਦੂਰ ਦੀ ਜਿਸਨੂੰ ਕਦੀ ਵੀ ਕੋਈ ਛੁੱਟੀ ਨਹੀਂ ਸੀ ਹੁੰਦੀ। ਜਿਹੜੀ ਫ਼ਿਲਾਸਫ਼ੀ ਉਹਨਾਂ ਨੂੰ ਮੁਕਤੀ ਦਾ ਰਾਹ ਦਿਖਾ ਸਕਦੀ ਸੀ, ਉਹ ਕਿਰਤੀ ਲੋਕਾਂ ਦੀ ਪਹੁੰਚ ਤੋਂ ਬਾਹਰ ਸੀ। ਫਿਰ ਵੀ,

ਆਪਣੀ ਦਲਿਤ ਅਵਸਥਾ ਤੋਂ ਚੇਤੰਨ ਗ਼ੁਲਾਮ ਪਹਿਲਾਂ ਹੀ ਆਪਣੀ ਆਜ਼ਾਦੀ ਦੇ ਰਾਹ ਉਤੇ ਤੁਰ ਪਿਆ ਹੁੰਦਾ ਹੈ।

ਸਮਕਾਲੀ ਸਰਮਾਇਦਾਰਾ ਸਮਾਜ ਵਿਚ, ਮਜ਼ਦੂਰ ਵੱਡੇ ਵੱਡੇ ਸਮੂਹਾਂ ਵਿਚ ਸੰਗਠਿਤ ਹਨ; ਉਹਨਾਂ ਕੋਲ ਕਿਸੇ ਹੱਦ ਤੱਕ ਗਿਆਨ ਹੁੰਦਾ ਹੈ, ਉਹਨਾਂ ਦੇ ਹਿੱਤ ਵਧੇਰੇ ਵਿਸ਼ਾਲ ਹੁੰਦੇ ਹਨ ਅਤੇ ਉਹਨਾਂ ਕੋਲ ਵਧੇਰੇ ਵਿਹਲਾ ਸਮਾਂ ਹੁੰਦਾ ਹੈ। ਇਸਲਈ, ਉਹਨਾਂ ਵਲੋਂ ਪਦਾਰਥਵਾਦੀ ਫ਼ਿਲਾਸਫ਼ੀ ਦਾ ਅਧਿਐਨ ਕਰਨ ਦੀ ਸੰਭਾਵਨਾ ਹੁਣ ਕਿਤੇ ਜ਼ਿਆਦਾ ਹੈ। ਰੂਸ ਵਿਚ ੧੯੧੭ ਦੇ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਹਿਲਾਂ ਪਦਾਰਥਵਾਦੀ ਫ਼ਿਲਾਸਫ਼ੀ ਸਮੇਤ ਸਮਾਜਕ ਵਿਗਿਆਨਾਂ ਦਾ ਅਧਿਐਨ ਕਰਨ ਲਈ ਕਈ ਮਜ਼ਦੂਰ ਗਰੁੱਪ ਸੰਗਠਿਤ ਕੀਤੇ ਗਏ ਸਨ। ਇਸਤਰ੍ਹਾਂ, **ਸਮਕਾਲੀ ਸਮਾਜ ਵਿਚ ਵਿਸ਼ਾਲ ਜਨ-ਸਮੂਹਾਂ ਲਈ ਪਦਾਰਥਵਾਦੀ ਫ਼ਿਲਾਸਫ਼ੀ ਵਿਚ ਨਿਪੁੰਨਤਾ ਪ੍ਰਾਪਤ ਕਰਨ ਵਾਸਤੇ ਹਾਲਤਾਂ ਪੈਦਾ ਹੋ ਗਈਆਂ ਹਨ।** ਮੁਹਰੈਲ ਸਮਾਜਕ ਸ਼ਕਤੀਆਂ ਅਤੇ ਉੱਨਤ ਫ਼ਿਲਾਸਫ਼ੀ ਵਿਚਕਾਰ ਏਕਤਾ ਇਸ ਗੱਲ ਦੀ ਜ਼ਮਾਨਤ ਹੈ ਕਿ ਇਨਸਾਫ਼ ਅਤੇ ਮਾਨਵਤਾ ਦੇ ਅਸੂਲਾਂ ਦੇ ਅਨੁਕੂਲ ਸਮਾਜ ਵਿਚ ਤਬਦੀਲੀ ਲਿਆਂਦੀ ਜਾਇਗੀ।

ਮਾਰਕਸਵਾਦ-ਲੈਨਿਨਵਾਦ ਦੇ ਬਾਨੀ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਨੂੰ ਸਪਸ਼ਟ ਤਰ੍ਹਾਂ ਸੂਤ੍ਰਿਤ ਕਰਨ ਵਾਲੇ ਅਤੇ ਇਸਦੀ ਬਣਤਰ ਸਾਮ੍ਹਣੇ ਲਿਆਉਣ ਵਾਲੇ ਸਭ ਤੋਂ **ਪਹਿਲੇ** ਸਨ; ਇਸਤਰ੍ਹਾਂ ਉਹਨਾਂ ਨੇ ਵਖੋ ਵਖਰੇ ਦਾਰਸ਼ਨਿਕ ਰੁਝਾਣਾਂ, ਪਰਪਾਟੀਆਂ ਅਤੇ ਸਿਧਾਂਤਾਂ ਦੇ ਮੁਲਾਂਕਣ ਲਈ ਕਸੌਟੀ ਮੁਹਈਆ ਕੀਤੀ। ਪਦਾਰਥ ਦੇ ਅਰਥ ਕਰਨ ਵਿਚ ਕੋਈ ਵੀ ਲੱਗ-ਲੱਗਾਵ, ਜੋ ਕਿ ਪੂਰਵ-ਮਾਰਕਸੀ ਪਦਾਰਥਵਾਦੀਆਂ ਦਾ ਪ੍ਰਤਿਨਿਧ ਲੱਛਣ ਸੀ, ਮਾਰਕਸਵਾਦ ਲਈ ਓਪਰੀ ਚੀਜ਼ ਹੈ। ਪਦਾਰਥ ਨੂੰ ਵਸਤੂਪਰਕ ਯਥਾਰਥ ਦੱਸ ਕੇ, ਜਿਸਨੂੰ ਅਸੀਂ ਆਪਣੇ ਗਿਆਨ-ਇੰਦਰਿਆਂ

ਰਾਹੀਂ ਅਨੁਭਵ ਕਰਦੇ ਹਾਂ, ਮਾਰਕਸਵਾਦ ਨੇ ਸਭ ਤੋਂ **ਪਹਿਲੀ ਵਾਰੀ** ਸਜੀਵ ਅਤੇ ਨਿਰਜੀਵ ਪ੍ਰਕਿਰਤੀ ਦੀ, ਪ੍ਰਕਿਰਤੀ ਅਤੇ ਸਮਾਜ ਦੀ ਏਕਤਾ ਦੀ ਸਮੱਸਿਆ ਪਦਾਰਥਵਾਦੀ ਪੁਜ਼ੀਸ਼ਨਾਂ ਤੋਂ ਹਲ ਕੀਤੀ। ਇਸਨੇ ਚਿੰਤਨ ਅਤੇ ਹਸਤੀ ਵਿਚਕਾਰ ਸੰਬੰਧ ਦੀ ਗੰਵਾਰੂ ਵਿਆਖਿਆ ਦਾ ਤਿਆਗ ਕੀਤਾ, ਜਿਹੜੀ ਮਨੁੱਖ ਦੇ ਮਨ ਨੂੰ ਘਟਾ ਕੇ ਪਦਾਰਥਕ ਅਮਲਾਂ ਤੱਕ ਸੀਮਤ ਕਰ ਦੇਂਦੀ ਸੀ; ਮਾਰਕਸਵਾਦ ਨੇ ਹੀ, ਫਿਰ ਸਭ ਤੋਂ **ਪਹਿਲੀ ਵਾਰੀ**, ਇਸ ਵਿਚਾਰ ਨੂੰ ਪਰਮਾਣਿਤ ਕੀਤਾ ਕਿ ਚੇਤਨਾ ਪਦਾਰਥ ਦੇ ਵਿਗਾਸ ਦੇ ਉਚੇਰੇ ਪੜਾਅ ਉਤੇ ਪੈਦਾ ਹੋਈ। ਇਹ ਲੱਭਤ ਵਿਕਾਸ ਦੇ ਵਿਚਾਰ ਨਾਲ ਪਦਾਰਥਵਾਦ ਦੇ ਅਨਿੱਖੜ ਸੰਬੰਧ ਕਾਇਮ ਹੋਣ ਦੇ ਸਿੱਟੇ ਵਜੋਂ ਹੀ ਸੰਭਵ ਹੋਈ ਹੈ।

## ਤੀਜਾ ਕਾਂਡ

## ਸੰਸਾਰ ਦੇ ਵਿਗਾਸ ਬਾਰੇ ਦੋ ਵਿਚਾਰ

ਸਾਡੇ ਚਾਰ ਚੁਫੇਰੇ ਫੈਲਿਆ ਹੋਇਆ ਸੰਸਾਰ ਲਗਾਤਾਰ ਬਦਲ ਰਿਹਾ ਹੈ, ਹਰਕਤ ਕਰ ਰਿਹਾ ਹੈ ਅਤੇ ਵਿਕਾਸ ਕਰ ਰਿਹਾ ਹੈ। ਇਹ ਗੱਲ ਸਾਡੇ ਰੋਜ਼ਾਨਾ ਜੀਵਨ ਵਿਚ ਵਿਗਿਆਨ ਰਾਹੀਂ, ਮਨੁੱਖੀ ਸਰਗਰਮੀਆਂ ਰਾਹੀਂ ਅਤੇ ਰਾਜਸੀ ਘੋਲ ਰਾਹੀਂ ਸਿੱਧ ਹੁੰਦੀ ਹੈ। ਇਹਨਾਂ ਵਿਚੋਂ ਕੁਝ ਤਬਦੀਲੀਆਂ ਸਾਡਾ ਧਿਆਨ ਨਹੀਂ ਖਿੱਚਦੀਆਂ, ਜਦ ਕਿ ਕੁਝ ਦੂਜੀਆਂ ਤਬਦੀਲੀਆਂ ਲੋਕਾਂ ਲਈ, ਰਾਜਾਂ ਲਈ, ਮਨੁੱਖਤਾ ਲਈ ਅਤੇ ਸਮੁੱਚੇ ਤੌਰ ਉਤੇ ਪ੍ਰਕਿਰਤੀ ਲਈ ਭਾਰੀ ਮਹੱਤਾ ਰੱਖਦੀਆਂ ਹਨ। ਅਸੀਮ ਬ੍ਰਹਿਮੰਡ ਨਿਰੰਤਰ ਗਤੀ ਵਿਚ ਹੈ; ਗ੍ਰਹਿ ਸੂਰਜ ਦਾ ਚੱਕਰ ਲਾ ਰਹੇ ਹਨ, ਸਿਤਾਰੇ ਪੈਦਾ ਹੁੰਦੇ ਅਤੇ ਬੁਝ ਜਾਂਦੇ ਹਨ। ਸਾਡਾ ਗਲੋਬ, ਇਹ ਧਰਤੀ, ਵੀ ਬਦਲ ਰਹੀ ਹੈ: ਟਾਪੂ ਅਤੇ ਪਹਾੜ ਨਿਕਲ ਆਉਂਦੇ ਹਨ, ਜੁਆਲਾਮੁਖੀ ਫਟਦੇ ਹਨ, ਭੁਚਾਲ ਆਉਂਦੇ ਹਨ, ਸਾਗਰ-ਤੱਟ ਅਤੇ ਦਰਿਆਵਾਂ ਦੇ ਕੰਢਿਆਂ ਦੀ ਰੂਪ-ਰੇਖਾ ਬਦਲਦੀ ਰਹਿੰਦੀ ਹੈ, ਫੁੱਲਾਂ ਅਤੇ ਜੀਵ-ਜੰਤੂਆਂ ਦੇ ਸੰਸਾਰ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਮਨੁੱਖ ਅਤੇ ਸਮਾਜ ਵਿਚ ਉਘੜਵੀਆਂ

ਤਬਦੀਲੀਆਂ ਆਈਆਂ ਹਨ; ਇਸਨੇ ਆਦਿ-ਕਾਲੀਨ ਗਰੋਹ ਤੋਂ ਲੈ ਕੇ ਸੋਸ਼ਲਿਜ਼ਮ ਤੱਕ ਆਪਣੇ ਵਿਗਾਸ ਵਿਚ ਲੰਮਾ ਪੈਂਡਾ ਮਾਰਿਆ ਹੈ। ਸੰਸਾਰ ਦਾ ਨਕਸ਼ਾ ਵੀ ਬਦਲ ਰਿਹਾ ਹੈ: ਜਿਨ੍ਹਾਂ ਦੇਸਾਂ ਉਪਰ ਪਹਿਲਾਂ ਸਪੇਨੀ, ਫ਼ਰਾਂਸੀਸੀ, ਬਰਤਾਨਵੀ ਅਤੇ ਪੁਰਤਗੇਜ਼ੀ ਬਸਤੀਵਾਦੀਆਂ ਦੀ ਹਕੂਮਤ ਸੀ, ਉਹ ਆਜ਼ਾਦ ਹੋ ਗਏ ਹਨ ਅਤੇ ਸਵੈਧੀਨ ਰਾਜ ਬਣ ਗਏ ਹਨ, ਜਿਵੇਂ ਕਿ ਭਾਰਤ, ਅਫ਼ਗਾਨਿਸਤਾਨ, ਕਿਊਬਾ, ਇਥੀਓਪੀਆ, ਅੰਗੋਲਾ, ਮੁਜ਼ਮਬੀਕ, ਅਤੇ ਕਈ ਹੋਰ ਦੇਸ।

ਸੰਸਾਰ ਵਿਚ ਜਿਊਂਦੇ ਰਹਿਣ ਲਈ, ਇਸਦੇ ਅਨੁਕੂਲ ਆਪਣੇ ਆਪ ਨੂੰ ਢਾਲਣ ਲਈ ਅਤੇ ਇਸਨੂੰ ਆਪਣੇ ਟੀਚਿਆਂ ਅਤੇ ਲੋੜਾਂ ਦੇ ਮੁਤਾਬਕ ਬਦਲਣ ਲਈ ਮਨੁੱਖ ਨੂੰ ਇਸਦੀ ਵੰਨ-ਸੁਵੰਨਤਾ ਦੇ ਅਰਥ ਕੱਢਣੇ ਅਤੇ ਵਿਆਖਿਆ ਕਰਨੀ ਪੈਂਦੀ ਹੈ। ਪੁਰਾਤਨ ਸਮਿਆਂ ਵਿਚ ਵੀ ਲੋਕ ਇਸਤਰ੍ਹਾਂ ਦੇ ਸਵਾਲਾਂ ਵਿਚ ਦਿਲਚਸਪੀ ਰੱਖਦੇ ਸਨ, ਜਿਵੇਂ ਕਿ: ਦੁਨੀਆਂ ਹੈ ਕੀ, ਅਤੇ ਇਸਦੇ ਵਿਚ ਕਿਸ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਵਾਪਰ ਰਹੀਆਂ ਹਨ? ਕੀ ਵਸਤਾਂ ਵਿਚਕਾਰ ਕੋਈ ਸੰਬੰਧ ਹੈ? ਦੁਨੀਆਂ ਹਰਕਤ ਕਿਉਂ ਕਰਦੀ ਹੈ, ਅਤੇ ਕਿਹੜੀ ਚੀਜ਼ ਇਹ ਹਰਕਤ ਪੈਦਾ ਕਰਦੀ ਹੈ? ਇਹਨਾਂ ਸਵਾਲਾਂ ਦੇ ਜਵਾਬ ਦੇਣ ਲਈ ਬਾਬਲ ਦੇ ਪਾਦਰੀਆਂ ਨੇ ਗ੍ਰਹਿਆਂ ਦੀ ਚਾਲ ਦੇ ਨਿਰੀਖਣ ਉਤੇ ਅਤੇ ਚੰਦਰ-ਗ੍ਰਹਿਣਾਂ ਅਤੇ ਸੂਰਜ-ਗ੍ਰਹਿਣਾਂ ਦਾ ਵਰਣਨ ਕਰਨ ਉਤੇ ਕਈ ਕਈ ਵਰ੍ਹੇ ਲਾਏ। ਨਿਰੀਖਣ ਅਤੇ ਵਰਣਨ ਤੋਂ ਲੋਕੀਂ ਅੱਗੇ ਵਧੇ ਅਤੇ ਸੰਸਾਰ ਦੇ ਵਧੇਰੇ ਡੂੰਘੇ ਗਿਆਨ ਦੀ ਖੋਜ ਕਰਨ ਲੱਗੇ—ਉਹ ਇਸਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਨ ਲੱਗੇ। ਪੁਰਾਤਨ ਚਿੰਤਕ ਮਹਿਸੂਸ ਕਰਦੇ ਸਨ ਕਿ ਸੰਸਾਰ ਵਿਚ ਗਤੀ ਦੇ ਰੋਲ ਨੂੰ ਵਿਚਾਰਨ ਤੋਂ ਬਿਨਾਂ ਇਸਨੂੰ ਸਮਝਣਾ ਅਸੰਭਵ ਹੈ। ਇਸਲਈ ਇਸ ਸਵਾਲ ਨਾਲ ਕਿ "ਕੀ ਗਤੀ

ਦੀ ਹੋਂਦ ਹੈ?" ਇਕ ਹੋਰ ਸਵਾਲ ਮਿਲਾ ਦਿਤਾ ਗਿਆ: ਕਿਹੜੀ ਚੀਜ਼ ਇਹ ਗਤੀ ਪੈਦਾ ਕਰਦੀ ਹੈ? ਅਤੇ ਇਸਦਾ ਮਤਲਬ ਸੀ ਇਕ ਹੋਰ ਅਤੇ ਬੇਹੱਦ ਮਹਤਵਪੂਰਨ ਦਾਰਸ਼ਨਿਕ ਮਸਲਾ ਉਠਾਉਣਾ। ਜਿਵੇਂ ਕਿ ਫ਼ਿਲਾਸਫ਼ੀ ਵਿਚ ਅਕਸਰ ਹੁੰਦਾ ਹੀ ਹੈ, ਵਖੋ ਵਖਰੀਆਂ ਰਾਵਾਂ ਅਤੇ ਉੱਤਰ ਪੇਸ਼ ਕੀਤੇ ਗਏ। ਉਦਾਹਰਣ ਵਜੋਂ, ਅਰਸਤੂ ਦਾ ਵਿਚਾਰ ਸੀ ਕਿ ਗਤੀ ਤੋਂ ਅਗਿਆਨਤਾ ਦਾ ਅਟੱਲ ਸਿੱਟਾ ਪ੍ਰਕਿਰਤੀ ਤੋਂ ਅਗਿਆਨਤਾ ਵਿਚ ਨਿਕਲਦਾ ਹੈ। ਗਤੀ ਦੇ ਸਾਰ-ਤੱਤ, ਇਸਦੇ ਕਾਰਨਾਂ ਅਤੇ ਸੋਮਿਆਂ ਦੀ ਵਿਆਖਿਆ ਨਾਲ ਸੰਬੰਧਤ ਦਾਰਸ਼ਨਿਕ ਚਿੰਤਨ ਦੇ ਇਤਿਹਾਸ ਵਿਚ ਸੰਸਾਰ ਦੇ ਵਿਗਾਸ ਦੀ ਵਿਆਖਿਆ ਕਰਨ ਦੇ ਦੋ ਤਰੀਕਿਆਂ ਨੇ ਰੂਪ ਧਾਰਿਆ। ਇਸਦਾ ਸਿੱਟਾ ਸੰਸਾਰ ਨੂੰ ਸਮਝਣ ਦੀਆਂ ਦੋ ਵਿਰੋਧੀ ਵਿਧੀਆਂ ਵਿਚ ਨਿਕਲਿਆ— ਵਿਰੋਧ-ਵਿਕਾਸੀ ਜਾਂ ਸੰਬਾਦਕ ਅਤੇ ਪਰਾਭੌਤਕ ਜਾਂ ਅਧਿਆਤਮਵਾਦੀ। ਆਓ ਇਹਨਾਂ ਵਿਚੋਂ ਹਰ ਇਕ ਦੀ ਪੁਣ-ਛਾਣ ਕਰਨ ਦੀ ਅਤੇ ਇਹ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰੀਏ ਕਿ ਇਹਨਾਂ ਵਿਚੋਂ ਕਿਹੜੀ ਵਿਧੀ ਉਪ੍ਰੋਕਤ ਸਵਾਲਾਂ ਦੇ ਸੱਚੇ ਵਿਗਿਆਨਕ ਹਲ ਮੁਹਈਆ ਕਰਦੀ ਹੈ।

## ਵਿਰੋਧ-ਵਿਕਾਸ ਜਾਂ ਸੰਬਾਦਕਤਾ ਕੀ ਹੈ?

ਵਿਰੋਧ-ਵਿਕਾਸ ਜਾਂ ਸੰਬਾਦਕਤਾ ਦੇ ਪਰਿਆਇਵਾਦੀ ਸ਼ਬਦ "dialectics" ਦਾ ਮੂਲ ਰੂਪ ਵਿਚ ਅਰਥ ਸੀ—ਵਖੋ ਵਖਰੀਆਂ ਰਾਵਾਂ ਦੇ ਟਕਰਾਅ ਰਾਹੀਂ ਸੱਚ ਤੱਕ ਪੁੱਜਣ ਦੇ ਨਿਸ਼ਾਨੇ ਨਾਲ ਸੰਬਾਦ ਰਚਾਉਣ ਦੀ ਕਲਾ। ਅਫ਼ਲਾਤੂਨ ਸੰਬਾਦ-ਨਿਪੁੰਨ ਵਿਅਕਤੀ ਦਾ ਵਰਣਨ ਐਸੇ ਮਨੁੱਖ ਵਜੋਂ ਕਰਦਾ ਹੈ ਜਿਹੜਾ ਜਾਣਦਾ ਹੈ ਕਿ ਕਿਵੇਂ ਸਵਾਲ ਪੁੱਛਣੇ ਅਤੇ ਜਵਾਬ ਦੇਣੇ

ਹਨ, ਜਿਹੜਾ ਕਿਸੇ ਵਸਤ ਜਾਂ ਵਰਤਾਰੇ ਨੂੰ ਸਾਰੇ ਸੰਭਵ ਇਤਰਾਜ਼ਾਂ ਨਾਲ ਘੋਖ ਲੈਣ ਤੋਂ ਮਗਰੋਂ ਹੀ ਉਸਦੀ ਪਰਿਭਾਸ਼ਾ ਤਜਵੀਜ਼ ਕਰਦਾ ਹੈ ਅਤੇ ਇਸਤਰ੍ਹਾਂ ਸੱਚ ਤੱਕ ਪੁੱਜਦਾ ਹੈ। ਇਕ ਮਹਾਨ ਸੰਬਾਦ-ਨਿਪੁੰਨ ਵਿਅਕਤੀ ਸੁਕਰਾਤ ਸੀ, ਜਿਸਨੇ ਆਪਣਾ ਸਾਰਾ ਜੀਵਨ ਘੋਖਵੀਆਂ ਗੱਲਾਂਬਾਤਾਂ ਰਾਹੀਂ ਸੱਚ ਲੱਭਣ ਦੀ ਕੋਸ਼ਿਸ਼ ਕਰਦਿਆਂ ਬਿਤਾ ਦਿਤਾ। ਇਹੋ ਜਿਹੀਆਂ ਗੱਲਾਂਬਾਤਾਂ ਦੇ ਦੌਰਾਨ, ਸੁਕਰਾਤ ਸਵਾਲ ਪੁੱਛਦਾ, ਜਵਾਬਾਂ ਨੂੰ ਗ਼ਲਤ ਸਾਬਤ ਕਰਦਾ, ਬਦਲਵੇਂ ਜਵਾਬ ਤਜਵੀਜ਼ ਕਰਦਾ, ਸ਼ੰਕਾ ਪਰਗਟ ਕਰਦਾ ਅਤੇ ਆਪਣੇ ਪ੍ਰਤਿਦਵੰਦੀਆਂ ਦੇ ਵਿਚਾਰਾਂ ਵਿਚਲੀਆਂ ਵਿਰੋਧਤਾਈਆਂ ਉਘਾੜਦਾ। ਸੰਬਾਦ ਰਚਾਉਣ ਦੀ, ਉਲਟ ਰਾਵਾਂ ਦਾ ਟਾਕਰਾ ਕਰਨ, ਵਿਸ਼ਲੇਸ਼ਣ ਕਰਨ ਅਤੇ ਉਹਨਾਂ ਨੂੰ ਗ਼ਲਤ ਸਾਬਤ ਕਰਨ ਰਾਹੀਂ ਸੱਚ ਲੱਭਣ ਦੀ ਕੋਸ਼ਿਸ਼ ਦੀ ਵਿਧੀ ਨੂੰ ਸੰਬਾਦਕਤਾ ਕਿਹਾ ਜਾਂਦਾ ਸੀ। ਮਗਰੋਂ ਜਾ ਕੇ ਇਸ ਸ਼ਬਦ ਦੇ ਅਰਥ ਕੁਝ ਵਖਰੇ ਹੋ ਗਏ। ਮਗਰੋਂ ਸ਼ਬਦ ਸੰਬਾਦਕਤਾ ਦੇ ਅਰਥ ਬਦਲ ਗਏ, ਅਤੇ ਇਸਦਾ ਅਰਥ ਇਹ ਲਿਆ ਜਾਣ ਲੱਗ ਪਿਆ ਕਿ ਇਹ ਵਸਤਾਂ ਨੂੰ ਉਹਨਾਂ ਦੇ ਵਿਰੋਧੀ ਲੱਛਣਾਂ ਨੂੰ ਮੱਖ ਰੱਖ ਕੇ ਸਮਝਣਾ ਹੈ, ਸਿਰਫ਼ ਵਿਰੋਧਤਾਈਆਂ ਵਿਚ ਏਕਤਾ ਦੇਖਣਾ ਹੈ। ਜਿਵੇਂ ਕਿ ਲੈਨਿਨ ਨੇ ਲਿਖਿਆ, ਪੁਰਾਤਨ ਸਮੇਂ ਵਿਚ ਹੀ ਯੂਨਾਨੀ ਫ਼ਿਲਾਸਫ਼ੀ ਦੇ ਇਤਿਹਾਸ ਵਿਚ ਸੰਬਾਦਕਤਾ ਕਦੀ ਕਦੀ "ਸੋਫ਼ਿਜ਼ਮ" ਨਾਲ ਮਿਲਾਉਂਦੇ ਇਕ ਪੁਲ ਦਾ ਕੰਮ ਦੇਣ ਲਗ ਪਈ ਸੀ।

ਸ਼ਬਦ "ਸੋਫ਼ਿਸਟ" ਦਾ ਸ਼ੁਰੂ ਸ਼ੁਰੂ ਵਿਚ ਮਤਲਬ "ਸਿਆਣਾ ਆਦਮੀ" ਜਾਂ "ਮਾਹਰ" ਸੀ। ਸਿਆਣੇ ਅਤੇ ਸੁਭਾਸ਼ਣਕਾਰ ਅਧਿਆਪਕਾਂ ਨੂੰ, ਜਿਹੜੇ ਵਾਜਬ ਜਿਹੀ ਤਨਖਾਹ ਉਤੇ ਸੰਬਾਦ ਦੀ ਕਲਾ ਸਿਖਾਉਂਦੇ ਸਨ, ਸੋਫ਼ਿਸਟ ਕਿਹਾ ਜਾਂਦਾ ਸੀ। ਇਹ ਲੋਕ, ਜਿਹੜੇ ਕਿ ਪਹਿਲੇ ਤਨਖਾਹਦਾਰ ਅਧਿਆਪਕ ਸਨ,

ਆਪਣੇ ਵਿਦਿਆਰਥੀਆਂ ਨੂੰ ਇਹ ਸਿਖਾਉਣ ਦੀ ਕੋਸ਼ਿਸ਼ ਕਰਦੇ ਸਨ ਕਿ ਕਿਵੇਂ "ਸੋਚਣਾ, ਬੋਲਣਾ ਅਤੇ ਕਾਰਜ ਕਰਨਾ" ਹੈ। ਪਰ ਉਹਨਾਂ ਦਾ ਮੁੱਖ ਮੰਤਵ ਕੋਈ ਵੀ ਤਰੀਕਾ ਵਰਤ ਕੇ ਸੰਬਾਦ ਵਿਚ ਦੂਜੀ ਧਿਰ ਉਤੇ ਬਰਤਰੀ ਪਰਾਪਤ ਕਰਨਾ ਹੁੰਦਾ ਸੀ। ਹਰ ਤਰ੍ਹਾਂ ਦੇ ਦਾਅਪੇਚ ਅਤੇ ਚਾਲਬਾਜ਼ੀ ਦੀ ਵੀ ਆਗਿਆ ਹੁੰਦੀ ਸੀ। ਸੋਫ਼ਿਸਟਾਂ ਦਾ ਵਿਸ਼ਵਾਸ ਸੀ ਕਿ ਨਿਸ਼ਚਿਤ ਨਿਸ਼ਾਨੇ ਨੂੰ ਪਰਾਪਤ ਕਰਨ ਲਈ ਕੋਈ ਵੀ ਸਾਧਨ ਵਰਤਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਇਕ ਸੋਫ਼ਿਸਟ **ਆਪਣੀ** ਗੱਲਬਾਤ ਨੂੰ ਹੱਦੋਂ ਵੱਧ ਲਮਕਾ ਵੀ ਸਕਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਲੰਮੀ ਤਕਰੀਰ ਨੂੰ ਪੂਰੇ ਧਿਆਨ ਨਾਲ ਸੁਣਨਾ ਮੁਸ਼ਕਲ ਹੁੰਦਾ ਹੈ; ਉਹ ਬਹੁਤ ਤੇਜ਼ ਤੇਜ਼ ਵੀ ਬੋਲ ਸਕਦਾ ਹੈ ਜਾਂ ਦਲੀਲ ਜਾਰੀ ਰੱਖਣ ਲਈ ਸਮੇਂ ਦੀ ਘਾਟ ਦਾ ਵਾਸਤਾ ਵੀ ਪਾ ਸਕਦਾ ਹੈ, ਉਹ ਆਪਣੇ ਵਿਰੋਧੀ ਨੂੰ ਤੰਗ ਵੀ ਕਰ ਸਕਦਾ ਹੈ, ਕਿਉਂਕਿ ਉਸਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ ਗੁੱਸੇ ਵਿਚ ਆਇਆ ਬੰਦਾ ਦਲੀਲ ਦੀ ਮੰਤਕੀ ਤਰਤੀਬ ਵੱਲ ਬਹੁਤਾ ਧਿਆਨ ਨਹੀਂ ਦੇਂਦਾ।... ਸੋਫ਼ਿਸਟ ਤਾਂ ਜਿੱਤਣਾ ਚਾਹੁੰਦਾ ਹੈ, ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਉਹ ਕਿਸੇ ਕੀਮਤ ਉਤੇ ਵੀ ਠੀਕ ਹੈ। ਇਸਲਈ ਉਹ ਕਦੀ ਕਦੀ ਅਸਲੀ ਸੰਬੰਧਾਂ ਦੀ ਥਾਂ ਝੂਠੇ ਸੰਬੰਧਾਂ ਨੂੰ ਦੇ ਦੇਂਦਾ ਹੈ, ਅਤੇ ਆਪਣੇ ਆਪ ਨੂੰ ਇਕ ਜਾਦੂਗਰ ਬਣਾ ਲੈਂਦਾ ਹੈ ਜਿਹੜਾ ਸੋਫ਼ਿਜ਼ਮ ਦਾ ਆਸਰਾ ਲੈ ਕੇ ਕਿਸੇ ਵੀ ਰਾਇ ਦਾ ਸਮਰਥਨ ਕਰ ਸਕਦਾ ਜਾਂ ਉਸਨੂੰ ਠੀਕ ਸਿੱਧ ਕਰ ਸਕਦਾ ਹੈ। ਪੁਰਾਤਨ ਯੂਨਾਨੀ ਫ਼ਿਲਾਸਫ਼ਰ, **ਮਿਲੇਟਸ ਦੇ ਯੂਬੂਲੀਦਜ਼** ਨੇ ਕਈ ਛਲ-ਵਾਕ ਸੋਚ ਰੱਖੇ ਸਨ। ਕੁਝ ਉਦਾਹਰਣਾਂ ਇਸ ਪਰਕਾਰ ਹਨ: ਤੁਹਾਡੀ ਜਿਹੜੀ ਚੀਜ਼ ਗੁਆਚੀ ਨਹੀਂ, ਉਹ ਤੁਹਾਡੇ ਕੋਲ ਹੈ। ਪਰ ਤੁਹਾਡੇ ਸਿੰਗ ਨਹੀਂ ਗੁਆਚੇ ਇਸਲਈ ਤੁਹਾਡੇ ਸਿੰਗ ਹਨ।

ਜਾਂ ਇਕ ਹੋਰ ਉਦਾਹਰਣ। ਇਲੈਕਟਰਾ ਨੂੰ ਪਤਾ ਹੈ ਕਿ ਓਰੈਸਤਸ ਉਸਦਾ ਆਪਣਾ ਭਰਾ ਹੈ; ਪਰ ਹੁਣ ਉਹ ਉਸਦੇ ਸਾਮ੍ਹਣੇ "ਢੱਕਿਆ ਹੋਇਆ" ਖੜਾ ਹੈ, ਅਤੇ ਜਿਹੜਾ ਢੱਕਿਆ ਹੋਇਆ ਖੜਾ ਹੈ, ਉਹ ਨਹੀਂ ਜਾਣਦੀ ਕਿ ਉਹ ਉਸਦਾ ਭਰਾ ਹੈ। ਇਸਤੋਂ ਸਿੱਟਾ ਇਹ ਨਿਕਲਦਾ ਹੈ ਕਿ ਉਹ ਉਸ ਚੀਜ਼ ਨੂੰ ਨਹੀਂ ਜਾਣਦੀ ਜਿਸਨੂੰ ਉਹ ਜਾਣਦੀ ਹੈ।

ਦਲੀਲ ਦਾ ਤੱਤ ਇਹ ਹੋ ਨਿੱਬੜਦਾ ਹੈ ਕਿ ਭਾਵੇਂ ਮਨੁੱਖ ਕੁਝ ਜਾਣਦਾ ਹੈ ਜਾਂ ਨਹੀਂ ਜਾਣਦਾ, ਉਸਨੂੰ ਖੋਜ ਵਿਚ ਨਹੀਂ ਜੁੱਟਣਾ ਚਾਹੀਦਾ। ਜੇ ਉਹ ਜਾਣਦਾ ਹੈ, ਤਾਂ ਖੋਜ ਦੀ ਲੋੜ ਨਹੀਂ, ਤੇ ਜੇ ਉਹ ਨਹੀਂ ਜਾਣਦਾ ਤਾਂ ਉਸਨੂੰ ਪਤਾ ਹੀ ਨਹੀਂ ਕਿ ਖੋਜ ਕਿਸ ਚੀਜ਼ ਦੀ ਕਰਨੀ ਹੈ।* ਇਥੇ ਗਿਆਨ ਵਿਚ ਗਿਆਤ ਅਤੇ ਅਗਿਆਤ ਵਿਚਕਾਰ ਪ੍ਰਤਿ-ਪਰਿਵਰਤਨ ਕਰ ਦਿਤਾ ਗਿਆ ਹੈ, ਜਿਸਦਾ ਸਿੱਟਾ ਇਕ ਦਾ ਦੂਜੇ ਨਾਲੋਂ ਪੂਰੀ ਤਰ੍ਹਾਂ ਅਣਸੰਬੰਧਤ ਹੋਣ ਵਿਚ ਨਿਕਲਦਾ ਹੈ।

ਇਕ ਹੋਰ ਉਦਾਹਰਣ: ਪੁਰਾਤਨ ਕਾਲ ਦਾ ਇਕ ਸਿਆਣਾ ਚੀਨੀ **ਹੂਆਸੁਨ ਲੂ** ਆਪਣੇ ਚਿੱਟੇ ਘੋੜੇ ਉਪਰ ਚੜ੍ਹਿਆਂ ਹੀ ਸਰਹੱਦ ਪਾਰ ਕਰਨਾ ਚਾਹੁੰਦਾ ਸੀ। ਕਿਉਂਕਿ ਘੋੜੇ ਉਤੇ ਚੜ੍ਹ ਕੇ ਸਰਹੱਦ ਪਾਰ ਕਰਨ ਦੀ ਮਨਾਹੀ ਸੀ, ਇਸਲਈ ਉਹ ਸਰਹੱਦੀ ਰਾਖਿਆਂ ਨੂੰ ਹੇਠ ਲਿਖੀ ਦਲੀਲ ਦੇਣ ਲੱਗ ਪਿਆ:

---

*ਡਾਇਓਜੀਨਜ਼ ਲਾਓਰਤੀਅਸ, "**ਯੂਨਾਨੀ ਫ਼ਿਲਾਸਫ਼ਰਾਂ ਦੇ ਜੀਵਨ, ਸਿਧਾਂਤ ਅਤੇ ਕਥਨ**", ਮਿਸਲ ਪ੍ਰਕਾਸ਼ਕ, ਮਾਸਕੋ, ੧੯੭੯, ਸਫ਼ਾ ੧੩੮ (ਰੂਸੀ ਵਿਚ)।

"ਘੋੜਾ ਸਲੇਟੀ ਹੋ ਸਕਦਾ ਹੈ।
"ਪਰ ਚਿੱਟਾ ਘੋੜਾ ਸਲੇਟੀ ਨਹੀਂ ਹੋ
ਸਕਦਾ।
"ਇਸਲਈ, ਚਿੱਟਾ ਘੋੜਾ ਘੋੜਾ
ਹੀ ਨਹੀਂ ਹੁੰਦਾ।"

ਸਰਹੱਦੀ ਰਾਖਾ ਇਸ ਦਲੀਲ ਦੇ ਮੰਤਕ ਤੋਂ ਏਨਾਂ ਪ੍ਰਭਾਵਿਤ ਹੋਇਆ ਕਿ ਉਸਨੇ ਸਿਆਣੇ ਪੁਰਸ਼ ਨੂੰ ਘੋੜੇ ਉਤੇ ਚੜ੍ਹਿਆਂ ਹੀ ਸਰਹੱਦ ਪਾਰ ਕਰਨ ਦੀ ਆਗਿਆ ਦੇ ਦਿਤੀ।

ਸੋਫ਼ਿਸਟ ਜ਼ਿੰਦਗੀ ਵੱਲ ਇਕ ਵਿਸ਼ੇਸ਼ ਪਹੁੰਚ ਧਾਰਨ ਕਰ ਲੈਂਦਾ ਹੈ: ਅਸਲ ਵਿਚ, ਉਹ ਛਲ-ਕਪਟ ਦੀ ਪੂਜਾ ਕਰਦਾ ਹੈ। ਜਿਹੜਾ ਵਿਅਕਤੀ ਉਸ ਨਾਲ ਛਲ ਕਰ ਜਾਂਦਾ ਹੈ, ਉਹ ਉਸਨੂੰ ਛਲ ਨਾ ਕਰਨ ਵਾਲੇ ਨਾਲੋਂ ਵਧੇਰੇ ਈਮਾਨਦਾਰ ਲੱਗਦਾ ਹੈ। ਮਨੁੱਖ ਦੇ ਵਿਵਹਾਰ ਦਾ ਮੁਲਾਂਕਣ ਕਰਨ ਲੱਗਿਆਂ ਉਪਯੋਗਤਾ ਦਾ ਅਸੂਲ ਇਕੋ ਇਕ ਕਸੌਟੀ ਮੰਨਿਆ ਜਾਂਦਾ ਹੈ: ਇਸਲਈ ਹਰ ਕਾਰਜ ਤਿੰਨ ਮੰਤਵਾਂ ਤੋਂ ਪ੍ਰੇਰਿਤ ਹੋਣਾ ਚਾਹੀਦਾ ਹੈ: ਖੁਸ਼ੀ, ਮੁਨਾਫ਼ਾ ਅਤੇ ਇੱਜ਼ਤ। ਇਨਸਾਫ਼ ਬਾਰੇ ਸੋਫ਼ਿਸਟ ਦਾ ਵਿਚਾਰ ਇਸ ਪ੍ਰਕਾਰ ਹੈ: ਇਨਸਾਫ ਤਗੜੇ ਲਈ ਲਾਭ ਤੋਂ ਸਿਵਾ ਹੋਰ ਕੁਝ ਨਹੀਂ। ਜਿਵੇਂ ਕਿ ਅਸੀਂ ਦੇਖਿਆ ਹੈ, ਸੋਫ਼ਿਸਟਰੀ ਹਕੀਕਤ ਨੂੰ ਵਿਗਾੜਦੀ ਹੈ; ਇਹ ਸੰਬਾਦਕਤਾ ਦੇ ਵਿਰੁੱਧ ਹੈ ਭਾਵੇਂ ਇਹ ਬਾਹਰੀ ਰੂਪ ਸੰਬਾਦਕਤਾ ਦਾ ਹੀ ਧਾਰਨ ਦੀ ਕੋਸ਼ਿਸ਼ ਕਰਦੀ ਹੈ।

ਸੋਫ਼ਿਸਟ ਵਲੋਂ ਕੀਤੀ ਗਈ ਦਲੀਲਬਾਜ਼ੀ ਦੇ ਉਲਟ, ਸੰਬਾਦਕਤਾ-ਮਾਹਰ ਵਲੋਂ ਰਚਾਏ ਗਏ ਸੰਬਾਦ ਦਾ ਨਿਸ਼ਾਨਾ ਦਲੀਲ ਦੇਣ ਦੀ ਦਾਰਸ਼ਨਿਕ ਕਲਾ ਦੀ ਸਹਾਇਤਾ ਨਾਲ ਸੱਚ ਤੱਕ ਪੁੱਜਣਾ ਹੁੰਦਾ ਹੈ। ਸੰਬਾਦਕ ਚਿੰਤਕ ਸੁਕਰਾਤ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਇਹ ਸ਼ਬਦ ਕਹੇ ਸਨ: "ਮੈਨੂੰ ਸਿਰਫ਼

ਇਹ ਪਤਾ ਹੈ ਕਿ ਮੈਨੂੰ ਕੁਝ ਨਹੀਂ ਪਤਾ, ਪਰ ਮੈਂ ਗਿਆਨ ਪਰਾਪਤ ਕਰਨ ਦਾ ਯਤਨ ਕਰ ਰਿਹਾ ਹਾਂ"।

**ਸਭ ਕੁਝ ਬਦਲ ਰਿਹਾ ਹੈ....**

ਇਹ ਤੱਥ ਪੁਰਾਤਨ ਫ਼ਿਲਾਸਫ਼ਰਾਂ ਨੇ ਵੀ ਦੇਖ ਲਿਆ ਹੋਇਆ ਸੀ ਕਿ ਸੰਸਾਰ ਵਿਚਲੀ ਹਰ ਚੀਜ਼ ਵਿਚ ਨਿਰੰਤਰ ਤਬਦੀਲੀ ਆ ਰਹੀ ਹੈ। ਹਿਰਾਕਲੀਟਸ ਦੇ ਵਿਚਾਰ ਬੜੇ ਦ੍ਰਿਸ਼ਟਾਂਤਕ ਹਨ। ਸਮਝਿਆ ਜਾਂਦਾ ਹੈ ਕਿ ਇਹ ਪੁਰਾਤਨ ਪਦਾਰਥਵਾਦੀ ਮਹਾਨ ਸੰਬਾਦ-ਮਾਹਰ ਸੀ ਜਿਸਦਾ ਵਿਸ਼ਵਾਸ ਸੀ ਕਿ ਅਸੀਮ ਪ੍ਰਾਥਮਿਕ ਕਾਰਨ ਅਤੇ ਸਦੀਵੀ ਅਗਨੀ ਕਰਕੇ ਸੰਸਾਰ ਵਿਚਲੀ ਹਰ ਚੀਜ਼ ਨਿਰੰਤਰ ਤਬਦੀਲੀ ਵਿਚ ਰਹਿੰਦੀ ਹੈ। "ਸਾਰੀਆਂ ਚੀਜ਼ਾਂ ਦਾ ਅਗਨੀ ਨਾਲ ਵਟਾਂਦਰਾ ਹੁੰਦਾ ਹੈ ਅਤੇ ਅਗਨੀ ਦਾ ਸਾਰੀਆਂ ਚੀਜ਼ਾਂ ਨਾਲ, ਬਿਲਕੁਲ ਜਿਵੇਂ ਮਾਲ ਦਾ ਸੋਨੇ ਨਾਲ ਅਤੇ ਸੋਨੇ ਦਾ ਮਾਲ ਨਾਲ।"* ਹਰ ਚੀਜ਼ ਗਤੀ ਵਿਚ ਹੈ। ਪ੍ਰਕਿਰਤੀ ਸਦਾ ਗਤੀ ਨਾਲ ਭਰਪੂਰ ਹੈ: "ਅਗਨੀ ਧਰਤੀ ਦੀ ਮੌਤ ਨਾਲ ਜਿਊਂਦੀ ਹੈ ਅਤੇ ਵਾਯੂ ਅਗਨੀ ਦੀ ਮੌਤ ਨਾਲ; ਜਲ ਵਾਯੂ ਦੀ ਮੌਤ ਨਾਲ ਜਿਊਂਦਾ ਹੈ ਅਤੇ ਧਰਤੀ ਜਲ ਦੀ ਮੌਤ ਨਾਲ।"** ਹਿਰਾਕਲੀਟਸ ਦੀ ਸੰਬਾਦਕਤਾ ਵਿਚ ਸੰਸਾਰ ਦਾ ਵਿਸ਼ੇਸ਼ ਲੱਛਣ ਵਿਰੋਧੀ ਮੂਲ-ਤੱਤਾਂ ਦਾ ਅੰਤਰ-ਕ੍ਰਮ, ਉਹਨਾਂ ਦੀ ਏਕਤਾ ਅਤੇ ਘੋਲ ਹੈ। ਸੱਚਾਈ ਦਾ ਬੋਧ ਵਿਰੋਧੀ

---

*"ਐਫਿਸਸ ਦੇ ਹਿਰਾਕਲੀਟਸ ਦੇ ਪ੍ਰਕਿਰਤੀ ਬਾਰੇ ਟੋਟਕੇ", ਬਾਲਟੀਮੋਰ, ੧੮੮੯, ਸਫ਼ਾ ੮੯।

**"ਪੁਰਾਤਨ ਯੂਨਾਨ ਦੇ ਪਦਾਰਥਵਾਦੀ", ਪੋਲਿਤਿਜ਼ਦਾਤ, ਮਾਸਕੋ, ੧੯੫੫, ਸਫ਼ਾ ੪੨ (ਰੂਸੀ ਵਿਚ)।

ਤੱਤਾਂ ਦੇ ਵਟਾਂਦਰੇ ਦੇ, ਉਹਨਾਂ ਦੇ ਘੋਲ ਦੇ ਬੋਧ ਵਿਚੋਂ ਜਨਮ ਲੈਂਦਾ ਹੈ। "ਜੋ ਕੁਝ ਵਿਰੋਧੀ ਹੈ ਉਹ ਇਕਮਿਕ ਹੋਇਆ ਹੋਇਆ ਹੈ, ਜਿਹੜਾ ਵਖਰਾ ਹੈ ਉਹ ਪੂਰਨ ਇਕਸੁਰਤਾ ਕਾਇਮ ਕਰਦਾ ਹੈ, ਅਤੇ ਸਾਰਾ ਕੁਝ ਘੋਲ ਰਾਹੀਂ ਵਾਪਰਦਾ ਹੈ",* ਸਾਰਾ ਕੁਝ ਬਦਲ ਰਿਹਾ ਹੈ ਕਿਉਂਕਿ "ਘੋਲ ਹਰ ਚੀਜ਼ ਦਾ ਜਨਮਦਾਤਾ ਹੈ।"** ਹਿਰਾਕਲੀਟਸ ਦੀ ਸੰਬਾਦਕਤਾ ਪਹਿਲਾਂ ਹੀ ਵਖਰੇ ਅਰਥ ਧਾਰਨ ਕਰ ਚੁੱਕੀ ਹੈ। ਉਸ ਲਈ, ਸੰਬਾਦਕਤਾ ਸੰਸਾਰ ਦੀ ਇਕ ਵਖਰੀ ਵਿਆਖਿਆ ਹੈ, ਇਸਦੀ ਗਤੀ, ਇਸਦੇ ਵਿਗਾਸ ਵੱਲ ਧਿਆਨ ਦੇਣਾ ਹੈ।

ਮਹਾਨ ਪੂਰਬੀ ਚਿੰਤਕਾਂ **ਆਵੇਰੋਸ** ਅਤੇ ਇਬਨ ਸੀਨਾ (ਆਵਿਸੀਨਾ) ਨੇ ਵੀ ਇਸੇਤਰ੍ਹਾਂ ਦੇ ਵਿਚਾਰ ਪ੍ਰਗਟਾਏ ਸਨ। ਆਵੇਰੋਸ ਦਾ ਵਿਚਾਰ ਸੀ ਕਿ ਗਤੀ ਸਦੀਵੀ ਅਤੇ ਅਜਿੱਤ ਹੈ। ਪੈਦਾਇਸ਼, ਤਬਦੀਲੀ ਅਤੇ ਵਿਨਾਸ਼—ਸਾਰਾ ਕੁਝ ਹੀ ਪਦਾਰਥ ਵਿਚ ਸੰਭਾਵਨਾ ਵਜੋਂ ਸ਼ਾਮਲ ਹੁੰਦਾ ਹੈ, ਕਿਉਂਕਿ ਵਿਨਾਸ਼ ਵੀ ਪੈਦਾਇਸ਼ ਦੇ ਬਰਾਬਰ ਦਾ ਹੀ ਇਕ ਕਾਰਜ ਹੈ। ਕਿਸੇ ਵੀ ਜਨਮ ਲੈ ਚੁੱਕੇ ਵਜੂਦ ਵਿਚ ਪਤਣ ਇਕ ਸੰਭਾਵਨਾ ਵਜੋਂ ਸ਼ਾਮਲ ਹੁੰਦਾ ਹੈ। ਆਵਿਸੀਨਾ ਨੂੰ ਉਸਦੇ ਸਮਕਾਲੀ "ਫ਼ਿਲਾਸਫ਼ੀ ਦਾ ਸ਼ਾਹਜ਼ਾਦਾ" ਕਹਿੰਦੇ ਸਨ। ਉਸਦਾ ਵੀ ਖ਼ਿਆਲ ਸੀ ਕਿ ਗਤੀ ਪਦਾਰਥ ਵਿਚ ਸੰਭਾਵਨਾ ਵਜੋਂ ਸ਼ਾਮਲ ਹੁੰਦੀ ਹੈ ਅਤੇ ਇਸਦਾ ਮਤਲਬ ਹੈ ਕਿ ਇਹ ਤਬਦੀਲ ਹੋਣ ਦੀ ਯੋਗਤਾ ਰੱਖਦਾ ਹੈ। ਪੁਰਾਤਨ ਚੀਨੀ ਫ਼ਿਲਾਸਫ਼ਰ **ਯਾਂਗ**

---

*ਉਹੀ ਸਫ਼ਾ ੪੮।

**"**ਸੰਸਾਰ ਫ਼ਿਲਾਸਫ਼ੀ ਦਾ ਸੰਗ੍ਰਹਿ**", ਚਾਰ ਸੈਂਚੀਆਂ ਵਿਚ, ਸੈਂਚੀ ੧, ਮਿਸਲ ਪ੍ਰਕਾਸ਼ਕ, ਮਾਸਕੋ, ੧੯੭੦, ਸਫ਼ਾ ੨੭੬ (ਰੂਸੀ ਵਿਚ)।

ਜ਼ੰਗ ਨੇ ਗਤੀ ਨੂੰ ਪਦਾਰਥਕ ਸ਼ਕਤੀ ਦਾ ਕਾਰਨ ਦਸਿਆ ਸੀ; ਇਹ ਗਤੀ ਚੱਕਰਾਂ ਵਿਚ ਥਰਕਦੀ ਹੈ ਅਤੇ ਵਾਰੋ ਵਾਰੀ ਖੇਰੂੰ-ਖੇਰੂੰ ਹੋ ਜਾਂਦੀ ਹੈ, ਮਹਾਂ ਸ਼ੂਨਯ ਵਿਚ ਫਿਰ ਮੁੜ ਆਉਂਦੀ ਹੈ, ਅਤੇ ਫਿਰ ਇਕੱਤ੍ਰਿਤ ਹੋ ਜਾਂਦੀ ਹੈ; ਇੰਝ ਇਹ ਸਮੁੱਚੇ ਦਿੱਸਦੇ ਸੰਸਾਰ ਨੂੰ ਰੂਪ ਦੇਂਦੀ ਹੈ। ਭਾਰਤ ਦੀਆਂ ਪੁਰਾਤਨ ਦਾਰਸ਼ਨਿਕ ਪੁਸਤਕਾਂ "ਉਪਨਿਸ਼ਦਾਂ" ਵਿਚ ਇਹ ਕਿਹਾ ਗਿਆ ਹੈ ਕਿ ਸਾਰੇ ਪਦਾਰਥਕ ਅਮਲ ਬਦਲਣ ਵਾਲੇ ਅਤੇ ਅਸਥਿਰ ਹਨ। ਇਸਤਰ੍ਹਾਂ ਅਸੀਂ ਦੇਖਿਆ ਹੈ ਕਿ ਯੂਨਾਨ, ਮਧ ਪੂਰਬ, ਭਾਰਤ ਅਤੇ ਚੀਨ ਦੇ ਪੁਰਾਤਨ ਫ਼ਿਲਾਸਫ਼ਰ ਗਤੀ ਦੀ ਅਨੰਤ ਤਬਦੀਲੀ ਨੂੰ ਅਤੇ ਸੰਸਾਰ ਦੇ ਵਿਗਾਸ ਨੂੰ ਮੰਣਦੇ ਸਨ।

ਵਿਰੋਧ-ਵਿਕਾਸ ਦੇ ਇਤਿਹਾਸ ਦੀ ਗੱਲ ਕਰਦਿਆਂ ਅਸੀਂ ਹੀਗਲ ਨੂੰ ਨਹੀਂ ਅੱਖੋਂ ਉਹਲੇ ਕਰ ਸਕਦੇ, ਜਿਹੜਾ ਕਿ ਵਿਰੋਧ-ਵਿਕਾਸ ਦੇ ਇਕਸੁਰ ਸਿਧਾਂਤ ਦਾ ਸਿਰਜਕ ਸੀ। ਹੀਗਲ ਦਾ ਵਿਸ਼ਵਾਸ ਸੀ ਕਿ ਸੰਸਾਰ-ਵਿਰੋਧੀ ਸ਼ਕਤੀਆਂ ਦੇ ਅੰਤਰ-ਕਰਮ ਕਾਰਨ ਵਿਕਾਸ ਕਰਦਾ ਹੈ; ਪਰ ਉਹ ਇਸ ਵਿਕਾਸ ਨੂੰ ਕਿਸੇ ਨਿਰਪੇਖ ਵਿਚਾਰ, "ਸੰਸਾਰ ਆਤਮਾ" ਜਾਂ "ਸੰਸਾਰ ਤਰਕ" ਨਾਲ ਜੋੜਦਾ ਸੀ। ਉਸਦੇ ਵਿਰੋਧ-ਵਿਕਾਸੀ ਸਿਧਾਂਤ ਵਿਚ ਸੰਸਾਰ ਸਿਰ-ਭਾਰ ਖੜਾ ਲੱਗਦਾ ਹੈ: ਪ੍ਰਕਿਰਤੀ ਵਿਚ ਅਤੇ ਮਨੁੱਖਾ ਇਤਿਹਾਸ ਵਿਚ ਜੋ ਕੁਝ ਵੀ ਵਿਕਾਸ ਕਰ ਰਿਹਾ ਹੈ, ਉਸਦਾ ਕਾਰਨ ਉਹ "ਸੰਸਾਰ ਤਰਕ" ਦੱਸਦਾ ਹੈ; ਇਸਦੇ ਸਿੱਟੇ ਵਜੋਂ, ਉਸਦਾ ਵਿਰੋਧ-ਵਿਕਾਸ ਆਦਰਸ਼ਵਾਦੀ ਹੈ। ਹੀਗਲ ਇਕ ਤਰ੍ਹਾਂ ਨਾਲ, ਯਥਾਰਥਕ ਸੰਸਾਰ ਦੀ ਸੰਬਾਦਕਤਾ ਦੀ ਕਲਪਣਾ ਵਿਚਾਰਾਂ (ਚਿੰਤਨ) ਦੇ ਸੰਸਾਰ ਵਿਚ ਕਰਦਾ ਸੀ। ਉਸਦਾ ਕਹਿਣਾ ਸੀ ਕਿ ਸੰਸਾਰ ਇਤਿਹਾਸ "ਸੰਸਾਰ ਆਤਮਾ" ਦੇ ਵਿਗਾਸ ਦਾ ਇਤਿਹਾਸ ਹੈ। ਹਰ ਵਸਤ ਅਤੇ ਵਰਤਾਰੇ ਵਿਚ ਨਿਹਿਤ ਵਿਰੋਧਤਾਈਆਂ ਕਾਰਨ ਸਭ ਕੁਝ ਵ੍ਰਿਕਾਸ ਕਰਦਾ ਹੈ; ਇਸਲ਼ਈ,

ਹਰ ਚੀਜ਼ ਦਾ ਆਪਣਾ ਇਤਿਹਾਸ ਹੁੰਦਾ ਹੈ। ਹੀਗਲ ਦੀ ਫ਼ਿਲਾਸਫ਼ੀ ਵਿਚ ਮਿਲਦਾ ਠੀਕ, ਤਾਰਕਿਕ ਕੇਂਦਰਕ ਵਿਕਾਸ ਬਾਰੇ ਉਸਦਾ ਸਿਧਾਂਤ ਹੈ, ਜਿਸਦੀ ਚਾਲਕ-ਸ਼ਕਤੀ ਉਹ ਵਸਤਾਂ ਅਤੇ ਵਰਤਾਰਿਆਂ ਵਿਚਲੇ ਵਿਰੋਧੀ ਅੰਸ਼ਾਂ ਦੇ ਅੰਤਰ-ਕਰਮ ਨੂੰ ਦੱਸਦਾ ਹੈ।

ਦੂਜੇ ਪਾਸੇ ਪਦਾਰਥਵਾਦੀ ਵਿਰੋਧ-ਵਿਕਾਸ ਪ੍ਰਕਿਰਤੀ, ਸਮਾਜ ਅਤੇ ਮਨੁੱਖ ਦੀ ਅਸੀਮ ਤਬਦੀਲੀ ਅਤੇ ਗਤੀ ਵਜੋਂ ਵਿਗਾਸ ਬਾਰੇ ਸਿਧਾਂਤ ਹੈ, ਅਤੇ ਨਾਲ ਹੀ ਇਹ ਸੰਸਾਰ ਬਾਰੇ ਬੋਧ ਪਰਾਪਤ ਕਰਨ ਦੀ ਵਿਧੀ ਹੈ, ਜਿਹੜੀ ਸੀਮਤ ਅਤੇ ਸਦੀਵੀ ਸੱਚਾਈਆਂ ਨੂੰ ਨਹੀਂ ਮੰਨਦੀ। ਪਦਾਰਥਵਾਦੀ ਵਿਰੋਧ-ਵਿਕਾਸ ਸੰਸਾਰ ਦੇ ਗਿਆਨ ਵੱਲ ਠੀਕ ਪਹੁੰਚ ਵਿਚ ਸਹਾਈ ਹੋਇਆ ਹੈ।

ਆਪਣੀਆਂ ਸਰਗਰਮੀਆਂ ਰਾਹੀਂ ਲੋਕ ਸੰਸਾਰ ਵਿਚ ਵਾਪਰਦੇ ਵਖੋ ਵਖਰੇ ਵਰਤਾਰਿਆਂ ਅਤੇ ਘਟਨਾਵਾਂ ਵਿਚਲੇ ਅਦਿੱਖ, ਬੇਆਵਾਜ਼, ਪਰ ਫਿਰ ਵੀ ਹਕੀਕਤ ਵਿਚ ਮੌਜੂਦ ਸੰਬੰਧਾਂ ਤੋਂ ਲੰਮੇ ਸਮੇਂ ਤੋਂ ਚੇਤੰਨ ਰਹੇ ਹਨ। ਹਜ਼ਾਰਾਂ ਸਾਲ ਬੀਤ ਗਏ ਹਨ ਜਦੋਂ ਕਿ "ਹਰ ਚੀਜ਼ ਦੇ ਦੂਜੀ ਨਾਲ ਸੰਬੰਧਤ ਹੋਣ", "ਕਾਰਨਾਂ ਦੀ ਲੜੀ" ਹੋਣ, ਆਦਿ ਬਾਰੇ ਵਿਚਾਰ ਪਹਿਲੀ ਵਾਰੀ ਪਰਗਟ ਕੀਤੇ ਗਏ ਸਨ। ਇਹੋ ਜਿਹੇ ਵਿਚਾਰਾਂ ਦੀ ਵਿਆਖਿਆ ਅਤੇ ਵਿਕਾਸ ਵਿਕੋਲਿਤਰੇ ਵਰਤਾਰਿਆਂ ਦੀ ਸਹਿਹੋਂਦ ਅਨੁਭਵ ਕਰਨ ਤੋਂ ਲੈ ਕੇ ਸੰਕਲਪ ਬਣਾਉਣ ਤੱਕ, ਅਤੇ ਫਿਰ ਵਸਤਾਂ ਅਤੇ ਵਰਤਾਰਿਆਂ ਦੀ ਸਰਬ-ਵਿਆਪਕ ਅੰਤਰ-ਨਿਰਭਰਤਾ ਬਾਰੇ ਵਿਚਾਰ ਕਾਇਮ ਕਰਨ ਤੱਕ ਚੱਲਦਾ ਹੈ। ਅੰਤਰ-ਸੰਬੰਧਤਾ ਦੇ ਸਭ ਤੋਂ ਮਹਤਵਪੂਰਨ ਰੂਪ ਵਜੋਂ ਕਾਰਣਿਕ ਸੰਬੰਧ ਦੇ ਵਿਚਾਰ ਦੀ ਵਕਾਲਤ ਕਰਨ ਲਈ ਸਿਧਾਂਤਕ ਦਲੀਲਾਂ ਵਰਤ ਕੇ ਡਿਮੋਕਰੀਟਸ ਨੇ ਆਉਣ ਵਾਲੀਆਂ ਪੀੜ੍ਹੀਆਂ ਦੀ ਮਹਾਨ ਸੇਵਾ ਕੀਤੀ। ਉਸਨੇ ਐਲਾਨ ਕੀਤਾ ਸੀ ਕਿ ਹਰ ਚੀਜ਼ ਦੇ ਪਿੱਛੇ ਇਸਦਾ ਆਪਣਾ ਹੀ ਕਾਰਨ ਹੁੰਦਾ ਹੈ, ਕਿ ਕਾਰਨ ਤੋਂ ਬਿਨਾਂ ਕੁਝ ਵੀ ਨਹੀਂ

ਉਗਮਦਾ। ਡਿਮੋਕਰੀਟਸ ਅਨੁਸਾਰ, ਕਾਰਣਿਕ ਸੰਬੰਧ ਕੁਦਰਤੀ ਅਵਸ਼ਕਤਾ ਹੈ, ਇਸਲਈ, ਕਾਰਨ ਦੀ ਅਣਹੋਂਦ ਇਕ ਸਬੱਬੀ ਗੱਲ ਹੈ ਜੋ ਕਿ ਸੰਬੰਧਤ ਵਰਤਾਰੇ ਦੇ ਅਸਲੀ ਕਾਰਨਾਂ ਬਾਰੇ ਗਿਆਨ ਦੀ ਅਣਹੋਂਦ ਦਾ ਆਤਮਪਰਕ ਪ੍ਰਗਟਾਅ ਹੋਣ ਕਰਕੇ ਵਸਤੂਪਰਕ ਤੱਥ ਵਜੋਂ ਨਿਸ਼ੇਧ ਨੂੰ ਪਰਾਪਤ ਹੁੰਦੀ ਹੈ।

ਪ੍ਰਕਿਰਤਕ ਵਰਤਾਰਿਆਂ ਦੀ ਅੰਤਰ-ਨਿਰਭਰਤਾ ਦੇ ਇਕੋ ਇਕ ਰੂਪ ਵਜੋਂ ਕਾਰਨ ਅਤੇ ਅਸਰ ਵਾਲਾ ਸੰਬੰਧ ਫ਼ਿਲਾਸਫ਼ੀ ਵਿਚ ਵੀ ਅਤੇ ਪ੍ਰਕਿਰਤਕ ਵਿਗਿਆਨ ਵਿਚ ਵੀ ਜੜ੍ਹਾਂ ਫੜ ਚੁੱਕਾ ਸੀ। ਨਿਰਭਰਤਾ ਦੇ ਦੂਜੇ ਰੂਪਾਂ , ਖਾਸ ਕਰਕੇ ਹਾਦਸੇ, ਸੰਭਾਵਨਾ ਅਤੇ ਵਾਪਰਣਯੋਗਤਾ ਦਾ ਮੁਲਾਂਕਣ ਮਾਨਸਿਕ ਅਨੁਭੂਤੀ ਵਜੋਂ, ਆਤਮਪਰਕ ਸੰਕਲਪਾਂ ਵਜੋਂ ਕੀਤਾ ਜਾਂਦਾ ਸੀ। **ਬ. ਸਪੀਨੋਜ਼ਾ, ਪ. ਹੋਲਬਾਖ਼, ਫ਼. ਬੇਕਨ** ਇਹੋ ਜਿਹੇ ਵਿਚਾਰ ਪ੍ਰਗਟ ਕਰਦੇ ਸਨ। ਉਦਾਹਰਣ ਵਜੋਂ, ਫ਼ਰਾਂਸਿਸ ਬੇਕਨ ਨੇ ਆਪਣੀ ਕਿਰਤ "ਨੋਵਮ ਆਰਗੈਨਮ" ਵਿਚ ਲਿਖਿਆ ਸੀ: "ਇਹ ਠੀਕ ਹੀ ਕਿਹਾ ਗਿਆ ਹੈ ਕਿ ਅਸਲੀ ਗਿਆਨ ਉਹੀ ਹੈ ਜਿਸਦਾ ਪਤਾ ਕਾਰਨਾਂ ਤੋਂ ਲਾਇਆ ਜਾਂਦਾ ਹੈ।" *

ਸਤਾਰ੍ਹਵੀਂ-ਉਨ੍ਹੀਵੀਂ ਸਦੀ ਦੇ ਮਕਾਨਕੀ ਭੌਤਕ-ਵਿਗਿਆਨ ਵਿਚ ਕਾਰਣਿਕ ਸੰਬੰਧਾਂ ਦੀ ਵਿਆਖਿਆ ਸਥਿਰ, ਤੁਰਤ ਅਤੇ ਕਠੋਰ ਆਵਸ਼ਕਤਾ ਵਜੋਂ ਕੀਤੀ ਜਾਂਦੀ ਸੀ। ਉਦਾਹਰਣ ਵਜੋਂ, ਜਿਸ ਰਫ਼ਤਾਰ ਨਾਲ ਕੋਈ ਗੇਂਦ ਬਿਲੀਅਰਡ ਦੇ ਮੇਜ਼ ਉਤੇ ਹਰਕਤ ਕਰਦਾ ਹੈ, ਉਸਦਾ ਪਤਾ ਗੇਂਦ ਨੂੰ ਮਾਰੀ ਗਈ ਸੱਟ ਦੀ ਸ਼ਕਤੀ ਅਤੇ ਗੇਂਦ ਦੇ ਹੁਜਮ ਨਾਲ ਲਾਇਆ ਜਾ ਸਕਦਾ ਹੈ। ਜਿੰਨਾਂ ਵਧੇਰੇ ਠੀਕ ਠੀਕ ਸੱਟ ਦੀ ਸ਼ਕਤੀ ਅਤੇ ਗੇਂਦ ਦੇ

---

*ਲਾਰਡ ਬੇਕਨ, "ਨੋਵਮ ਆਰਗੈਨਮ", ਨਿਊ ਯਾਰਕ, ਪ. ਫ਼. ਕੋਲੀਅਰ ਐਂਡ ਸਨ, ੧੯੦੨, ਸਫ਼ਾ ੧੦੮।

ਹੁਜਮ ਦਾ ਹਿਸਾਬ ਲਾਇਆ ਜਾ ਸਕਦਾ ਹੈ, ਓਨਾ ਹੀ ਵਧੇਰੇ ਇਸਦੀ ਰਫ਼ਤਾਰ ਨੂੰ ਅਤੇ ਹਰ ਵਿਸ਼ੇਸ਼ ਘੜੀ ਹਰਕਤ ਕਰ ਰਹੇ ਗੇਂਦ ਦੀ ਪੁਜ਼ੀਸ਼ਨ ਨੂੰ ਨਿਸ਼ਚਿਤ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਬਾਰੇ ਪੇਸ਼ਗੋਈ ਕੀਤੀ ਜਾ ਸਕਦੀ ਹੈ।

ਇਸ ਦ੍ਰਿਸ਼ਟੀਕੋਂਨ ਤੋਂ, ਸਮੁੱਚਾ ਵਸਤੂਪਰਕ ਸੰਸਾਰ ਅੰਤਰ-ਸੰਬੰਧਾਂ ਦੀ ਲੜੀ ਨਾਲ ਇਕੱਠਾ ਜੁੜਿਆ ਲਗਦਾ ਹੈ। ਅਸੀਂ ਬ੍ਰਹਿਮੰਡ ਵਿਚਲੇ ਸਾਰੇ ਵਜੂਦਾਂ ਦੇ ਹੁਜਮ ਅਤੇ ਰਫ਼ਤਾਰ ਨੂੰ ਠੀਕ ਠੀਕ ਨਿਸ਼ਚਿਤ ਕਰਕੇ ਭਵਿੱਖ ਵਿਚ ਹਰ ਵਿਸ਼ੇਸ਼ ਘੜੀ ਉਹਨਾਂ ਦੀ ਪੁਜ਼ੀਸ਼ਨ ਨੂੰ ਸ਼ੁਧਤਾਈ ਨਾਲ ਨਿਸ਼ਚਿਤ ਕਰ ਸਕਦੇ ਹਾਂ। ਪਤਾ ਇਹ ਲੱਗਦਾ ਹੈ ਕਿ ਸੰਸਾਰ ਵਿਚ ਹਰ ਚੀਜ਼ ਪੂਰਵ-ਨਿਸ਼ਚਿਤ ਹੈ। ਇਹ ਹੋਣੀਵਾਦੀ ਵਿਚਾਰ ਹੈ, ਭਾਵ, ਕਿਸਮਤ ਜਾਂ ਹੋਣੀ ਵਿਚ ਵਿਸ਼ਵਾਸ ਹੈ।

ਜੇ ਅੰਤਰ-ਨਿਰਭਰਤਾ ਨੂੰ ਵਸਤੂਪਰਕ ਸੰਬੰਧ ਵਜੋਂ ਨਹੀਂ ਸਗੋਂ ਆਪਣੇ ਸੰਕਲਪਾਂ ਦੇ ਆਤਮਪਰਕ ਸੰਬੰਧ ਵਜੋਂ ਪੇਸ਼ ਕੀਤਾ ਜਾਏ ਜਿਸ ਤਰ੍ਹਾਂ ਹਿਊਮ ਸਮਝਦਾ ਸੀ, ਜਾਂ ਇਸਨੂੰ ਸੋਚਣੀ ਦਾ ਆਵੱਸ਼ਕ ਰੂਪ ਐਲਾਨ ਦਿਤਾ ਜਾਏ, ਜਿਹੜਾ ਮਨੁੱਖੀ ਮਨ ਵਿਚ ਸਦਾ ਲਈ ਨਿਹਿਤ ਹੈ, ਤਾਂ ਇਸਦਾ ਸਿੱਟਾ ਅਗਨਾਸਤਕਵਾਦ ਵਿਚ ਅਤੇ ਮਗਰੋਂ ਆਦਰਸ਼ਵਾਦ ਵਿਚ ਨਿਕਲੇਗਾ। ਇਸਤਰ੍ਹਾਂ ਕਾਂਤ ਕਾਰਣਿਕ ਸੰਬੰਧ ਨੂੰ ਸੋਚਣੀ ਦਾ ਅਨੁਭਵ-ਪੂਰਵ (ਪੂਰਵ--ਸਿੱਧ ਜਾਂ ਨਿਗਮਨੀ) ਰੂਪ ਸਮਝਦਾ ਸੀ।

ਇਕਸਾਰ ਪਦਾਰਥਵਾਦੀ ਵਿਆਖਿਆ, ਜਿਸ ਅਨੁਸਾਰ ਕਾਰਣਿਕ ਸੰਬੰਧ ਆਮ (ਸਰਬ-ਵਿਆਪਕ ) ਸੰਬੰਧ ਦਾ ਸਭ ਤੋਂ ਮਹਤਵਪੂਰਨ ਰੂਪ ਹੈ, ਇਸਦੇ ਵਸਤੂਪਰਕ ਖ਼ਾਸੇ ਦੀ ਪੁਸ਼ਟੀ ਕਰਦੀ ਹੈ। ਪਦਾਰਥਵਾਦੀ ਵਿਰੋਧ-ਵਿਕਾਸ ਦੀ ਦ੍ਰਿਸ਼ਟੀ ਤੋਂ, ਸਮੁੱਚਾ ਸੰਸਾਰ ਹਰਕਤ ਕਰਦੀਆਂ ਅਤੇ ਬਦਲਦੀਆਂ ਵਸਤਾਂ ਦਾ ਕੁੱਲ ਜੋੜ ਰੂਪੀ ਸੰਬੰਧ ਹੈ। ਇਸ ਸਰਬ-ਵਿਆਪਕ ਸੰਸਾਰ

ਤੋਂ ਬਾਹਰ ਕਿਸੇ ਵੀ ਵਿਕੋਲਿਤਰੇ ਵਰਤਾਰੇ, ਅਮਲ ਜਾਂ ਆਮ ਕਰਕੇ ਗਤੀ ਨੂੰ ਨਹੀਂ ਸਮਝਿਆ ਜਾ ਸਕਦਾ। ਇਸਲਈ, ਵਿਰੋਧ-ਵਿਕਾਸ ਹਰ ਗੱਲ, ਹਰ ਚੀਜ਼ ਦੇ ਵਿਗਿਆਨਕ, **ਵਸਤੂਪਰਕ** ਨਿਰੀਖਣ ਨੂੰ ਇਸਦੇ ਸਦਾ ਨਵੇਰੇ ਪੱਖਾਂ, ਸੰਬੰਧਾਂ ਅਤੇ ਕੜੀਆਂ ਨੂੰ ਸਾਮ੍ਹਣੇ ਲਿਆਉਣ ਦੇ ਅਨੰਤ ਅਮਲ ਵਜੋਂ ਦੇਖਦਾ ਹੈ। ਆਧੁਨਿਕ ਪ੍ਰਕਿਰਤਕ ਵਿਗਿਆਨ, ਉਦਾਹਰਣ ਵਜੋਂ ਭੌਤਕ-ਵਿਗਿਆਨ, ਇਹਨਾਂ ਬੁਨਿਆਦੀ ਅੰਤਰ-ਸੰਬੰਧਾਂ ਨੂੰ ਠੋਸ ਪ੍ਰਗਟਾਅ ਦੇਂਦਾ ਹੈ। ਇਹਨਾਂ ਵਿਚ, ਤਾਰਾ-ਸਮੂਹਾਂ ਦੇ ਪਰਗਟ ਹੋਣ ਤੋਂ ਲੈ ਕੇ ਮੁਢਲੇ ਕਣਾਂ ਵਿਚ ਚੱਲਦੇ ਨਿੱਕੇ ਤੋਂ ਨਿੱਕੇ ਅਮਲਾਂ ਤੱਕ, ਬ੍ਰਹਿਮੰਡ ਵਿਚ ਵਾਪਰਦੇ ਬਹੁਭਾਂਤਕ ਵਰਤਾਰੇ ਆ ਜਾਂਦੇ ਹਨ। ਵਸਤੂਪਰਕ ਸੰਸਾਰ ਵਿਚ ਆਮ ਅੰਤਰ-ਸੰਬੰਧ ਹਰ੍ਹ ਪ੍ਰਕਾਰ ਦੀ ਗਤੀ ਵਿਚ ਪਰਗਟ ਹੁੰਦਾ ਹੈ: ਮਕਾਨਕੀ ਥਾਂ-ਬਦਲੀ ਵਿਚ, ਵਖੋ ਵਖਰੇ ਭੌਤਕ, ਰਸਾਇਣੀ ਅਤੇ ਜੀਵ--ਵਿਗਿਆਨਕ ਅਮਲਾਂ ਵਿਚ ਅਤੇ ਸਮਾਜਕ ਘਟਣਾਵਾਂ ਵਿਚ।

ਬੇਸ਼ਕ, ਵਿਰੋਧ-ਵਿਕਾਸ ਦੇ ਇਤਿਹਾਸ ਵਿਚ ਐਸੇ ਵੀ ਵਿਚਾਰ ਮਿਲਦੇ ਸਨ ਜਿਹੜੇ ਗਤੀ ਵਿਚਲੀਆਂ ਤਬਦੀਲੀਆਂ ਦੇ ਰੋਲ ਨੂੰ ਵਧਾਅ-ਚੜ੍ਹਾਅ ਕੇ (ਨਿਰਪੇਖ ਬਣਾ ਕੇ) ਦਸਦੇ ਸਨ। ਉਦਾਹਰਣ ਵਜੋਂ, ਪੁਰਾਤਨ ਯੂਨਾਨੀ ਫ਼ਿਲਾਸਫ਼ਰ ਅਤੇ ਹਿਰਾਕਲੀਟਸ ਦੇ ਚੇਲੇ, **ਕਰਾਟੀਲਸ** ਨੇ ਕਿਹਾ ਸੀ ਕਿ ਇਕੋ ਹੀ ਨਦੀ ਵਿਚ ਦੋ ਵਾਰੀ ਉਤਰਨਾ ਅਸੰਭਵ ਹੈ: ਜਿਸ ਵੇਲੇ ਅਸੀਂ ਇਸ ਵਿਚ ਦਾਖਲ ਹੋ ਰਹੇ ਹੁੰਦੇ ਹਾਂ, ਦਰਿਆ ਅਤੇ ਅਸੀਂ, ਦੋਵੇਂ ਹੀ ਬਦਲ ਚੁੱਕੇ ਹੁੰਦੇ ਹਾਂ। ਇਥੋਂ ਉਸਨੇ ਸਿੱਟਾ ਇਹ ਕੱਢਿਆ ਕਿ ਗਿਆਨ ਪਰਾਪਤ ਨਹੀਂ ਕੀਤਾ ਜਾ ਸਕਦਾ। ਇਸ ਪੁਜ਼ੀਸ਼ਨ ਨੂੰ **ਸਾਪੇਖਤਾਵਾਦ** ਕਹਿੰਦੇ ਹਨ; ਇਹ ਗਤੀਸ਼ੀਲਤਾ, ਬਦਲਣਯੋਗਤਾ ਅਤੇ ਹਰਕਤ ਦੇ ਰੋਲ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕਰਦਾ ਹੈ, ਅਤੇ ਇਹ ਵਿਸ਼ਵਾਸ ਰੱਖਦਾ ਹੈ ਕਿ ਜੇ ਸਭ

ਕੁਝ ਹੀ ਹਰਕਤ ਵਿਚ ਹੈ, ਤਾਂ ਵਸਤਾਂ ਬਾਰੇ ਕੁਝ ਵੀ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ। ਇਹ ਵਿਚਾਰ ਵਿਰੋਧ-ਵਿਕਾਸ ਨੂੰ ਇਸਦੀ ਵਿਰੋਧੀ ਫ਼ਿਲਾਸਫ਼ੀ—ਅਧਿਆਤਮਵਾਦ ਵਿਚ ਬਦਲ ਦੇਂਦਾ ਹੈ, ਜਿਸ ਉਪਰ ਅਸੀਂ ਹੁਣ ਵਿਚਾਰ ਕਰਾਂਗੇ।

## ਅਧਿਆਤਮਵਾਦ ਕੀ ਹੈ ?

"ਮੈਟਾਫ਼ਿਜ਼ਿਕਸ" ਦਾ ਸ਼ਾਬਦਿਕ ਅਰਥ ਹੈ "ਭੌਤਕ-ਵਿਗਿਆਨ ਤੋਂ ਮਗਰੋਂ", ਅਤੇ ਇਹ ਸ਼ਬਦ ਬਣਾਵਟੀ ਤੌਰ ਉਤੇ ਘੜਿਆ ਗਿਆ ਹੈ। ਸਿਕੰਦਰੀਆ ਦੇ ਇਕ ਲਾਇਬਰੇਰੀਅਨ, **ਰੋਡੇਜ਼ ਦੇ ਆਂਦਰੋਨੀਕਸ** (ਜਿਸਨੇ ਅਰਸਤੂ ਦੀਆਂ ਹੱਥ-ਲਿਖਤਾਂ ਦਾ ਅਧਿਐਨ ਕੀਤਾ), ਨੇ ਉਹਨਾਂ ਨੂੰ ਤਰਤੀਬ ਦੇਂਦਿਆਂ ਹੋਇਆਂ ਅਖਾਉਤੀ ਪ੍ਰਥਮ ਫ਼ਿਲਾਸਫ਼ੀ, ਜਾਂ ਦਾਰਸ਼ਨਿਕ ਸਿਆਣਪ ਦੇ ਖੇਤਰ ਨਾਲ ਸੰਬੰਧਤ ਲਿਖਤਾਂ ਨੂੰ ਉਸਦੇ **ਭੌਤਕ-ਵਿਗਿਆਨ**, ਪ੍ਰਕਿਰਤੀ ਬਾਰੇ ਸਿਧਾਂਤ, ਤੋਂ ਮਗਰ ਰੱਖ ਦਿਤਾ। ਉਸਤੋਂ ਮਗਰੋਂ ਸਮੁੱਚੇ ਤੌਰ ਉਤੇ ਦਾਰਸ਼ਨਿਕ ਕਿਰਤਾਂ ਨੂੰ ਅਧਿਆਤਮਵਾਦ ਕਿਹਾ ਜਾਣ ਲੱਗ ਪਿਆ। ਮਗਰੋਂ ਇਸ ਸ਼ਬਦ ਦੇ ਅਰਥ ਵਿਚ ਤਬਦੀਲੀ ਆਉਂਦੀ ਗਈ। ਉਦਾਹਰਣ ਵਜੋਂ, ਹੀਗਲ ਇਸਨੂੰ ਗਤੀ ਬਾਰੇ ਇਕ ਦ੍ਰਿਸ਼ਟੀਕੋਨ ਕਹਿੰਦਾ ਸੀ ਜਿਹੜਾ ਕਿ ਵਿਰੋਧ-ਵਿਕਾਸ ਦਾ ਬਿਲਕੁਲ ਉਲਟ ਹੈ। ਮੈਟਾਫ਼ਿਜ਼ਿਕਸ ਜਾਂ ਅਧਿਆਤਮਵਾਦ ਦਾ ਮੁੱਖ ਲੱਛਣ ਵਸਤਾਂ ਦੀ ਅਤੇ ਇਹਨਾਂ ਵਸਤਾਂ ਬਾਰੇ ਚਿੰਤਨ ਦੇ ਮੰਤਕੀ ਰੂਪਾਂ ਦੀ ਨਾ-ਬਦਲਣਯੋਗਤਾ ਨੂੰ ਨਿਰਪੇਖ ਬਣਾਉਣਾ ਹੈ। ਵਸਤਾਂ ਨੂੰ ਅੰਤਮ ਸਿੱਟੇ ਸਮਝਿਆ ਜਾਂਦਾ ਸੀ ਅਤੇ ਇਹਨਾਂ ਵਿਚ ਗਤੀ ਨੂੰ, ਇਸਦੇ ਸੋਮੇ ਨੂੰ ਅਤੇ ਇਸਦੇ ਪਿੱਛੇ ਕੰਮ ਕਰਦੇ ਵਿਰੋਧਾਂ ਨੂੰ ਲਾਜ਼ਮੀ ਨਹੀਂ ਸੀ ਸਮਝਿਆ ਜਾਂਦਾ। "ਅਧਿਆਤਮਵਾਦੀ ਲਈ ਵਸਤਾਂ ਅਤੇ ਉਹਨਾਂ ਦੇ ਦਿਮਾਗ਼ੀ ਪਰਤੌ, ਵਿਚਾਰ,

ਵਖਰੇ ਵਖਰੇ ਹਨ, ਉਹਨਾਂ ਨੂੰ ਇਕ ਇਕ ਕਰਕੇ ਅਤੇ ਇਕ ਦੂਜੇ ਤੋਂ ਵੱਖ ਕਰਕੇ ਹੀ ਵਿਚਾਰਿਆ ਜਾਣਾ ਚਾਹੀਦਾ ਹੈ; ਉਹ ਪਰਖ-ਪੜਤਾਲ ਦੀਆਂ ਵਸਤਾਂ ਹਨ—ਅਬਦਲ, ਕਠੋਰ, ਹਮੇਸ਼ਾ ਹਮੇਸ਼ਾ ਲਈ ਇਕੋ ਰੂਪ ਰੱਖਦੀਆਂ। ਉਹ ਪੂਰੀ ਤਰ੍ਹਾਂ ਅਮੇਲ ਵਿਰੋਧੀ ਸੂਤਰਾਂ ਵਿਚ ਸੋਚਦਾ ਹੈ। ਉਹ 'ਹਾਂ, ਹਾਂ;' 'ਨਹੀਂ, ਨਹੀਂ' ਹੀ ਕਹਿੰਦਾ ਹੈ; ਕਿਉਂਕਿ ਇਸਤੋਂ ਵੱਧ ਜੋ ਕੁਝ ਵੀ ਹੈ ਉਹ ਬਦੀ ਦਾ ਸਿੱਟਾ ਹੈ।"*

ਇਸਲਈ ਵਿਰੋਧ-ਵਿਕਾਸ ਅਤੇ ਅਧਿਆਤਮਵਾਦ ਵਿਕਾਸ ਦੀਆਂ ਦੋ **ਵਿਰੋਧੀ** ਦ੍ਰਿਸ਼ਟੀਆਂ ਹਨ, ਸੰਸਾਰ ਦੇ ਗਿਆਨ ਦੀ ਵਿਆਖਿਆ ਦੇ ਦੋ ਵਖੋ ਵਖਰੇ ਢੰਗ ਹਨ। ਕਦੀ ਕਦੀ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਵਿਰੋਧ-ਵਿਕਾਸ ਗਤੀ ਨੂੰ ਮੰਣਦਾ ਹੈ ਜਦ ਕਿ ਅਧਿਆਤਮਵਾਦ ਇਸਨੂੰ ਨਹੀਂ ਮੰਣਦਾ, ਪਰ ਆਧੁਨਿਕ ਅਧਿਆਤਮਵਾਦ ਦੇ ਸੰਬੰਧ ਵਿਚ ਇਹ ਗੱਲ ਠੀਕ ਨਹੀਂ। ਇਹ ਗੱਲ ਤਾਂ ਠੀਕ ਹੈ ਕਿ ਬੀਤੇ ਸਮੇਂ ਵਿਚ, ਉਦਾਹਰਣ ਵਜੋਂ, ਸਤਾਰ੍ਹਵੀਂ ਸਦੀ ਵਿਚ ਅਧਿਆਤਮਵਾਦ ਪਦਾਰਥਕ ਵਰਤਾਰਿਆਂ ਅਤੇ ਉਹਨਾਂ ਦੇ ਅੰਤਰ-ਸੰਬੰਧ ਦੀ ਲਾਜ਼ਮੀ ਖਾਸੀਅਤ ਵਜੋਂ ਗਤੀ ਤੋਂ ਆਪਣੇ ਆਪ ਨੂੰ ਵੱਖ ਕਰ ਲੈਂਦਾ ਸੀ, ਪਰ ਮਗਰੋਂ, ਖ਼ਾਸ ਕਰਕੇ ਵੀਹਵੀਂ ਸਦੀ ਵਿਚ ਇਹ ਗਤੀ ਤੋਂ ਇਨਕਾਰ ਨਹੀਂ ਸੀ ਕਰਦਾ, ਪਰ ਗਤੀ ਨੂੰ ਇਹ ਸਰਲੀਕ੍ਰਿਤ ਢੰਗ ਨਾਲ ਲੈਂਦਾ ਸੀ। ਵਿਰੋਧ-ਵਿਕਾਸ ਅਤੇ ਅਧਿਆਤਮਵਾਦ ਦੋਵੇਂ ਹੀ ਗਤੀ ਨੂੰ ਤਾਂ ਮੰਣਦੇ ਹਨ, ਪਰ ਉਹ ਇਸਨੂੰ ਵਖੋ ਵਖਰੇ ਢੰਗ ਨਾਲ ਸਮਝਦੇ ਅਤੇ ਵਿਆਖਿਆਉਂਦੇ ਹਨ, ਅਤੇ ਇਸਤਰ੍ਹਾਂ ਮੂਲ ਰੂਪ ਵਿਚ ਇਕ ਦੂਜੇ ਦਾ ਵਿਰੋਧ ਕਰਦੇ ਹਨ।

ਵਿਰੋਧ-ਵਿਕਾਸ ਵਿਰੋਧੀ ਅੰਸ਼ਾਂ ਦੇ ਅੰਤਰਕਰਮ ਵਜੋਂ, ਉਹਨਾਂ

---

* ਫ਼ਰੈਡਰਿਕ ਏਂਗਲਜ਼, "**ਐਂਟੀ-ਡੂਹਰਿੰਗ**", ਸਫਾ ੩੧।

ਦੀ ਏਕਤਾ ਅਤੇ ਘੋਲ ਵਜੋਂ ਵਿਕਾਸ ਦੀ ਵਿਆਖਿਆ ਕਰਦਾ ਹੈ। ਅਸਲ ਵਿਚ, ਇਹ ਅੰਦਰੂਨੀ ਵਿਕਾਸ, ਜਾਂ **ਸਵੈ-ਵਿਕਾਸ** ਹੋ ਨਿਬੜਦਾ ਹੈ। ਇਸਦੀ ਤੁਲਨਾ ਵਿਚ, ਅਧਿਆਤਮਵਾਦ ਵਿਕਾਸ ਨੂੰ ਸਾਧਾਰਨ ਥਾਂ-ਬਦਲੀ, ਵਾਧਿਆਂ ਜਾਂ ਘਾਟਿਆਂ, ਦੁਹਰਾਅ ਜਾਂ ਦਾਇਰਿਆਂ ਵਿਚ ਗਤੀ ਤੱਕ ਸੀਮਤ ਕਰ ਦੇਂਦਾ ਹੈ ਅਤੇ ਸਵੈ-ਵਿਕਾਸ ਨੂੰ ਰੱਦ ਕਰਦਾ ਹੈ।

ਸੰਸਾਰ ਅਤੇ ਇਸਦੇ ਬੋਧ ਬਾਰੇ ਅਧਿਆਤਮਵਾਦੀ ਦ੍ਰਿਸ਼ਟੀਕੋਨ ਇਕ ਖ਼ਾਸ ਪੜਾਅ ਉਤੇ ਠੀਕ ਸੀ ਜਦੋਂ ਇਹ ਵਿਗਿਆਨ ਵਲੋਂ ਅੱਗੇ ਵੱਲ ਪੁੱਟੇ ਗਏ ਕਦਮਾਂ ਨਾਲ ਅਤੇ ਗਿਆਨ ਵਿਚ ਤਰੱਕੀ ਦੀ ਲੋੜ ਨਾਲ ਸੰਬੰਧਤ ਸੀ। ਇਹ ਵਿਕੋਲਿਤਰੀਆਂ ਵਸਤਾਂ ਅਤੇ ਵਰਤਾਰਿਆਂ ਬਾਰੇ ਤੱਥਾਂ ਨੂੰ ਇਕੱਠੇ ਕਰਨ ਅਤੇ ਜਮ੍ਹਾਂ ਕਰਨ ਵਿਚ ਅਤੇ ਤੁਲਨਾ, ਨਿਰੀਖਣ ਆਦਿ ਰਾਹੀਂ ਉਹਨਾਂ ਦੀਆਂ ਖਾਸੀਅਤਾਂ ਲੱਭਣ ਵਿਚ ਸਹਾਈ ਹੁੰਦਾ ਸੀ। ਇਸ ਨਾਲ ਗਣਿਤ, ਭੌਤਕ-ਵਿਗਿਆਨ, ਜੀਵ-ਵਿਗਿਆਨ, ਰਸਾਇਣ ਆਦਿ ਵਿਗਿਆਨਾਂ ਵਿਚ ਲੱਭਤਾਂ ਕਰਨ ਵਿਚ ਤੇਜ਼ੀ ਆਈ।

ਫ਼ਰਾਂਸੀਸੀ ਜੀਵ-ਵਿਗਿਆਨੀ ਅਤੇ ਚਿੰਤਕ **ਜਾਂ ਲਮਾਰਕ** ਨੇ ਤੱਥਾਤਮਕ ਮਸਾਲੇ ਦੇ ਵਿਸ਼ਾਲ ਸੰਗ੍ਰਹਿ ਦੇ ਆਧਾਰ ਉਤੇ ਪਸ਼ੂਆਂ ਦੇ ਵਿਗਾਸ ਦਾ ਸਿਧਾਂਤ ਘੜਿਆ। ਉਸਨੇ ਆਪਣੇ ਵਿਚਾਰ ਆਪਣੀ ਪੁਸਤਕ "ਜੰਤੂ-ਵਿਗਿਆਨ ਦੀ ਫ਼ਿਲਾਸਫ਼ੀ" ਵਿਚ ਪੇਸ਼ ਕੀਤੇ ਜਿਸ ਵਿਚ ਉਸਨੇ ਵਿਗਾਸ ਨੂੰ ਸਰਲਤਾ ਤੋਂ ਜਟਿਲਤਾ ਵੱਲ ਗਤੀ ਵਜੋਂ ਲਿਆ; ਉਹ ਇਸਨੂੰ ਅੰਦਰੂਨੀ ਅਤੇ ਬਾਹਰਲੇ ਅੰਸ਼ਾਂ ਦੇ ਪ੍ਰਭਾਵ ਹੇਠ ਸਰੀਰਕ ਸੰਰਚਨਾ ਦੇ ਸੁਧਾਰ ਦਾ ਸਿੱਟਾ ਸਮਝਦਾ ਸੀ। ਪਰ ਚਿੰਤਨ ਦੇ ਅਧਿਆਤਮਵਾਦੀ ਢੰਗ ਦੇ ਗ਼ਲਬੇ ਹੇਠ ਗਿਆਨ ਨੂੰ ਇਕਤ੍ਰਿਤ ਕਰਨ ਅਤੇ ਤਰਤੀਬ ਦੇਣ ਦਾ ਸਿੱਟਾ ਸਿਰਫ਼ ਐਸੀ ਅਵਸਥਾ ਵਿਚ ਹੀ ਨਿਕਲ ਸਕਿਆ ਜਿਸ ਵਿਚ ਵਸਤਾਂ ਅਤੇ ਵਰਤਾਰਿਆਂ ਨੂੰ ਦੂਜੀਆਂ ਵਸਤਾਂ ਅਤੇ

ਵਰਤਾਰਿਆਂ ਨਾਲ ਉਹਨਾਂ ਦੇ ਸੰਬੰਧਾਂ ਦੀ ਦ੍ਰਿਸ਼ਟੀ ਤੋਂ ਨਹੀਂ ਸੀ ਵਿਚਾਰਿਆ ਜਾਂਦਾ, ਸਗੋਂ ਸਿਰਫ਼ ਇਕੱਲੇ ਇਕੱਲੇ ਤੌਰ ਉਤੇ ਵਿਚਾਰਿਆ ਜਾਂਦਾ ਸੀ; ਉਹਨਾਂ ਦੀ ਤਬਦੀਲੀ ਅਤੇ ਵਿਕਾਸ ਵਿਗਿਆਨੀਆਂ ਦੀ ਬਿਰਤੀ ਵਿਚ ਵਿਘਣ ਪਾਉਂਦੇ ਸਨ।

ਉਨ੍ਹੀਂਵੀ ਸਦੀ ਤੱਕ ਇਹ ਵਿਚਾਰ ਪ੍ਰਧਾਨ ਰਿਹਾ, ਅਤੇ ਕਈ ਵਿਗਿਆਨੀ ਸੰਸਾਰ ਦੀ ਨਾ-ਬਦਲਣਯੋਗਤਾ ਵਿਚ ਅਤੇ ਇਸਦੇ ਬੁਨਿਆਦੀ ਕਾਨੂੰਨਾਂ ਦੀ ਸਥਿਰਤਾ ਵਿਚ ਯਕੀਨ ਰੱਖਦੇ ਸਨ, ਜਿਨ੍ਹਾਂ ਨੂੰ ਮਕੈਨਿਕਸ ਦੇ ਕਾਨੂੰਨਾਂ ਵਰਗੇ ਬਣਾ ਦਿਤਾ ਗਿਆ ਸੀ। ਇਸ ਦ੍ਰਿਸ਼ਟੀਕੋਣ ਅਨੁਸਾਰ, ਇਸ ਬ੍ਰਹਿਮੰਡ ਵਿਚ ਕੁਝ ਵੀ ਨਵਾਂ ਨਹੀਂ ਪੈਦਾ ਹੋ ਸਕਦਾ। ਇਸਤਰ੍ਹਾਂ ਨਾਲ ਅਧਿਆਤਮਵਾਦ, ਜਿਹੜਾ ਕਿ ਗਿਆਨ ਦਾ ਇਤਿਹਾਸਕ ਤੌਰ ਉਤੇ ਸੀਮਤ ਢੰਗ ਹੈ, ਹੌਲੀ ਹੌਲੀ ਵਿਗਿਆਨ ਦੇ ਵਿਗਾਸ ਲਈ ਰੁਕਾਵਟ ਬਣਨ ਲੱਗ ਪਿਆ।

### ਤਿੰਨ ਮਹਾਨ ਲੱਭਤਾਂ

ਜਿਉਂ ਜਿਉਂ ਵਿਗਿਆਨ ਵਿਕਾਸ ਕਰਦਾ ਗਿਆ, ਸੰਸਾਰ ਬਾਰੇ ਅਧਿਆਤਮਵਾਦੀ ਦ੍ਰਿਸ਼ਟੀਕੋਣ ਦਾ ਦਿਵਾਲੀਆਪਣ ਸਪਸ਼ਟ ਹੁੰਦਾ ਗਿਆ। ਇਹ ਗੱਲ ਸਭ ਤੋਂ ਪਹਿਲਾਂ ਬ੍ਰਹਿਮੰਡ-ਵਿਗਿਆਨ ਵਿਚ ਵਾਪਰੀ। ਜਰਮਨ ਪ੍ਰਕਿਰਤਕ ਵਿਗਿਆਨੀ ਅਤੇ ਫ਼ਿਲਾਸਫ਼ਰ ਕਾਂਤ ਨੇ ਅਤੇ ਫ਼ਰਾਂਸੀਸੀ ਤਾਰਾ-ਵਿਗਿਆਨੀ ਅਤੇ ਗਣਿਤ--ਵਿਗਿਆਨੀ **ਪੀਅਰੇ ਲਾਪਲਾਸ** ਨੇ ਸੂਰਜ-ਮੰਡਲ ਦੇ ਮੁੱਢ ਬਾਰੇ ਇਕੋ ਜਿਹੇ ਮਿਥਣ ਪੇਸ਼ ਕੀਤੇ: ਦੋਹਾਂ ਦਾ ਸੁਝਾਅ ਸੀ ਕਿ ਇਹ ਧੂੜ ਵਰਗੇ ਪਦਾਰਥ ਵਿਚੋਂ ਸੁਭਾਵਕ ਤੌਰ ਉਤੇ ਹੀ ਬਣਿਆ ਹੈ। ਉਹਨਾਂ ਦਾ ਸਿਧਾਂਤ ਬ੍ਰਹਿਮੰਡੀ ਵਜੂਦਾਂ ਦੇ ਅਧਿਆਤਮਵਾਦੀ ਸੰਕਲਪ ਵਿਚ ਪਹਿਲੀ ਤ੍ਰੇੜ ਸੀ।

ਸਰਬ-ਵਿਆਪਕ ਤਬਦੀਲੀ ਅਤੇ ਵਿਗਾਸ ਬਾਰੇ ਵਿਰੋਧ--ਵਿਕਾਸੀ ਵਿਚਾਰ ਖ਼ੁਦ ਵਿਗਿਆਨ ਦੇ ਐਨ ਵਿਚਕਾਰ ਪੈਦਾ ਹੋਏ ਸਨ। ਇਹ ਵਿਚਾਰ ਵਿਗਿਆਨ ਵਿਚ ਖ਼ਾਸ ਕਰਕੇ ਉਨ੍ਹੀਵੀਂ ਸਦੀ ਦੇ ਅੱਧ ਤੋਂ ਪੱਕੀ ਤਰ੍ਹਾਂ ਘਰ ਕਰ ਚੁੱਕਾ ਹੈ ਕਿ ਵਿਗਾਸ ਦੇ ਸਿਧਾਂਤ ਦੀ ਮੱਦਦ ਨਾਲ ਹੀ ਬਦਲਦੀ ਦੁਨੀਆਂ ਦੀ ਵੰਨ--ਸੁਵੰਨਤਾ ਦੀ ਵਿਆਖਿਆ ਕਰਨਾ ਸੰਭਵ ਹੈ। ਸੰਸਾਰ ਬਾਰੇ ਵਿਰੋਧ-ਵਿਕਾਸੀ ਦ੍ਰਿਸ਼ਟੀਕੋਨ ਸੂਤ੍ਰਿਤ ਕਰਨ ਲਈ ਉਨ੍ਹੀਵੀਂ ਸਦੀ ਵਿਚ ਕੀਤੀਆਂ ਗਈਆਂ ਤਿੰਨ ਮਹਾਨ ਲੱਭਤਾਂ ਦੀ ਅਥਾਹ ਮਹੱਤਾ ਸੀ—ਸਜੀਵ ਸ਼ਰੀਰਾਂ ਦੀ ਸੈੱਲ-ਰੂਪੀ ਸੰਰਚਨਾ ਦੀ ਲੱਭਤ, ਸ਼ਕਤੀ ਦੀ ਅਵਿਨਾਸ਼ਕਤਾ ਅਤੇ ਤਬਦੀਲੀ ਦੇ ਕਾਨੂੰਨ ਦਾ ਪ੍ਰਮਾਣਿਤ ਹੋਣਾ, ਅਤੇ ਵਿਗਾਸ ਦਾ ਸਿਧਾਂਤ। ਉਹਨਾਂ ਨੇ ਸੰਸਾਰ ਵਿਚ ਵਸਤਾਂ ਅਤੇ ਵਰਤਾਰਿਆਂ ਦੇ ਸਰਬ-ਵਿਆਪਕ ਅੰਤਰਸੰਬੰਧਾਂ ਨੂੰ ਪਰਗਟ ਕਰਨ ਵਿਚ ਸਹਾਇਤਾ ਕੀਤੀ, ਅਤੇ ਦਰਸਾਇਆ ਕਿ ਵਿਕਾਸ ਸਰਲਤਾ ਤੋਂ ਜਟਿਲਤਾ ਵੱਲ, ਹੇਠਲੇ ਤੋਂ ਉਪਰਲੇ ਵੱਲ ਚੱਲਦਾ ਹੈ। ਪਹਿਲਾਂ ਵਿਗਿਆਨੀ ਅਤੇ ਫ਼ਿਲਾਸਫ਼ਰ-ਅਧਿਆਤਮਵਾਦੀ ਦੋਵੇਂ ਹੀ ਪਦਾਰਥ ਦੇ ਵਖੋ ਵਖਰੇ ਰੂਪਾਂ—ਤਾਪ, ਚੁੰਬਕੀ, ਮਕਾਨਕੀ ਅਤੇ ਬਿਜਲਈ—ਨੂੰ ਇਕ ਦੂਜੇ ਤੋਂ ਸਵੈਧੀਨ ਹੋਂਦ ਰੱਖਦੇ ਸਮਝਦੇ ਸਨ; ਪਰ ਹੁਣ ਉਹਨਾਂ ਦਾ ਅੰਦਰੂਨੀ ਸੰਬੰਧ ਸਿੱਧ ਹੋ ਚੁੱਕਾ ਹੈ।

੧੯੩੦-ਵਿਆਂ ਵਿਚ ਜਰਮਨ ਜੀਵ-ਵਿਗਿਆਨੀ ਥਿਓਦਰ **ਸ਼ਵਾਨ** ਅਤੇ ਬਨਸਪਤੀ-ਵਿਗਿਆਨੀ ਮੈਥੀਆਸ **ਸ਼ਲਾਈਡਨ** ਨੇ ਸਜੀਵ ਸ਼ਰੀਰਾਂ ਦੇ ਵਿਕਾਸ ਦਾ ਅਧਿਐਨ ਕਰਦਿਆਂ ਸੈੱਲ ਦੀ ਲੱਭਤ ਕੀਤੀ ਜੋ ਕਿ ਸਾਰੇ ਬੂਟਿਆਂ ਅਤੇ ਜੀਵਾਂ ਦੀ ਸੰਰਚਨਾ ਦੀ ਬੁਨਿਆਦ ਸੀ। ਇਹ ਲੱਭਤ ਅਥਾਹ ਦਾਰਸ਼ਨਿਕ ਮਹੱਤਾ ਰੱਖਦੀ ਸੀ, ਕਿਉਂਕਿ ਇਹ ਸਾਰੀਆਂ ਸਜੀਵ ਵਸਤਾਂ ਦੀ ਏਕਤਾ ਅਤੇ ਸੰਬੰਧਤਾ ਨੂੰ ਸਥਾਪਤ ਕਰਦੀ ਸੀ।

ਸ਼ਕਤੀ ਦੀ ਅਵਿਨਾਸ਼ਕਤਾ ਅਤੇ ਤਬਦੀਲੀ ਦਾ ਕਾਨੂੰਨ ਅੰਗ੍ਰੇਜ਼ ਭੌਤਕ-ਵਿਗਿਆਨੀ **ਜੇਮਜ਼ ਜੂਲ** ਅਤੇ ਰੂਸੀ ਭੌਤਕ-ਵਿਗਿਆਨੀ **ਐਮਿਲ ਲੈਂਜ਼** ਨੇ ਲੱਭਿਆ ਅਤੇ ਸਾਬਤ ਕੀਤਾ। ਇਸ ਕਾਨੂੰਨ ਅਨੁਸਾਰ ਬਿਨਾਂ ਕਾਰਨ ਕੁਝ ਵੀ ਪਰਗਟ ਜਾਂ ਲੋਪ ਨਹੀਂ ਹੁੰਦਾ। ਸਦੀਆਂ ਪਹਿਲਾਂ ਪੁਰਾਤਨ ਫ਼ਿਲਾਸਫ਼ਰਾਂ ਨੇ ਵੀ ਇਸੇਤਰ੍ਹਾਂ ਦਾ ਵਿਚਾਰ ਹੀ ਪਰਗਟ ਕੀਤਾ ਸੀ, ਪਰ ਇਹ ਉਹਨਾਂ ਦਾ ਸਿਰਫ਼ ਅੰਦਾਜ਼ਾ ਹੀ ਸੀ: ਉਹਨਾਂ ਨੇ ਵੀ ਦਲੀਲ ਦਿਤੀ ਸੀ ਕਿ ਸ਼ੂਨਯ ਦੇ ਵਿਚੋਂ ਕੁਝ ਵੀ ਪੈਦਾ ਨਹੀਂ ਹੁੰਦਾ। ਇਹ ਸੂਤਰ ਉਨ੍ਹੀਵੀਂ ਸਦੀ ਤੱਕ ਵਿਗਿਆਨਕ ਤੌਰ ਉਤੇ ਪ੍ਰਮਾਣਿਤ ਨਹੀਂ ਸੀ ਕੀਤਾ ਗਿਆ, ਜਦੋਂ ਕਿ ਜੂਲ ਅਤੇ ਲੈਂਜ਼ ਨੇ ਹਰ ਪ੍ਰਕਾਰ ਦੀ ਸ਼ਕਤੀ ਵਿਚਕਾਰ ਅੰਤਰ-ਸੰਬੰਧ ਸਾਬਤ ਕੀਤਾ ਅਤੇ ਪ੍ਰਯੋਗ ਰਾਹੀਂ ਸਥਾਪਤ ਕੀਤਾ ਕਿ ਸ਼ਕਤੀ ਨਾ ਤਬਾਹ ਕੀਤੀ ਜਾ ਸਕਦੀ ਹੈ ਅਤੇ ਨਾ ਸਿਰਜੀ ਜਾ ਸਕਦੀ ਹੈ, ਇਹ ਸਿਰਫ਼ ਇਕ ਰੂਪ ਤੋਂ ਦੂਜੇ ਰੂਪ ਵਿਚ ਬਦਲ ਸਕਦੀ ਹੈ: ਮਕਾਨਕੀ ਤੋਂ ਤਾਪ-ਸ਼ਕਤੀ ਵਿਚ, ਤਾਪ ਤੋਂ ਬਿਜਲ-ਸ਼ਕਤੀ ਵਿਚ, ਆਦਿ।

ਅੰਗ੍ਰੇਜ਼ ਪ੍ਰਕਿਰਤਕ ਵਿਗਿਆਨੀ **ਚਾਰਲਸ ਡਾਰਵਿਨ** ਵਲੋਂ ਘੜਿਆ ਗਿਆ ਵਿਗਾਸ ਦਾ ਸਿਧਾਂਤ ਬਨਸਪਤੀ-ਸੰਸਾਰ ਅਤੇ ਜੀਵ-ਸੰਸਾਰ ਵਿਚਕਾਰ ਅੰਤਰ-ਸੰਬੰਧ ਦੀ ਪਦਾਰਥਕ ਵਿਆਖਿਆ ਕਰਦਾ ਸੀ। ਤੱਥਾਤਮਕ ਮਸਾਲੇ ਦੇ ਵਿਸ਼ਾਲ ਸੰਗ੍ਰਹਿ ਉਤੇ ਨਿਰਭਰ ਕਰਦਿਆਂ, ਡਾਰਵਿਨ ਨੇ ਸਾਬਤ ਕੀਤਾ ਕਿ ਸਾਰੀ ਪ੍ਰਕਿਰਤੀ, ਬੂਟੇ ਤੋਂ ਮਨੁੱਖ ਤੱਕ, ਨਿਰੰਤਰ ਤਬਦੀਲੀ ਅਤੇ ਵਿਗਾਸ ਦੀ ਸਥਿਤੀ ਵਿਚ ਰਹਿੰਦੀ ਹੈ।

ਵਿਗਾਸ ਦਾ ਵਿਚਾਰ ਗਿਆਨ ਦੇ ਦੂਜੇ ਖੇਤਰਾਂ ਵਿਚ ਵੀ ਚਲਾ ਗਿਆ ਹੈ। ਬ੍ਰਹਿਮੰਡ ਨੇ ਕਿਵੇਂ ਰੂਪ ਧਾਰਿਆ ਅਤੇ ਵਿਗਾਸ ਕੀਤਾ? ਇਸ ਬਾਰੇ ਭੌਤਕ-ਵਿਗਿਆਨ ਅਤੇ ਤਾਰਾ-ਵਿਗਿਆਨ ਵਿਚ ਵੀਹਵੀਂ ਸਦੀ ਵਿਚ ਸਿਧਾਂਤ ਬਣਾਏ ਗਏ। ਭੂ-ਵਿਗਿਆਨ

ਅਤੇ ਭੂਗੋਲ ਨੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਕਿ ਧਰਤੀ, ਇਸਦਾ ਕੇਂਦਰਕ ਅਤੇ ਸਤਹ ਲਗਾਤਾਰ ਤਬਦੀਲ ਹੁੰਦੇ ਰਹਿੰਦੇ ਹਨ। ਭੂ-ਵਿਗਿਆਨ ਨੇ ਪਦਾਰਥ ਦੇ ਵਿਗਾਸ ਦਾ ਅਧਿਐਨ ਸ਼ੁਰੂ ਕੀਤਾ। ਇਤਿਹਾਸ ਨੇ ਇਤਿਹਾਸਕਤਾ ਦੇ ਅਸੂਲ ਦੀ ਖੋਜ ਕੀਤੀ, ਅਰਥਾਤ, ਇਹ ਵਿਚਾਰ ਪੇਸ਼ ਕੀਤਾ ਕਿ ਪ੍ਰਗਤੀ ਹੇਠਲੇ ਤੋਂ ਉਪਰਲੇ ਵੱਲ ਨੂੰ ਗਤੀ ਹੈ। ਮਨੋਵਿਗਿਆਨ ਨੇ ਇਹ ਸਿੱਧ ਕੀਤਾ ਕਿ ਮਨੁੱਖੀ ਮਾਨਸਿਕਤਾ ਵੀ ਬਦਲਦੀ ਰਹਿੰਦੀ ਹੈ। ਇਸਤਰ੍ਹਾਂ ਸਰਬ-ਵਿਆਪਕ ਵਿਗਾਸ ਦਾ ਸਿਧਾਂਤ ਵਿਗਿਆਨ ਅਤੇ ਫ਼ਿਲਾਸਫ਼ੀ ਵਿਚ ਰਚ ਚੁੱਕਾ ਹੈ, ਅਤੇ ਇਹ ਵਿਚਾਰ ਪੂਰੀ ਤਰ੍ਹਾਂ ਗ਼ਲਤ ਸਾਬਤ ਕੀਤਾ ਜਾ ਚੁੱਕਾ ਹੈ ਕਿ ਸੰਸਾਰ ਅਬਦਲ ਹੈ।

ਇਸ ਵਿਚਾਰ ਨੂੰ ਵੀ ਪ੍ਰਮਾਣਿਤ ਕੀਤਾ ਜਾ ਰਿਹਾ ਹੈ ਕਿ ਸਾਰੇ ਦਾ ਸਾਰਾ ਯਥਾਰਥ ਅੰਤਰ-ਸੰਬੰਧਤ ਹੈ। ਵਾਯੂਮੰਡਲ ਵਿਚਲੀਆਂ ਤਬਦੀਲੀਆਂ ਬਨਸਪਤੀ ਅਤੇ ਜੀਵਾਂ ਵਿਚ ਤਬਦੀਲੀਆਂ ਲੈ ਆਉਂਦੀਆਂ ਹਨ। ਸੂਰਜ ਉਪਰਲੇ ਚੁੰਬਕੀ ਤੂਫ਼ਾਨ ਨਾ ਸਿਰਫ਼ ਰੇਡੀਓ ਪ੍ਰਸਾਰਨ ਵਿਚ ਹੀ ਵਿਘਣ ਪਾਉਂਦੇ ਹਨ, ਸਗੋਂ ਮੌਸਮ ਉਪਰ ਵੀ ਉਹਨਾਂ ਦਾ ਅਸਰ ਪੈਂਦਾ ਹੈ, ਜਦ ਕਿ ਵਾਯੂਮੰਡਲੀ ਦਬਾਅ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਵਸਤਾਂ ਅਤੇ ਵਰਤਾਰਿਆਂ ਦੇ ਸਰਬ-ਵਿਆਪਕ ਸੰਬੰਧ ਬਾਰੇ ਇਕੱਲੇ ਵਿਗਿਆਨੀ ਹੀ ਆਪਣੀਆਂ ਵਿਗਿਆਨਕ ਪੁਸਤਕਾਂ ਵਿਚ ਨਹੀਂ ਲਿਖਦੇ; ਲੇਖਕ ਅਤੇ ਕਵੀ ਵੀ ਆਪਣੀਆਂ ਕਿਰਤਾਂ ਵਿਚ ਇਹਨਾਂ ਬਾਰੇ ਵਿਚਾਰ ਕਰਦੇ ਹਨ। ਆਪਣੇ ਨਿੱਕੇ ਜਿਹੇ ਨਾਵਲ "ਗਰਜ ਦੀ ਆਵਾਜ਼" ਵਿਚ ਅਮਰੀਕੀ ਵਿਗਿਆਨਕ ਗਲਪ ਲੇਖਕ ਰੇਅ ਬਰੈਡਬਰੀ ਉਸ ਸੰਬੰਧ ਬਾਰੇ ਦੱਸਦਾ ਹੈ ਜਿਹੜਾ ਵਖੋ ਵਖਰੇ ਦੌਰਾਂ ਵਿਚਕਾਰ ਪਾਇਆ ਜਾਂਦਾ ਹੈ, ਅਤੇ ਇਸ ਬਾਰੇ ਦੱਸਦਾ ਹੈ ਕਿ ਸਮਾਜ ਦਾ ਸਭਿਆਚਾਰ, ਅਤੇ ਇਥੋਂ ਤੱਕ ਕਿ ਰਾਜਸੀ ਨਿਜ਼ਾਮ ਵੀ, ਇਕ ਇਕੱਲੀ ਤਿੱਤਲੀ ਜਾਂ ਚੂਹੇ

ਦੀ ਤਬਾਹੀ ਉਪਰ ਨਿਰਭਰ ਕਰਦਾ ਹੈ। ਬੇਸ਼ਕ, ਲੇਖਕ ਵਧਾਅ ਕੇ ਗੱਲ ਦੱਸ ਰਿਹਾ ਹੈ, ਪਰ ਇਸ ਕੰਬਾ ਦੇਣ ਵਾਲੀ ਕਹਾਣੀ ਨੂੰ ਪੜ੍ਹਦਿਆਂ ਬੰਦਾ ਇਹ ਵਿਸ਼ਵਾਸ ਕਰਨ ਵੱਲ ਰੁਚਿਤ ਹੋ ਜਾਂਦਾ ਹੈ ਕਿ ਇਹੋ ਜਿਹਾ ਸੰਬੰਧ ਮੌਜੂਦ ਹੋ ਸਕਦਾ ਹੈ। ਅਤੇ ਜ਼ਿੰਦਗੀ ਵੀ ਇਸਦੀ ਪੁਸ਼ਟੀ ਕਰਦੀ ਹੈ। ਸਚਮੁਚ, ਪ੍ਰਕਿਰਤੀ ਵਿਚਲੀਆਂ ਕੜੀਆਂ ਵਿਚੋਂ ਸਿਰਫ਼ ਇਕ ਦੀ ਤਬਾਹੀ ਜਾਂ ਕਮਜ਼ੋਰ ਹੋਣਾ ਨਾ ਸਿਰਫ਼ ਪ੍ਰਕਿਰਤੀ ਦੇ ਹੀ, ਸਗੋਂ ਸਮਾਜ ਦੇ ਵੀ ਮਗਰਲੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ।

ਫ਼ੈਡਰਲ ਜਰਮਨ ਰੀਪਬਲਿਕ ਦਾ ਇਕ ਮਾਰਕਸਵਾਦੀ ਫ਼ਿਲਾਸਫ਼ਰ, ਰਾਬਰਟ ਸਟਾਈਗਰਵਾਲਡ, ਵਸਤਾਂ ਅਤੇ ਵਰਤਾਰਿਆਂ ਵਿਚਕਾਰ ਸਰਬ-ਵਿਆਪਕ ਸੰਬੰਧ ਦੀ ਇਕ ਉਦਾਹਰਣ ਦੇਂਦਾ ਹੈ। ਉਹ ਇਕ ਬੇਹੱਦ ਕਾਰਗਰ ਕੀੜੇ ਮਾਰ ਦਵਾਈ, ਡੀ. ਡੀ. ਟੀ. ਦੀ ਲੱਭਤ ਉਪਰ ਵਿਚਾਰ ਕਰਦਾ ਹੈ। ਇਸਦੀ ਵਰਤੋਂ ਨੇ ਕੀੜੇ ਖ਼ਤਮ ਕਰਨ ਵਿਚ ਸਹਾਇਤਾ ਕੀਤੀ, ਪਰ ਇਸ ਚੀਜ਼ ਨੇ ਪੰਛੀਆਂ ਦੀ ਖ਼ੁਰਾਕ ਵੀ ਖ਼ਤਮ ਕਰ ਦਿਤੀ, ਅਤੇ ਬਸੰਤ ਬੇਆਵਾਜ਼ ਹੋ ਗਈ। ਡੀ.ਡੀ.ਟੀ. ਨੇ ਪੰਛੀਆਂ ਅਤੇ ਮਧੂ-ਮੱਖੀਆਂ ਨੂੰ ਮਾਰ ਦਿਤਾ, ਜਿਸ ਕਰਕੇ ਥੋਹੜੇ ਫੁੱਲ ਪਰਾਗੇ ਗਏ, ਜਿਸ ਨਾਲ ਫਲ ਅਤੇ ਬੇਰ ਘੱਟ ਹੋਏ।... ਥੱਲੇ ਬੈਠੀ ਡੀ.ਡੀ.ਟੀ. ਧਰਤੀ ਉਪਰਲੇ ਪਾਣੀ ਵਿਚ ਮਿਲ ਗਈ, ਉਥੋਂ ਇਹ ਦਰਿਆਵਾਂ ਅਤੇ ਸਾਗਰਾਂ ਵਿਚ ਚਲੀ ਗਈ, ਅਤੇ ਅਖ਼ੀਰ ਸਾਡੀ ਖ਼ੁਰਾਕ ਵਿਚ ਮਿਲ ਗਈ। ਇਹ ਲੋਕਾਂ ਦੇ ਮਿਅਦਿਆਂ ਵਿਚ ਇਕੱਠੀ ਹੋ ਗਈ। ਕਿਉਂਕਿ ਡੀ.ਡੀ.ਟੀ. ਨੂੰ ਜਿਊਂਦੇ ਸਰੀਰਾਂ ਵਿਚੋਂ ਕੱਢਣਾ ਅਸੰਭਵ ਹੈ, ਇਸਲਈ ਵਿਗਿਆਨੀ ਇਸ ਸਿੱਟੇ ਤੱਕ ਪੁੱਜੇ ਕਿ ਡੀ.ਡੀ.ਟੀ. ਦੀ ਵਰਤੋਂ ਘਟਾਈ ਜਾਏ।

ਪਰ ਵਰਤਾਰਿਆਂ ਵਿਚਲਾ ਸੰਬੰਧ ਹਮੇਸ਼ਾ ਹੀ ਪ੍ਰਤੱਖ ਨਹੀਂ

ਹੁੰਦਾ। ਕਈ ਵਾਰੀ ਤਾਂ ਅਸੀਂ ਇਸਨੂੰ ਦੇਖ ਵੀ ਨਹੀਂ ਸਕਦੇ। ਮਹਾਨ ਚਿੰਤਕ, ਕਵੀ ਅਤੇ ਗਣਿਤ-ਵਿਗਿਆਨੀ, ਉਮਰ ਖੱਯਾਮ, ਆਪਣੀ ਇਕ ਕਵਿਤਾ ਵਿਚ ਲਿਖਦਾ ਹੈ:

ਆਪਣੇ ਦੁਆਲੇ ਜੋ ਕੁਝ ਅਸੀਂ
ਦੇਖਦੇ ਹਾਂ, ਬੱਸ ਝੂਠ ਹੈ।
ਚੀਜ਼ਾਂ ਦੀ ਤਹਿ ਵਿਚ ਜਾਣ ਲਈ
ਲੰਮਾ ਪੈਂਡਾਂ ਮਾਰਨਾ ਪੈਂਦਾ ਹੈ।
ਜੋ ਕੁਝ ਦੇਖਦੇ ਹੋ, ਉਸਨੂੰ ਦੁਨੀਆਂ
ਦਾ ਸੱਚ ਨਾ ਸਮਝੋ,
ਕਿਉਂਕਿ ਚੀਜ਼ਾਂ ਦਾ ਭੇਤ ਅੱਖ ਨਾਲ
ਨਹੀਂ ਦੇਖਿਆ ਜਾ ਸਕਦਾ।

ਦੁਨੀਆਂ ਸਿਰਫ਼ ਬਦਲਦੀ ਅਤੇ ਹਰਕਤ ਹੀ ਨਹੀਂ ਕਰਦੀ; ਇਹ ਇੱਕ ਸਮੁੱਚ ਹੈ, ਅਤੇ ਇਸ ਵਿਚਲੀ ਹਰ ਚੀਜ਼ ਅਨਿੱਖੜ ਤੌਰ ਉਤੇ ਅੰਤਰ-ਸੰਬੰਧਤ ਹੈ। ਵਿਗਿਆਨ ਨੇ ਪੁਰਾਤਨ ਫ਼ਿਲਾਸਫ਼ਰਾਂ ਵਲੋਂ ਲਾਏ ਅੰਦਾਜ਼ੇ ਨੂੰ ਠੀਕ ਸਿੱਧ ਕਰ ਦਿਤਾ ਹੈ ਕਿ ਸ਼ੂਨਯ ਵਿਚੋਂ ਕੁਝ ਨਹੀਂ ਪੈਦਾ ਹੁੰਦਾ ਅਤੇ ਕੁਝ ਵੀ ਬਿਨਾਂ ਨਿਸ਼ਾਨ ਛੱਡਿਆਂ ਲੋਪ ਨਹੀਂ ਹੋ ਜਾਂਦਾ। ਮੁਢਲੇ ਅਣੂਆਂ ਤੋਂ ਐਟਮ ਬਣਦੇ ਹਨ ਅਤੇ ਉਹਨਾਂ ਤੋਂ ਮਾਲੀਕਿਊਲ। ਵੱਡੇ ਵਜੂਦ ਵੀ ਇਕ ਦੂਜੇ ਨਾਲ ਸੰਬੰਧਤ ਹਨ; ਬੂਟੇ ਅਤੇ ਜੀਵ-ਜੰਤੂ ਜੀਵ--ਵੰਨਗੀਆਂ, ਸ਼ਰੇਣੀਆਂ ਅਤੇ ਪਰਵਾਰਾਂ ਵਿਚ ਵੰਡੇ ਹੋਏ ਹਨ, ਸੂਰਜ ਧਰਤੀ ਨਾਲ, ਸਾਡਾ ਤਾਰਾ-ਮੰਡਲ ਦੂਜੇ ਤਾਰਾ-ਮੰਡਲਾਂ ਆਦਿ ਨਾਲ ਸੰਬੰਧ ਰੱਖਦਾ ਹੈ। ਇਸਤਰ੍ਹਾਂ, ਸੰਸਾਰ ਦਾ ਅਧਿਐਨ ਕਰਦਿਆਂ, ਅਸੀਂ ਇਸਨੂੰ ਇਸਦੇ ਅੰਤਰ-ਸੰਬੰਧਾਂ ਵਿਚ, ਏਕਤਾ ਅਤੇ ਤਬਦੀਲੀ ਵਿਚ ਦੇਖਦੇ ਹਾਂ।

ਫ਼ਿਲਾਸਫ਼ਰ ਵਸਤਾਂ ਵਿਚ ਉਹਨਾਂ ਦੇ ਗੁਣ ਅਤੇ ਮਾਤਰਾ ਰਾਹੀਂ ਨਿਖੇੜ ਕਰਦੇ ਸਨ। ਉਦਾਹਰਣ ਵਜੋਂ, ਡਿਮੋਕਰੀਟਸ ਦਾ ਕਹਿਣਾ ਸੀ ਕਿ ਐਟਮ ਹਨ ਅਤੇ ਖਾਲੀ ਥਾਂ ਹੈ। ਐਟਮ ਆਪਣੇ ਰੂਪ ਅਤੇ ਭਾਰ (ਭਾਵ, ਮਾਤਰਾ) ਕਰਕੇ ਫ਼ਰਕ ਰੱਖਦੇ ਹਨ: ਅਜੀਵ ਅਤੇ ਸਜੀਵ ਵਸਤਾਂ ਵਿਚਕਾਰ ਇਹ ਇਕੋ ਇਕ ਫ਼ਰਕ ਹੈ। ਉਸਦਾ ਕਹਿਣਾ ਸੀ ਕਿ ਆਤਮਾ ਵੀ ਐਟਮਾਂ ਤੋਂ ਹੀ ਬਣੀ ਹੈ, ਜਿਹੜੇ ਰੂਪ ਵਿਚ ਗੋਲ ਅਤੇ ਵਜ਼ਨ ਵਿਚ ਹਲਕੇ ਹਨ। ਪਾਇਥਾਗੋਰਸ ਪ੍ਰਕਿਰਤੀ ਵਿਚ ਮਾਤਰਿਕ ਸੰਬੰਧਾਂ ਦਾ ਸਵਾਲ ਖ਼ੜਾ ਕਰਨ ਵਾਲੇ ਪਹਿਲੇ ਫ਼ਿਲਾਸਫ਼ਰਾਂ ਵਿਚੋਂ ਇਕ ਸੀ। ਉਹ ਗਿਣਤੀ ਨੂੰ ਹੋਂਦ ਰੱਖਦੀਆਂ ਸਾਰੀਆਂ ਵਸਤਾਂ ਦਾ ਬੁਨਿਆਦੀ ਅਸੂਲ ਸਮਝਦਾ ਸੀ।

ਪਰ ਵਿਗਿਆਨੀ ਗੁਣ ਅਤੇ ਮਾਤਰਾ ਵਿਚਲੇ ਸੰਬੰਧ ਨੂੰ ਬਹੁਤ ਸਮੇਂ ਤੋਂ ਮੰਨ ਚੁੱਕੇ ਹਨ। ਉਦਾਹਰਣ ਵਜੋਂ ਅਰਬ ਦੇ ਕੀਮੀਆਗਰ ਇਸਨੂੰ ਜਾਣਦੇ ਸਨ; ਉਹਨਾਂ ਨੇ ਮੂਲ ਤੱਤ ਦੇ ਪਰਿਵਰਤਨ ਦਾ ਸਿਧਾਂਤ ਪੇਸ਼ ਕੀਤਾ। ਇਸਤਰ੍ਹਾਂ ਜੇਬਰ (ਜਾਬਿਰ-ਇਬਨ-ਖਯਾਨਾ) ਨਾਂ ਦੇ ਕੀਮੀਆਗਰ ਨੇ ਗੰਧਕ ਦਾ ਅਤੇ ਸ਼ੋਰੇ ਦਾ ਤੇਜ਼ਾਬ ਅਤੇ ਉਹਨਾਂ ਦੇ ਲੂਣ ਬਣਾਏ। ਗੁਣ ਦੇ ਪ੍ਰਵਰਗ ਦਾ ਸਭ ਤੋਂ ਪਹਿਲਾਂ ਅਰਸਤੂ ਨੇ ਵਿਸ਼ਲੇਸ਼ਣ ਕੀਤਾ, ਜਿਸਨੇ ਇਸਨੂੰ ਸਾਰ-ਤੱਤ ਦੀ ਵਿਸ਼ੇਸ਼ ਵਿਲੱਖਣਤਾ ਵਜੋਂ ਪਰਿਭਾਸ਼ਤ ਕੀਤਾ।

ਹਰ ਕੋਈ ਜਾਣਦਾ ਹੈ ਕਿ ਮਾਤਰਿਕ ਤਬਦੀਲੀਆਂ ਇਕ ਵਸਤ ਜਾਂ ਵਰਤਾਰੇ ਵਿਚ ਨਵਾਂ ਗੁਣ ਪੈਦਾ ਕਰਨ ਵੱਲ ਲੈ ਜਾਂਦੀਆਂ ਹਨ। ਅਸੀਂ ਵੱਡੇ ਹੁੰਦੇ ਹਾਂ, ਭਾਵ, ਬੱਚੇ ਤੋਂ ਗਭਰੀਟ ਬਣਦੇ ਹਾਂ, ਅਤੇ ਫਿਰ ਸਿਆਣੀ ਉਮਰ ਦੇ ਅਤੇ ਬੁਢੇ ਹੋ ਜਾਂਦੇ

ਹਾਂ। (ਇਕ ਅਵਸਥਾ ਤੋਂ ਦੂਜੀ ਵਿਚ ਜਾਣ ਦਾ) ਇਹ ਅਮਲ ਸਾਡੇ ਲਈ ਅਪੋਹ ਹੀ ਵਾਪਰਦਾ ਹੈ, ਅਤੇ ਬਾਲਪਣ ਤੋਂ ਗਭਰੀਟ ਅਵਸਥਾ ਨੂੰ ਨਿਖੇੜਣ ਵਾਲੀ ਲਕੀਰ ਹਮੇਸ਼ਾ ਹੀ ਨਹੀਂ ਲੱਭੀ ਜਾ ਸਕਦੀ। ਮਾਤਰਿਕ ਤਬਦੀਲੀਆਂ ਦੀ ਲਗਾਤਾਰਤਾ ਪ੍ਰਕਿਰਤਕ ਅਤੇ ਸਮਾਜਕ ਅਮਲਾਂ ਦੇ ਦੌਰਾਨ ਨਾ ਸਿਰਫ਼ ਇਹ ਕਿ ਨਵੇਂ ਦੇ ਪਰਗਟ ਹੋਣ ਦੀ ਵਿਆਖਿਆ ਨਹੀਂ ਕਰਦੀ, ਸਗੋਂ ਇਹਨਾਂ ਨੂੰ ਸਮਝਣਾ ਹੋਰ ਵੀ ਮੁਸ਼ਕਲ ਬਣਾ ਦੇਂਦੀ ਹੈ। ਨਵੇਂ ਦਾ ਸੰਕਲਪ ਲਾਜ਼ਮੀ ਤੌਰ ਉਤੇ ਛਲਾਂਗ ਵਰਗੀ ਗੁਣਾਤਮਕ ਤਬਦੀਲੀ ਵਜੋਂ ਵਿਕਾਸ ਨਾਲ ਜੁੜਿਆ ਹੋਇਆ ਹੈ।

ਪੁਰਾਤਨ ਯੂਨਾਨੀਆਂ ਨੇ ਇਹ ਅੰਦਾਜ਼ਾ ਲਾਇਆ ਸੀ; ਉਹਨਾਂ ਨੇ ਵਿਸ਼ੇਸ਼ ਬੌਧਕ ਦਲੀਲਾਂ (sorites) ਵੀ ਸੁਝਾਈਆਂ ਸਨ, ਜਿਨ੍ਹਾਂ ਵਿਚ ਪ੍ਰਕਿਰਤੀ ਅਤੇ ਮਨੁੱਖਾ ਜੀਵਨ ਵਿਚ ਗੁਣਾਤਮਕ ਛਲਾਂਗ ਵਰਗੀਆਂ ਤਬਦੀਲੀਆਂ ਦੀ ਅਟੱਲਤਾ ਨੂੰ ਮੰਤਕੀ ਢੰਗ ਨਾਲ ਪ੍ਰਮਾਣਿਤ ਕੀਤਾ ਗਿਆ ਸੀ; ਇਹ ਤਬਦੀਲੀਆਂ ਮਾਤਰਿਕ ਨਿਰੰਤਰਤਾ ਨੂੰ ਭੰਗ ਕਰਦੀਆਂ ਹਨ। ਉਦਾਹਰਣ ਵਜੋਂ, "ਢੇਰ" ਨਾਲ ਸੰਬੰਧਤ ਦਲੀਲ ਇਹ ਸਵਾਲ ਪੈਦਾ ਕਰਦੀ ਹੈ ਕਿ ਸਾਰਾ ਢੇਰ ਕਿਵੇਂ ਬਣਦਾ ਹੈ, ਕਿਉਂਕਿ ਇਹ ਰੇਤ ਦੇ ਵਖਰੇ ਵਖਰੇ ਜ਼ੱਰਿਆਂ ਤੋਂ ਬਣਿਆ ਹੁੰਦਾ ਹੈ। ਰੇਤ ਦਾ ਇਕੋ ਇਕ ਜ਼ੱਰਾ ਢੇਰ ਨਹੀਂ ਹੁੰਦਾ, ਨਾ ਦੋ ਜ਼ੱਰੇ, ਨਾ ਤਿੰਨ, ਚਾਰ ਜਾਂ ਪੰਜ ਜ਼ੱਰੇ ਢੇਰ ਹੁੰਦੇ ਹਨ...। ਰੇਤ ਦੇ ਇਕ ਜ਼ੱਰੇ ਨੂੰ ਦੂਜਿਆਂ ਵਿਚ ਮਿਲਾ ਦੇਣ ਨਾਲ ਵੀ ਢੇਰ ਨਹੀਂ ਬਣਦਾ। ਤਾਂ ਫ਼ਿਰ ਇਹ ਕਿਵੇਂ ਬਣਦਾ ਹੈ? ਕਿਸ ਵਿਸ਼ੇਸ਼ ਘੜੀ? "ਗੰਜ" ਬਾਰੇ ਦਲੀਲ ਵਿਚ ਇਸੇਤਰ੍ਹਾਂ ਦੇ ਅਮਲ ਉਤੇ ਉਲਟੇ ਪਾਸਿਉਂ ਵਿਚਾਰ ਕੀਤੀ ਗਈ ਹੈ: ਮਨੁੱਖ ਗੰਜਾ ਕਿਵੇਂ ਹੁੰਦਾ ਹੈ, ਜੇ ਅਸੀਂ ਉਸਦੇ ਵਾਲਾਂ ਦੀ ਗਿਣਤੀ ਇਕ, ਦੋ, ਤਿੰਨ ਆਦਿ ਆਦਿ ਵਾਲਾਂ ਜਿੰਨੀਂ ਘਟਾ ਦੇਈਏ, ਤਾਂ ਇਸ ਨਾਲ ਗੰਜ ਤਾਂ

ਨਹੀਂ ਬਣ ਜਾਇਗਾ? ਫ਼ਿਰ ਵੀ, ਪੁਰਾਤਨ ਸਮਿਆਂ ਵਾਂਗ ਹੀ ਅੱਜ ਵੀ ਢੇਰ ਬਣ ਰਹੇ ਹਨ, ਅਤੇ ਆਦਮੀ ਗੰਜੇ ਹੋ ਰਹੇ ਹਨ...। ਇਹਨਾਂ ਵਰਤਾਰਿਆਂ ਨੂੰ ਮਾਤਰਿਕ ਅਤੇ ਗੁਣਾਤਮਕ ਤਬਦੀਲੀਆਂ ਵਿਚਲੇ ਅੰਤਰ-ਸੰਬੰਧ ਦੇ ਵਿਸ਼ਲੇਸ਼ਣ ਰਾਹੀਂ ਹੀ ਸਮਝਿਆ ਜਾ ਸਕਦਾ ਹੈ ਅਤੇ ਇਹਨਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਦੋਹਾਂ ਹੀ ਸੂਰਤਾਂ ਵਿਚ, ਮਾਤਰਿਕ ਇਕੱਤ੍ਰੀਕਰਨ ਗੁਣਾਤਮਕ ਵਿਲੱਖਣਤਾ ਵਿਚ ਬਦਲ ਜਾਂਦਾ ਹੈ। ਇਥੇ ਅਸੀਂ ਇਕ ਹੋਰ, ਹਸਾਉਣੀ, ਉਦਾਹਰਣ ਦੇਂਦੇ ਹਾਂ, ਜਿਹੜੀ ਹੀਗਲ ਨੇ ਦਿਤੀ ਹੋਈ ਹੈ: ਤੁਸੀਂ ਗਰੋਸ਼* ਖਰਚ ਕਰ ਦਿਓ ਜਾਂ ਥਾਹਲਰ*, ਇਹ ਕੋਈ ਮਹਤਵਪੂਰਨ ਗੱਲ ਨਹੀਂ; ਪਰ ਜੇ ਇਸ "ਕੋਈ ਮਹਤਵਪੂਰਨ ਗੱਲ ਨਹੀਂ" ਨਾਲ ਤੁਹਾਡਾ ਬਟੂਆ ਖਾਲੀ ਹੋ ਜਾਂਦਾ ਹੈ, ਤਾਂ ਇਸਨਾਲ ਇਕ ਬੁਨਿਆਦੀ ਗੁਣਾਤਮਕ ਤਬਦੀਲੀ ਆ ਜਾਂਦੀ ਹੈ।

ਮਾਤਰਿਕ ਤਬਦੀਲੀਆਂ ਦੀਆਂ ਵਖੋ ਵਖਰੀਆਂ ਕਿਸਮਾਂ ਹਨ: ਇਹ ਧੀਮੀਆਂ ਅਤੇ ਅਪੋਹ ਵੀ ਹੋ ਸਕਦੀਆਂ ਹਨ (ਜਿਵੇਂ ਕਿ, ਉਦਾਹਰਣ ਵਜੋਂ, ਬਾਲਪਣ ਤੋਂ ਗਭਰੀਟ ਅਵਸਥਾ ਵੱਲ ਤਬਦੀਲੀ), ਅਤੇ ਇਹ ਤੇਜ਼ ਗਤੀ ਵਾਲੀਆਂ ਵੀ ਹੋ ਸਕਦੀਆਂ ਹਨ। ਮਾਤਰਿਕ ਤਬਦੀਲੀਆਂ ਵਿਗਾਸਮਈ ਤਬਦੀਲੀਆਂ ਵਜੋਂ ਜਾਣੀਆਂ ਜਾਂਦੀਆਂ ਹਨ। ਵਿਗਾਸ ਨਿਰਵਿਘਣ, ਦਰਜਾ-ਬਦਰਜਾ, ਹੌਲੀ ਤਰ੍ਹਾਂ ਦਾ ਵਿਕਾਸ ਹੈ। ਗੁਣਾਤਮਕ ਵਿਕਾਸ ਇਨਕਲਾਬੀ ਹੁੰਦਾ ਹੈ, ਇਸ ਵਿਚ ਬੀਤੇ ਦਾ ਖਤਮ ਹੋਣਾ, ਸਮਾਜਕ ਸੰਬੰਧਾਂ, ਸਭਿਆਚਾਰ, ਟੈਕਨਾਲੋਜੀ, ਸੰਸਾਰ ਦ੍ਰਿਸ਼ਟੀਕੋਨ ਆਦਿ ਵਿਚ ਮੂਲ ਤਬਦੀਲੀਆਂ ਆਉਣਾ ਸ਼ਾਮਲ ਹੁੰਦਾ ਹੈ।

---

*ਛੋਟੇ ਜਰਮਨ ਸਿੱਕੇ।—ਅਨੁ:

ਵਿਕਾਸ ਦੀ ਇਸ ਕਿਸਮ ਦੀਆਂ ਉਦਾਹਰਣਾਂ ਹਨ ਸਮਾਜਕ ਇਨਕਲਾਬ ਅਤੇ ਵਿਗਿਆਨਕ ਲੱਭਤਾਂ।

ਪਰ ਕੁਝ ਵਿਗਿਆਨੀਆਂ ਅਤੇ ਫ਼ਿਲਾਸਫ਼ਰਾਂ ਦਾ ਖ਼ਿਆਲ ਹੈ ਕਿ ਪ੍ਰਕਿਰਤੀ ਅਤੇ ਸਮਾਜ ਵਿਚ ਸਿਰਫ਼ ਮਾਤਰਿਕ ਤਬਦੀਲੀਆਂ ਹੀ ਹੁੰਦੀਆਂ ਹਨ; ਇਸਤਰ੍ਹਾਂ ਉਹ ਵਿਕਾਸ ਦਾ ਅਧਿਆਤਮਕ ਦ੍ਰਿਸ਼ਟੀਕੋਨ ਪੇਸ਼ ਕਰਦੇ ਹਨ, ਜਿਹੜਾ ਮਾਤਰਿਕ ਸੰਬੰਧਾਂ ਨੂੰ ਨਿਰਪੇਖ ਬਣਾ ਦੇਂਦਾ ਹੈ, ਅਤੇ ਉਹਨਾਂ ਨੂੰ ਸਭ ਤੋਂ ਵਧ ਮਹਤਵਪੂਰਨ ਸਮਝਦਾ ਹੈ। ਉਦਾਹਰਣ ਵਜੋਂ, **ਅਨੈਕਸਾਗੋਰਸ** ਦਾ ਕਹਿਣਾ ਸੀ ਕਿ ਮਨੁੱਖੀ ਬੀਜ ਵਿਚ ਵਾਲ , ਨਹੁੰ, ਨਾੜੀਆਂ, ਪੱਠੇ ਅਤੇ ਹੱਡੀਆਂ ਅਦਿੱਖ ਤੌਰ ਉਤੇ ਨਿੱਕੇ ਜਿਹੇ ਰੂਪ ਵਿਚ ਸ਼ਾਮਲ ਹੁੰਦੀਆਂ ਹਨ, ਜਿਹੜੀਆਂ ਵਿਕਾਸ ਦੇ ਦੌਰਾਨ ਜੁੜਦੀਆਂ, ਵਧਦੀਆਂ ਅਤੇ ਦਿੱਸਣ ਲੱਗ ਪੈਂਦੀਆਂ ਹਨ। ਇਸੇਤਰ੍ਹਾਂ ਦੇ ਵਿਚਾਰ, ਭਾਵੇਂ ਕੁਝ ਕੁ ਵਖਰੇ ਰੂਪ ਵਿਚ, ਜੀਵ-ਵਿਗਿਆਨ ਵਿਚ, ਅਤੇ ਮਗਰੋਂ ਸਮਾਜ-ਵਿਗਿਆਨ ਵਿਚ ਵੀ ਪਰਗਟ ਕੀਤੇ ਗਏ। ਇਸਤਰ੍ਹਾਂ ਸਮਾਜਕ ਡਾਰਵਿਨਵਾਦੀ ਜੀਵ-ਵਿਗਿਆਨਕ ਵਿਗਾਸ ਅਤੇ ਇਤਿਹਾਸਕ ਅਮਲ ਨੂੰ ਬਰਾਬਰ ਰੱਖ ਕੇ ਦੇਖਦੇ ਹਨ। ਉਹ ਸਮਾਜ ਦੇ ਵਿਕਾਸ ਨੂੰ ਵਿਗਾਸ ਤੱਕ ਹੀ ਸੀਮਤ ਕਰ ਦੇਂਦੇ ਹਨ, ਇਨਕਲਾਬੀ ਤਬਦੀਲੀ ਨੂੰ ਰੱਦ ਕਰਦੇ ਹਨ, ਅਤੇ ਇਸ ਗੱਲ ਦੇ ਅਮਲੀ ਸਿੱਟੇ ਨਿਕਲਦੇ ਹਨ।

ਇਕ ਹੋਰ ਸਿਰਾ ਗੁਣਾਤਮਕ ਤਬਦੀਲੀਆਂ ਨੂੰ ਨਿਰਪੇਖ ਬਣਾਉਣਾ ਹੈ, ਜਿਸ ਨਾਲ ਵਿਕਾਸ ਦੀ ਵਿਆਖਿਆ ਨਿਰੋਲ ਗੁਣਾਤਮਕ ਤਬਦੀਲੀ ਵਜੋਂ ਕੀਤੀ ਜਾਂਦੀ ਹੈ। ਕੁਝ ਬੁਰਜੂਆ ਸਾਇੰਸਦਾਨ ਫ਼ਰਾਂਸੀਸੀ ਪ੍ਰਕਿਰਤੀਵਾਦੀ **ਜਾਰਜ ਕੂਵੀਏਰ** ਵਲੋਂ ਘੜੇ ਗਏ ਪਰਲੋ ਦੇ ਸਿਧਾਂਤ ਨੂੰ ਫ਼ਿਲਾਸਫ਼ੀ ਦੇ ਖੇਤਰ ਵਿਚ ਵੀ ਲੈ ਆਉਂਦੇ ਹਨ। ਕੂਵੀਏਰ ਦਾ ਖ਼ਿਆਲ ਸੀ ਕਿ ਵਿਗਾਸ ਸ਼ਾਂਤ ਅਵਸਥਾ ਤੋਂ ਪਰਲੋ ਵੱਲ ਤਬਦੀਲੀ ਹੈ। ਭਾਵੇਂ ਕੂਵੀਏਰ ਦੇ

ਵਿਚਾਰਾਂ ਨੂੰ ਮਗਰੋਂ ਵਿਗਿਆਨ ਨੇ ਗ਼ਲਤ ਸਾਬਤ ਕਰ ਦਿਤਾ, ਤਾਂ ਵੀ ਸਮਾਜਕ ਅਮਲਾਂ ਦੀ ਵਿਆਖਿਆ ਲਈ ਉਹਨਾਂ ਨੂੰ ਵਰਤਿਆ ਜਾਂਦਾ ਰਿਹਾ ਅਤੇ ਇਹ ਵਿਚਾਰ ਅਰਾਜਕਤਾਵਾਦੀਆਂ ਅਤੇ ਹਰ ਤਰ੍ਹਾਂ ਦੇ ਰਾਜਸੀ ਮਾਅਰਕੇਬਾਜ਼ਾਂ ਦੀਆਂ ਰਾਜਸੀ ਸਰਗਰਮੀਆਂ ਦਾ ਆਧਾਰ ਬਣੇ ਰਹੇ।

ਉਪਰ ਜਿਨ੍ਹਾਂ ਵਿਚਾਰਾਂ ਦੀ ਨਿਰਖ-ਪਰੱਖ ਕੀਤੀ ਗਈ ਹੈ, ਉਹਨਾਂ ਵਰਗੇ ਵਿਚਾਰ ਅਧਿਆਤਮਵਾਦੀ ਹੁੰਦੇ ਹਨ, ਕਿਉਂਕਿ ਉਹ ਸਿਰਫ਼ ਗੁਣਾਤਮਕ ਜਾਂ ਸਿਰਫ਼ ਮਾਤ੍ਰਿਕ ਤਬਦੀਲੀਆਂ ਨੂੰ ਮੰਨਣ ਉਪਰ ਹੀ ਆਧਾਰਿਤ ਹਨ। ਪਰ ਅਸਲ ਵਿਚ ਵਿਕਾਸ ਗੁਣਾਤਮਕ ਅਤੇ ਮਾਤਰਿਕ ਤਬਦੀਲੀਆਂ ਦਾ ਸੁਮੇਲ ਹੁੰਦਾ ਹੈ, ਜਿਸ ਵਿਚ ਮਾਤਰਿਕ ਤਬਦੀਲੀਆਂ ਛਲਾਂਗਾਂ ਲਈ, ਜਾਂ ਗੁਣਾਤਮਕ ਤਬਦੀਲੀਆਂ ਲਈ, ਨਵੇਂ ਦੇ ਜਨਮ ਲਈ, ਵਿਗਾਸ ਵਿਚ ਬੁਨਿਆਦੀ ਮੋੜ ਲਈ ਰਾਹ ਬਣਾਉਂਦੀਆਂ ਹਨ। ਪ੍ਰਸਿੱਧ ਅਮਰੀਕੀ ਪੱਤਰਕਾਰ ਜਾਹਨ ਰੀਡ ਨੇ ਆਪਣੀ ਪੁਸਤਕ "ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿਤੀ" ਵਿਚ ਇਸ ਗੱਲ ਨੂੰ ਮਣਾਵੇਂ ਢੰਗ ਨਾਲ ਸਾਬਤ ਕੀਤਾ ਹੈ। ਉਸਨੇ ਦੱਸਿਆ ਹੈ ਕਿ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਕਿਵੇਂ ਵਾਪਰਿਆ, ਅਤੇ ਕਿਵੇਂ ਉਹ ਘਟਣਾਵਾਂ, ਜਿਨ੍ਹਾਂ ਨੇ ਸੰਸਾਰ ਨੂੰ ਚਕ੍ਰਿਤ ਕਰ ਦਿਤਾ ਅਤੇ ਜਿਹੜੀਆਂ ਕੁਝ ਲੋਕਾਂ ਲਈ ਪੂਰੀ ਤਰ੍ਹਾਂ ਅਚੰਭਾ ਬਣ ਕੇ ਆਈਆਂ, ਅਸਲ ਵਿਚ ਰੂਸੀ ਪ੍ਰੋਲਤਾਰੀਆਂ ਵਲੋਂ ਇਸਤੋਂ ਪਹਿਲਾਂ ਕੀਤੇ ਗਏ ਸ਼ਰੇਣੀ ਘੋਲ ਦੇ ਲੰਮੇ ਅਰਸੇ ਦਾ ਹੀ ਨਤੀਜਾ ਸਨ।

ਗੱਲ ਮੁਕਾਉਂਦਿਆਂ, ਸਾਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਛਲਾਂਗਾਂ ਵਖੋ ਵਖਰੇ ਤਰੀਕਿਆਂ ਨਾਲ ਵਾਪਰਦੀਆਂ ਹਨ ਅਤੇ ਇਹ ਸਾਰੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ: ਉਦਾਹਰਣ ਵਜੋਂ, ਇਹਨਾਂ ਦਾ ਨਤੀਜਾ ਇਕ ਖ਼ਾਸ ਤਾਪਮਾਨ ਉਤੇ ਧਾਤ

ਦੇ ਤਰਲ ਬਣਨ ਵਿਚ, ਜਾਂ ਪਾਣੀ ਦੇ ਭਾਫ਼ ਬਣਨ ਵਿਚ, ਜਾਂ ਵਿਗਿਆਨਕ ਅਤੇ ਤਕਨੀਕੀ ਇਨਕਲਾਬ ਵਿਚ ਨਿਕਲ ਸਕਦਾ ਹੈ। ਛਲਾਂਗ ਹਜ਼ਾਰਾਂ ਸਾਲ ਵੀ ਲੈ ਸਕਦੀ ਹੈ, ਜਿਸਦੀ ਇਕ ਉਦਾਹਰਣ ਭੂ-ਵਿਗਿਆਨਕ ਯੁਗਾਂ ਦਾ ਇਕ ਦੂਜੇ ਦੀ ਥਾਂ ਲੈਣਾ ਹੈ; ਜਾਂ ਇਹ ਇਤਿਹਾਸਕ ਤੌਰ ਉਤੇ ਸੰਖੇਪ ਸਮੇਂ ਵਿਚ ਵੀ ਵਾਪਰ ਸਕਦੀ ਹੈ — ਪਿਛਲੇ ਕੁਝ ਸਮੇਂ ਵਿਚ ਯੂਰਪ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਕਈ ਦੇਸਾਂ ਵਿਚ ਸਮਾਜਕ ਅਤੇ ਸਭਿਆਚਾਰਕ ਇਨਕਲਾਬ ਵੀ ਵਾਪਰੇ ਹਨ।

ਮਾਤਰਾ ਤੋਂ ਗੁਣ ਵੱਲ ਤਬਦੀਲੀ ਦਾ ਸਿਧਾਂਤ ਪਦਾਰਥਵਾਦੀ ਵਿਰੋਧ-ਵਿਕਾਸ ਨੂੰ ਇਕ ਵਿਸ਼ੇਸ਼ **ਇਨਕਲਾਬੀ ਖ਼ਾਸਾ** ਦੇ ਦੇਂਦਾ ਹੈ। ਇਹ ਸਮਾਜਕ ਤਰੱਕੀ ਦੇ ਬੁਨਿਆਦੀ ਤੱਤ ਦੀ ਵਿਆਖਿਆ ਕਰਦਾ ਹੈ ਅਤੇ ਇਹ ਸਮਝਣ ਵਿਚ ਸਹਾਈ ਹੁੰਦਾ ਹੈ ਕਿ ਕਿਵੇਂ ਵਿਗਾਸਮਈ ਤਬਦੀਲੀਆਂ ਕੁਦਰਤੀ ਤੌਰ ਉਤੇ ਇਨਕਲਾਬ ਲੈ ਆਉਂਦੀਆਂ ਹਨ, ਜੋ ਕਿ ਇਕ ਖ਼ਾਸ ਪੜਾਅ ਉਤੇ ਕਿਸੇ ਸਮਾਜ ਜਾਂ ਦੇਸ ਦੇ ਵਿਗਾਸਮਈ ਵਿਕਾਸ ਦੀ ਸਿਖਰ ਬਣਦਾ ਹੈ।

ਹੁਣ ਜਦ ਕਿ ਅਸੀਂ ਦੇਖ ਲਿਆ ਹੈ ਕਿ ਮਾਤਰਿਕ ਤਬਦੀਲੀਆਂ ਦੇ ਗੁਣਾਤਮਕ ਤਬਦੀਲੀਆਂ ਵਿਚ ਬਦਲਣ ਨਾਲ ਗਤੀ ਪੈਦਾ ਹੁੰਦੀ ਹੈ, ਤਾਂ ਅਸੀਂ ਪੁੱਛ ਸਕਦੇ ਹਾਂ: ਗਤੀ ਦਾ ਸੋਮਾ ਕੀ ਹੈ?

## ਕੀ ਗਤੀ ਦਾ ਕੋਈ ਆਦਿ ਹੈ?

ਪਿੱਛੇ ਦੂਰ ਆਦਿ ਕਾਲ ਵਿਚ ਐਸੇ ਫ਼ਿਲਾਸਫ਼ਰ ਸਨ ਜਿਨ੍ਹਾਂ ਦਾ ਕਿਆਸ ਸੀ ਕਿ ਸੰਸਾਰ ਵਿਚ ਵਿਰੋਧੀ ਮੂਲ ਤੱਤ ਜਾਂ ਸ਼ਕਤੀਆਂ ਕੰਮ ਕਰਦੀਆਂ ਹਨ, ਜਿਹੜੀਆਂ ਸਵੈ-ਗਤੀ

ਨੂੰ, ਅੰਦਰੂਨੀ ਹਰਕਤ ਨੂੰ ਪੈਦਾ ਕਰਦੀਆਂ ਹਨ ਅਤੇ ਜਿਨ੍ਹਾਂ ਕਰਕੇ ਇਕ ਅਵਸਥਾ ਦੀ ਥਾਂ ਦੂਜੀ ਅਵਸਥਾ ਲੈ ਲੈਂਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਹਰ ਵਸਤ ਵਿਰੋਧੀ ਪੱਖਾਂ ਤੋਂ ਮਿਲ ਕੇ ਬਣੀ ਹੁੰਦੀ ਹੈ, ਜਿਹੜੇ ਇਕ ਦੂਜੇ ਤੋਂ ਬਿਨਾਂ ਨਹੀਂ ਰਹਿ ਸਕਦੇ ਕਿਉਂਕਿ ਉਹ ਇਕ ਦੂਜੇ ਦੀ ਹੋਂਦ ਮਿਥ ਕੇ ਚੱਲਦੇ ਹਨ, ਜਦ ਕਿ ਨਾਲ ਹੀ ਉਹ ਇਕ ਦੂਜੇ ਤੋਂ ਬਾਹਰੇ ਹਨ, ਅਰਥਾਤ, ਇਕ ਦੂਜੇ ਦੇ ਬਿਲਕੁਲ ਉਲਟ ਹਨ: ਜਿਵੇਂ ਕਿ ਜ਼ਿੰਦਗੀ ਅਤੇ ਮੌਤ, ਪਿਆਰ ਅਤੇ ਨਫ਼ਰਤ, ਚੰਗਿਆਈ ਅਤੇ ਬੁਰਾਈ, ਅੱਗ ਅਤੇ ਬਰਫ਼, ਦਿਨ ਅਤੇ ਰਾਤ, ਆਦਮੀ ਅਤੇ ਔਰਤ, ਆਦਿ। ਉਲਟ ਪਾਸਿਆਂ ਦਾ ਅੰਤਰ-ਕਰਮ, ਇਹ ਵਿਰੋਧਤਾਈਆਂ ਸੰਸਾਰ ਵਿਚ ਬੇਤਰਤੀਬੀ ਲੈ ਆਉਂਦੀਆਂ ਹਨ, ਤਬਦੀਲੀਆਂ ਲਿਆਉਂਦੀਆਂ ਹਨ, ਅਤੇ ਇਸਤਰ੍ਹਾਂ ਵਿਕਾਸ ਦਾ ਸੋਮਾ ਬਣਦੀਆਂ ਹਨ। ਪੁਰਾਤਨ ਚੀਨ, ਭਾਰਤ, ਯੂਨਾਨ, ਅਤੇ ਮਧ ਪੂਰਬ ਦੇ ਫ਼ਿਲਾਸਫ਼ਰਾਂ ਵਲੋਂ ਸੰਸਾਰ ਵਿਚ ਵਿਰੋਧੀ ਪੱਖਾਂ ਦੀ ਹੋਂਦ ਬਾਰੇ ਕਿਆਸ ਪਰਗਟ ਕੀਤੇ ਗਏ ਸਨ।

ਪੁਰਾਤਨ ਚੀਨੀ ਫ਼ਿਲਾਸਫ਼ਰਾਂ ਨੇ, ਜਿਵੇਂ ਕਿ **ਲਾਓ ਤਸੀ** ਨੇ, ਸਰਬ-ਵਿਆਪਕ ਪ੍ਰਾਥਮਿਕ ਮੂਲ ਤੱਤ ਦੀ ਗਤੀ ਦੀ ਗੱਲ ਕੀਤੀ ਸੀ, ਅਤੇ ਇਸਨੂੰ "ਤਾਓ" ਦਾ ਨਾਂ ਦਿਤਾ ਸੀ। "ਤਾਓ" ਦੀ ਸੰਬਾਦਕਤਾ ਇਸ ਗੱਲ ਵਿਚ ਪਰਗਟ ਹੁੰਦੀ ਹੈ ਕਿ ਇਸਦੀਆਂ ਬਹੁਤ ਸਾਰੀਆਂ ਵਿਰੋਧੀ ਖਾਸੀਅਤਾਂ ਹਨ: "ਤਾਓ" ਖਾਲੀ ਹੈ ਅਤੇ ਅਸੀਮ ਹੈ, ਇਹ ਇੱਕਲਾ ਹੈ ਅਤੇ ਅਬਦਲ ਹੈ। ਮਹਾਨ "ਤਾਓ" ਸਰਬ-ਵਿਆਪਕ ਹੈ, ਇਹ ਹਰ ਥਾਂ ਕਾਰਜ ਕਰਦਾ ਹੈ ਅਤੇ ਕੋਈ ਹੱਦਾਂ-ਬੰਨੇਂ ਨਹੀਂ ਰੱਖਦਾ। ਪੁਸਤਕ "ਤਾਓ ਦੇ ਜਿੰਗ" ਵਿਚ ਤਬਦੀਲੀ ਬਾਰੇ ਅੰਦਾਜ਼ਾ ਮਿਲਦਾ ਹੈ, ਕਿ ਕਿਵੇਂ "ਤਾਓ" ਆਪਣੀ ਵਿਰੋਧੀ ਅਵਸਥਾ ਵਿਚ ਬਦਲ ਜਾਂਦਾ ਹੈ: ਬਦਸੂਰਤ ਪਰਿਪੂਰਨ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦਾ

ਹੈ, ਵਿੰਗਾ-ਟੇਢਾ ਸਿੱਧਾ ਹੋ ਜਾਂਦਾ ਹੈ, ਖਾਲੀ ਭਰਿਆ ਜਾਂਦਾ ਹੈ, ਅਤੇ ਪੁਰਾਣੇ ਦੀ ਥਾਂ ਨਵਾਂ ਲੈ ਲੈਂਦਾ ਹੈ। ਥੋਹੜੇ ਲਈ ਯਤਨ ਕਰਦਿਆਂ ਤੁਸੀਂ ਬਹੁਤਾ ਪਰਾਪਤ ਕਰ ਸਕਦੇ ਹੋ, ਜਦ ਕਿ ਬਹੁਤੇ ਲਈ ਕੋਸ਼ਿਸ਼ ਕਰਦਿਆਂ ਤੁਹਾਨੂੰ ਹੋ ਸਕਦਾ ਹੈ ਅਸਫ਼ਲਤਾ ਮਿਲੇ। ਖੁਸ਼ੀ ਵਿਚ ਬਦਕਿਸਮਤੀ ਲੁਕੀ ਹੁੰਦੀ ਹੈ ਅਤੇ ਬਦਕਿਸਮਤੀ ਵਿਚ ਖੁਸ਼ੀ, ਆਦਿ। ਇਸੇਤਰ੍ਹਾਂ ਦੇ ਵਿਚਾਰ ਹਿਰਾਕਲੀਟਸ ਨੇ ਵੀ ਪਰਗਟ ਕੀਤੇ ਸਨ: "ਸਾਰਾ ਕੁਝ ਸਾਡੇ ਵਿਚ ਇਕ ਹੋਇਆ ਹੋਇਆ ਹੈ—ਜਿਉਂਦਾ ਅਤੇ ਮੁਰਦਾ, ਚੌਕਸ ਅਤੇ ਸੁੱਤਾ ਹੋਇਆ, ਜਵਾਨ ਅਤੇ ਬੁੱਢਾ। ਕਿਉਂਕਿ ਪਹਿਲਾ ਦੂਜੇ ਵਿਚ ਅਤੇ ਦੂਜਾ ਪਹਿਲੇ ਵਿਚ ਲੋਪ ਹੋ ਜਾਂਦਾ ਹੈ।"* ਪੂਰਬ ਦੇ ਫ਼ਿਲਾਸਫ਼ਰਾਂ ਨੇ ਵੀ ਦੋ ਮੂਲ ਤੱਤਾਂ ਦੇ ਘੋਲ ਦੀ ਗੱਲ ਕੀਤੀ: ਰੌਸ਼ਨ ਅਤੇ ਚੰਗਾ (ਅਰਮੁਜ਼ਦਾ) ਇਕ ਪਾਸੇ, ਬੁਰਾਈ ਅਤੇ ਹਨੇਰੇ (ਅਰਿਮਾਨ) ਦੀਆਂ ਸ਼ਕਤੀਆਂ ਦੂਜੇ ਪਾਸੇ। ਇਹਨਾਂ ਵਿਚਾਰਾਂ ਨੂੰ ਮਗਰੋਂ ਅੱਗੇ ਤੋਰਿਆ ਗਿਆ। ਉਦਾਹਰਣ ਵਜੋਂ, ਇਤਾਲਵੀ ਫ਼ਿਲਾਸਫ਼ਰ ਜੋਰਦਾਨੋ ਬਰੂਨੋ ਦਾ ਵਿਸ਼ਵਾਸ ਸੀ ਕਿ ਇਕ ਵਿਰੋਧ ਦੂਜੇ ਦਾ ਆਰੰਭ ਹੁੰਦਾ ਹੈ, ਕਿ ਵਿਨਾਸ਼ ਉਦਭਵ ਹੈ, ਅਤੇ ਉਦਭਵ ਵਿਨਾਸ਼, ਪਿਆਰ ਨਫ਼ਰਤ ਹੈ ਅਤੇ ਨਫ਼ਰਤ ਪਿਆਰ। ਇਸਤੋਂ ਉਸਨੇ ਇਹ ਸਿੱਟਾ ਕੱਢਿਆ: ਜਿਹੜਾ ਵੀ ਕੋਈ ਪ੍ਰਕਿਰਤੀ ਦੇ ਧੁਰ ਅੰਦਰਲੇ ਭੇਦਾਂ ਤੱਕ ਪੁੱਜਣਾ ਚਾਹੁੰਦਾ ਹੈ, ਉਸਨੂੰ ਵਿਰੋਧਤਾਈਆਂ ਅਤੇ ਉਲਟ--ਧਿਰਾਂ ਦੀ ਵਧ ਤੋਂ ਵਧ ਅਤੇ ਘੱਟ ਤੋਂ ਘੱਟ ਮਾਤਰਾ ਨੂੰ ਦੇਖਣਾ ਚਾਹੀਦਾ ਹੈ। ਰਾਬਿੰਦਰਨਾਥ ਟੈਗੋਰ ਨੇ, ਜਿਸਦੀਆਂ ਕਵਿਤਾਵਾਂ ਨੂੰ ਠੀਕ ਹੀ ਫ਼ਿਲਾਸਫ਼ੀ ਦੀ ਦਸਤਾਵੇਜ਼ ਕਿਹਾ ਜਾਂਦਾ ਹੈ,

---

*"ਸੰਸਾਰ ਫ਼ਿਲਾਸਫ਼ੀ ਦਾ ਸੰਗ੍ਰਹਿ", ਸਫ਼ਾ ੨੭੬ (ਰੂਸੀ ਵਿਚ)।

ਲਿਖਿਆ ਹੈ ਕਿ ਜ਼ਿੰਦਗੀ ਆਪਣੇ ਸਾਰੇ ਰੂਪਾਂ ਵਿਚ ਚੰਗੀ ਹੈ, ਕਿਉਂਕਿ ਇਕ ਚੀਜ਼ ਦੂਜੀ ਵਿਚੋਂ ਨਿਕਲਦੀ ਹੈ, ਅਤੇ ਇਕ ਚੀਜ਼ ਦੀ ਦੂਜੀ ਨੂੰ ਲੋੜ ਹੁੰਦੀ ਹੈ। ਉਸਨੇ ਜ਼ਿੰਦਗੀ ਦੀਆਂ ਵਿਰੋਧਤਾਈਆਂ ਤੋਂ ਭੱਜ ਕੇ ਸਿੱਥਲ ਹੋ ਜਾਣ ਨੂੰ ਰੱਦ ਕੀਤਾ, ਅਤੇ ਵਸਤਾਂ ਅਤੇ ਵਰਤਾਰਿਆਂ ਦੀ ਭਾਰੀ ਵੰਨ-ਸੁਵੰਨਤਾ ਦੀ ਸ਼ਲਾਘਾ ਕੀਤੀ:

ਬਰੋਜ਼ਾ, ਗਾਹੜਾ ਅਤੇ ਭਾਰੀ,
ਸੁਗੰਧੀ ਦਾ ਰੂਪ ਧਾਰ
ਤੁਪਕਾ ਤੁਪਕਾ ਵਹਿਣ ਦੀ ਕੋਸ਼ਿਸ਼ ਕਰਦਾ ਹੈ
ਅਤੇ ਸੁਗੰਧੀ ਬਰੋਜ਼ੇ ਦੇ ਰੂਪ ਵਿਚ
ਹਮੇਸ਼ਾ ਲਈ ਬੰਦ ਹੋ ਜਾਣਾ ਲੋਚਦੀ ਹੈ।
ਸੰਗੀਤ ਗਤੀ ਚਾਹੁੰਦਾ ਅਤੇ ਲੈਅ ਦੀ
ਭਾਲ ਕਰਦਾ ਹੈ,
ਜਦ ਕਿ ਤਾਲ ਇਸ ਵਿਚ ਆ ਕੇ
ਇਸਨੂੰ ਬਦਲਦਾ ਹੈ।
ਧੁੰਦਲਾਪਣ ਰੂਪ ਅਤੇ ਨਿਸ਼ਚਿਤ
ਦਿੱਖ ਪਰਾਪਤ ਕਰਨਾ ਚਾਹੁੰਦਾ ਹੈ,
ਜਦ ਕਿ ਰੂਪ ਧੁੰਦ ਵਿਚ ਲੋਪ ਹੋ
ਜਾਂਦਾ ਅਤੇ ਘੁਲ ਕੇ ਤਰਲ
ਸੁਫ਼ਨਾ ਬਣ ਜਾਂਦਾ ਹੈ।
ਸੀਮਾ-ਰਹਿਤ ਵਸਤਾਂ ਚੌਖਟਿਆਂ
ਵਿਚ ਬੰਦ ਹੋਣਾ ਲੋਚਦੀਆਂ ਹਨ,
ਅਥਾਹ ਰੌਆਂ ਇਨ੍ਹਾਂ ਦੀਆਂ ਸੀਮਾਂ
ਨੂੰ ਨਵੇਂ ਸਿਰਿਉਂ ਤੋੜਦੀਆਂ ਹਨ।
ਆਦਿ-ਕਾਲੀਨ ਘੋਲ ਦੇ ਕਾਨੂੰਨ

ਸਦਾ ਲਈ ਕਿਸਨੇ ਘੜੇ ਹਨ—
ਮੌਤ ਸਿਰਜਦੀ ਹੈ, ਚੁੱਪ ਤੂਫਾਨ ਦਾ
ਪਤਾ ਦੇਂਦੀ ਹੈ?
ਰੋਕਣ ਦੀ ਕੋਸ਼ਿਸ਼ ਕਰੋ ਤਾਂ ਹਰ
ਚੀਜ਼ ਹਰ ਵਲਗਣ ਵਿਚੋਂ ਨਿਕਲ
ਜਾਣਾ ਚਾਹੁੰਦੀ ਹੈ
ਜਦ ਕਿ ਆਜ਼ਾਦੀ ਆਪਣੇ ਟਿਕਾਣੇ
ਅਤੇ ਅੰਤਮ ਸਿੱਟੇ ਦੀ ਭਾਲ ਵਿਚ
ਰਹਿੰਦੀ ਹੈ।*

ਰੋਜ਼ਾਨਾ ਜੀਵਨ, ਵਿਗਿਆਨ ਅਤੇ ਰਾਜਸੀ ਘੋਲ, ਸਾਰਾ ਕੁਝ ਹੀ ਇਸ ਗੱਲ ਦੀ ਗਵਾਹੀ ਹੈ ਕਿ ਹਕੀਕਤ ਵਿਰੋਧਾਂ ਨਾਲ ਭਰੀ ਪਈ ਹੈ; ਪਰ ਇਸ ਤੱਥ ਨੂੰ ਮੰਣ ਲੈਣਾ ਹਕੀਕਤ ਦੀ ਥਾਹ ਪਾ ਲੈਣ ਲਈ ਕਾਫ਼ੀ ਨਹੀਂ: ਬੰਦੇ ਨੂੰ ਪ੍ਰਕਿਰਤੀ ਵਿਚ ਮੌਜੂਦ ਵਿਰੋਧਾਂ ਵਿਚਲੇ ਸੰਬੰਧਾਂ ਦੀ ਜੜ੍ਹ ਤੱਕ ਜਾਣਾ ਚਾਹੀਦਾ ਹੈ। ਨਾ ਸਿਰਫ਼ ਫ਼ਿਲਾਸਫ਼ਰ, ਸਗੋਂ ਲੇਖਕ ਅਤੇ ਕਵੀ ਵੀ ਇਸ ਤੱਥ ਤੋਂ ਚੇਤੰਨ ਰਹੇ ਹਨ। ਇਸਤਰ੍ਹਾਂ, ਸਤਾਰ੍ਹਵੀਂ ਸਦੀ ਦਾ ਇਕ ਅਫ਼ਗਾਨ ਕਵੀ, ਅਬਦੁਲ ਕਾਦਿਰ-ਖਾਨ, ਲਿਖਦਾ ਹੈ:

ਬੁਰਾਈ ਚੰਗਿਆਈ ਤੋਂ ਦੁਖੀ ਹੈ, ਅਤੇ
ਚੰਗਿਆਈ ਬੁਰਾਈ ਤੋਂ;
ਬੁਰਾਈ ਕਰੋਧ ਵਿਚ ਉਸ ਚੀਜ਼ ਨੂੰ

---

*ਰਾਬਿੰਦਰਨਾਥ ਟੈਗੋਰ, "ਪਰਗੀਤ", ਖ਼ੁਦੋਜ਼ੈਸਤਵੇਨਾਯਾ ਲਿਤਰਾਤੂਰਾ ਪ੍ਰਕਾਸ਼ਕ, ਮਾਸਕੋ, ੧੯੬੭, ਸਫ਼ਾ ੩੬ (ਰੂਸੀ ਵਿਚ)।

ਨਿੰਦਦੀ ਹੈ, ਜਿਸਨੂੰ ਚੰਗਿਆਈ
ਉਚਿਤ ਠਹਿਰਾਉਂਦੀ ਹੈ...*

ਉਲਟ-ਅੰਸ਼ ਅੰਤਰ-ਸੰਬੰਧਤ ਹੁੰਦੇ ਹਨ। ਹਿਰਾਕਲੀਟਸ ਨੇ ਕਿਹਾ ਸੀ: "ਸਭ ਇਕ ਹੈ—ਵੰਡ ਅਤੇ ਅਵੰਡ, ਜਨਮਿਆ ਅਤੇ ਅਣਜਨਮਿਆ, ਸ਼ਬਦ-ਬ੍ਰਹਮ ਅਤੇ ਅਨੰਤਤਾ, ਪਿਤਾ ਅਤੇ ਪੁੱਤਰ..."** ਵਿਰੋਧੀ-ਅੰਸ਼ਾਂ ਵਿਚਲਾ ਸੰਬੰਧ ਨੇੜਲਾ ਅਤੇ ਅਟੁੱਟ ਹੈ, ਅਤੇ ਉਹ ਇਕ ਦੂਜੇ ਤੋਂ ਬਾਹਰ ਨਹੀਂ। ਉਦਾਹਰਣਾਂ ਹਨ—ਮਕੈਨਿਕਸ ਵਿਚ ਕਰਮ ਅਤੇ ਪ੍ਰਤਿਕਰਮ, ਗਣਿਤ ਵਿਚ ਜਮ੍ਹਾਂ ਅਤੇ ਮਨਫ਼ੀ, ਰਸਾਇਣ ਅਤੇ ਜੀਵ-ਵਿਗਿਆਨ ਵਿਚ ਸੁਮੇਲ ਅਤੇ ਵਿਖੰਡਣ, ਬੋਧ-ਪ੍ਰਾਪਤੀ ਵਿਚ ਤਰਕਸ਼ੀਲਤਾ ਅਤੇ ਭਾਵੁਕਤਾ।

ਪਰ ਵਿਰੋਧਤਾਈ ਨਿਰੀ ਉਲਟ-ਅੰਸ਼ਾਂ ਦੀ ਏਕਤਾ ਹੀ ਨਹੀਂ। ਉਲਟ-ਅੰਸ਼ਾਂ ਵਿਚਕਾਰ ਟਕਰਾਓ ਨੂੰ ਘੋਲ ਕਹਿੰਦੇ ਹਨ; ਇਸ ਘੋਲ ਦੇ ਰਾਹੀਂ ਹੀ ਵਿਕਾਸ ਹੁੰਦਾ ਹੈ, ਘੋਲ ਉਲਟ-ਅੰਸ਼ਾਂ ਵਿਚਲੇ ਸੰਬੰਧ ਦਾ ਸਾਰ-ਤੱਤ ਹੈ। ਉਦਾਹਰਣ ਵਜੋਂ, ਸਮਾਜ ਵਿਚ ਉਲਟ-ਅੰਸ਼ਾਂ ਵਿਚਕਾਰ ਘੋਲ ਸ਼੍ਰੇਣੀ ਘੋਲ ਦਾ ਰੂਪ ਧਾਰਨ ਕਰ ਲੈਂਦਾ ਹੈ, ਅਤੇ ਪ੍ਰਕਿਰਤੀ ਵਿਚ ਅੰਤਰਕਰਮ ਦਾ (ਉਦਾਹਰਣ ਵਜੋਂ, ਕਰਮ ਅਤੇ ਪ੍ਰਤਿਕਰਮ, ਖਿੱਚਣਾ ਅਤੇ ਧੱਕਣਾ, ਆਦਿ)। ਮਹਾਨ ਜਰਮਨ ਕਵੀ ਅਤੇ ਫ਼ਿਲਾਸਫ਼ਰ ਜੋਹਨ ਵੂਲਫ਼ਗੈਂਗ ਗੇਟੇ ਦਾ ਕਹਿਣਾ ਸੀ ਕਿ ਜ਼ਿੰਦਗੀ ਆਪ

---

*"ਅਫ਼ਗ਼ਾਨ ਗੀਤ ਅਤੇ ਨਜ਼ਮਾਂ", ਮਾਸਕੋ, ੧੯੫੫, ਸਫ਼ਾ ੫੬ (ਰੂਸੀ ਵਿਚ)।

**"ਪੁਰਾਤਨ ਯੂਨਾਨ ਦੇ ਪਦਾਰਥਵਾਦੀ", ਪੋਲਿਤਇਜ਼ਦਾਤ, ਮਾਸਕੋ, ੧੯੫੫, ਸਫ਼ਾ ੪੫ (ਰੂਸੀ ਵਿਚ)।

ਵਿਰੋਧਾਤਮਕ ਹੈ, ਕਿ ਇਹ ਚੰਗਿਆਈ ਅਤੇ ਬੁਰਾਈ ਵਿਚਕਾਰ, ਪਿਆਰ ਅਤੇ ਨਫ਼ਰਤ, ਖੁਸ਼ੀ ਅਤੇ ਗ਼ਮੀ ਵਿਚਕਾਰ ਘੋਲ ਹੈ।

ਹਰ ਵਿਰੋਧਤਾਈ ਦਾ ਆਪਣਾ ਇਤਿਹਾਸ ਹੁੰਦਾ ਹੈ: ਇਹ ਸ਼ੁਰੂ ਹੁੰਦੀ ਹੈ, ਵਧਦੀ ਹੈ (ਤੇਜ਼ ਹੁੰਦੀ ਹੈ) ਅਤੇ ਫ਼ਿਰ ਹਲ ਹੋ ਜਾਂਦੀ ਹੈ। ਸਮਾਜਕ ਵਿਰੋਧਤਾਈਆਂ, ਹੋ ਸਕਦਾ ਹੈ, ਨਾ ਦੂਰ ਹੋਣ ਵਾਲੀਆਂ ਹੋਣ; ਇਹੋ ਜਿਹੀਆਂ ਸੂਰਤਾਂ ਵਿਚ ਇਹਨਾਂ ਨੂੰ **ਸ਼ਤਰੂਤਾ ਵਾਲੀਆਂ** ਕਿਹਾ ਜਾਂਦਾ ਹੈ। ਗ਼ੁਲਾਮਾਂ ਅਤੇ ਗ਼ੁਲਾਮ-ਮਾਲਕਾਂ ਵਿਚਕਾਰ, ਬੁਰਜੂਆਜ਼ੀ ਅਤੇ ਪ੍ਰੋਲਤਾਰੀਆਂ ਵਿਚਕਾਰ, ਕਿਰਤ ਅਤੇ ਸਰਮਾਏ ਵਿਚਕਾਰ ਵਿਰੋਧਤਾਈਆਂ ਇਸ ਪਰਕਾਰ ਦੀਆਂ ਹਨ।

ਅਧਿਆਤਮਵਾਦੀ ਉਲਟ-ਅੰਸ਼ਾਂ ਦੀ ਏਕਤਾ ਨੂੰ ਰੱਦ ਕਰਦੇ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਹਰ ਉਲਟ-ਅੰਸ਼ ਆਪਣੇ ਆਪ ਵਿਚ ਹੋਂਦ ਰੱਖਦਾ ਹੈ। ਇਹ ਵਿਚਾਰ ਗ਼ੈਰ-ਵਿਗਿਆਨਕ ਹੈ, ਕਿਉਂਕਿ ਇਕ ਉਲਟ-ਅੰਸ਼ ਦੇ ਵਿਨਾਸ਼ ਦਾ ਸਿੱਟਾ ਦੂਜੇ ਦੇ ਵਿਨਾਸ਼ ਵਿਚ ਨਿਕਲਦਾ ਹੈ। ਜਿਹੜੇ ਲੋਕ ਉਲਟ-ਅੰਸ਼ਾਂ ਦੀ ਏਕਤਾ ਨੂੰ ਤਾਂ ਮੰਨਦੇ ਹਨ, ਪਰ ਉਹਨਾਂ ਵਿਚਕਾਰ ਘੋਲ ਨੂੰ ਰੱਦ ਕਰਦੇ ਹਨ, ਉਹ ਵੀ ਅਧਿਆਤਮਵਾਦੀ ਹੀ ਹਨ। ਸਿਆਸਤ ਵਿਚ ਇਸਦਾ ਸਿੱਟਾ ਸਚਮੁਚ ਮੌਜੂਦ ਵਿਰੋਧਤਾਈਆਂ ਨੂੰ ਨਰਮ ਕਰਨ, ਅਤੇ ਮੰਨ-ਮਨੌਤੀ ਵਿਚ ਨਿਕਲਦਾ ਹੈ। ਉਦਾਹਰਣ ਵਜੋਂ, ਸਰਮਾਇਦਾਰੀ ਦੇ ਹਿਮਾਇਤੀ ਅਕਸਰ ਇਹ ਐਲਾਨ ਕਰਦੇ ਹਨ ਕਿ ਇਸਦੇ "ਚੰਗੇ" ਅਤੇ "ਮਾੜੇ", ਦੋਵੇਂ ਪੱਖ ਹਨ, ਅਤੇ ਜੇ ਇਸਦੇ "ਚੰਗੇ" ਪੱਖਾਂ ਦਾ ਵਿਕਾਸ ਕੀਤਾ ਜਾਏ ਅਤੇ "ਮਾੜਿਆਂ" ਨੂੰ ਦੂਰ ਕੀਤਾ ਜਾਏ, ਤਾਂ "ਸਾਂਝੀ ਭਲਾਈ" ਵਾਲਾ ਸਮਾਜ ਪਰਾਪਤ ਕੀਤਾ ਜਾ ਸਕਦਾ ਹੈ। ਪਰ ਮਜ਼ਦੂਰ ਲੋਕ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਹਨ, ਕਿ ਉਹਨਾਂ ਕੋਲ ਹੁਣ ਜੋ ਕੁਝ ਵੀ ਹੈ, ਉਹ ਲੁੱਟ-ਖਸੁੱਟ ਕਰਨ

ਵਾਲਿਆਂ ਦੇ ਖ਼ਿਲਾਫ਼ ਸਖ਼ਤ ਘੋਲ ਰਾਹੀਂ ਪਰਾਪਤ ਕੀਤਾ ਗਿਆ ਹੈ, ਉਹ ਸਰਮਾਇਦਾਰਾਂ ਕੋਲੋਂ "ਖੋਹਿਆ ਗਿਆ" ਹੈ, ਅਤੇ ਕਿਸੇਤਰ੍ਹਾਂ ਵੀ ਅਜਾਰੇਦਾਰੀਆਂ ਵਲੋਂ "ਸੁਗਾਤ" ਵਜੋਂ ਨਹੀਂ ਮਿਲਿਆ। ਜਦੋਂ ਤੱਕ ਅਜਾਰੇਦਾਰੀਆਂ ਦਾ ਗ਼ਲਬਾ ਹੈ ਅਤੇ ਇਕ ਆਦਮੀ ਦੂਜੇ ਦੀ ਲੁੱਟ-ਖਸੁੱਟ ਕਰਦਾ ਹੈ, ਉਦੋਂ ਤੱਕ ਮੰਨ--ਮਣੌਤੀ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ।

ਸਿੱਟੇ ਵਜੋਂ, ਇਹ ਕਿਹਾ ਜਾ ਸਕਦਾ ਹੈ ਕਿ ਜ਼ਿੰਦਗੀ ਵਿਚ, ਹਕੀਕਤ ਵਿਚ, ਸਾਨੂੰ ਲਗਾਤਾਰ **ਵਿਰੋਧਤਾਈਆਂ** ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਹ **ਵਿਕਾਸ ਦਾ** ਪ੍ਰਾਥਮਿਕ ਤੱਤ ਅਤੇ **ਸੋਮਾ** ਹਨ। ਇਸ ਕਰਕੇ ਉਹਨਾਂ ਨੂੰ ਜਾਣਨਾ ਮਹਤਵਪੂਰਨ ਹੈ, ਕਿਉਂਕਿ ਇਹ ਗਿਆਨ ਮਨੁੱਖ ਦੀਆਂ ਸਰਗਰਮੀਆਂ ਨੂੰ ਕਾਰਗਰ ਬਣਾ ਦੇਂਦਾ ਹੈ। ਇਸਤੋਂ ਇਹ ਸਵਾਲ ਪੈਦਾ ਹੁੰਦਾ ਹੈ: ਚਿੰਤਨ ਵਿਚ ਵਿਰੋਧਤਾਈਆਂ ਕਿਵੇਂ ਪ੍ਰਤਿਬਿੰਬਤ ਹੁੰਦੀਆਂ ਹਨ?

### ਵਿਰੋਧ-ਵਿਕਾਸ ਅਤੇ ਚੌਗਮੱਤ

ਇਸ ਸਵਾਲ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ: ਮੰਤਕੀ ਤੌਰ ਉਤੇ ਵਿਰੋਧਾਤਮਕ ਪ੍ਰਵਚਨ ਸੱਚ ਨਹੀਂ ਹੋ ਸਕਦਾ। ਸਚਮੁਚ, ਇਕੋ ਹੀ ਚੀਜ਼ ਦੇ ਸੰਬੰਧ ਵਿਚ, ਇਕੋ ਹੀ ਵੇਲੇ ਵਿਰੋਧੀ ਰਾਵਾਂ ਪਰਗਟ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਸੋਚਣੀ ਵਿਚ ਵਿਰੋਧਤਾਈਆਂ ਦੀ ਆਗਿਆ ਦੇ ਕੇ, ਅਸੀਂ ਠੀਕ ਸੋਚਣੀ ਦੇ ਕਾਨੂੰਨਾਂ ਦੀ ਉਲੰਘਣਾ ਕਰਦੇ ਹਾਂ। ਉਦਾਹਰਣ ਵਜੋਂ, ਇਕੋ ਹੀ ਬੰਦੇ ਬਾਰੇ ਇਹ ਕਹਿਣਾ ਅਸੰਭਵ ਹੈ ਕਿ ਉਹ ਇਕੋ ਵੇਲੇ ਜਿਊਂਦਾ ਵੀ ਹੈ ਅਤੇ ਮੋਇਆ ਹੋਇਆ ਵੀ। ਬੇਸ਼ਕ, ਆਦਮੀ ਮਰਦੇ ਜ਼ਰੂਰ ਹਨ, ਪਰ ਜੇ ਉਹ ਜਿਊਂਦਾ ਹੈ ਤਾਂ ਅਸੀਂ ਉਸ ਨਾਲ ਸਿਰਫ਼

ਇਹੀ ਖਾਸੀਅਤ ਜੋੜਦੇ ਹਾਂ, ਬਾਵਜੂਦ ਇਸ ਤੱਥ ਦੇ ਕਿ ਕੁਝ ਸਾਲ ਮਗਰੋਂ ਉਹ ਮਰ ਜਾਇਗਾ। ਅਤੇ ਫਿਰ ਅਸੀਂ ਕਰਾਂਗੇ: ਉਹ ਆਦਮੀ ਮਰ ਗਿਆ ਹੈ।

ਪਰ, ਅਸੀਂ ਇਹ ਤੱਥ ਸਥਾਪਤ ਕਰ ਦਿਤਾ ਹੈ ਕਿ ਸੰਸਾਰ ਵਿਚਲੇ ਵਰਤਾਰੇ ਵਿਰੋਧਾਤਮਕ ਹਨ। ਸਤਾਰ੍ਹਵੀਂ ਸਦੀ ਦੇ ਸ਼ੁਰੂ ਵਿਚ, ਪ੍ਰਕਾਸ਼-ਵਿਗਿਆਨੀਆਂ ਵਿਚ ਰੌਸ਼ਨੀ ਦੀ ਪ੍ਰਕਿਰਤੀ ਬਾਰੇ ਬਹਿਸ ਚੱਲ ਰਹੀ ਸੀ: ਕੀ ਇਹ ਨਿਰੰਤਰ ਅਤੇ ਲਹਿਰ ਵਰਗੀ ਹੈ, ਅਤੇ ਇਸ ਕਰਕੇ ਲਹਿਰਾਂ ਦੇ ਕਾਨੂੰਨ ਇਸ ਉਪਰ ਲਾਗੂ ਹੁੰਦੇ ਹਨ, ਜਾਂ ਕਿ ਇਹ ਨਿਰੰਤਰਤਾ-ਰਹਿਤ, ਬਿਜਲਾਣਵੀ ਹੈ, ਜਿਸ ਕਰਕੇ ਇਸ ਉਪਰ ਅਣੂਆਂ ਦੇ ਕਾਨੂੰਨ ਲਾਗੂ ਹੁੰਦੇ ਹਨ? ਰੌਸ਼ਨੀ ਦੇ ਦੋ ਵਿਰੋਧੀ ਸਿਧਾਂਤ ਘੜੇ ਗਏ: ਲਹਿਰ ਸਿਧਾਂਤ ਅਤੇ ਬਿਜਲਾਣਵੀ ਸਿਧਾਂਤ। ਕਈ ਝਗੜੇ ਚੱਲੇ ਕਿ ਇਹਨਾਂ ਦੋਹਾਂ ਵਿਚੋਂ ਕਿਹੜਾ ਸਿਧਾਂਤ ਠੀਕ ਹੈ: ਦੋਹਾਂ ਦੇ ਹੱਕ ਵਿਚ ਦਲੀਲਾਂ ਦਿਤੀਆਂ ਗਈਆਂ। ਅੰਗ੍ਰੇਜ਼ ਵਿਗਿਆਨੀ **ਇਸਾਕ ਨਿਊਟਨ** ਨੇ ਇਹ ਸਾਬਤ ਕਰਨ ਲਈ ਕਈ ਤਜਰਬੇ ਕੀਤੇ ਕਿ ਰੌਸ਼ਨੀ ਨਿਰੰਤਰਤਾ-ਰਹਿਤ, ਨਿੱਖੜਵੀਂ ਪ੍ਰਕਿਰਤੀ ਰੱਖਦੀ ਹੈ ਅਤੇ ਇਹ ਅਣੂਆਂ ਦਾ, ਬਿਜਲਾਣੂਆਂ ਦਾ ਵਹਾਅ ਹੈ, ਜਦ ਕਿ ਡੱਚ ਵਿਗਿਆਨੀ **ਕ੍ਰਿਸਚਨ ਹਾਈਜਨਸ** ਨੇ ਆਪਣਾ ਸਿੱਟਾ ਪ੍ਰਕਾਸ਼ ਦੇ ਕਿਰਣ-ਵਿਚਲਣ ਅਤੇ ਰੁਕਾਵਟ ਤੋਂ ਮਿਲਦੇ ਸਿੱਟਿਆਂ ਉਪਰ ਆਧਾਰਤ ਕੀਤਾ ਕਿ ਰੌਸ਼ਨੀ ਨਿਰੰਤਰ ਮਾਧਿਅਮ ਦੀ ਲਹਿਰ ਵਰਗੀ ਗਤੀ ਹੈ। ਇੰਝ ਲੱਗੇਗਾ ਕਿ ਇਹਨਾਂ ਵਿਚੋਂ ਸਿਰਫ਼ ਇਕ ਸਿੱਟਾ ਠੀਕ ਹੋ ਸਕਦਾ ਹੈ; ਪਰ ਵਿਗਿਆਨ ਦੇ ਵਿਗਾਸ ਨੇ ਇਹ ਤੱਥ ਉਘਾੜ ਕੇ ਸਾਮ੍ਹਣੇ ਲਿਆਂਦਾ ਕਿ ਇਹ "ਅਜੀਬ" ਵਰਤਾਰਾ ਵਿਰੋਧਾਤਮਕ, ਸੰਬਾਦਕ ਖ਼ਾਸੇ ਦਾ ਹੈ। ਮਗਰੋਂ ਇਹ ਸਥਾਪਤ ਕੀਤਾ ਗਿਆ ਕਿ ਰੌਸ਼ਨੀ ਇਕੋ ਵੇਲੇ ਲਹਿਰਾਂ ਦੀ ਗਤੀ ਵੀ ਹੈ ਅਤੇ ਅਣੂਆਂ ਦੀ ਵੀ। ਉਨ੍ਹੀਵੀਂ

ਸਦੀ ਵਿਚ ਇਹ ਸਾਬਤ ਕੀਤਾ ਗਿਆ ਕਿ ਲਹਿਰਾਂ ਸਿਰਫ਼ ਦਿਸਦੀ ਰੌਸ਼ਨੀ ਦਾ ਹੀ ਖ਼ਾਸਾ ਨਹੀਂ, ਸਗੋਂ ਬਿਜਲੀ, ਚੁੰਬਕ--ਸ਼ਕਤੀ, ਅਤੇ ਕਈ ਹੋਰ ਅਮਲਾਂ ਦਾ ਵੀ ਖ਼ਾਸਾ ਹਨ। ਰੌਸ਼ਨੀ, ਬਿਜਲੀ ਅਤੇ ਚੁੰਬਕੀ-ਸ਼ਕਤੀ ਇਕੋ ਇਕ ਚੁੰਬਕੀ ਖੇਤਰ ਦੇ ਉਤਾਰ-ਚੜ੍ਹਾਅ ਹਨ। ਇਸ ਸਦੀ ਦੇ ਸ਼ੁਰੂ ਵਿਚ, ਲੱਭਤਾਂ ਦਾ ਹੜ੍ਹ ਆ ਗਿਆ, ਅਤੇ ਇਹ ਕਿਸੇ ਵੀ ਸ਼ੱਕ ਦੀ ਗੁੰਜਾਇਸ਼ ਤੋਂ ਬਿਨਾਂ ਸਾਬਤ ਕੀਤਾ ਗਿਆ ਕਿ ਇਕ ਨਿਰੰਤਰ ਚੁੰਬਕੀ ਖੇਤਰ ਇਕੋ ਵੇਲੇ ਨਿਰੰਤਰਤਾ-ਰਹਿਤ, ਵਿਲੱਖਣ ਅਤੇ ਬਿਜਲਾਣਵੀ ਵਰਤਾਰਾ ਹੈ।

ਇਸਤਰ੍ਹਾਂ ਦਿਸਦੀ ਰੌਸ਼ਨੀ ਅਤੇ ਅਣਦਿਸਦੀਆਂ ਰੇਡੀਓ ਲਹਿਰਾਂ, ਐਕਸਰੇ, ਬਿਜਲੀ, ਚੁੰਬਕੀ-ਸ਼ਕਤੀ, ਤਾਪ-ਕਿਰਣਾਹਟ ਅਤੇ ਤਾਪ-ਰਚਾਈ, ਆਮ ਕਰਕੇ ਸ਼ਕਤੀ, ਫੋਟੋ-ਅਸਰ ਆਦਿ ਬਾਰੇ ਹੋਰ ਪਤਾ ਲੱਗਾ, ਜਿਸਦਾ ਕਾਰਨ, ਪਹਿਲੀ ਥਾਂ ਉਤੇ, ਉਹਨਾਂ ਦੀ ਅੰਤ੍ਰੀਵਕ ਤੌਰ ਉਤੇ ਵਿਰੋਧਾਤਮਕ ਪ੍ਰਕਿਰਤੀ, ਅਤੇ ਦੂਜੀ ਥਾਂ ਉਤੇ, ਵਿਲੱਖਣ ਅਤੇ ਨਿਰੰਤਰ, ਕੁਅੰਟਮਾਂ ਅਤੇ ਲਹਿਰਾਂ ਦੇ ਉਲਟ-ਅੰਸ਼ਾਂ ਦੀ ਏਕਤਾ ਵਜੋਂ ਉਹਨਾਂ ਦਾ ਅਧਿਐਨ ਕੀਤਾ ਜਾਣਾ ਸੀ।

ਪ੍ਰਮਾਣਵੀ ਭੌਤਕ-ਵਿਗਿਆਨ ਵਿਚ, ਇਲੈਕਟਰਾਨਾਂ ਅਤੇ ਦੂਜੇ ਮੁਢਲੇ ਕਣਾਂ ਦੇ ਅਧਿਐਨ ਵਿਚ ਵੀ ਇਹੋ ਜਿਹੀ ਅਵਸਥਾ ਪੈਦਾ ਹੋ ਗਈ। ਉਹਨਾਂ ਦੀ ਪ੍ਰਕਿਰਤੀ ਵੀ ਵਿਰੋਧਾਤਮਕ, ਇਕੋ ਵੇਲੇ ਵਿਲੱਖਣ ਅਤੇ ਲਹਿਰ-ਵਰਗੀ ਸਾਬਤ ਹੋਈ, ਜਿਸਤੋਂ ਕੁਅੰਟਮ ਅਤੇ ਵੇਵ-ਮਕੈਨਿਕਸ ਨਿਕਲੀ, ਅਤੇ ਫਿਰ ਉਹਨਾਂ ਨੂੰ ਇਕੱਠਿਆਂ ਕੀਤਾ ਗਿਆ, ਬਾਵਜੂਦ ਇਸ ਤੱਥ ਦੇ ਕਿ ਇਕ ਅਣੂ ਵਜੋਂ ਇਲੈਕਟਰਾਨ ਦਾ ਅਤੇ ਲਹਿਰ ਦਾ ਸੰਕਲਪ ਬੁਨਿਆਦੀ ਤੌਰ ਉਤੇ ਬੇਮੇਲ ਲੱਗਦੇ ਸਨ। ਇਸਲਈ, ਜੇ ਕੋਈ ਵਸਤ ਜਾਂ ਵਰਤਾਰਾ ਵਿਰੋਧਾਤਮਕ ਹੈ, ਤਾਂ ਇਹ ਸਾਡੀ

ਸੋਚਣੀ ਵਿਚ ਵੀ ਜਿਉਂ ਦਾ ਤਿਉਂ ਪ੍ਰਤਿਬਿੰਬਤ ਹੋਣਾ ਚਾਹੀਦਾ ਹੈ। ਜ਼ਿੰਦਗੀ ਵੀ ਵਿਰੋਧਾਤਮਕ ਹੈ, ਅਤੇ ਹਕੀਕਤ ਨੂੰ ਸਮਝਣ ਲਈ ਸਾਨੂੰ ਆਪਣਾ ਮਨ ਖੁਲ੍ਹਾ ਰੱਖਣਾ ਚਾਹੀਦਾ ਹੈ। ਜ਼ਿੰਦਗੀ ਦੀ ਸੰਬਾਦਕਤਾ ਸਾਡੀ ਸੋਚਣੀ ਦੀ ਸੰਬਾਦਕਤਾ ਵਿਚ, ਸੰਕਲਪਾਂ ਦੀ ਸੰਬਾਦਕਤਾ ਵਿਚ ਪ੍ਰਤਿਬਿੰਬਤ ਹੋਣੀ ਚਾਹੀਦੀ ਹੈ।

ਪਰ ਕੁਝ ਫ਼ਿਲਾਸਫ਼ਰਾਂ ਨੇ ਬੇਮੇਲ ਵਿਚਾਰਾਂ ਅਤੇ ਸਿਧਾਂਤਾਂ ਨੂੰ ਮਨਮਰਜ਼ੀ ਨਾਲ ਜੋੜਦਿਆਂ ਹੋਇਆਂ ਮਨ ਖੁਲ੍ਹਾ ਰੱਖਣ ਨੂੰ ਗ਼ਲਤ ਤਰ੍ਹਾਂ ਨਾਲ ਲਿਆ। ਇਹੋ ਜਿਹੇ ਫ਼ਿਲਾਸਫ਼ਰਾਂ ਨੂੰ **ਚੌਗਮੱਤੀ** ਫ਼ਿਲਾਸਫ਼ਰ ਕਿਹਾ ਜਾਣ ਲੱਗਾ। ਵਖੋ ਵਖਰੀਆਂ ਪਰਪਾਟੀਆਂ ਦੇ ਪ੍ਰਤਿਨਿਧ ਵਿਚਾਰਾਂ ਦੇ ਸਵੈ-ਵਿਰੋਧੀ ਅਤੇ ਬੇਅਸੂਲੇ ਮੇਲ ਨੂੰ ਚੌਗਮੱਤ ਕਹਿੰਦੇ ਹਨ; ਇਹ ਤੱਥ ਇਸ ਪੱਖੋਂ ਉਘੜਵਾਂ ਹੈ ਕਿ ਇਹ ਉਸ ਚੀਜ਼ ਨੂੰ ਮੇਲਣ ਦੀ ਕੋਸ਼ਿਸ਼ ਕਰਦਾ ਹੈ ਜਿਹੜੀ ਨਹੀਂ ਮੇਲੀ ਜਾ ਸਕਦੀ, ਅਤੇ ਇਹ ਅਸਲੀ ਸੰਬੰਧ ਦੇਖਣ ਤੋਂ ਅਸਮਰੱਥ ਹੁੰਦਾ ਹੈ, ਜਿਹੜੇ ਕਿਸੇ ਵਸਤ ਨੂੰ ਇਕ ਇਕਾਈ ਬਣਾਉਣ ਦਾ ਕੰਮ ਕਰਦੇ ਹਨ।

ਜੇ ਅਸੀਂ ਪਹਿਲਾਂ ਤਾਂ ਇਹ ਕਹੀਏ ਕਿ "ਮਨ ਪਦਾਰਥ ਤੋਂ ਜਨਮਦਾ ਹੈ", ਅਤੇ ਫਿਰ ਇਹ ਦਾਅਵਾ ਕਰੀਏ ਕਿ "ਮਨ ਆਪਣੇ ਆਪ ਵਿਚ ਹੋਂਦ ਰੱਖਦਾ ਹੈ, ਅਤੇ ਇਹ ਪਦਾਰਥ ਤੋਂ ਸਵੈਧੀਨ ਹੈ," ਸਗੋਂ ਇਸ ਗੱਲ ਉਤੇ ਜ਼ੋਰ ਦੇਈਏ ਕਿ ਇਹ ਦੋਵੇਂ ਪ੍ਰਸਤਾਵਨਾਵਾਂ ਇਕ ਦੂਜੀ ਦੇ ਅਨੁਕੂਲ ਹਨ, ਤਾਂ ਸਾਨੂੰ ਚੌਗਮੱਤੀਏ ਕਿਹਾ ਜਾਇਗਾ। ਇਸ ਉਦਾਹਰਣ ਵਿਚ ਚੌਗਮੱਤ ਬੁਨਿਆਦੀ ਤੌਰ ਉਤੇ ਵਖਰੇ ਵਿਚਾਰਾਂ ਨੂੰ ਮਕਾਨਕੀ ਢੰਗ ਨਾਲ ਜੋੜਣ ਵਿਚ ਪਰਗਟ ਹੁੰਦਾ ਹੈ, ਜਿਹੜੇ ਵਿਚਾਰ ਕਿ ਕਥਿਤ ਤੌਰ ਉਤੇ ਬਰਾਬਰ ਦੀ ਕਦਰ ਰੱਖਦੇ ਹਨ, ਅਰਥਾਤ, ਪਦਾਰਥਵਾਦ ਅਤੇ ਆਦਰਸ਼ਵਾਦ ਦੇ ਵਿਚਾਰ।

ਆਓ, ਵਿਰੋਧ-ਵਿਕਾਸ ਦਾ ਇਕ ਹੋਰ ਲੱਛਣ ਵੀ ਵਿਚਾਰੀਏ।

ਅਸੀਂ ਸਾਰੇ ਜਾਣਦੇ ਹਾਂ ਕਿ ਵਿਰੋਧ-ਵਿਕਾਸ ਇਹ ਨਹੀਂ ਮੰਣਦਾ ਕਿ ਕਿਸੇ ਚੀਜ਼ ਨੂੰ ਹਮੇਸ਼ਾ ਲਈ ਅੰਤਮ ਰੂਪ ਮਿਲ ਚੁੱਕਾ ਹੈ, ਇਹ ਕਿਸੇ ਚੀਜ਼ ਨੂੰ ਵੀ ਸੀਮਤ ਜਾਂ ਸਦੀਵੀ ਨਹੀਂ ਸਮਝਦਾ। ਸਾਰਾ ਕੁਝ ਲਗਾਤਾਰ ਬਦਲ ਰਿਹਾ ਹੈ ਅਤੇ ਇਹ ਨਿਰੰਤਰ ਗਤੀ ਵਿਚ ਹੈ ਅਤੇ ਨਵਿਆਇਆ ਜਾ ਰਿਹਾ ਹੈ। ਇਸ ਅਮਲ ਦਾ ਕੋਈ ਅੰਤ ਨਹੀਂ ਕਿ ਕੁਝ ਵਸਤਾਂ ਅਤੇ ਵਰਤਾਰੇ ਇਕ ਦੂਜੇ ਦੀ ਥਾਂ ਲਈ ਜਾਂਦੇ ਹਨ। ਪਰ ਇਸ ਗਤੀ ਦੀ, ਖ਼ੁਦ ਵਿਕਾਸ ਦੀ ਸੇਧ ਕੀ ਹੈ?

### ਨਿਸ਼ੇਧ ਦਾ ਨਿਸ਼ੇਧ

ਪ੍ਰਕਿਰਤੀ ਅਤੇ ਸਮਾਜ ਦਾ ਇਤਿਹਾਸ, ਦੋਵੇਂ ਹੀ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਵਿਕਾਸ ਪੁਰਾਣੇ ਦੇ ਮਰਨ ਅਤੇ ਨਵੇਂ ਦੇ ਰੂਪ ਧਾਰਨ ਨਾਲ ਜੁੜਿਆ ਹੋਇਆ ਹੈ। ਧਰਤੀ ਦੀ ਪਰਤ ਵਿਚ ਨਵੀਆਂ ਭੂ-ਵਿਗਿਆਨਕ ਬਣਤਰਾਂ ਬਣਦੀਆਂ ਰਹਿੰਦੀਆਂ ਹਨ, ਬਨਸਪਤੀ ਅਤੇ ਜੀਵ-ਜੰਤੂਆਂ ਦੀ ਦੁਨੀਆਂ ਵਿਚ ਨਵੇਂ, ਵਧੇਰੇ ਪਰਿਪੂਰਨ ਰੂਪ ਪੁਰਾਣੇ ਰੂਪਾਂ ਦੀ ਥਾਂ ਲੈਂਦੇ ਰਹਿੰਦੇ ਹਨ। ਸਜੀਵ ਸ਼ਰੀਰਾਂ ਵਿਚ ਸੈੱਲ ਬਦਲਦੇ ਰਹਿੰਦੇ ਹਨ: ਪੁਰਾਣੇ ਸੈੱਲ ਮਰਦੇ ਰਹਿੰਦੇ ਹਨ ਅਤੇ ਨਵੇਂ ਬਣਦੇ ਰਹਿੰਦੇ ਹਨ। ਆਦਿ-ਕਾਲੀਨ ਧਾੜਾਂ ਤੋਂ ਲੈਕੇ ਗ਼ੁਲਾਮੀ, ਭੂਮੀ-ਗ਼ੁਲਾਮੀ ਅਤੇ ਉਜਰਤੀ ਮਜ਼ਦੂਰੀ ਤੱਕ ਦਾ ਲੰਮਾਂ ਪੈਂਡਾ ਮਾਰ ਕੇ ਮਨੁੱਖਤਾ ਐਸੇ ਸਮਾਜ ਤੱਕ ਪੁੱਜੀ ਹੈ ਜਿਸ ਵਿਚ ਸਾਰੇ ਲੋਕ ਬਰਾਬਰ ਹਨ। ਨਾ ਸਿਰਫ਼ ਪ੍ਰਕਿਰਤੀ ਅਤੇ ਸਮਾਜ ਵਿਚ ਹੀ, ਸਗੋਂ ਮਨੁੱਖ ਦੇ ਮਨ ਵਿਚ ਵੀ ਤਬਦੀਲੀਆਂ ਆਉਂਦੀਆਂ ਹਨ; ਸੰਸਾਰ-ਦ੍ਰਿਸ਼ਟੀਕੋਨ, ਯਤਨ ਅਤੇ ਜਜ਼ਬੇ ਬਦਲਦੇ ਰਹਿੰਦੇ ਹਨ। ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਲੋਕ ਨਵੇਂ

ਜੀਵਨ ਪ੍ਰਤਿ ਜਾਗ੍ਰਿਤ ਹੋ ਰਹੇ ਹਨ। ਇਹਨਾਂ ਦੇਸਾਂ ਦੇ ਲੋਕਾਂ ਦੀਆਂ ਅਕਾਂਖਿਆਵਾਂ ਨੂੰ, ਆਜ਼ਾਦੀ ਲਈ ਉਹਨਾਂ ਦੇ ਯਤਨਾਂ ਨੂੰ ਪ੍ਰਗਟਾਅ ਦੇਂਦਿਆਂ, ਰਾਬਿੰਦਰਨਾਥ ਟੈਗੋਰ ਨੇ ਲਿਖਿਆ ਸੀ:

ਜਾਗ, ਐ ਬਜ਼ੁਰਗ ਪੂਰਬ!
ਆਪਣੇ ਕਵਾੜ ਖੋਹਲ, ਅਤੇ ਦੁਨੀਆਂ
ਦੀ ਥਾਹ ਲੈ!*

ਪੁਰਾਣੇ ਦੀ ਥਾਂ ਨਵੇਂ ਵਲੋਂ ਲਏ ਜਾਣਾ, ਅਰਥਾਤ, ਨਵੇਂ ਦਾ ਅਜਿੱਤ ਹੋਣਾ, ਪ੍ਰਕਿਰਤੀ, ਸਮਾਜ ਅਤੇ ਸੋਚਣੀ ਦੇ ਵਿਗਾਸ ਦਾ ਇਕ ਮਹਤਵਪੂਰਨ ਲੱਛਣ ਹੈ। ਵਿਰੋਧ-ਵਿਕਾਸ ਹਰ ਵਸਤ ਅਤੇ ਵਰਤਾਰੇ ਵਿਚ ਅਟੱਲ ਖ਼ਾਤਮੇ (ਨਿਸ਼ੇਧ) ਦੇ ਚਿੰਨ੍ਹ ਦੇਖਦਾ ਹੈ; ਇਸਤੋਂ ਕੁਝ ਨਹੀਂ ਬਚ ਸਕਦਾ, ਸਿਵਾਏ ਉਪਜਣ ਅਤੇ ਬਿਣਸਨ ਦੇ ਅਮਲ ਦੇ, ਹੇਠਲੇ ਵਲੋਂ ਉਚੇਰੇ ਵੱਲ ਨੂੰ ਨਿਰੰਤਰ ਗਤੀ ਦੇ। **ਨਿਸ਼ੇਧ**, ਅਰਥਾਤ, ਪੁਰਾਣੇ ਦੀ ਥਾਂ ਨਵੇਂ ਵਲੋਂ ਲਏ ਜਾਣਾ, ਹਰ ਥਾਂ ਵਾਪਰ ਰਿਹਾ ਹੈ। ਇਥੇ ਇਹ ਸਵਾਲ ਪੁੱਛਿਆ ਜਾ ਸਕਦਾ ਹੈ: ਜੇ ਸਭ ਕੁਝ ਹੀ ਪੁਰਾਣਾ ਹੋ ਜਾਂਦਾ ਅਤੇ ਬਿਣਸ ਜਾਂਦਾ ਹੈ, ਤਾਂ ਕੀ ਦੁਨੀਆਂ ਆਪਣੇ ਅੰਤ ਨੂੰ ਪੁੱਜ ਰਹੀ ਹੈ? ਨਹੀਂ, ਇੰਝ ਨਹੀਂ, ਕਿਉਂਕਿ ਪੈਦਾ ਹੋ ਰਿਹਾ ਨਵਾਂ, ਨਿਯਮਣ, ਅਗਲੇਰੇ ਵਿਕਾਸ ਲਈ ਵਧੇਰੇ ਸੰਭਾਵਨਾਵਾਂ ਰੱਖਦਾ ਹੈ।

ਅਸੀਂ ਕਾਫ਼ੀ ਉਦਾਹਰਣਾਂ ਐਸੀਆਂ ਜਾਣਦੇ ਹਾਂ ਜਿਥੇ ਨਿਸ਼ੇਧ ਸਚਮੁਚ ਵਿਨਾਸ਼ ਹੀ ਹੁੰਦਾ ਹੈ। ਇਤਿਹਾਸ ਨੇ ਪੂਰੀਆਂ ਦੀਆਂ ਪੂਰੀਆਂ ਸਭਿਅਤਾਵਾਂ ਅਤੇ ਕੌਮਾਂ ਤਬਾਹ ਹੁੰਦੀਆਂ ਦੇਖੀਆਂ ਹਨ। ਉਦਾਹਰਣ ਵਜੋਂ, ਸਪੇਨੀ ਜੇਤੂਆਂ ਨੇ ਇਨਕਾ ਅਤੇ ਆਜ਼ਟੇਕ

---

*ਰਾਬਿੰਦਰਨਾਥ ਟੈਗੋਰ, ਉਹੀ, ਸਫੇ ੧੩-੧੪।

ਰਾਜ ਪੂਰੀ ਤਰ੍ਹਾਂ ਤਬਾਹ ਕਰ ਦਿਤੇ ਅਤੇ ਉਹਨਾਂ ਦਾ ਸਭਿਆਚਾਰ ਧਰਤੀ ਦੀ ਸਤਹ ਤੋਂ ਮਿਟਾ ਦਿਤਾ। ਫ਼ਾਸ਼ਿਸਟਾਂ ਨੇ ਗੇਰਨਿਕ ਅਤੇ ਲਿਦੀਤਸੇ ਨੂੰ ਸਾੜ ਕੇ ਧਰਤੀ ਨਾਲ ਮਿਲਾ ਦਿਤਾ; ਹੀਰੋਸ਼ੀਮਾ ਅਤੇ ਨਾਗਾਸਾਕੀ ਉਪਰ ਐਟਮ ਬੰਬ ਸੁੱਟਿਆ ਗਿਆ। ਦੂਜੀ ਸੰਸਾਰ ਜੰਗ ਵਿਚ ਪੰਜ ਕਰੋੜ ਬੰਦੇ ਮਾਰੇ ਗਏ। ਸਾਨੂੰ ਕਾਮਪੂਚੀਆ ਦਾ ਦੁਖਾਂਤ ਵੀ ਯਾਦ ਹੈ, ਜਿਥੇ ਸ਼ਹਿਰ ਅਤੇ ਮੰਦਰ ਤਬਾਹ ਕਰ ਦਿਤੇ ਗਏ ਅਤੇ ਦੱਸ ਲੱਖ ਤੋ ਬਹੁਤੇ ਲੋਕਾਂ ਨੂੰ ਮਾਰ ਦਿਤਾ ਗਿਆ।

ਪਰ ਨਿਸ਼ੇਧ ਨੂੰ ਸਿਰਫ਼ ਵਿਨਾਸ਼ ਸਮਝ ਲੈਣਾ ਅਧਿਆਤਮਵਾਦੀਆਂ ਦਾ ਵਿਸ਼ੇਸ਼ ਲੱਛਣ ਹੈ। ਬੇਸ਼ਕ, ਨਿਸ਼ੇਧ ਦੇ ਇਸਤਰ੍ਹਾਂ ਦੇ ਰੂਪ ਵੀ ਹੁੰਦੇ ਹਨ। ਫਿਰ ਵੀ, ਐਸਾ ਨਿਸ਼ੇਧ ਵੀ ਹੁੰਦਾ ਹੈ ਜਿਹੜਾ ਵਿਗਾਸ ਦੇ ਵਿਰੁਧ ਨਹੀਂ ਜਾਂਦਾ, ਸਗੋਂ ਇਸਨੂੰ ਅਨੁਕੂਲਦਾ ਹੈ। ਵਿਰੋਧ-ਵਿਕਾਸ ਦੇ ਮਾਹਰ ਨਿਸ਼ੇਧ ਦੇ ਮਸਲੇ ਨੂੰ ਇਸ ਪਰਕਾਰ ਲੈਂਦੇ ਹਨ। ਨਿਸ਼ੇਧ ਵਲੋਂ ਅਦਾ ਕੀਤੇ ਜਾਂਦੇ ਚੰਗੇ ਰੋਲ ਨੂੰ ਦੱਸ ਕੇ, ਅਸੀਂ ਵਿਗਾਸ ਦੇ ਖ਼ਾਸੇ, ਕਾਨੂੰਨਾਂ ਅਤੇ ਸੇਧ ਦੀ ਠੀਕ ਠੀਕ ਸਮਝ ਪਰਾਪਤ ਕਰ ਸਕਦੇ ਹਾਂ।

## ਦਾਇਰਾ, ਸਿੱਧੀ ਲਕੀਰ ਜਾਂ ਚੂੜੀਦਾਰ ਤਿਕੋਣ ?

ਇਹ ਸੰਕਲਪ ਪੁਰਾਤਨ ਸਮਿਆਂ ਵਿਚ ਹੀ ਰੂਪ ਧਾਰ ਚੁੱਕਾ ਸੀ ਕਿ ਸੰਸਾਰ ਵਿਚ ਵਾਪਰਦੀਆਂ ਤਬਦੀਲੀਆਂ ਨਿਸ਼ਚਿਤ ਦਿਸ਼ਾ ਵਿਚ ਚੱਲਦੀਆਂ ਹਨ। ਕਈ ਚਿੰਤਕ ਇਤਿਹਾਸ ਨੂੰ ਇਕੋ ਪੱਧਰ ਉਤੇ ਵਾਪਰਦੀਆਂ ਘਟਣਾਵਾਂ ਦੀ ਲੜੀ ਸਮਝਦੇ ਸਨ। ਉਹਨਾਂ ਦਾ ਖ਼ਿਆਲ ਸੀ ਕਿ ਵਿਕਾਸ ਸਿੱਧੀ ਲਕੀਰ ਵਾਂਗ ਹੁੰਦਾ ਹੈ, ਜਨਮ ਤੋਂ ਪਰੌਢਤਾ, ਬੁਢਾਪਾ ਅਤੇ ਮੌਤ, ਅਤੇ ਫਿਰ ਸਭ ਕੁਝ ਨਵੇਂ ਸਿਰਿਉਂ ਦੁਹਰਾਇਆ ਜਾਂਦਾ ਹੈ।

ਕਈ ਵਾਰੀ ਗਤੀ ਨੂੰ ਬੰਦ ਦਾਇਰੇ ਦੇ ਅੰਦਰ, ਅੰਤ-ਰਹਿਤ ਚੱਕਰ ਦੇ ਅੰਦਰ ਤਬਦੀਲੀ ਵਜੋਂ ਸਮਝਿਆ ਜਾਂਦਾ ਹੈ, ਜਿਥੇ ਸਭ ਕੁਝ ਮੁੜ ਮੁੜ ਕੇ ਆਪਣੇ ਹੀ ਆਰੰਭਕ ਬਿੰਦੂ ਉਤੇ ਮੁੜ ਆਉਂਦਾ ਹੈ। ਪੁਰਾਤਨ ਯੂਨਾਨੀ ਗਣਿਤ-ਵਿਗਿਆਨੀ ਅਤੇ ਫ਼ਿਲਾਸਫ਼ਰ, ਪਾਇਥਾਗੋਰਸ, ਅਤੇ ਉਸਦੇ ਚੇਲਿਆਂ ਨੇ ਇਕ ਸਿਧਾਂਤ ਘੜਿਆ, ਜਿਸ ਅਨੁਸਾਰ ਹਰ ੭੬,੦੦,੦੦੦ ਸਾਲਾਂ ਪਿਛੋਂ ਸਾਰੀਆਂ ਚੀਜ਼ਾਂ ਪੂਰੀ ਤਰ੍ਹਾਂ ਆਪਣੀ ਪਹਿਲਾਂ ਵਾਲੀ ਅਵਸਥਾ ਵਿਚ ਆ ਜਾਂਦੀਆਂ ਹਨ। ਅਫ਼ਲਾਤੂਨ ਅਤੇ ਅਰਸਤੂ ਦਾ ਵੀ ਵਿਚਾਰ ਸੀ ਕਿ ਸਮਾਜ ਦਾ ਵਿਕਾਸ ਇਕ ਚੱਕਰ ਵਿਚ ਚੱਲਦਾ ਹੈ ਅਤੇ ਮੁੜ ਮੁੜ ਵਾਪਰਦੇ ਪੜਾਵਾਂ ਵਿਚੋਂ ਲੰਘਦਾ ਹੈ। ਪੁਰਾਤਨ ਚੀਨੀ ਫ਼ਿਲਾਸਫ਼ਰ **ਦੋਂਗ ਜੋਂਗ ਸ਼ੂ** ਦਾ ਵਿਸ਼ਵਾਸ ਸੀ ਕਿ ਇਤਿਹਾਸ ਚੱਕਰਾਂ ਵਿਚ ਆਪਣੇ ਆਪ ਨੂੰ ਦੁਹਰਾਉਂਦਾ ਹੈ, ਕਿਉਂਕਿ ਆਕਾਸ਼ ਅਤੇ "ਤਾਓ", ਦੋਵੇਂ ਹੀ ਅਬਦਲ ਹਨ। ਸਤਾਰ੍ਹਵੀਂ ਸਦੀ ਦੇ ਇਤਾਲਵੀ ਚਿੰਤਕ **ਜੋਵਾਨੀ ਬਾਤਿਸਤਾ ਵੀਕੋ** ਨੇ ਚੱਕਰ ਦਾ ਇਕ ਵਿਸ਼ੇਸ਼ ਸਿਧਾਂਤ ਤਜਵੀਜ਼ ਕੀਤਾ; ਇਸ ਅਨੁਸਾਰ ਸਮਾਜ ਚੱਕਰਾਂ ਵਿਚ ਵਿਕਾਸ ਕਰਦਾ ਹੈ, ਹਰ ਚੱਕਰ ਸਮਾਜ ਦੇ ਸੰਕਟ ਅਤੇ ਅਧੋਗਤੀ ਵਿਚ ਜਾ ਮੁਕਦਾ ਹੈ ਅਤੇ ਅਤਿ ਦੇ ਆਦਿ-ਕਾਲੀਨ ਰੂਪਾਂ ਨਾਲ ਨਵਾਂ ਚੱਕਰ ਮੁਢੋਂ-ਸੁਢੋਂ ਸ਼ੁਰੂ ਹੋ ਜਾਂਦਾ ਹੈ।

ਸਮਾਜਕ ਵਿਕਾਸ ਬਾਰੇ ਹੋਰ ਵਿਚਾਰ ਵੀ ਪ੍ਰਚੱਲਤ ਸਨ; ਉਦਾਹਰਣ ਵਜੋਂ, ਇਹ ਦਾਅਵਾ ਕੀਤਾ ਗਿਆ ਕਿ ਪੁਰਾਤਨ "ਸੁਨਹਿਰੀ ਯੁਗ" ਤੋਂ ਲੈ ਕੇ ਸਮਾਜ ਨਿਰੰਤਰ ਪਿੱਛੇ ਵੱਲ ਨੂੰ ਜਾਣ ਦੀ ਅਵਸਥਾ ਵਿਚ ਰਿਹਾ ਹੈ। ਪੁਰਾਤਨ ਯੂਨਾਨੀ ਫ਼ਿਲਾਸਫ਼ਰ **ਹੇਸਾਇਡ** ਅਤੇ **ਸੇਨੇਕਾ** ਵੀ ਇਸ ਵਿਚਾਰ ਦੇ ਧਾਰਨੀ ਲੋਕਾਂ ਵਿਚੋਂ ਸਨ; ਉਹ ਗਤੀ ਨੂੰ ਪਿੱਛੇ ਮੁੜਨਾ ਸਮਝਦੇ ਸਨ। ਇਸੇਤਰ੍ਹਾਂ ਦੇ ਸਿਧਾਂਤ, ਜਿਹੜੇ ਗਤੀ ਨੂੰ ਉਚੇਰੀ ਪੱਧਰ ਤੋਂ

ਨੀਵੀਂ ਪੱਧਰ ਵੱਲ ਜਾਣ ਦੇ ਅਰਥ ਲੈਂਦੇ ਹਨ, ਅੱਜ ਵੀ ਤਜਵੀਜ਼ ਕੀਤੇ ਜਾ ਰਹੇ ਹਨ। ਉਦਾਹਰਣ ਵਜੋਂ, ਅੰਗ੍ਰੇਜ਼ ਤਾਰਾ-ਵਿਗਿਆਨੀ ਜੇਮਜ਼ ਵੂੱਡ ਜੀਨਜ਼ ਨੇ ਆਪਣੀ ਪੁਸਤਕ "ਸਾਡੇ ਦੁਆਲੇ ਦਾ ਬ੍ਰਹਿਮੰਡ" ਵਿਚ ਲਿਖਿਆ ਹੈ ਕਿ ਸਾਰਾ ਜੀਵਨ, ਸਮਾਜ ਅਤੇ ਇਥੋਂ ਤੱਕ ਕਿ ਬ੍ਰਹਿਮੰਡ ਵੀ ਆਪਣੇ ਖ਼ਾਤਮੇ ਵੱਲ ਜਾ ਰਹੇ ਹਨ। ਬੇਸ਼ਕ ਇਤਿਹਾਸ ਵਿਚ ਐਸੇ ਦੌਰ ਹੁੰਦੇ ਹਨ, ਜਦੋਂ ਪ੍ਰਤਿਗਾਮੀ ਸ਼ਕਤੀਆਂ ਗ਼ਾਲਬ ਹੋ ਜਾਂਦੀਆਂ ਹਨ ਅਤੇ ਪਿੱਛੇ ਵੱਲ ਨੂੰ ਮੋੜਾ ਦੇਖਿਆ ਜਾ ਸਕਦਾ ਹੈ, ਜਿਵੇਂ ਕਿ ਬੀਤੇ ਵਿਚ ਜਰਮਨ ਫ਼ਾਸ਼ਿਸਟ ਅਤੇ ਸਾਡੇ ਸਮੇਂ ਦੇ ਫ਼ਾਸ਼ਿਜ਼ਮ-ਪੱਖੀ ਨਿਜ਼ਾਮ, ਜਿਨ੍ਹਾਂ ਨੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦਾ ਯਤਨ ਕੀਤਾ ਅਤੇ ਹੁਣ ਵੀ ਕਰ ਰਹੇ ਹਨ। ਪਰ ਉਹ ਮਰ ਰਹੇ ਅਤੇ ਗਲ-ਸੜ ਰਹੇ ਸਮਾਜਕ ਰੂਪਾਂ ਤੋਂ ਵੱਧ ਕੁਝ ਨਹੀਂ, ਅਤੇ ਉਹਨਾਂ ਦੀ ਸਫ਼ਲਤਾ ਸਿਰਫ਼ ਆਰਜ਼ੀ ਹੈ। ਅਖ਼ੀਰ ਵਿਚ, ਪੁਰਾਨੇ ਦੀ ਥਾਂ ਅਟੱਲ ਤੌਰ ਉਤੇ ਨਵਾਂ ਲੈ ਲਵੇਗਾ।

ਵਿਰੋਧ-ਵਿਕਾਸੀ ਨਿਸ਼ੇਧ, ਜਾਂ ਨਿਸ਼ੇਧ ਦਾ ਨਿਸ਼ੇਧ, ਸਿਰਫ਼ ਪੁਰਾਣੇ ਦਾ ਵਿਨਾਸ਼, ਪਿੱਛੇ ਵੱਲ ਨੂੰ ਮੋੜਾ ਜਾਂ ਦਾਇਰੇ ਵਿਚ ਘੁੰਮਣਾ ਨਹੀਂ। ਇਹ ਇਕਤਰ੍ਹਾਂ ਦਾ ਪੁਰਾਣੇ ਦਾ ਨਿਸ਼ੇਧ ਹੈ ਜਿਹੜਾ ਨਵੇਂ ਦੇ ਪਰਗਟ ਹੋਣ ਲਈ ਸਹਾਇਕ ਹੁੰਦਾ ਹੈ। ਉਦਾਹਰਣ ਵਜੋਂ, ਸਮਾਜਕ ਵਿਕਾਸ ਦੇ ਮੁਢਲੇ ਪੜਾਵਾਂ ਉਤੇ ਭੂਮੀ ਮਾਲਕੀ ਦਾ ਭਾਈਚਾਰਕ ਰੂਪ ਸਾਰੇ ਲੋਕਾਂ ਲਈ ਪ੍ਰਤਿਨਿਧ ਰੂਪ ਸੀ। ਲੁੱਟ-ਖਸੁੱਟ ਦੇ ਦੌਰ ਵਿਚ, ਸ਼ਰੇਣੀ-ਸ਼ਤਰੂਤਾ ਵਾਲੇ ਸਮਾਜਕ ਪ੍ਰਬੰਧ ਦੀ ਹੋਂਦ ਦੇ ਦੌਰਾਨ ਉਤਪਾਦਨ ਦੇ ਸਾਧਨ ਵਜੋਂ ਭੂਮੀ ਦੀ ਨਿੱਜੀ ਮਾਲਕੀ ਇਸਦਾ ਨਿਸ਼ੇਧ ਕਰਦੀ ਹੈ। ਪ੍ਰੋਲਤਾਰੀ ਸੋਸ਼ਲਿਸਟ ਇਨਕਲਾਬ ਇਕ ਵਾਰੀ ਫਿਰ ਭੂਮੀ ਸਮਾਜ ਨੂੰ, ਮਜ਼ਦੂਰ ਲੋਕਾਂ ਨੂੰ ਮੋੜ ਦੇਂਦਾ ਹੈ। ਇਹ ਜਨਤਕ ਮਾਲਕੀ ਭੂਮੀ ਦੀ ਮਾਲਕੀ ਦਾ ਹੱਕ ਬਦਲਣਾ ਅਸੰਭਵ ਬਣਾਉਂਦੀ ਹੈ ਜਿਸ

ਨਾਲ ਭੂਮੀ ਨੂੰ ਨਿੱਜੀ ਜਾਇਦਾਦ ਵਿਚ ਬਦਲਿਆ ਜਾਂਦਾ ਹੈ; ਜਨਤਕ ਮਾਲਕੀ ਨਾਲ ਕਿਰਤ ਉਤਪਾਦਕਤਾ, ਪ੍ਰਕਿਰਤੀ ਦੀ ਸੰਭਾਲ ਅਤੇ ਕੁਦਰਤੀ ਧਨ ਦੇ ਵਧਣ ਦੀ ਉੱਚੀ ਤੋਂ ਉੱਚੀ ਪੱਧਰ ਪਰਾਪਤ ਹੋਣੀ ਚਾਹੀਦੀ ਹੈ। ਨਿਸ਼ੇਧ ਦੇ ਨਿਸ਼ੇਧ ਦਾ ਮਤਲਬ ਹੈ ਭਾਰੀ ਸਮਾਜਕ ਤਰੱਕੀ। ਨਵਾਂ ਪੁਰਾਣੇ ਨੂੰ ਸਿਰਫ਼ ਲਾਹ ਹੀ ਨਹੀਂ ਮਾਰਦਾ। ਪੁਰਾਣੇ ਦੀਆਂ ਨੀਹਾਂ ਉਤੇ ਉਸਰਦਾ ਹੋਇਆ ਇਹ ਉਸਦੇ ਚੰਗੇ ਪੱਖਾਂ ਨੂੰ ਕਾਇਮ ਰੱਖਦਾ ਹੈ ਅਤੇ ਉਚੇਰੀ ਪੱਧਰ ਉਤੇ ਵਿਕਾਸ ਜਾਰੀ ਰੱਖਦਾ ਹੈ। ਉਦਾਹਰਣ ਵਜੋਂ, ਉਚੇਰੇ ਜੀਵਾਂ ਦੇ ਸ਼ਰੀਰ, ਹੇਠਲੀ ਪੱਧਰ ਵਾਲਿਆਂ ਦਾ ਨਿਸ਼ੇਧ ਕਰਦੇ ਹੋਏ, ਉਹਨਾਂ ਦੀ ਸੈੱਲ-ਰੂਪੀ ਬਣਤਰ ਸੰਭਾਲ ਰੱਖਦੇ ਹਨ; ਨਵਾਂ ਸਮਾਜਕ ਪ੍ਰਬੰਧ, ਪੁਰਾਣੇ ਦਾ ਨਿਸ਼ੇਧ ਕਰਦਾ ਹੋਇਆ, ਇਸਦੀਆਂ ਉਤਪਾਦਕ ਸ਼ਕਤੀਆਂ, ਵਿਗਿਆਨ ਅਤੇ ਸਭਿਆਚਾਰ ਵਿਚਲੀਆਂ ਇਸਦੀਆਂ ਪਰਾਪਤੀਆਂ ਨੂੰ ਸੰਭਾਲ ਰੱਖਦਾ ਹੈ। ਕੇਂਦਰੀ ਏਸ਼ੀਆਈ ਸਾਹਿਤ ਦਾ ਬਾਨੀ ਅਤੇ ਕਵੀ ਰੂਦਾਕੀ ਲਿਖਦਾ ਹੈ:

ਹਮੇਸ਼ਾ ਹੀ ਹੋਇਆ ਹੈ ਕਿ ਨਵਾਂ
ਪੁਰਾਣਾ ਹੋ ਜਾਂਦਾ ਹੈ,
ਅਤੇ ਇਸਤੋਂ ਵੀ ਨਵਾਂ ਇਸਦੀ ਥਾਂ
ਲੈ ਲੈਂਦਾ ਹੈ।*

ਹੀਗਲ ਦਾ ਵਿਸ਼ਵਾਸ ਸੀ ਕਿ ਪੁਰਾਣੇ ਦਾ ਨਿਸ਼ੇਧ ਕਰਕੇ ਹੀ ਨਵਾਂ ਪੈਦਾ ਹੁੰਦਾ ਹੈ। ਉਸਦੇ ਵਿਚਾਰ ਵਿਰੋਧ-ਵਿਕਾਸੀ ਨਿਸ਼ੇਧ

---

*ਰੂਦਾਕੀ, "ਨਜ਼ਮਾਂ", ਸਟਾਲਿਨਾਬਾਦ, ੧੯੪੯, ਸਫ਼ਾ ੧੦੩ (ਰੂਸੀ ਵਿਚ)।

(ਨਿਸ਼ੇਧ ਦਾ ਨਿਸ਼ੇਧ) ਸਮਝਣ ਲਈ ਬੇਹੱਦ ਮਹੱਤਾ ਰਖਦੇ ਸਨ; ਨਵੇਂ ਦੇ ਪੈਦਾ ਹੋਣ ਵਿਚ ਇਕ ਤੱਤ ਇਹ ਹੁੰਦਾ ਹੈ, ਅਤੇ ਇਸਦੇ ਵਿਚ ਨਵੇਂ ਦੇ ਬੀਜ ਸ਼ਾਮਲ ਹੁੰਦੇ ਹਨ, ਆਦਿ। ਨਵਾਂ ਉਹ ਹੈ ਜਿਹੜਾ ਵਧੇਰੇ ਪਰਿਪੂਰਨ ਅਤੇ ਪਲਰਣਯੋਗ ਹੁੰਦਾ ਹੈ। ਪਹਿਲਾਂ ਪਹਿਲਾਂ, ਹੋ ਸਕਦਾ ਹੈ, ਇਹ ਕਮਜ਼ੋਰ ਹੋਵੇ, ਪਰ ਜਿਉਂ ਜਿਉਂ ਇਹ ਵਿਕਾਸ ਕਰੀ ਜਾਂਦਾ ਹੈ, ਇਹ ਪੁਰਾਣੇ ਨੂੰ ਖ਼ਤਮ ਕਰ ਦੇਵੇਗਾ। ਹਰ ਵਰਤਾਰੇ ਵਿਚ ਨਵੇਂ ਦੇ ਅੰਕੁਰ ਹੁੰਦੇ ਹਨ, ਅਰਥਾਤ, ਉਹ ਚੀਜ਼ ਜਿਹੜੀ ਮੌਜੂਦਾ ਚੀਜ਼ ਦੀ ਥਾਂ ਲੈ ਲਵੇਗੀ। ਇਹ ਸੱਚ ਹੈ ਕਿ ਹੀਗਲ ਵਿਕਾਸ ਦਾ ਸਿਹਰਾ ਵਿਚਾਰ (ਆਤਮਾ, ਜਾਂ ਤਰਕ) ਦੇ ਸਿਰ ਰੱਖਦਾ ਸੀ। ਉਸਦਾ ਸਿਧਾਂਤ ਆਦਰਸ਼ਵਾਦੀ ਸੀ, ਫਿਰ ਵੀ ਇਸ ਵਿਚ "ਤਰਕ ਦੇ ਕਈ ਬੀਜ" ਮੌਜੂਦ ਸਨ, ਅਰਥਾਤ, ਬੜਾ ਕੁਝ ਸੀ ਜੋ ਠੀਕ ਸੀ। ਮਾਰਕਸਵਾਦ ਦੀਆਂ ਪ੍ਰਮਾਣਕ ਹਸਤੀਆਂ ਨੇ ਹੀਗਲ ਦੇ ਆਦਰਸ਼ਵਾਦ ਵਿਚਲੇ "ਤਾਰਕਿਕ ਦੇ ਇਹਨਾਂ ਬੀਜਾਂ" ਨੂੰ ਪਛਾਣ ਲਿਆ ਅਤੇ ਉਸਦੇ ਵਿਰੋਧ-ਵਿਕਾਸੀ ਸਿਧਾਂਤ ਤੋਂ ਉਹ ਸਿੱਟਾ ਕੱਢਿਆ ਜਿਹੜਾ ਉਹ ਆਪ ਨਹੀਂ ਸੀ ਕੱਢ ਸਕਿਆ: "ਹੋਂਦ ਰੱਖਦੀ ਹਰ ਚੀਜ਼ ਦਾ ਖ਼ਤਮ ਹੋਣਾ ਬਣਦਾ ਹੈ।"

ਵਿਰੋਧ-ਵਿਕਾਸੀ ਨਿਸ਼ੇਧ (ਨਿਸ਼ੇਧ ਦੇ ਨਿਸ਼ੇਧ) ਵਜੋਂ ਹੁੰਦਾ ਵਿਕਾਸ ਅੱਗੇ ਵੱਲ ਨੂੰ ਚੱਲਦਾ ਹੈ, ਜਾਂ ਪ੍ਰਗਤੀ ਕਰਦਾ ਹੈ: ਇਹ ਹੇਠਲੀ ਪੱਧਰ ਤੋਂ ਉਚੇਰੀ ਪੱਧਰ ਵੱਲ, ਸਰਲ ਤੋਂ ਜਟਿਲ ਵੱਲ ਜਾਂਦਾ ਹੈ। ਪ੍ਰਕਿਰਤੀ ਵਿਚ ਇਨਆਰਗੈਨਿਕ ਤੋਂ ਆਰਗੈਨਿਕ ਵੱਲ ਨੂੰ ਤਬਦੀਲੀ ਦੇਖਣ ਵਿਚ ਆਉਂਦੀ ਹੈ: ਇਸ ਸੂਰਤ ਵਿਚ ਪ੍ਰਗਤੀ ਬਣਤਰੀ ਰੂਪਾਂ ਦੇ ਜਟਿਲੀਕਰਣ ਵਿਚ ਦਿਖਾਈ ਦੇਂਦੀ ਹੈ, ਜਿਸਦਾ ਸਿੱਟਾ ਧਰਤੀ ਉਪਰ ਜ਼ਿੰਦਗੀ ਦੇ ਰੂਪ ਧਾਰਨ ਵਿਚ ਨਿਕਲਦਾ ਹੈ; ਇਹ ਸਾਡੀ ਧਰਤੀ ਉਪਰ ਤਾਪਮਾਨ ਅਤੇ ਵਾਯੂਮੰਡਲੀ ਹਾਲਤਾਂ ਦੇ ਵੱਧ ਤੋਂ ਵੱਧ ਸੁਮੇਲ ਕਾਰਨ

ਹੀ ਸੰਭਵ ਹੋਇਆ ਹੈ, ਜੋ ਕਿ ਮੰਗਲ ਜਾਂ ਸ਼ੁੱਕਰ ਉਪਰ ਨਹੀਂ ਹੋ ਸਕਿਆ। ਪ੍ਰਗਤੀ ਦੇ ਵਿਚਾਰ ਪਸ਼ੂ ਸੰਸਾਰ ਦੇ ਸਿਧਾਂਤ ਵਿਚ ਅਜੇ ਮੁਕਾਬਲਤਨ ਕੁਝ ਹੀ ਸਮੇਂ ਤੋਂ ਦਾਖਲ ਹੋਏ ਹਨ; ਇਕੱਤ੍ਰਿਤ ਹੋਈ ਅਨੁਭਵ-ਸਿੱਧ ਜਾਣਕਾਰੀ ਨੇ ਵਿਗਿਆਨੀਆਂ ਨੂੰ ਇਹ ਸਿੱਟਾ ਕੱਢਣ ਦੇ ਯੋਗ ਬਣਾਇਆ ਹੈ ਕਿ ਸਜੀਵ ਪ੍ਰਕਿਰਤੀ ਦਾ ਵਿਗਾਸ ਸਰਲ ਤੋਂ ਜਟਿਲ ਵੱਲ ਨੂੰ ਚੱਲਦਾ ਹੈ। ਇਸ ਵਿਚ ਜਾਂ ਲਮਾਰਕ ਵਲੋਂ ਪੇਸ਼ ਕੀਤਾ ਗਿਆ ਸਿਧਾਂਤ, ਅਤੇ ਚਾਰਲਸ ਡਾਰਵਿਨ ਦਾ ਵਿਗਾਸ ਦਾ ਸਿਧਾਂਤ ਵੀ ਭਾਰੀ ਮਹੱਤਾ ਰੱਖਦੇ ਹਨ।

ਵਿਰੋਧ-ਵਿਕਾਸੀ ਪ੍ਰਗਤੀਸ਼ੀਲ ਵਿਕਾਸ ਕੀ ਹੈ? ਇਸਦਾ ਵਰਣਨ **ਚੂੜੀਦਾਰ ਤਿਕੋਣ ਵਿਚ ਗਤੀ** ਵਜੋਂ ਕੀਤਾ ਜਾ ਸਕਦਾ ਹੈ। ਇਹ ਉਪਰ ਵੱਲ ਨੂੰ ਚੱਲਦਾ ਹੈ। ਸਿੱਧੀ ਲਕੀਰ ਉਤੇ ਨਹੀਂ, ਸਗੋਂ ਵਲਦਾਰ ਲਕੀਰ ਉਤੇ, ਜਿਵੇਂ ਕਿ ਇਹ ਮੁੜ ਮੁੜ ਕੇ ਵਾਪਰ ਰਿਹਾ ਹੋਵੇ। ਜਟਿਲ ਵਲਦਾਰ ਲਕੀਰ ਉਤੇ ਚੱਲਦੇ ਵਿਕਾਸ ਦੀਆਂ ਉਦਾਹਰਣਾਂ ਨਿਰਜੀਵ ਪ੍ਰਕਿਰਤੀ ਵਿਚੋਂ, ਜੀਵ--ਵਿਗਿਆਨ ਅਤੇ ਮਨੁੱਖਾ ਇਤਿਹਾਸ ਵਿਚੋਂ ਦਿਤੀਆਂ ਜਾ ਸਕਦੀਆਂ ਹਨ। ਏਂਗਲਜ਼ ਲਿਖਦਾ ਹੈ: "ਫਿਰ ਵੀ ਮੈਂ ਖੁਲ੍ਹੇ ਹੱਥ ਨਾਲ ਵਾਹੀ ਚੂੜੀਦਾਰ ਤਿਕੋਣ ਨੂੰ ਤਰਜੀਹ ਦੇਵਾਂਗਾ, ਜਿਸਦੇ ਮੋੜ ਪੂਰੀ ਸ਼ੁੱਧਤਾਈ ਨਾਲ ਨਹੀਂ ਵਾਹੇ ਹੁੰਦੇ। ਇਤਿਹਾਸ ਆਪਣਾ ਸਫ਼ਰ ਹੌਲੀ ਹੌਲੀ ਇਕ ਅਦਿੱਖ ਨੁਕਤੇ ਤੋਂ ਸ਼ੁਰੂ ਕਰਦਾ ਹੈ, ਆਹਿਸਤਾ ਆਹਿਸਤਾ ਇਸਦੇ ਦੁਆਲੇ ਚੱਕਰ ਕੱਟਦਾ ਚੱਲਾ ਜਾਂਦਾ ਹੈ, ਪਰ ਇਸਦੇ ਚੱਕਰ ਲਗਾਤਾਰ ਵੱਡੇ ਹੁੰਦੇ ਜਾਂਦੇ ਹਨ, ਚਾਲ ਤੇਜ਼ ਅਤੇ ਵਧੇਰੇ ਫੁਰਤੀਲੀ ਹੁੰਦੀ ਜਾਂਦੀ, ਜਦੋਂ ਤੱਕ ਕਿ ਆਖਰ ਇਤਿਹਾਸ ਬਲਦੇ ਧੂਮਕੇਤੂ ਵਾਂਗ ਇਕ ਸਿਤਾਰੇ ਤੋਂ ਦੂਜੇ ਸਿਤਾਰੇ ਵੱਲ ਸ਼ੂਟ ਵੱਟਦਾ ਹੈ, ਅਕਸਰ ਆਪਣੇ ਪੁਰਾਣੇ ਰਾਹ ਵੀ ਗਾਹੁੰਦਾ ਹੈ, ਅਕਸਰ ਉਹਨਾਂ ਨੂੰ ਕੱਟਦਾ ਹੈ, ਅਤੇ ਹਰ ਮੋੜ

ਨਾਲ ਇਹ ਅਨੰਤਤਾ ਦੇ ਨੇੜੇ ਪੁੱਜਦਾ ਜਾਂਦਾ ਹੈ।"* ਚੂੜੀਦਾਰ ਚੱਕਰੀ ਰੂਪ ਇਹ ਤੱਥ ਸਪਸ਼ਟ ਕਰਦਾ ਹੈ ਕਿ ਹਰ ਚੱਕਰ, ਇਕ ਤਰ੍ਹਾਂ ਨਾਲ, ਹੇਠਲੇ ਚੱਕਰ ਨੂੰ ਦੁਹਰਾਉਂਦਾ ਹੈ, ਜਦ ਕਿ ਚੱਕਰ ਦੇ ਅਰਧ-ਵਿਆਸ ਵਿਚ ਹੁੰਦਾ ਵਾਧਾ ਅਤੇ ਚੱਕਰਾਂ ਦਾ ਫੈਲਣਾ ਵਿਕਾਸ ਦੀ ਮਾਤਰਾ ਦੇ ਪਸਾਰ ਅਤੇ ਇਸਦੇ ਦਰ ਵਿਚ ਆਉਂਦੀ ਤੇਜ਼ੀ ਵੱਲ ਸੰਕੇਤ ਕਰਦਾ ਹੈ, ਅਤੇ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਇਹ ਦਿਨੋ ਦਿਨ ਵਧੇਰੇ ਜਟਿਲ ਹੁੰਦਾ ਜਾ ਰਿਹਾ ਹੈ।

ਆਦਿ-ਕਾਲੀਨ ਭਾਈਚਾਰਕ ਪ੍ਰਬੰਧ ਹਜ਼ਾਰਾਂ ਸਾਲਾਂ ਤੱਕ ਕਾਇਮ ਰਿਹਾ। ਇਸਦੀ ਥਾਂ ਲੈਣ ਵਾਲਾ ਗ਼ੁਲਾਮਦਾਰੀ ਪ੍ਰਬੰਧ ਸਿਰਫ਼ ਕੁਝ ਹਜ਼ਾਰ ਸਾਲ ਚੱਲਿਆ। ਸਾਮੰਤੀ ਪ੍ਰਬੰਧ ਨੇ ਹੋਰ ਵੀ ਤੇਜ਼ੀ ਨਾਲ ਵਿਕਾਸ ਕੀਤਾ: ਉਦਾਹਰਣ ਵਜੋਂ ਯੂਰਪ ਵਿਚ ਇਹ ਲਗਭਗ ਡੇਢ ਹਜ਼ਾਰ ਸਾਲ ਕਾਇਮ ਰਿਹਾ। ਇਹ ਵਿਸ਼ਵਾਸ ਕਰਨ ਲਈ ਹਰ ਆਧਾਰ ਮੌਜੂਦ ਹੈ ਕਿ ਸਰਮਾਇਦਾਰੀ ਪ੍ਰਬੰਧ ਹੋਰ ਵੀ ਘੱਟ ਸਮੇਂ ਤੱਕ ਜਾਰੀ ਰਹੇਗਾ। ਵੀਹਵੀਂ ਸਦੀ ਪਹਿਲਾਂ ਹੀ ਇਕ-ਤਿਹਾਈ ਮਨੁੱਖਤਾ ਦਾ ਇਸ ਨਾਲੋਂ ਨਾਤਾ ਤੋੜਣਾ ਦੇਖ ਚੁੱਕੀ ਹੈ। ਨਵੇਂ, ਸਰਵੁੱਚ, ਸਮਾਜਕ ਪ੍ਰਬੰਧ—ਸ਼ਰੇਣੀ-ਰਹਿਤ ਕਮਿਊਨਿਸਟ ਸਮਾਜ—ਵੱਲ ਤਬਦੀਲੀ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਨਾਲ ਸ਼ੁਰੂ ਹੋਈ। ਅਸੀਂ ਸੋਸ਼ਲਿਸਟ ਅਤੇ ਕੌਮੀ ਆਜ਼ਾਦੀ ਦੇ ਇਨਕਲਾਬਾਂ ਦੇ ਦੌਰ ਵਿਚ ਰਹਿ ਰਹੇ ਹਾਂ, ਜਦੋਂ ਬਸਤੀਵਾਦੀ ਨਿਜ਼ਾਮ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਦਿਨੋ ਦਿਨ ਵਧੇਰੇ ਕੌਮਾਂ ਸੋਸ਼ਲਿਜ਼ਮ ਦਾ ਰਾਹ ਲੈ ਰਹੀਆਂ ਹਨ।

---

*ਫ਼ਰੈਡਰਿਕ ਏਂਗਲਜ਼, "**ਸਮੇਂ ਦੇ ਪ੍ਰਤਿਗਾਮੀ ਚਿੰਨ੍ਹ**"; ਕਾਰਲ ਮਾਰਕਸ, ਫ਼ਰੈਡਰਿਕ ਏਂਗਲਜ਼, ਕਿਰਤ ਸੰਗ੍ਰਹਿ, ਸੈਂਚੀ ੨, ੧੯੭੫, ਸਫ਼ਾ ੪੮।

ਇਸਲਈ, ਵਿਰੋਧ-ਵਿਕਾਸੀ ਨਿਸ਼ੇਧ ਪੁਰਾਣੇ ਤੋਂ ਨਵੇਂ ਵੱਲ ਨੂੰ ਵਿਕਾਸ ਹੈ, ਜਿਸ ਵਿਚ ਪੁਰਾਣੇ ਨੂੰ ਐਵੇਂ ਰੱਦ ਨਹੀਂ ਕਰ ਦਿਤਾ ਜਾਂਦਾ, ਸਗੋਂ ਇਸਦੇ ਚੰਗੇ ਤੋਂ ਚੰਗੇ ਤੱਤ ਨਵੇਂ ਵਿਚ ਕਾਇਮ ਰੱਖੇ ਜਾਂਦੇ ਹਨ। ਇਹ ਨਵਾਂ ਵੀ, ਆਪਣੀ ਥਾਂ, ਵਿਕਾਸ ਕਰ ਲੈਣ ਪਿਛੋਂ ਪੁਰਾਣਾ ਹੋ ਜਾਂਦਾ ਹੈ; ਇਸਤਰ੍ਹਾਂ ਨਵਾਂ ਜਨਮ ਲੈ ਰਿਹਾ ਵਰਤਾਰਾ ਇਸ ਨਿਸ਼ੇਧ ਦਾ ਵੀ ਨਿਸ਼ੇਧ ਕਰ ਦੇਂਦਾ ਹੈ। ਅਤੇ ਇਸਤਰ੍ਹਾਂ ਇਹ ਚੱਲਦਾ ਜਾਂਦਾ ਹੈ—ਹਮੇਸ਼ਾ ਹਮੇਸ਼ਾ ਲਈ। ਪੁਰਾਣੇ ਨਾਲ ਨਵੇਂ ਦਾ ਨਿਰੰਤਰ ਘੋਲ ਵਿਕਾਸ ਦਾ ਕਾਨੂੰਨ ਹੈ; ਨਵੇਂ ਦੀ ਅਜਿੱਤਤਾ ਇਕ ਹੋਰ ਕਾਨੂੰਨ ਹੈ।

ਇਸ ਥਾਂ ਉਤੇ ਆ ਕੇ ਇਕ ਹੋਰ ਸਵਾਲ ਪੈਦਾ ਹੋ ਸਕਦਾ ਹੈ: "ਨਵੇਂ" ਤੋਂ ਕੀ ਭਾਵ ਲਿਆ ਜਾਣਾ ਚਾਹੀਦਾ ਹੈ? ਮੁਦੱਤਾਂ ਤੋਂ ਇਹ ਪਤਾ ਲੱਗ ਚੁੱਕਾ ਹੈ ਕਿ ਇਸ ਦੁਨੀਆਂ ਵਿਚ ਕੁਝ ਵੀ ਨਵਾਂ ਨਹੀਂ, ਕਿ ਨਵਾਂ ਪੂਰੀ ਤਰ੍ਹਾਂ ਭੁਲਾਇਆ ਜਾ ਚੁੱਕਾ ਪੁਰਾਣਾ ਹੀ ਹੈ, ਕਿ ਹਰ ਚੀਜ਼ ਪੂਰਾ ਚੱਕਰ ਕੱਟਦੀ ਹੈ, ਆਦਿ। ਪਰ ਆਮ ਕਰਕੇ ਰੂੜ੍ਹੀਵਾਦੀ ਲੋਕ ਹੀ ਇਹੋ ਜਿਹੀਆਂ ਘਸੀਆਂ-ਪਿਟੀਆਂ ਗੱਲਾਂ ਦੁਹਰਾਉਂਦੇ ਹਨ; ਇਹ ਲੋਕ ਮੌਜੂਦਾ ਪ੍ਰਬੰਧ ਦੀ ਰਾਖੀ ਕਰਦੇ ਹਨ। ਜਾਂ ਫਿਰ ਅਧਿਆਤਮਵਾਦੀ ਸੋਚਣੀ ਵਾਲੇ ਚਿੰਤਕ ਅਤੇ ਕੱਟੜਪੰਥੀ ਇਹਨਾਂ ਨੂੰ ਦੁਹਰਾਉਂਦੇ ਹਨ। ਅਧਿਆਤਮਵਾਦ ਦੇ ਉਲਟ ਵਿਰੋਧ-ਵਿਕਾਸ, ਪਹਿਲੀ ਥਾਂ ਉਤੇ, ਵਿਕਾਸ ਦੇ ਸਭ ਤੋਂ ਵਧ ਮਹਤਵਪੂਰਨ ਪੱਖ—ਨਵੇਂ ਵਲੋਂ ਪੁਰਾਣੇ ਦਾ ਨਿਸ਼ੇਧਉਤੇ ਜ਼ੋਰ ਦੇਂਦਾ ਹੈ ਅਤੇ ਇਸਤਰ੍ਹਾਂ ਨਵੇਂ ਅਤੇ ਪੁਰਾਣੇ ਵਿਚਕਾਰ, ਜੋ ਕਿ ਇਸਦਾ ਵਿਰੋਧ-ਵਿਕਾਸੀ ਉਲਟ ਹੈ, ਗੁਣਾਤਮਕ ਨਿਖੇੜ ਨੂੰ ਉਭਾਰਦਾ ਹੈ। ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਪੁਰਾਣਾ (ਰੂੜ੍ਹੀਵਾਦੀ, ਸਗੋਂ ਪ੍ਰਤਿਗਾਮੀ ਵੀ) ਅਕਸਰ ਆਪਣੇ ਆਪ ਨੂੰ ਨਵੇਂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ, ਭਾਵੇਂ ਕਿ ਤੱਤ ਰੂਪ ਵਿਚ ਇਹ ਹੁੰਦਾ ਨਹੀਂ। ਪਰ

11*

ਨਵੇਂ ਵਜੋਂ ਐਲਾਨਿਆ ਜਾਂਦਾ ਸਭ ਕੁਝ ਹੀ ਨਵਾਂ ਨਹੀਂ ਹੁੰਦਾ। ਕਦੀ ਕਦੀ ਫ਼ਿਲਾਸਫ਼ੀ ਦੀ ਕੋਈ ਪਰਪਾਟੀ ਤੁਰ ਪੈਂਦੀ ਹੈ, ਜਿਹੜੀ ਆਪਣੇ ਬਾਰੇ ਨਵੀਂ ਹੋਣ ਦਾ ਐਲਾਨ ਕਰਦੀ ਹੈ, ਪਰ ਜਿਹੜੀ ਅਸਲ ਵਿਚ ਸਿਰਫ਼ ਪੁਰਾਣੇ ਸੂਤਰਾਂ ਨੂੰ ਹੀ ਦੁਹਰਾਈ ਜਾਂਦੀ ਹੈ, ਸਿਰਫ਼ ਇਹਨਾਂ ਨੂੰ ਨਵੀਂ ਸ਼ਬਦਾਵਲੀ ਦਾ ਖੋਲ ਚੜ੍ਹਾ ਦੇਂਦੀ ਹੈ। ਪੱਛਮ ਵਿਚ, ਉਹ ਅਕਸਰ ਹੀ ਸੋਸ਼ਲਿਜ਼ਮ ਵੱਲ ਜਾਂਦੇ ਕਿਸੇ "ਨਵੇਂ" ਰਸਤੇ ਦੀ ਗੱਲ ਕਰਦੇ ਹਨ, ਜਦ ਕਿ ਅਸਲ ਵਿਚ ਉਹ ਸੁਧਾਰ ਦਾ ਰਾਹ ਤਜਵੀਜ਼ ਕਰ ਰਹੇ ਹੁੰਦੇ ਹਨ, ਜਿਹੜਾ ਇਸ ਤੱਕ ਨਹੀਂ ਲਿਜਾ ਸਕਦਾ ਹੁੰਦਾ।

ਵਿਰੋਧ-ਵਿਕਾਸ ਵਰਤਮਾਨ ਨੂੰ ਭੂਤ ਅਤੇ ਭਵਿੱਖ ਨਾਲ ਜੋੜ ਕੇ, ਅਤੇ ਪੁਰਾਣੇ ਵਿਚ ਨਵੇਂ ਦੇ ਅੰਕੁਰ ਲੱਭ ਕੇ ਵਿਕਾਸ ਵਿਚਲੀ ਨਿਰੰਤਰਤਾ ਦੀ ਪ੍ਰੋੜ੍ਹਤਾ ਕਰਦਾ ਹੈ। ਫਿਰ ਵੀ ਵਿਰੋਧ-ਵਿਕਾਸ ਨੂੰ ਪ੍ਰਕਿਰਤੀ ਅਤੇ ਸਮਾਜ ਦੇ ਵਿਕਾਸ ਦੇ ਸਰਬ-ਵਿਆਪਕ ਕਾਨੂੰਨਾਂ ਦੇ ਸਿਧਾਂਤ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ; ਇਹ ਗਿਆਨ ਦੀ ਉਹ ਵਿਧੀ ਵੀ ਹੈ ਜਿਹੜੀ ਸੱਚ ਦੀ ਖੋਜ ਵਿਚ ਸਹਾਈ ਹੁੰਦੀ ਹੈ। ਬੋਧ-ਪਰਾਪਤੀ ਦੀ ਵਿਧੀ ਵਜੋਂ ਵਿਰੋਧ-ਵਿਕਾਸ ਦੇ ਰੋਲ ਨੂੰ ਨਿਸ਼ਚਿਤ ਕਰਨ ਲਈ, ਆਓ ਅਸੀਂ "ਵਿਧੀ" ਦੇ ਸੰਕਲਪ ਉਤੇ ਵਿਚਾਰ ਕਰੀਏ।

## ਵਿਧੀ-ਵਿਗਿਆਨ — ਵਿਗਿਆਨ ਦੀ ਆਤਮਾ ਵਜੋਂ

ਮਨੁੱਖ ਦੀਆਂ ਸਰਗਰਮੀਆਂ ਵਖੋ ਵਖਰੇ ਨਿਸ਼ਾਨੇ ਰੱਖਦੀਆਂ ਹਨ। ਕੁਦਰਤੀ ਤੌਰ ਉਤੇ, ਖ਼ੁਦ ਆਪਣੀ ਹੀ ਸਰਗਰਮੀ ਦੇ ਬਹੁਤ ਮਗਰੋਂ ਜਾ ਕੇ ਨਿਕਲਣ ਵਾਲੇ ਸਿੱਟਿਆਂ ਦੀ ਕੋਈ ਵੀ, ਲਗਾਤਾਰ ਜਾਂ ਸਮੇਂ ਸਮੇਂ, ਕਲਪਣਾ ਨਹੀਂ ਕਰ ਸਕਦਾ; ਪਰ ਨੇੜਲੇ ਟੀਚੇ, ਜਿਹੜੇ ਮਨੁੱਖ ਦੇ ਠੋਸ ਕਾਰਜਾਂ ਦਾ ਆਧਾਰ

ਬਣਦੇ ਹਨ, ਸਪਸ਼ਟ ਅਤੇ ਸਮਝਣੇ ਸੌਖੇ ਹੁੰਦੇ ਹਨ। ਬੋਧ-ਪਰਾਪਤੀ ਦੇ ਅਮਲ ਵਿਚ ਮਨੁੱਖ ਉਹਨਾਂ ਨਿਯਮਾਂ ਉਪਰ ਚੱਲਦਾ ਹੈ ਜਿਹੜੇ ਹਕੀਕਤ ਨੂੰ ਸਮਝਣ ਵਿਚ ਅਤੇ ਜ਼ਿੰਦਗੀ ਵਲੋਂ ਪੇਸ਼ ਕੀਤੇ ਮਸਲਿਆਂ ਦੇ ਹਲ ਲੱਭਣ ਵਿਚ ਉਸਦੀ ਸਹਾਇਤਾ ਕਰਦੇ ਹਨ। ਇਹ ਨਿਯਮ ਤੱਤ ਰੂਪ ਵਿਚ ਉਸਦੇ ਤਜਰਬੇ ਅਤੇ ਗਿਆਨ ਦਾ ਸਾਰ ਹੁੰਦੇ ਹਨ। ਵਿਗਿਆਨ ਵਿਚ, ਉਦਾਹਰਣ ਵਜੋਂ, ਇਹੋ ਜਿਹੇ ਨਿਯਮਾਂ ਦਾ ਮਤਲਬ ਨਵਾਂ ਗਿਆਨ ਪਰਾਪਤ ਕਰਨ ਦੇ ਢੰਗ-ਤਰੀਕਿਆਂ ਤੋਂ ਹੁੰਦਾ ਹੈ, ਆਰਥਕਤਾ ਵਿਚ ਇਹ ਉਤਪਾਦਨ ਦੇ ਕਾਰਜਾਂ ਨੂੰ ਪੂਰਿਆਂ ਕਰਨ ਦਾ ਨਿਸ਼ਾਨਾ ਰੱਖਦੇ ਕਦਮਾਂ ਦਾ ਸਮੁੱਚ ਹੁੰਦੇ ਹਨ, ਵਿਦਿਆ ਵਿਚ ਇਹ ਅਧਿਆਪਕ ਅਤੇ ਵਿਦਿਆਰਥੀਆਂ ਦੀਆਂ ਸਰਗਰਮੀਆਂ ਨੂੰ ਜੋੜਦੇ ਹਨ, ਆਦਿ। ਆਪਣੇ ਕਾਰਜਾਂ ਵਿਚ ਮਨੁੱਖ ਗਿਆਨ ਦੇ ਖ਼ਾਸ ਭੰਡਾਰ ਉਤੇ ਟੇਕ ਰੱਖਦਾ ਹੈ; ਇਸਦੇ ਨਾਲ ਹੀ, ਆਪਣੀਆਂ ਅਮਲੀ ਸਰਗਰਮੀਆਂ ਦੇ ਦੌਰਾਨ ਉਹ ਇਸ ਗਿਆਨ ਨੂੰ ਸੋਧਦਾ ਅਤੇ ਇਸਦਾ ਵਿਕਾਸ ਕਰਦਾ ਹੈ, ਅਤੇ ਨਾਲ ਹੀ ਨਵਾਂ ਗਿਆਨ ਵੀ ਪਰਾਪਤ ਕਰਦਾ ਹੈ। ਗਿਆਨ ਅਤੇ ਸਰਗਰਮੀਆਂ ਵਿਚਕ਼ਾਰ ਇਕ ਅੰਦਰੂਨੀ ਸੰਬੰਧ ਹੁੰਦਾ ਹੈ, ਜਿਹੜਾ ਕੁਝ ਨਿਯਮਾਂ ਦੀ ਸਹਾਇਤਾ ਨਾਲ ਕਾਇਮ ਕੀਤਾ ਗਿਆ ਹੁੰਦਾ ਹੈ। **ਵਿਧੀ--ਵਿਗਿਆਨ** ਤਜਰਬੇ ਜਾਂ ਵਿਗਿਆਨਕ ਗਿਆਨ ਉਪਰ ਆਧਾਰਤ ਸਥਾਪਤ ਨਿਯਮਾਂ ਦਾ ਜ਼ਾਬਤਾ ਹੁੰਦਾ ਹੈ; ਇਹ ਖੋਜਕਾਰ ਤੋਂ ਕੁਝ ਆਸਾਂ ਰੱਖਦਾ ਹੈ ਜਿਨ੍ਹਾਂ ਨੂੰ ਨਿਸ਼ਚਿਤ ਢੰਗਾਂ, ਨਿਯਮਾਂ, ਅਤੇ ਕਾਨੂੰਨਾਂ ਦੇ ਪ੍ਰਬੰਧ ਵਿਚ ਪਰਗਟ ਕੀਤਾ ਜਾ ਸਕਦਾ ਹੈ।

ਮੁਢਲੇ ਪੜਾਅ ਉਤੇ, ਗਿਆਨ ਪਰਾਪਤ ਕਰਨ ਲਈ ਵਰਤੇ ਜਾਂਦੇ ਕੱਚ-ਘਰੜ ਤਰੀਕੇ ਨਾਲ ਹੀ ਨਾਲ ਅਮਲੀ ਸਰਗਰਮੀਆਂ ਉਪਰ ਵੀ ਲਾਗੂ ਕੀਤੇ ਜਾਂਦੇ ਸਨ, ਪਰ ਪੁਰਾਤਨ ਸਮਿਆਂ ਵਿਚ ਹੀ—ਡਿਮੋਕਰੀਟਸ ਅਤੇ ਅਫਲਾਤੂਨ ਦੀਆਂ

ਕਿਰਤਾਂ ਵਿਚ—ਬੋਧ-ਪਰਾਪਤੀ ਦੇ ਤਜਰਬੇ ਦਾ ਸਿਧਾਂਤਕ ਤੌਰ ਉਤੇ ਸਾਰ ਕੱਢਣ ਦੀ ਕੋਸ਼ਿਸ਼ ਕੀਤੀ ਗਈ ਸੀ। ਉਦਾਹਰਣ ਵਜੋਂ, ਅਰਸਤੂ ਨੇ ਨਿਗਮਨ ਦਾ ਢੰਗ ਪੇਸ਼ ਕੀਤਾ, ਜਿਸ ਅਨੁਸਾਰ ਉਸ ਚੀਜ਼ ਉਤੇ, ਜਿਸ ਬਾਰੇ ਜਾਣਕਾਰੀ ਪਹਿਲਾਂ ਪਰਾਪਤ ਕੀਤੀ ਜਾ ਚੁੱਕੀ ਹੈ, ਮੰਤਕ ਲਾਗੂ ਕਰਨ ਨਾਲ ਨਵਾਂ ਗਿਆਨ ਪਰਾਪਤ ਕੀਤਾ ਜਾ ਸਕਦਾ ਹੈ। ਬੋਧ-ਪਰਾਪਤੀ ਦੇ ਢੰਗਾਂ ਨੂੰ ਵਿਸਥਾਰਨ ਵਿਚ ਭਾਰੀ ਹਿੱਸਾ ਫ਼ਰਾਂਸਿਸ ਬੇਕਨ ਵਲੋਂ ਪਾਇਆ ਗਿਆ, ਜਿਹੜਾ ਕਿ ਆਗਮਨ ਦੀ ਵਿਧੀ ਦਾ ਸਿਰਜਕ ਸੀ; ਇਸ ਵਿਧੀ ਨੇ ਤਜਰਬੇ ਅਤੇ ਨਿਰੀਖਣ ਤੋਂ ਪਰਾਪਤ ਕੀਤੇ ਗਏ ਵਿਸ਼ੇਸ਼ ਗਿਆਨ ਤੋਂ ਆਮ ਗਿਆਨ ਪਰਾਪਤ ਕਰਨਾ ਸੰਭਵ ਬਣਾਇਆ। ਵਿਗਿਆਨਕ ਬੋਧ-ਪਰਾਪਤੀ ਵਿਚ ਵਿਧੀ-ਵਿਗਿਆਨ ਵਲੋਂ ਨਿਭਾਈ ਜਾਂਦੀ ਭੂਮਿਕਾ ਦਾ ਖਾਸਾ ਦਸਦਿਆਂ, ਬੇਕਨ ਨੇ ਇਸਦੀ ਤੁਲਨਾ ਐਸੀ ਲਾਲਟੈਨ ਨਾਲ ਕੀਤੀ ਜਿਹੜੀ ਕਿਸੇ ਰਾਹੀ ਦਾ ਹਨੇਰਾ ਰਾਹ ਰੁਸ਼ਨਾਉਂਦੀ ਹੈ। ਬੋਧ-ਪਰਾਪਤੀ ਦੇ ਢੰਗਾਂ ਸੰਬੰਧੀ ਰੇਨੇ ਦਿਕਾਰਤੀ ਦੀ ਰਾਇ ਵਖਰੀ ਸੀ; ਉਸਦਾ ਕਹਿਣਾ ਸੀ ਕਿ ਹਰ ਗਿਆਨ ਠੀਕ ਠੀਕ ਸਬੂਤਾਂ ਉਤੇ ਆਧਾਰਤ ਹੋਣਾ ਚਾਹੀਦਾ ਹੈ ਅਤੇ ਇਹ ਇਕੋ ਇਕ ਅਸਲੀ ਮੂਲ ਤੋਂ ਨਿਕਲਣਾ ਚਾਹੀਦਾ ਹੈ। ਫ਼ਿਲਾਸਫ਼ੀ ਗਣਿਤ-ਵਿਗਿਆਨ ਜਿੰਨੀਂ ਸ਼ੁਧ ਵਿਗਿਆਨ ਹੋਣੀ ਚਾਹੀਦੀ ਹੈ; ਗਿਆਨ ਦਾ ਸਪਸ਼ਟ ਅਤੇ ਪ੍ਰਤੱਖ ਹੋਣਾ ਇਸਦੀ ਪ੍ਰਮਾਣਿਕਤਾ ਦੀ ਕਸੌਟੀ ਹੋਣਾ ਚਾਹੀਦਾ ਹੈ। ਬੋਧ-ਪਰਾਪਤੀ ਦੇ ਢੰਗਾਂ ਬਾਰੇ ਉਪ੍ਰੋਕਤ ਸਿਧਾਂਤਾਂ ਵਿਚ ਇਕ ਸਾਂਝਾ ਨੁਕਸ ਹੈ: ਇਹਨਾਂ ਨੂੰ ਸਿਰਜਣ ਵਾਲੇ ਫ਼ਿਲਾਸਫ਼ਰ ਕਿਸੇ ਵਿਸ਼ੇਸ਼ ਢੰਗ ਨੂੰ, ਜਿਹੜਾ ਠੋਸ ਵਿਗਿਆਨਕ ਗਿਆਨ ਪਰਾਪਤ ਕਰਨ ਲਈ ਸਫ਼ਲਤਾ ਨਾਲ ਅਮਲ ਵਿਚ ਲਿਆਂਦਾ ਜਾ ਚੁੱਕਾ ਹੁੰਦਾ ਸੀ, ਆਮ, ਸਰਬ-ਵਿਆਪਕ ਵਿਧੀ-ਵਿਗਿਆਨ ਵਿਚ ਬਦਲਣ ਦੀ ਕੋਸ਼ਿਸ਼ ਕਰ ਰਹੇ ਸਨ। ਇਮੈਨੂਅਲ ਕਾਂਤ

ਨੇ ਇਕ ਨਵਾਂ ਸਰਬ-ਵਿਆਪਕ ਦਾਰਸ਼ਨਿਕ ਢੰਗ ਤਜਵੀਜ਼ ਕਰਕੇ ਇਸ ਨੁਕਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ; ਇਸ ਢੰਗ ਵਿਚ ਫ਼ੈਸਲਾਕੁਨ ਰੋਲ ਚਿੰਤਨ ਦਾ ਸੀ। ਪਰ ਇਹ ਕੋਸ਼ਿਸ਼ ਅਸਫ਼ਲ ਸਾਬਤ ਹੋਈ, ਕਿਉਂਕਿ ਇਹ ਆਦਰਸ਼ਵਾਦ ਉਪਰ ਆਧਾਰਤ ਸੀ। ਕੁਝ ਮਗਰੋਂ ਜਾ ਕੇ ਇਹ ਕਾਰਜ ਹੀਗਲ ਨੇ ਨੇਪਰੇ ਚੜ੍ਹਾਇਆ।

ਆਦਰਸ਼ਵਾਦ ਵਿਧੀ ਨੂੰ ਮਨ-ਮਰਜ਼ੀ ਨਾਲ ਸਥਾਪਤ ਕੀਤੇ ਗਏ ਨਿਯਮਾਂ (ਬਣਤਰਾਂ) ਤੱਕ ਸੀਮਤ ਕਰ ਦੇਂਦਾ ਹੈ, ਜਿਹੜੇ ਕੁਝ ਲੋੜਾਂ ਪੂਰੀਆਂ ਕਰਦੇ ਹਨ। ਇਥੇ ਉਦਾਹਰਣ ਵਜੋਂ ਉਪਯੋਗਤਾ ਦੇ ਅਸੂਲ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰ ਉਪਯੋਗਤਾ ਕੋਈ ਨਿਰਪੇਖ ਖਾਸੀਅਤ ਨਹੀਂ; ਇਹ ਕੁਝ ਲੋਕਾਂ, ਸਮਾਜਕ ਗਰੁੱਪਾਂ ਅਤੇ ਸ਼ਰੇਣੀਆਂ ਦੇ ਹਿੱਤਾਂ ਨਾਲ ਸੰਬੰਧ ਰੱਖਦੀ ਹੈ। ਇਸਲਈ, ਜਿਹੜੀ ਚੀਜ਼ ਕਿਸੇ ਇਕ ਲਈ ਉਪਯੋਗੀ ਹੈ, ਹੋ ਸਕਦਾ ਹੈ ਕਿਸੇ ਦੂਜੇ ਲਈ ਹਾਨੀਕਾਰਕ ਹੋਵੇ। ਸਰਮਾਇਦਾਰ, ਬੈਂਕਰ ਅਤੇ ਭੂਮੀਪਤੀ ਲਈ ਨਿੱਜੀ ਜਾਇਦਾਦ ਅਤੇ ਉਜਰਤੀ ਕਿਰਤ ਦੀ ਲੁੱਟ-ਖਸੁੱਟ ਉਪਯੋਗੀ ਹੁੰਦੀ ਹੈ, ਜਦ ਕਿ ਕਿਸਾਨ ਅਤੇ ਮਜ਼ਦੂਰ ਲੁੱਟ-ਖਸੁੱਟ ਦੇ ਵਿਰੁਧ ਲੜਦੇ ਹਨ। ਸਰਮਾਇਦਾਰਾਂ ਲਈ ਹਥਿਆਰ ਬਣਾਉਣੇ ਅਤੇ ਵੇਚਣੇ ਉਪਯੋਗੀ ਹਨ ਕਿਉਂਕਿ ਉਹਨਾਂ ਤੋਂ ਭਾਰੀ ਮੁਨਾਫ਼ੇ ਮਿਲਦੇ ਹਨ, ਪਰ ਮਜ਼ਦੂਰ ਲੋਕ ਹਥਿਆਰਾਂ ਦੀ ਦੌੜ ਦੇ ਖ਼ਿਲਾਫ਼ ਅਤੇ ਖਿਚਾਅ-ਘਟਾਈ ਦੇ ਹੱਕ ਵਿਚ ਲੜਦੇ ਹਨ, ਅਤੇ ਅਮਨ ਚਾਹੁੰਦੇ ਹਨ।

ਵਿਧੀ-ਵਿਗਿਆਨ ਦੀਆਂ ਸਮੱਸਿਆਵਾਂ ਦਾ ਵਿਗਿਆਨਕ ਹਲ ਮਾਰਕਸਵਾਦ-ਲੈਨਿਨਵਾਦ ਦੀਆਂ ਪ੍ਰਮਾਣਿਕ ਕਿਰਤਾਂ ਵਿਚ ਦਿਤਾ ਗਿਆ। ਇਹਨਾਂ ਨੇ ਦਰਸਾਇਆ ਕਿ ਬੋਧ-ਪਰਾਪਤੀ ਦੀਆਂ ਵਿਧੀਆਂ ਕੋਈ ਐਸੇ ਨਿਯਮਾਂ ਜਾਂ ਕਾਰਜ-ਪ੍ਰਣਾਲੀਆਂ ਦੇ ਜ਼ਾਬਤੇ ਨਹੀਂ ਜਿਹੜੇ ਫ਼ਿਲਾਸਫ਼ਰਾਂ ਅਤੇ ਵਿਗਿਆਨੀਆਂ ਨੇ ਪਦਾਰਥਕ

ਸਰਗਰਮੀਆਂ ਤੋਂ, ਅਨਾਤਮ ਤੋ, ਬੇਵਾਸਤਾ ਅੰਤਰ-ਧਿਆਨ ਹੋ ਕੇ ਹੀ ਘੜੇ ਹਨ। ਗਿਆਨ ਦਾ ਰਾਹ ਠੀਕ ਜਾਂ ਸੱਚਾ ਤਾਂ ਹੀ ਹੈ ਜੇ ਲਾਗੂ ਕੀਤਾ ਗਿਆ ਵਿਧੀ-ਵਿਗਿਆਨ ਆਪਣੇ ਵਸਤੂ ਵਿਚ **ਵਸਤੂਪਰਕ** ਹੈ, ਅਰਥਾਤ, ਯਥਾਰਥਕ ਸੰਸਾਰ ਅਤੇ ਮਨੁੱਖਾ ਤਜਰਬੇ ਨਾਲ ਮੇਲ ਖਾਂਦਾ ਹੈ। ਪਦਾਰਥਵਾਦੀ ਢੰਗ ਅਮਲ ਉਤੇ ਆਧਾਰਤ ਹੈ। ਕਾਰਜ ਕਰਨਾ ਆਰੰਭਣ ਤੋ ਪਹਿਲਾਂ ਮਨੁੱਖ ਵਰਤੇ ਜਾਣ ਵਾਲੇ ਢੰਗਾਂ (ਵਿਧੀਆਂ) ਬਾਰੇ, ਅਤੇ ਆਪਣੇ ਕਾਰਜਾਂ ਰਾਹੀਂ ਪਰਾਪਤ ਹੋਣ ਵਾਲੇ ਸਿੱਟਿਆਂ ਬਾਰੇ ਸੋਚਦਾ ਸੀ। ਅਮਲੀ ਕਾਰਜ ਦੇ ਇਹ ਢੰਗ ਮਨੁੱਖ ਦੀ ਚੇਤਨਾ ਵਿਚ ਇਤਿਹਾਸਕ ਤੌਰ ਉਤੇ ਸਾਂਭੇ ਜਾਂਦੇ (ਯਾਦ ਕੀਤੇ ਜਾਂਦੇ) ਸਨ। ਠੀਕ ਤਰ੍ਹਾਂ ਨਾਲ ਵਿਸਥਾਰੇ ਗਏ ਵਿਧੀ-ਵਿਗਿਆਨ ਉਪਰ ਆਧਾਰਤ ਸਰਗਰਮੀਆਂ ਨਿਸ਼ਚਿਤ ਨਿਸ਼ਾਨੇ ਵੱਲ ਲੈ ਜਾਂਦੀਆਂ ਹਨ। ਇਸੇ ਕਰਕੇ ਹੀ ਵਿਗਿਆਨਕ ਗਿਆਨ ਵਿਚ ਵੀ, ਅਤੇ ਰਾਜਨੀਤੀ ਅਤੇ ਉਤਪਾਦਨ ਵਿਚ ਵੀ ਭਰੋਸੇਯੋਗ ਢੰਗ ਘੜਣ, ਵਿਸਥਾਰਨ ਅਤੇ ਚੁਣਨ ਵੱਲ ਬਹੁਤ ਧਿਆਨ ਦਿਤਾ ਜਾਂਦਾ ਹੈ। ਚਿਕਿਤਸਾ ਵਿਚ ਤਸ਼ਖੀਸ਼ ਅਤੇ ਇਲਾਜ ਦੇ ਢੰਗ ਹੁੰਦੇ ਹਨ; ਗਣਿਤ ਵਿਚ ਕੈਲਕੁਲਸ ਦੇ ਅਨੇਕਾਂ ਢੰਗ ਹਨ; ਵਿਦਿਆ-ਵਿਗਿਆਨ ਵਿਚ ਵਿਦਿਆ ਦੇਣ ਅਤੇ ਪਾਲਣ-ਪੋਸਣ ਦੇ ਢੰਗ ਹੁੰਦੇ ਹਨ; ਇੰਜੀਨੀਅਰਿੰਗ ਵਿਚ ਇਮਾਰਤਾਂ ਅਤੇ ਪੁਲ ਬਣਾਉਣ ਦੇ, ਮਸ਼ੀਨਾਂ ਦੇ ਡੀਜ਼ਾਈਨ ਤਿਆਰ ਕਰਨ ਦੇ ਢੰਗ ਹੁੰਦੇ ਹਨ, ਵਗੈਰਾ, ਵਗੈਰਾ। ਸਮਾਜਕ ਵਰਤਾਰੇ ਦੇ ਅਧਿਐਨ ਉਪਰ ਲਾਗੂ ਕੀਤੇ ਜਾਂਦੇ ਢੰਗਾਂ ਨੂੰ ਸਮਾਜਕ ਜੀਵਨ ਦੇ ਵਿਸ਼ੇਸ਼ ਲੱਛਣ ਅਤੇ ਇਸਦੇ ਕਾਨੂੰਨ ਨਿਸ਼ਚਿਤ ਕਰਦੇ ਹਨ। ਉਦਾਹਰਣ ਵਜੋਂ, ਇਕ ਸਮਾਜ-ਵਿਗਿਆਨੀ ਠੋਸ ਸਮਾਜ-ਵਿਗਿਆਨਕ ਖੋਜ ਦੇ ਢੰਗ ਵਰਤਦਾ ਹੈ, ਜਿਵੇਂ ਕਿ ਸਰਵੇਖਣ, ਪ੍ਰਸ਼ਨ-ਪੱਤਰ ਅਤੇ ਪੜਤਾਲ; ਉਹ ਤੁਲਨਾਤਮਕ ਵਿਸ਼ਲੇਸ਼ਣ, ਵਿਸ਼ੇਸ਼ ਢੰਗ ਨਾਲ ਬਣਾਏ ਗਏ

ਕੰਪਿਊਟਰੀ ਹਿਸਾਬ-ਕਿਤਾਬ ਆਦਿ ਦੀ ਵਰਤੋਂ ਕਰਦਾ ਹੈ।

ਸਰਗਰਮੀ ਅਤੇ ਬੋਧ-ਪਰਾਪਤੀ ਦੇ ਢੰਗਾਂ ਦੇ ਦਾਰਸ਼ਨਿਕ ਸਿਧਾਂਤ ਨੂੰ **ਵਿਧੀ-ਵਿਗਿਆਨ** ਕਹਿੰਦੇ ਹਨ।

ਵਖੋ ਵਖਰੇ ਵਿਗਿਆਨਾਂ ਵਿਚ ਵਰਤੇ ਜਾਂਦੇ ਢੰਗ ਇਕ ਦੂਜੇ ਨਾਲ ਸੰਬੰਧਤ ਹੁੰਦੇ ਹਨ, ਅਤੇ ਆਧੁਨਿਕ ਵਿਗਿਆਨਕ ਗਿਆਨ ਦਾ ਇਹ ਵਿਲੱਖਣ ਲੱਛਣ ਹੈ। ਬੇਸ਼ਕ, ਵਰਤੋਂ ਵਿਚ ਲਿਆਂਦੇ ਜਾਂਦੇ ਵਿਸ਼ੇਸ਼ ਢੰਗ ਵੀ ਹਨ, ਜਿਵੇਂ ਕਿ ਭੂ-ਵਿਗਿਆਨ, ਭੂਗੋਲ ਅਤੇ ਪੁਰਾਤਤਵ-ਵਿਗਿਆਨ ਵਿਚ, ਜਿਨ੍ਹਾਂ ਨੂੰ ਸਿਰਫ਼ ਇਹਨਾਂ ਵਿਗਿਆਨਾਂ ਵਿਚ ਹੀ ਵਰਤਿਆ ਜਾਂਦਾ ਹੈ। ਦੂਜੇ ਪਾਸੇ, ਰਸਾਇਣਕ, ਭੌਤਕ-ਵਿਗਿਆਨਕ ਅਤੇ ਗਣਿਤ ਦੇ ਢੰਗ ਦੂਜੇ ਵਿਗਿਆਨਾਂ ਵਿਚ ਵੀ ਵਰਤੇ ਜਾਂਦੇ ਹਨ, ਜਿਵੇਂ ਕਿ ਤਾਰਾ-ਵਿਗਿਆਨ, ਜੀਵ-ਵਿਗਿਆਨ, ਪੁਰਾਤਤਵ-ਵਿਗਿਆਨ, ਭਾਸ਼ਾ--ਵਿਗਿਆਨ ਅਤੇ ਕਲਾ ਸਿਧਾਂਤ ਵਿਚ। ਗਣਿਤ ਦੇ ਢੰਗਾਂ ਦੀ ਖ਼ਾਸ ਕਰਕੇ ਵਿਸ਼ਾਲ ਪੈਮਾਨੇ ਉਤੇ ਵਰਤੋਂ ਕੀਤੀ ਜਾਂਦੀ ਹੈ। ਵਿਗਿਆਨ ਵਿਚ ਨਾ ਸਿਰਫ਼ ਗਿਆਨ ਦੇ ਇਕ ਖੇਤਰ ਨੂੰ ਦੂਜੇ ਤੋਂ ਵੱਖ ਕਰਨ ਦਾ ਹੀ, ਗਿਆਨ ਨਿਖੇੜਣ ਦਾ ਹੀ ਰੁਝਾਣ ਹੈ, ਸਗੋਂ ਵਿਗਿਆਨਾਂ ਨੂੰ ਸੁਜੋੜਣ ਦਾ ਵੀ ਰੁਝਾਣ ਹੈ। ਢੰਗਾਂ ਦਾ ਵਟਾਂਦਰਾ, ਜਿਹੜਾ ਵਿਗਿਆਨਕ ਗਿਆਨ ਨੂੰ ਸੁਜੋੜਣ ਦੀ ਸ਼ਾਹਦੀ ਭਰਦਾ ਹੈ, ਸੰਸਾਰ ਦੀ ਇਕੋ ਇਕ ਵਿਗਿਆਨਕ ਤਸਵੀਰ, ਇਸ ਬਾਰੇ ਇਕ ਸਾਂਝਾ ਦ੍ਰਿਸ਼ਟੀਕੋਨ ਪੇਸ਼ ਕਰਨ ਦੀ ਵਿਗਿਆਨੀਆਂ ਦੀ ਦ੍ਰਿੜ੍ਹਤਾ ਨੂੰ ਦਰਸਾਉਂਦਾ ਹੈ।

ਠੋਸ ਵਿਗਿਆਨਕ ਢੰਗਾਂ ਦੇ ਨਾਲ ਨਾਲ, ਇਹ ਗੱਲ ਸਮਝ ਆਉਂਦੀ ਹੈ ਕਿ ਆਮ ਢੰਗ ਵੀ ਹੁੰਦੇ ਹਨ, ਕਿਉਂਕਿ ਆਪਣੀਆਂ ਸਰਗਰਮੀਆਂ ਦੇ ਦੌਰਾਨ ਲੋਕਾਂ ਨੂੰ ਨਾ ਸਿਰਫ਼ ਵਿਸ਼ੇਸ਼ ਵਿਗਿਆਨਕ ਅਤੇ ਸਮਾਜਕ ਸਮੱਸਿਆਵਾਂ ਹੀ ਹਲ ਕਰਨੀਆਂ ਪੈਂਦੀਆਂ ਹਨ, ਸਗੋਂ ਉਹਨਾਂ ਨੂੰ ਆਮ, ਸੰਸਾਰ ਪੈਮਾਨੇ ਦਾ

ਖ਼ਾਸਾ ਰੱਖਦੇ ਫੈਸਲੇ ਵੀ ਕਰਨੇ ਪੈਂਦੇ ਹਨ। ਇਹਨਾਂ ਬੁਨਿਆਦੀ ਮਹੱਤਾ ਰੱਖਦੇ ਮਸਲਿਆਂ ਨੂੰ ਹਲ ਕਰਨ ਲਈ ਵਿਸ਼ੇਸ਼ ਢੰਗਾਂ ਦੀ, ਵਿਸ਼ੇਸ਼ ਵਿਧੀ-ਵਿਗਿਆਨ ਦੀ ਲੋੜ ਹੁੰਦੀ ਹੈ। ਫ਼ਿਲਾਸਫ਼ੀ, ਜੋ ਕਿ ਸੰਸਾਰ-ਦ੍ਰਿਸ਼ਟੀਕੋਨ ਦੀ ਬੁਨਿਆਦ ਦਾ ਕੰਮ ਕਰਦੀ ਹੈ, ਅਤੇ ਸੰਸਾਰ, ਦੂਜੇ ਲੋਕਾਂ ਅਤੇ ਸਮਾਜ ਵੱਲ ਮਨੁੱਖ ਦੇ ਵਤੀਰੇ ਨੂੰ ਬੁਨਿਆਦੀ ਤੌਰ ਉਤੇ ਨਿਰਧਾਰਤ ਕਰਦੀ ਹੈ, ਐਸੇ ਆਮ ਅਸੂਲ ਵੀ ਮੁਹਈਆ ਕਰਦੀ ਹੈ ਜਿਨ੍ਹਾਂ ਤੋਂ ਮਨੁੱਖ ਨੂੰ ਆਪਣੇ ਸਾਮ੍ਹਣੇ ਰੱਖੇ ਨਿਸ਼ਾਨੇ ਪਰਾਪਤ ਕਰਨ ਵਾਸਤੇ ਆਪਣੇ ਜੀਵਨ ਅਤੇ ਸਰਗਰਮੀਆਂ ਵਿਚ ਅਗਵਾਈ ਲੈਣੀ ਚਾਹੀਦੀ ਹੈ।

ਫ਼ਿਲਾਸਫ਼ੀ ਦੇ ਢੰਗ ਵਿਸ਼ੇਸ਼ ਵਿਗਿਆਨਕ ਢੰਗਾਂ ਨਾਲੋਂ ਕਿਵੇਂ ਵਖਰੇ ਹਨ, ਅਤੇ ਬੋਧ-ਪਰਾਪਤੀ ਵਿਚ ਉਹ ਕੀ ਰੋਲ ਅਦਾ ਕਰਦੇ ਹਨ? ਫ਼ਿਲਾਸਫ਼ੀ ਦੇ ਢੰਗ **ਸਰਬ-ਵਿਆਪਕ** ਹਨ, ਅਰਥਾਤ, ਉਹਨਾਂ ਨੂੰ ਗਿਆਨ ਦੇ ਸਾਰੇ ਖੇਤਰਾਂ ਉਤੇ ਲਾਗੂ ਕੀਤਾ ਜਾ ਸਕਦਾ ਹੈ। ਇਹ ਠੋਸ ਵਿਗਿਆਨਕ ਢੰਗਾਂ ਦਾ ਬਦਲ ਨਹੀਂ, ਸਗੋਂ ਉਹਨਾਂ ਰਾਹੀਂ ਕਾਰਜ ਕਰਦੇ ਹਨ ਅਤੇ ਮਨੁੱਖ ਨੂੰ ਗਿਆਨ ਦੇ ਕਿਸੇ ਖੇਤਰ ਵਿਚ ਵੀ ਸੱਚ ਤੱਕ ਪੁੱਜਣ ਵਿਚ ਅਗਵਾਈ ਦੇਂਦੇ ਹਨ। ਉਹ ਵਸਤਾਂ ਦੀ ਪਰਖ-ਪੜਤਾਲ ਕ਼ਰਨ ਦੇ ਸਾਧਨ ਦਾ ਕੰਮ ਦੇਂਦੇ ਹਨ, ਜਿਥੋਂ ਤੱਕ ਕਿ ਉਹ ਵਸਤਾਂ ਵਿਕਾਸ ਦੇ ਸਰਬ-ਵਿਆਪਕ ਕਾਨੂੰਨਾਂ ਦੇ ਪਰਗਟ ਹੋਣ ਨੂੰ ਉਘਾੜਦੀਆਂ ਹਨ। ਇਸਲਈ ਵਿਰੋਧ-ਵਿਕਾਸ ਦੇ ਅਸੂਲ, ਉਦਾਹਰਣ ਵਜੋਂ, ਵਿਗਾਸ ਦਾ ਅਸੂਲ (ਇਤਿਹਾਸਕਤਾ) ਗਿਆਨ ਦੇ ਸਾਰੇ ਖੇਤਰਾਂ ਵਿਚ ਕਾਰਜਸ਼ੀਲ ਹੈ, ਜਿਵੇਂ ਕਿ ਜੀਵ-ਵਿਗਿਆਨ ਵਿਚ ਵਿਗਾਸ ਦਾ ਸਿਧਾਂਤ, ਤਾਰਾ-ਵਿਗਿਆਨ ਵਿਚ ਤਾਰਾ--ਮੰਡਲਾਂ ਦੇ ਮੁੱਢ ਅਤੇ ਵਿਕਾਸ ਦੇ ਸਿਧਾਂਤ, ਇਤਿਹਾਸ ਵਿਚ ਮਨੁੱਖਾ ਸਮਾਜ ਦੇ ਵਿਗਾਸ ਦਾ ਸੰਬਾਦਕ-ਪਦਾਰਥਵਾਦੀ ਸਿਧਾਂਤ। ਵਿਰੋਧ-ਵਿਕਾਸ ਦੇ ਦੂਜੇ ਮਹਤਵਪੂਰਨ ਸੂਤਰਾਂ ਉਤੇ ਵੀ ਇਹ

ਲਾਗੂ ਹੁੰਦਾ ਹੈ—ਜਿਵੇਂ ਕਿ ਵਿਕਾਸ ਦੇ ਸੋਮੇ ਵਜੋਂ ਵਿਰੋਧਤਾਈਆਂ ਦਾ ਸਿਧਾਂਤ, ਵਿਕਾਸ ਵਿਚ ਨਿਰੰਤਰਤਾ ਦੇ ਅਸੂਲ ਵਜੋਂ ਨਿਸ਼ੇਧ ਦੇ ਨਿਸ਼ੇਧ ਦਾ ਅਸੂਲ, ਨਵੇਂ ਦੀ ਅਜਿਤੱਤਾ, ਆਦਿ। ਸਮਕਾਲੀ ਵਿਗਿਆਨ —ਭੌਤਕ-ਵਿਗਿਆਨ, ਰਸਾਇਣ, ਜੀਵ-ਵਿਗਿਆਨ ਆਦਿ—ਸਰਬ-ਵਿਆਪਕ ਦਾਰਸ਼ਨਿਕ ਸੰਕਲਪਾਂ ਦੀ ਵਰਤੋਂ ਕਰਦੇ ਹਨ, ਜਿਵੇਂ ਕਿ ਕਾਰਣਿਕਤਾ, ਬਾਕਾਇਦਗੀ, ਪੁਲਾੜ, ਸਮਾਂ, ਸਬੱਬ, ਅਨਿਵਾਰਿਤਾ ਆਦਿ ਦੀ।

ਸੰਸਾਰ ਵਿਚਲੇ ਵਰਤਾਰਿਆਂ ਦੇ ਵਸਤੂਪਰਕ ਯਥਾਰਥ ਨੂੰ ਪ੍ਰਮਾਣਿਤ ਕਰਦੇ ਦਾਰਸ਼ਨਿਕ ਵਿਧੀ-ਵਿਗਿਆਨ ਵਜੋਂ ਪਦਾਰਥਵਾਦ ਜਿਹੜਾ ਰੋਲ ਅਦਾ ਕਰਦਾ ਹੈ, ਉਹ ਵੀ ਭਾਰੀ ਮਹੱਤਾ ਰੱਖਦਾ ਹੈ। ਪਦਾਰਥਵਾਦ ਵਿਗਿਆਨ ਨੂੰ ਵਰਤਾਰਿਆਂ ਦੇ ਪਿੱਛੇ ਮਿਲਦੇ ਕੁਦਰਤੀ ਸੰਬੰਧਾਂ ਅਤੇ ਹਕੀਕੀ ਕਾਰਨਾਂ ਨੂੰ ਪਰਗਟ ਕਰਨ ਦਾ ਰਾਹ ਦਿਖਾਉਂਦਾ ਹੈ। ਆਓ, ਮਨੋਵਿਗਿਆਨ ਨੂੰ ਉਦਾਹਰਣ ਵਜੋਂ ਲਈਏ। ਮਾਨਸਿਕਤਾ ਬਾਰੇ ਗ਼ਲਤ ਵਿਚਾਰ ਹਮੇਸ਼ਾ ਹੀ ਪਾਏ ਜਾਂਦੇ ਰਹੇ ਹਨ; ਉਹ ਹੁਣ ਵੀ ਜਾਰੀ ਰਹਿ ਰਹੇ ਹਨ ਅਤੇ ਇਹ ਗੱਲ ਗਿਆਨ ਦੇ ਵਿਕਾਸ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਰਹਿ ਸਕਦੀ। ਮਾਨਸਿਕ ਸਰਗਰਮੀ ਬਾਰੇ ਇਹ ਵਿਚਾਰ ਕਿ ਇਹ ਆਤਮਾ ਦਾ ਪ੍ਰਗਟਾਅ ਹੈ, ਅਤੇ ਇਹ ਸਾਬਤ ਕਰਨ ਦੇ ਯਤਨ ਕਿ ਆਤਮਾ ਦਾ ਵਾਸਾ ਮਨੁੱਖ ਦੇ ਦਿਲ, ਖ਼ੂਨ ਜਾਂ ਫੇਫੜਿਆਂ ਆਦਿ ਵਿਚ ਹੈ, ਮਾਨਸਿਕਤਾ ਦੀ ਖੋਜ ਨੂੰ ਪੂਰਵ-ਵਿਗਿਆਨਕ ਪੱਧਰ ਉਪਰ ਰੱਖਣ ਦਾ ਕਾਰਨ ਬਣੇ। ਇਸਦੇ ਮੁਕਾਬਲੇ ਵਿਚ, ਪਦਾਰਥਵਾਦ ਮਾਨਸਿਕਤਾ ਨੂੰ ਦਿਮਾਗ਼ ਦਾ ਇਕ ਪ੍ਰਕਾਰਜ ਸਮਝਦਾ ਹੈ, ਅਤੇ ਇਹ ਗੱਲ ਖੋਜੀਆਂ ਨੂੰ ਕੁਦਰਤੀ-ਕਾਰਣਿਕ ਨਿਰਭਰਤਾ ਦੇ ਦ੍ਰਿਸ਼ਟੀਕੋਣ ਤੋਂ ਮਾਨਸਿਕ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਨ ਵੱਲ ਲੈ ਗਈ ਹੈ।

ਗਿਆਨ ਦੀਆਂ ਜੜ੍ਹਾਂ ਦੀ ਥਾਹ ਪਾਉਣ ਵਿਚ ਅਤੇ ਉਹਨਾਂ

ਦੀ ਸੱਚਾਈ ਦੀ ਕਸੌਟੀ ਵਜੋਂ ਵੀ ਪਦਾਰਥਵਾਦ ਮਹਤਵਪੂਰਨ ਰੋਲ ਅਦਾ ਕਰਦਾ ਹੈ, ਪਹਿਲੀ ਵਾਰੀ ਪਦਾਰਥਵਾਦ ਨੇ ਹੀ ਸਮਾਜ ਦੇ ਇਤਿਹਾਸ ਦੀ ਠੀਕ ਠੀਕ ਵਿਆਖਿਆ ਕੀਤੀ ਅਤੇ ਦਰਸਾਇਆ ਕਿ ਇਹ ਉਗੜ-ਦੁਗੜਾ ਅਮਲ ਨਹੀਂ, ਸਗੋਂ ਕਾਨੂੰਨ ਅਨੁਸਾਰ ਚੱਲਦਾ ਅਮਲ ਹੈ।

ਪਦਾਰਥਵਾਦ, ਜੇ ਵਿਰੋਧ-ਵਿਕਾਸ ਉਪਰ ਆਧਾਰਤ ਹੋਵੇ ਤਾਂ, ਇਕਸਾਰ ਵਿਗਿਆਨਕ ਵਿਧੀ-ਵਿਗਿਆਨ ਵਜੋਂ ਆਪਣਾ ਰੋਲ ਨਿਭਾਹ ਸਕਦਾ ਹੈ। ਵਿਰੋਧ-ਵਿਕਾਸੀ ਪਦਾਰਥਵਾਦੀ ਢੰਗ ਸੰਸਾਰ ਵਿਚਲੇ ਸਾਰੇ ਵਰਤਾਰਿਆਂ ਨੂੰ ਉਹਨਾਂ ਦੇ ਪ੍ਰਸਪਰ ਅੰਤਰ-ਸੰਬੰਧਾਂ ਅਤੇ ਨਿਰੰਤਰ ਵਿਕਾਸ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ। ਮਨੁੱਖ ਆਪਣੇ ਆਪ ਨੂੰ ਅਤੇ ਸੰਸਾਰ ਨੂੰ ਤਾਂ ਹੀ ਜਾਣ ਸਕਦਾ ਹੈ, ਜੇ ਉਹ ਸਾਰੇ ਵਰਤਾਰਿਆਂ ਦਾ ਗਤੀ ਵਿਚ ਅਧਿਐਨ ਕਰੇ। ਵਿਰੋਧ-ਵਿਕਾਸੀ ਪਦਾਰਥਵਾਦੀ ਵਿਧੀ-ਵਿਗਿਆਨ ਸਵੈ-ਵਿਕਾਸ, ਵਿਰੋਧਤਾਈਆਂ ਦੇ ਘੋਲ ਨੂੰ ਵਿਗਾਸ ਦੇ ਅੰਦਰੂਨੀ ਸੋਮੇ ਵਜੋਂ ਦੇਖਦਾ ਹੈ। ਪਦਾਰਥਵਾਦੀ ਵਿਰੋਧ-ਵਿਕਾਸ ਦੀ ਮਹੱਤਾ ਇਹ ਹੈ ਕਿ ਇਹ ਸਿਧਾਂਤਕ ਚਿੰਤਨ ਨੂੰ ਡੌਲਣ ਰਾਹੀਂ ਸੰਸਾਰ ਦੀ ਬੋਧ-ਪਰਾਪਤੀ ਅਤੇ ਕਾਇਆ-ਕਲਪ ਵਾਸਤੇ ਖੋਜੀਆਂ ਨੂੰ ਇਕ ਹਥਿਆਰ ਮੁਹਈਆ ਕਰਦਾ ਹੈ।

## ਵਿਰੋਧ-ਵਿਕਾਸ — ਇਨਕਲਾਬ ਦਾ ਅਲਜਬਰਾ

ਲੋਕਾਂ ਨੇ ਜੀਵਨ ਬਿਹਤਰ ਬਣਾਉਣ ਦੇ, ਕੰਗਾਲੀ ਅਤੇ ਕਸ਼ਟ, ਲੁੱਟ-ਖਸੁੱਟ ਅਨਿਆਂ ਅਤੇ ਮਨਮਾਨੀ ਦਾ ਰਾਜ ਖ਼ਤਮ ਕਰਨ ਦੇ ਹਮੇਸ਼ਾ ਹੀ ਸੁਫ਼ਨੇ ਲਏ ਹਨ। ਉਹਨਾਂ ਨੇ ਆਪਣਾ ਰੁਤਬਾ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ: ਗ਼ੁਲਾਮ ਆਪਣੇ ਮਾਲਕਾਂ ਦੇ ਖ਼ਿਲਾਫ਼ ਬਗ਼ਾਵਤ ਕਰਦੇ ਰਹੇ (ਲੋਕ-ਕਥਾ ਬਣ

ਚੁੱਕੀ ਸਪਾਰਟੇਕਸ ਦੀ ਬਗ਼ਾਵਤ ਤੋਂ ਇਲਾਵਾ ਇਤਿਹਾਸ ਵਿਚ ਗ਼ੁਲਾਮਾਂ ਦੀਆਂ ਕਈ ਬਗ਼ਾਵਤਾਂ ਦਾ ਜ਼ਿਕਰ ਮਿਲਦਾ ਹੈ), ਕਿਸਾਨ ਭੂਮੀਪਤੀਆਂ ਦੇ ਖ਼ਿਲਾਫ਼ ਉੱਠ ਖੜ੍ਹੇ ਹੁੰਦੇ ਰਹੇ, ਅਤੇ ਮਜ਼ਦੂਰ ਫ਼ੈਕਟਰੀਆਂ ਅਤੇ ਕਾਰਖ਼ਾਨਿਆਂ ਵਿਚ ਮਸ਼ੀਨਾਂ ਨੂੰ ਤਬਾਹ ਕਰਦੇ ਰਹੇ। ਮਨੁੱਖਾ ਇਤਿਹਾਸ ਗ਼ਰੀਬ ਅਤੇ ਅਮੀਰ ਵਿਚਕਾਰ, ਦੱਬੇ-ਕੁੱਚਲਿਆਂ ਅਤੇ ਦਬਾਉਣ ਵਾਲਿਆਂ ਵਿਚਕਾਰ ਘੋਲ ਦਾ ਇਤਿਹਾਸ ਹੈ। ਕਈ ਯੁਗ ਬੀਤ ਗਏ ਪਰ ਹਾਲਾਤ ਕਈ ਪੱਖਾਂ ਤੋਂ ਉਸੇਤਰ੍ਹਾਂ ਦੇ ਉਸੇਤਰ੍ਹਾਂ ਰਹੇ: ਘਟਗਿਣਤੀ ਦਾ ਬਹੁਗਿਣਤੀ ਉਪਰ ਗ਼ਲਬਾ ਜਾਰੀ ਰਿਹਾ। ਸਮਾਜਕ ਨਿਜ਼ਾਮ ਇਕ ਦੂਜੇ ਦੀ ਥਾਂ ਲੈਂਦੇ ਰਹੇ, ਫਿਰ ਵੀ ਕਿਰਤੀ ਲੋਕਾਂ ਦੀ ਕੰਗਾਲੀ ਅਤੇ ਅਧਿਕਾਰਹੀਣਤਾ, ਅਤੇ ਮਨੁੱਖ ਹਥੋਂ ਮਨੁੱਖ ਦੀ ਲੁੱਟ-ਖਸੁੱਟ ਜਾਰੀ ਰਹੀ। ਸਮਾਜ ਦੀ ਬਣਤਰ ਵਿਚ ਬੁਨਿਆਦੀ ਤਬਦੀਲੀ ਲਿਆਉਣ ਦਾ ਪਹਿਲਾ ਮੌਕਾ ਸਿਰਫ਼ ਸਾਡੇ ਦੌਰ ਵਿਚ ਹੀ ਮਜ਼ਦੂਰ ਜਮਾਤ ਦੇ ਹੋਂਦ ਵਿਚ ਆਉਣ ਦੇ ਨਾਲ ਨਾਲ ਪੈਦਾ ਹੋਇਆ ਹੈ, ਜਿਹੜੀ ਕਿ ਲੁੱਟੀਆਂ-ਪੁੱਟੀਆਂ ਜਾਂਦੀਆਂ ਸ਼੍ਰੇਣੀਆਂ ਵਿਚੋਂ ਸਭ ਤੋਂ ਵੱਧ ਸੰਗਠਿਤ ਅਤੇ ਰਾਜਨੀਤਕ ਤੌਰ ਉਤੇ ਚੇਤੰਨ ਹੈ। ਬਰਤਾਨੀਆ, ਫ਼ਰਾਂਸ ਅਤੇ ਜਰਮਨੀ ਦੀ ਮਜ਼ਦੂਰ ਜਮਾਤ ਨੇ ਉਨ੍ਹੀਵੀਂ ਸਦੀ ਵਿਚ ਹੀ ਆਪਣੇ ਹੱਕ ਮੰਗਣੇ ਸ਼ੁਰੂ ਕਰ ਦਿਤੇ ਸਨ, ਪਰ ਇਸਦੀਆਂ ਕਾਰਵਾਈਆਂ ਸ਼ੁਰੂ ਸ਼ੁਰੂ ਵਿਚ ਆਪਮੁਹਾਰੀ ਪ੍ਰਕਿਰਤੀ ਰੱਖਦੀਆਂ ਸਨ।

ਬੀਤੇ ਸਮੇਂ ਦੇ ਫ਼ਿਲਾਸਫ਼ਰਾਂ ਨੇ ਸਮਾਜਕ ਨਾਬਰਾਬਰੀ ਦੇ ਕਾਰਨਾਂ ਦੀ ਵਿਆਖਿਆ ਕਰਨ ਦੇ ਯਤਨ ਕੀਤੇ। ਉਹਨਾਂ ਦਾ ਖ਼ਿਆਲ ਸੀ ਕਿ ਲੋਕਾਂ ਦੇ ਵਿਚਾਰ ਸਮਾਜਕ ਜੀਵਨ ਵਿਚ ਸਰਵੁੱਚ ਮਹੱਤਾ ਰੱਖਦੇ ਹਨ। ਇਸਲਈ, ਉਹਨਾਂ ਦਾ ਵਿਸ਼ਵਾਸ ਸੀ ਕਿ ਮਨੁੱਖ ਦੀ ਚੇਤਨਾ, ਉਸਦੀ ਸੋਚਣੀ ਅਤੇ ਵਿਚਾਰ ਬਦਲਣ ਨਾਲ ਹੀ ਕਿਸੇ ਅਨਿਆਈਂ ਨਿਜ਼ਾਮ ਨੂੰ ਬਦਲਣਾ

ਸੰਭਵ ਹੋ ਸਕਦਾ ਹੈ। ਜਿਵੇਂ ਡਾਕਟਰ ਆਪਣੇ ਰੋਗੀਆਂ ਦਾ ਇਲਾਜ ਕਰਦਾ ਹੈ, ਉਸੇਤਰ੍ਹਾਂ ਪ੍ਰਬੁੱਧਤਾ ਰਾਹੀਂ ਸਮਾਜ ਦਾ "ਇਲਾਜ" ਅਤੇ ਸੁਧਾਰ ਕੀਤਾ ਜਾ ਸਕਦਾ ਹੈ। ਫ਼ਿਲਾਸਫ਼ਰ--ਪ੍ਰਬੁੱਧਕਾਰੀਆਂ ਨੇ ਅਮੀਰਾਂ ਨੂੰ ਇਹ ਮਣਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣਾ ਧਨ ਗ਼ਰੀਬਾਂ ਨੂੰ ਦੇ ਦੇਣ; ਉਹਨਾਂ ਦਾ ਵਿਸ਼ਵਾਸ ਸੀ ਕਿ ਇਸ ਤਰੀਕੇ ਨਾਲ ਸਮਾਜਕ ਬੁਰਾਈ ਖ਼ਤਮ ਕੀਤੀ ਜਾ ਸਕਦੀ ਹੈ। ਕੁਦਰਤੀ ਤੌਰ ਉਤੇ, ਉਹਨਾਂ ਦੇ ਸਾਰੇ ਯਤਨ ਅਸਫ਼ਲ ਰਹੇ।

ਮਾਰਕਸ ਅਤੇ ਏਂਗਲਜ਼ ਨੇ ਐਸੀ ਫ਼ਿਲਾਸਫ਼ੀ ਸਿਰਜਣ ਲਈ, ਜਿਹੜੀ ਮਜ਼ਦੂਰ ਜਨਤਾ ਦੇ ਹਿੱਤਾਂ ਨੂੰ ਪਰਗਟ ਕਰਦੀ ਹੋਵੇ, ਦਾਰਸ਼ਨਿਕ ਚਿੰਤਨ ਅਤੇ ਵਿਗਿਆਨ ਦੀਆਂ ਪਰਾਪਤੀਆਂ ਅਤੇ ਕੌਮਾਂਤਰੀ ਇਨਕਲਾਬੀ ਲਹਿਰ ਦੇ ਤਜਰਬੇ ਨੂੰ ਆਪਣਾ ਆਧਾਰ ਬਣਾਇਆ। ਮਾਰਕਸਵਾਦੀ ਫ਼ਿਲਾਸਫ਼ੀ ਸੰਸਾਰ ਫ਼ਿਲਾਸਫ਼ੀ ਦੇ ਘੇਰੇ ਤੋਂ ਬਾਹਰਵਾਰ ਨਹੀਂ ਪੈਦਾ ਹੋਈ; ਇਹ ਬੀਤੇ ਦੇ ਸਭ ਤੋਂ ਵਧ ਅਗਰਗਾਮੀ ਸਿਧਾਂਤਾਂ ਨੂੰ ਜਾਰੀ ਰੱਖਦੀ ਹੈ। ਮਾਰਕਸ ਅਤੇ ਏਂਗਲਜ਼ ਦਾ ਵਿਚਾਰ ਸੀ ਕਿ ਫ਼ਿਲਾਸਫ਼ੀ ਦਾ ਮੁੱਖ ਕੰਮ ਸੰਸਾਰ ਦੀ ਸਿਰਫ਼ ਵਿਆਖਿਆ ਕਰਨਾ ਹੀ ਨਹੀਂ, ਸਗੋਂ ਇਸਦੀ ਕਾਇਆ-ਕਲਪ ਦੇ ਸੰਭਵ ਤਰੀਕੇ ਘੜਣਾ, ਅਮਲ ਵਿਚ ਅਤੇ ਅਮਲੀ ਇਨਕਲਾਬੀ ਘੋਲ ਵਿਚ ਜੁੱਟਣਾ ਹੈ। ਉਹਨਾਂ ਦੀ ਰਾਇ ਵਿਚ, ਫ਼ਿਲਾਸਫ਼ੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਇਹ ਸੰਸਾਰ ਦੀ ਕਾਇਆ-ਕਲਪ ਕਰਨ ਵਿਚ ਇਕ ਹਥਿਆਰ ਦਾ ਕੰਮ ਦੇਵੇ। ਮਾਰਕਸਵਾਦੀ ਫ਼ਿਲਾਸਫ਼ੀ ਦਾ ਇਹ ਵਿਲੱਖਣ ਲੱਛਣ ਹੈ; ਇਹ ਇਸਦੇ ਇਨਕਲਾਬੀ ਖ਼ਾਸੇ ਦਾ ਤੱਤ ਹੈ। ਰੂਸੀ ਇਨਕਲਾਬੀ ਜਨਵਾਦੀ **ਅਲੈਕਸਾਂਦਰ ਹਰਜ਼ਨ** ਨੇ ਐਵੇਂ ਹੀ ਨਹੀਂ ਸੀ ਕਿਹਾ ਕਿ ਵਿਰੋਧ-ਵਿਕਾਸ ਇਨਕਲਾਬ ਦਾ ਅਲਜਬਰਾ ਹੈ।

ਮਾਰਕਸਵਾਦੀ ਫ਼ਿਲਾਸਫ਼ੀ ਆਪਣਾ **ਜਮਾਤੀ ਖ਼ਾਸਾ** ਲੁਕਾਉਣ

ਦੀ ਕੋਸ਼ਿਸ਼ ਨਹੀਂ ਕਰਦੀ। ਨਿੱਤਾਪ੍ਰਤੀ ਜੀਵਨ ਵਿਚ, ਅਤੇ ਸਿਆਸਤ ਵਿਚ ਵੀ, ਵਖੋ ਵਖਰੇ ਵਿਚਾਰਾਂ ਵਾਲੇ ਲੋਕ, ਬੇਸ਼ਕ, ਕੁਝ ਮਸਲਿਆਂ ਉਤੇ ਸਹਿਮਤ ਹੋ ਸਕਦੇ ਹਨ। ਉਦਾਹਰਣ ਵਜੋਂ ਜੰਗ ਅਤੇ ਅਮਨ ਦੇ, ਵਾਤਾਵਰਨ ਦੀ ਸੰਭਾਲ ਦੇ, ਬਾਹਰੀ ਪੁਲਾੜ, ਸੰਸਾਰ ਮਹਾਂਸਾਗਰ, ਧਰਤੀ ਦੇ ਖਣਿਜ ਧਨ ਆਦਿ ਦੇ ਮਸਲੇ ਅੱਜ ਸਾਰੀ ਮਨੁੱਖਤਾ ਲਈ ਪ੍ਰਥਮ ਮਹੱਤਾ ਰੱਖਦੇ ਹਨ।

ਪਰ ਵਖਰੀ ਤਰ੍ਹਾਂ ਦੇ ਸਮਝੌਤੇ ਵੀ ਹਨ। ਵਿਚਾਰਧਾਰਾ ਅਤੇ ਦਾਰਸ਼ਨਿਕ ਵਿਚਾਰਾਂ ਦੇ ਖੇਤਰ ਵਿਚ ਕੋਈ ਸਮਝੌਤਾ ਨਹੀਂ ਹੋ ਸਕਦਾ: ਕੋਈ ਸਮਝੌਤਾ ਸੰਭਵ ਹੀ ਨਹੀਂ। ਆਪਣੇ ਉਦਭਵ ਤੋਂ ਲੈ ਕੇ ਅੱਜ ਤੱਕ ਫ਼ਿਲਾਸਫ਼ੀ ਨੇ ਵਿਸ਼ੇਸ਼ ਸਮਾਜਕ ਸ਼ਕਤੀਆਂ ਦੇ ਹਿੱਤਾਂ ਅਤੇ ਲੋੜਾਂ ਨੂੰ ਪਰਗਟ ਕੀਤਾ ਹੈ ਅਤੇ ਹੁਣ ਵੀ ਪਰਗਟ ਕਰਨਾ ਜਾਰੀ ਰੱਖ ਰਹੀ ਹੈ। ਇਹ ਠੀਕ ਹੈ ਕਿ ਅਕਸਰ ਹੀ ਵਖੋ ਵਖਰੇ ਦਾਰਸ਼ਨਿਕ ਸਿਧਾਂਤਾਂ ਦੇ ਰਚਨਹਾਰਿਆਂ ਨੇ ਆਪਣੇ ਵਿਚਾਰਾਂ ਨੂੰ ਆਮ ਮਨੁੱਖੀ ਹਿੱਤਾਂ ਦੇ ਪ੍ਰਗਟਾਅ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ; ਪਰ ਇਹ ਸਿਰਫ਼ ਉਹਲਾ ਸੀ। ਆਪਣੇ ਤੋਂ ਪਹਿਲੇ ਸਿਧਾਂਤਾਂ ਦੇ ਉਲਟ, ਮਾਰਕਸਵਾਦੀ ਫ਼ਿਲਾਸਫ਼ੀ ਐਸਾ ਸਿਧਾਂਤ ਹੈ ਜਿਹੜਾ **ਮਜ਼ਦੂਰ ਜਮਾਤ** ਅਤੇ ਮਜ਼ਦੂਰ ਜਨਤਾ, ਜਿਸਦੀ ਇਹ ਅਗਵਾਈ ਕਰਦਾ **ਹੈ, ਦੇ ਸੰਸਾਰ-ਦ੍ਰਿਸ਼ਟੀਕੋਨ ਅਤੇ ਵਿਚਾਰਧਾਰਾ** ਨੂੰ ਠੋਸ ਰੂਪ ਦੇਂਦਾ ਹੈ। ਇਹ ਮੰਨਦਾ ਵੀ ਹੈ ਅਤੇ ਖੁਲ੍ਹਮ-ਖੁਲ੍ਹਾ ਐਲਾਨ ਵੀ ਕਰਦਾ ਹੈ ਕਿ ਫ਼ਿਲਾਸਫ਼ੀ ਜਮਾਤੀ ਘੋਲ ਨਾਲ ਜੁੜੀ ਹੋਈ ਹੈ। ਮਾਰਕਸ ਲਿਖਦਾ ਹੈ: "ਜਿਵੇਂ ਕਿ ਫ਼ਿਲਾਸਫ਼ੀ ਨੂੰ ਪ੍ਰੋਲਤਾਰੀਆਂ ਦੀ ਸ਼ਕਲ ਵਿਚ ਆਪਣਾ ਪਦਾਰਥਕ ਹਥਿਆਰ ਮਿਲ ਜਾਂਦਾ ਹੈ, ਉਸੇਤਰ੍ਹਾਂ ਪ੍ਰੋਲਤਾਰੀਆਂ ਨੂੰ ਫ਼ਿਲਾਸਫ਼ੀ ਵਿਚ ਆਪਣਾ ਰੂਹਾਨੀ ਹਥਿਆਰ ਮਿਲ ਜਾਂਦਾ ਹੈ।" *

---

*ਕਾਰਲ ਮਾਰਕਸ, "**ਹੀਗਲ ਦੀ ਕਾਨੂੰਨ ਦੀ ਫ਼ਿਲਾਸਫ਼ੀ ਦੀ ਆਲੋਚਨਾ ਨੂੰ ਦੇਣ**", ਕਾਰਲ ਮਾਰਕਸ, ਫ਼ਰੈਡਰਿਕ ਏਂਗਲਜ਼, ਕਿਰਤ ਸੰਗ੍ਰਿਹ, ਸੈਂਚੀ ੩, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੫, ਸਫ਼ਾ ੧੮੭।

ਚੌਥਾ ਕਾਂਡ

# ਮਨੁੱਖ ਸੰਸਾਰ ਬਾਰੇ ਕਿਵੇਂ ਜਾਣਨ ਲੱਗ ਪੈਂਦਾ ਹੈ ?

## ਬੋਧ-ਪਰਾਪਤੀ ਵੱਲ ਦੋ ਪਹੁੰਚਾਂ

ਆਪਣੇ ਜੀਵਨ ਦੀ ਹਰ ਘੜੀ ਮਨੁੱਖ ਆਪਣੇ ਦੁਆਲੇ ਦੇ ਸੰਸਾਰ ਬਾਰੇ ਕੁਝ ਨਵਾਂ ਜਾਣਨ, ਇਸਦੇ ਭੇਤਾਂ ਦੀ ਥਾਹ ਪਾਉਣ ਵਿਚ ਜੁੱਟਿਆ ਰਹਿੰਦਾ ਹੈ।

ਫ਼ਾਰਸੀ ਅਤੇ ਤਾਜਿਕ ਸਾਹਿਤ ਦੇ ਕਲਾਸਕੀ ਲੇਖਕ **ਫ਼ਿਰਦੌਸੀ** ਨੇ ਲਿਖਿਆ ਹੈ:

ਦੁਨੀਆਂ ਦੀ ਬੁਝਾਰਤ ਬੁੱਝਣ ਲਈ
ਹਰ ਮੌਕਾ ਲੈਣਾ ਚਾਹੀਦਾ ਹੈ
ਰੋਕਾਂ ਵੱਲ ਕੋਈ ਧਿਆਨ ਨਾ ਦਿਓ,
ਉਤੇ ਚੜ੍ਹੋ ਅਤੇ—ਅੱਗੇ ਵਧੋ! *

ਇਕ ਵਿਸ਼ੇਸ਼ ਅਨੁਸ਼ਾਸਣ ਹੈ ਜਿਸਨੂੰ **ਗਿਆਨ ਸ਼ਾਸਤਰ** ਕਹਿੰਦੇ ਹਨ; ਇਹ ਸੰਸਾਰ ਦਾ ਬੋਧ ਪਰਾਪਤ ਕਰਨ ਵਿਚ ਪੇਸ਼ ਆਉਂਦੇ ਮਸਲਿਆਂ ਦਾ, ਸੱਚਾਈ ਪਰਗਟ ਕਰਨ, ਮਨੁੱਖ ਦੇ

---

* "**ਤਾਜਿਕ ਕਵਿਤਾ ਦਾ ਸੰਗ੍ਰਹਿ**" ਮਾਸਕੋ, ੧੯੫੧, ਸਫ਼ਾ ੧੧੮ (ਰੂਸੀ ਵਿਚ)।

ਗਿਆਨ ਅਤੇ ਸਰਗਰਮੀਆਂ ਵਿਚਕਾਰ ਸੰਬੰਧ ਪਰਗਟ ਕਰਨ ਦੇ ਢੰਗਾਂ ਦਾ ਅਧਿਐਨ ਕਰਦਾ ਹੈ। ਇਹ ਅਨੁਸ਼ਾਸਣ ਫ਼ਿਲਾਸਫ਼ੀ ਦਾ ਮਹਤਵਪੂਰਨ ਅੰਗ ਹੈ।

ਮਨੁੱਖ ਦੀ ਬੋਧਾਤਮਕ ਸਰਗਰਮੀ ਦੇ ਵਿਸ਼ੇਸ਼ ਲੱਛਣਾਂ ਦੀ ਨਿਰਖ-ਪਰਖ ਕਰਨ ਲਈ, ਸਾਨੂੰ ਫਿਰ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ, ਇਸਦੇ ਦੂਜੇ ਪੱਖ ਵੱਲ ਆਉਣਾ ਚਾਹੀਦਾ ਹੈ, ਜਿਹੜਾ ਮਨੁੱਖਾ ਗਿਆਨ ਅਤੇ ਦੁਆਲੇ ਦੇ ਸੰਸਾਰ ਵਿਚਕਾਰ ਸੰਬੰਧ ਸਥਾਪਤ ਕਰਨ ਨਾਲ ਅਤੇ ਇਸ ਸਵਾਲ ਨਾਲ ਸੰਬੰਧਤ ਹੈ ਕਿ ਕੀ ਮਨੁੱਖ ਇਸ ਸੰਸਾਰ ਬਾਰੇ ਗਿਆਨ ਪਰਾਪਤ ਕਰ ਸਕਦਾ ਹੈ ਜਾਂ ਨਹੀਂ। ਏਂਗਲਜ਼ ਨੇ ਇਸ ਸਵਾਲ ਨੂੰ ਇਸਤਰ੍ਹਾਂ ਸੂਤ੍ਰਿਤ ਕੀਤਾ ਸੀ: "... ਆਪਣੇ ਦੁਆਲੇ ਦੇ ਸੰਸਾਰ ਬਾਰੇ ਸਾਡੇ ਵਿਚਾਰ ਖ਼ੁਦ ਸੰਸਾਰ ਨਾਲ ਕੀ ਸੰਬੰਧ ਰੱਖਦੇ ਹਨ? ਕੀ ਸਾਡਾ ਚਿੰਤਨ ਹਕੀਕੀ ਸੰਸਾਰ ਦੀ ਬੋਧ-ਪਰਾਪਤੀ ਦੀ ਸਮਰੱਥਾ ਰੱਖਦਾ ਹੈ? ਕੀ ਹਕੀਕੀ ਸੰਸਾਰ ਬਾਰੇ ਆਪਣੇ ਸੰਕਲਪਾਂ ਅਤੇ ਵਿਚਾਰਾਂ ਵਿਚ ਅਸੀਂ ਹਕੀਕਤ ਦਾ ਠੀਕ ਪ੍ਰਤਿਬਿੰਬ ਪੇਸ਼ ਕਰਨ ਦੇ ਸਮਰੱਥ ਹਾਂ?" * ਦੂਜੇ ਸ਼ਬਦਾਂ ਵਿਚ, ਇਹ ਮਨੁੱਖ ਦੇ ਸੰਕਲਪਾਂ ਅਤੇ ਵਿਚਾਰਾਂ ਦੇ ਵਸਤੂ ਨਾਲ ਸੰਬੰਧਤ ਸਵਾਲ ਹੈ—ਕੀ ਇਹ ਹਕੀਕੀ ਸੰਸਾਰ ਹੈ, ਜਾਂ ਕਿ ਇਹ ਕੁਝ ਹੋਰ ਵੀ ਹੋ ਸਕਦਾ ਹੈ? ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦੇ ਇਹ ਪੱਖ ਅੰਤਰ-ਸੰਬੰਧਤ ਹਨ। ਪਦਾਰਥਵਾਦੀਆਂ ਦਾ ਵਿਸ਼ਵਾਸ ਹੈ ਕਿ ਚੇਤਨਾ ਪਦਾਰਥ ਦੀ ਸੁਭਾਵਕ ਖਾਸੀਅਤ ਹੈ, ਇਸਦੇ ਕੁਦਰਤੀ ਵਿਕਾਸ

---

* ਫ਼ਰੈਡਰਿਕ ਏਂਗਲਜ਼, "**ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕਲ ਜਰਮਨ ਫ਼ਿਲਾਸਫ਼ੀ ਦਾ ਅੰਤ**", ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼, ਚੋਣਵੀਆਂ ਕਿਰਤਾਂ, ਤਿੰਨ ਸੈਂਚੀਆਂ ਵਿਚ, ਸੈਂਚੀ ੩, ਸਫ਼ਾ ੩੪੬।

ਦੀ ਉਪਜ ਹੈ। ਇਸਲਈ ਚੇਤਨਾ ਨਾ ਸਿਰਫ਼ ਜਿਉਂਦੇ ਰਹਿਣ ਵਿਚ ਅਤੇ ਆਪਣੀ ਹੋਂਦ ਦੀਆਂ ਹਾਲਤਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਵਿਚ ਹੀ, ਸਗੋਂ ਆਪਣੇ ਦੁਆਲੇ ਦੇ ਸੰਸਾਰ ਬਾਰੇ ਬੋਧ ਪਰਾਪਤ ਕਰਨ ਵਿਚ ਵੀ ਮਨੁੱਖ ਦੀ ਸਹਾਇਤਾ ਕਰਦੀ ਹੈ। ਇਸਨੂੰ ਗਿਆਨ-ਸ਼ਾਸਤ੍ਰੀ ਆਸ਼ਾਵਾਦ ਵਜੋਂ ਜਾਣਿਆ ਜਾਂਦਾ ਹੈ। ਪੁਰਾਤਨ ਫ਼ਿਲਾਸਫ਼ਰਾਂ, ਜਿਵੇਂ ਕਿ ਹਿਰਾਕਲੀਟਸ, ਡਿਮੋਕਰੀਟਸ ਅਤੇ **ਐਪੀਕਿਊਰਸ** ਦਾ ਵਿਚਾਰ ਸੀ ਕਿ ਮਨੁੱਖ ਸੰਸਾਰ ਦਾ ਬੋਧ ਪਰਾਪਤ ਕਰਨ ਦੀ ਸਮਰੱਥਾ ਰੱਖਦਾ ਹੈ। ਮਗਰੋਂ ਪੁਨਰ-ਸੁਰਜੀਤ੍ਰੀ ਕਾਲ ਅਤੇ ਆਧੁਨਿਕ ਸਮਿਆਂ ਦੇ ਫ਼ਿਲਾਸਫ਼ਰ ਵੀ ਇਹਨਾਂ ਵਿਚਾਰਾਂ ਨਾਲ ਸਹਿਮਤ ਸਨ। ਵਿਰੋਧ--ਵਿਕਾਸੀ ਪਦਾਰਥਵਾਦ ਦੇ ਦ੍ਰਿਸ਼ਟੀਕੋਨ ਤੋਂ, ਮਨੁੱਖ ਨਾ ਸਿਰਫ਼ ਸੰਸਾਰ ਬਾਰੇ ਬੋਧ ਹੀ ਪਰਾਪਤ ਕਰਦਾ ਹੈ, ਸਗੋਂ ਆਪਣੀ ਸਰਗਰਮੀ ਦੇ ਦੌਰਾਨ ਆਪਣੀਆਂ ਲੋੜਾਂ ਅਤੇ ਆਪਣੇ ਟੀਚਿਆਂ ਅਨੁਸਾਰ ਇਸਨੂੰ ਸੋਧਦਾ ਅਤੇ ਬਦਲਦਾ ਵੀ ਹੈ। ਦੁਨੀਆਂ ਬਦਲੀ ਦੀ ਜਾ ਰਹੀ ਹੈ ਕਿਉਂਕਿ ਲੋਕ ਇਸਦੀਆਂ ਖਾਸੀਅਤਾਂ ਅਤੇ ਕਾਨੂੰਨਾਂ ਬਾਰੇ ਜਾਣਦੇ ਜਾ ਰਹੇ ਹਨ। ਅੱਜ ਇਹ ਗੱਲ ਖਾਸ ਕਰਕੇ ਪ੍ਰਤੱਖ ਹੈ, ਕਿਉਂਕਿ ਜਟਿਲ ਟੈਕਨਾਲੋਜੀ ਸਿਰਜਣਾ ਜਾਂ ਪ੍ਰਕਿਰਤੀ ਨੂੰ ਬਦਲਣਾ ਅਸੰਭਵ ਹੋਵੇਗਾ ਜੇ ਮਨੁੱਖ ਕੋਲ ਵਿਗਿਆਨ ਦਾ ਗਿਆਨ ਨਾ ਹੋਵੇ। ਆਦਰਸ਼ਵਾਦੀ ਸੰਸਾਰ ਦੀ ਬੋਧ-ਪਰਾਪਤੀ ਦੀ ਸਮੱਸਿਆ ਨੂੰ ਵਖਰੀ ਤਰ੍ਹਾਂ ਲੈਂਦੇ ਹਨ।

ਸੰਸਾਰ ਬਾਰੇ ਬੋਧ ਪਰਾਪਤ ਕੀਤਾ ਜਾ ਸਕਦਾ ਹੈ ਜਾਂ ਨਹੀਂ, ਇਸ ਬਾਰੇ ਸੰਦੇਹ ਪੁਰਾਤਨ ਯੂਨਾਨ ਦੇ ਉਹਨਾਂ ਫ਼ਿਲਾਸਫ਼ਰਾਂ ਵਲੋਂ ਵੀ ਪਰਗਟ ਕੀਤੇ ਗਏ ਸਨ ਜਿਨ੍ਹਾਂ ਨੂੰ ਸ਼ੰਕਾਵਾਦੀ ਕਹਿੰਦੇ ਸਨ। ਸ਼ਬਦ "ਸ਼ੰਕਾਵਾਦੀ" ਦੇ ਦੋ ਅਰਥ ਹਨ। ਪਰਚਲਤ ਵਰਤੋਂ ਵਿਚ ਇਹ ਉਸ ਆਦਮੀ ਲਈ ਵਰਤਿਆ ਜਾਂਦਾ ਹੈ ਜਿਹੜਾ ਕਿਸੇ ਵੀ ਵਿਸ਼ੇਸ਼ ਚੀਜ਼ ਵਿਚ ਵਿਸ਼ਵਾਸ ਨਹੀਂ ਰੱਖਦਾ

ਅਤੇ ਆਮ ਕਰਕੇ ਹਰ ਚੀਜ਼ ਬਾਰੇ ਸ਼ੰਕੇ ਰੱਖਦਾ ਹੈ। ਫ਼ਿਲਾਸਫ਼ੀ ਵਿਚ, ਸ਼ੰਕਾਵਾਦ ਸੰਸਾਰ ਬਾਰੇ ਬੋਧ ਪਰਾਪਤ ਕਰਨ ਦੀ ਸਮਰੱਥਾ ਬਾਰੇ ਸ਼ੰਕੇ ਵੱਲ ਸੰਕੇਤ ਕਰਦਾ ਹੈ ਅਤੇ ਇਹ ਸਾਬਤ ਕਰਨ ਦਾ ਯਤਨ ਕਰਦਾ ਹੈ ਕਿ ਇਸ ਬਾਰੇ ਸੱਚਾ ਗਿਆਨ ਪਰਾਪਤ ਕਰਨਾ ਅਸੰਭਵ ਹੈ। ਬਹੁਤਾ ਕਰਕੇ, ਸ਼ੰਕਾਵਾਦੀ ਆਪਣੀਆਂ ਦਲੀਲਾਂ ਇਸ ਤੱਥ ਉਪਰ ਆਧਾਰਤ ਕਰਦੇ ਸਨ ਕਿ ਮਨੁੱਖ ਦੇ ਇੰਦਰਿਆਵੀ ਪ੍ਰਭਾਵ ਉਸਦੀ ਅਵਸਥਾ ਉਪਰ — ਉਸਦੇ ਗਿਆਨ-ਇੰਦਰਿਆਂ ਦੀ ਅਵਸਥਾ ਉਪਰ ਅਤੇ ਉਸਦੀ ਮਨੋਦਿਸ਼ਾ ਉਪਰ — ਨਿਰਭਰ ਕਰਦੇ ਹਨ। ਉਹਨਾਂ ਦਾ ਵਿਸ਼ਵਾਸ ਸੀ ਕਿ ਇੰਦਰਿਆਵੀ ਅਨੁਭਵ ਭੁਲਾਵਾ-ਰੂਪੀ ਹੁੰਦੇ ਹਨ ਅਤੇ ਕਿਸੇ ਵੀ ਚੀਜ਼ ਨੂੰ ਸਚਮੁਚ ਜਾਣਨ ਦੀ ਮਨੁੱਖ ਨੂੰ ਆਗਿਆ ਨਹੀਂ ਦੇਂਦੇ; ਮਨੁੱਖ ਚੀਜ਼ਾਂ ਦਾ ਅਨੁਭਵ ਉਸੇਤਰ੍ਹਾਂ ਹੀ ਕਰ ਸਕਦਾ ਹੈ ਜਿਸਤਰ੍ਹਾਂ ਦੀਆਂ ਇਹ ਉਸਨੂੰ ਲੱਗਦੀਆਂ ਹਨ। ਪੁਰਾਤਨ ਚਿੰਤਕ ਇਹ ਦਲੀਲ ਦੇਂਦੇ ਸਨ ਕਿ ਇਕੋ ਹੀ ਚੀਜ਼ ਵਖੋ ਵਖਰੇ ਜੀਵ-ਸ਼ਰੀਰਾਂ ਅਤੇ ਮਨੁੱਖ ਨੂੰ ਬਿਲਕੁਲ ਵਖਰੀ ਲੱਗੇਗੀ। ਉਦਾਹਰਣ ਵਜੋਂ, ਸਮੁੰਦਰੀ ਪਾਣੀ, ਭਾਵੇਂ ਸਾਫ਼ ਹੋਵੇ ਭਾਵੇਂ ਗੰਧਲਾ, ਮੱਛੀਆਂ ਲਈ ਸਿਹਤ-ਵਰਧਕ ਅਤੇ ਰੋਗ-ਨਾਸ਼ਕ ਮਾਧਿਅਮ ਹੈ, ਜਦ ਕਿ ਮਗਰਲੀ ਸੂਰਤ ਵਿਚ (ਜੇ ਇਹ ਗੰਧਲਾ ਹੈ ਤਾਂ) ਮਨੁੱਖ ਨੂੰ ਇਸਦਾ ਕੋਈ ਲਾਭ ਨਹੀਂ ਸਗੋਂ ਉਸ ਲਈ ਹਾਨੀਕਾਰਕ ਵੀ ਹੋ ਸਕਦਾ ਹੈ। ਘੋੜੇ, ਕੁੱਤੇ ਅਤੇ ਲੋਕ ਵੀ ਬਿਲਕੁਲ ਵਖਰੀਆਂ ਵਖਰੀਆਂ ਚੀਜ਼ਾਂ ਵਿਚ ਖੁਸ਼ੀ ਲੈਂਦੇ ਹਨ। ਸ਼ੰਕਾਵਾਦੀਆਂ ਦਾ ਵਿਸ਼ਵਾਸ ਸੀ ਕਿ ਲੋਕ ਆਪਣੀਆਂ ਮਨੋਬਿਰਤੀਆਂ, ਸਵਾਸਥ ਅਤੇ ਆਦਤਾਂ ਅਨੁਸਾਰ ਵਸਤਾਂ ਦਾ ਮੁਲਾਂਕਣ ਕਰਦੇ ਹਨ; ਇਸਲਈ ਓਨੀਆਂ ਹੀ ਰਾਵਾਂ ਮਿਲਦੀਆਂ ਹਨ, ਜਿੰਨੇ ਆਦਮੀ ਹੁੰਦੇ ਹਨ: ਮਨੁੱਖ ਆਪ ਹਰ ਚੀਜ਼ ਦਾ ਮਾਪ ਹੈ। ਇਕ ਸ਼ੰਕਾਵਾਦੀ ਦੇ ਸ਼ਬਦ ਇਸ ਪਰਕਾਰ ਹਨ: "ਮੈਂ ਮਹਿਸੂਸ ਕਰਦਾ

ਹਾਂ ਕਿ ਸਾਡੇ ਵਿਚੋਂ ਹਰ ਕੋਈ ਉਸ ਚੀਜ਼ ਦਾ ਵੀ ਮਾਪ ਹੈ ਜਿਹੜੀ ਮੌਜੂਦ ਹੈ ਅਤੇ ਉਸਦਾ ਵੀ ਜਿਹੜੀ ਮੌਜੂਦ ਨਹੀਂ"।

ਇਸਤੋਂ ਇਲਾਵਾ, ਨਾ ਸਿਰਫ਼ ਮਨੁੱਖ ਦੇ ਇੰਦਰਿਆਵੀ ਅਨੁਭਵ ਹੀ, ਸਗੋਂ ਉਸਦਾ ਮਨ ਵੀ ਭੁਲਾਵਾ-ਮਾਤਰ ਹੈ: ਕੋਈ ਵੀ ਵਿਚਾਰ ਗ਼ਲਤ ਸਾਬਤ ਕੀਤਾ ਜਾ ਸਕਦਾ ਹੈ। ਅਸੀਂ ਦਾਅਵਾ ਕਰਦੇ ਹਾਂ ਕਿ ਲੋਕ ਚੰਗੇ ਹਨ; ਪਰ ਅਸੀਂ ਗ਼ਲਤ ਨਹੀਂ ਹੋਵਾਂਗੇ ਜੇ ਅਸੀਂ ਇਹ ਕਹੀਏ ਕਿ ਉਹ ਬੁਰੇ ਹਨ। ਇਸਲਈ ਸ਼ੰਕਾਵਾਦੀ ਇਹ ਸਿੱਟਾ ਕੱਢਦੇ ਹਨ: ਅਸੀਂ ਇਕੋ ਜਿਹੇ ਵਿਸ਼ਵਾਸ ਨਾਲ ਵਸਤਾਂ ਬਾਰੇ ਉਲਟ ਰਾਵਾਂ ਪਰਗਟ ਕਰ ਸਕਦੇ ਹਾਂ; ਇਸਲਈ ਉਹਨਾਂ ਨੂੰ ਸਮਝਣ ਦੀ ਸਾਨੂੰ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਕਿਉਂਕਿ ਇੰਝ ਕਰਕੇ ਅਸੀਂ ਆਪਣੇ ਰੂਹਾਨੀ ਸੰਤੁਲਨ ਨੂੰ ਵਿਗਾੜ ਸਕਦੇ ਹਾਂ।

ਇਹ ਦਲੀਲ ਦੇਂਦਿਆਂ ਕਿ ਮਨ ਕੋਈ ਅਸਰ ਨਹੀਂ ਰੱਖਦਾ, ਸ਼ੰਕਾਵਾਦ ਅਕਸਰ ਗਿਆਨ ਲਈ ਖੋਜ ਵਿਚ ਮਨੁੱਖ ਨੂੰ ਅਧਿਆਤਮਵਾਦ ਅਤੇ ਧਰਮ ਦਾ ਆਸਰਾ ਲੈਣ ਵੱਲ ਲੈ ਜਾਂਦਾ ਹੈ। ਉਦਾਹਰਣ ਵਜੋਂ, ਇਕ ਅਰਬ ਫ਼ਿਲਾਸਫ਼ਰ **ਅਲ ਗ਼ੱਜ਼ਾਲੀ** ਦਾ ਦਾਅਵਾ ਹੈ ਕਿ ਚਿੰਤਨ ਰਾਹੀਂ ਸੱਚ ਦਾ ਅਨੁਭਵ ਕਰਨਾ ਅਸੰਭਵ ਹੈ। ਸਿਰਫ਼ ਅਧਿਆਤਮਵਾਦੀ ਅੰਤਰ-ਸੂਝ ਹੀ, ਕੋਈ ਉਪਰਲਾ ਪਰਕਾਸ਼ ਹੀ ਮਨੁੱਖ ਦੀ ਆਤਮਾ ਨੂੰ ਪਰਮਾਤਮਾ ਨਾਲ ਇਕਮਿਕ ਕਰਦਿਆਂ ਉਸਨੂੰ ਸੱਚਾ ਗਿਆਨ ਦੇ ਸਕਦਾ ਹੈ।

ਤਾਂ ਵੀ, ਗਿਆਨ ਦੇ ਇਤਿਹਾਸ ਵਿਚ ਸ਼ੰਕਾਵਾਦ ਨੇ ਨਿਸਚਿਤ ਹਾਂ-ਪੱਖੀ ਰੋਲ ਅਦਾ ਕੀਤਾ ਹੈ, ਕਿਉਂਕਿ ਪੁਰਾਣੇ ਤਰੀਕਿਆਂ ਬਾਰੇ ਸੰਦੇਹ ਅਤੇ ਉਹਨਾਂ ਦੀ ਆਲੋਚਨਾਤਮਕ ਨਿਰਖ-ਪਰਖ ਨੇ ਨਵੇਂ ਦੀ ਖੋਜ ਵਾਸਤੇ ਪਰੇਰਿਆ। ਸ਼ੰਕੇ ਨੇ ਸੱਚ ਬਾਰੇ ਸੋਚਣ ਅਤੇ ਇਸਨੂੰ ਪਰਗਟ ਕਰਨ ਲਈ ਉਤੇਜਕ ਦਾ ਕੰਮ ਕੀਤਾ। ਇਹ ਗੱਲ ਸੰਕੇਤਾਤਮਕ ਹੈ ਕਿ ਵਿਰੋਧ-ਵਿਕਾਸੀ

ਪਦਾਰਥਵਾਦੀ ਫ਼ਿਲਾਸਫ਼ੀ ਦੇ ਮਹਾਨ ਬਾਨੀ, ਕਾਰਲ ਮਾਰਕਸ, ਜਿਸਨੇ ਕਿ ਆਪਣੇ ਤੋਂ ਪਹਿਲਾਂ ਮਿਲਦੇ ਸਾਰੇ ਦਾਰਸ਼ਨਿਕ ਸਿਧਾਂਤਾਂ ਦਾ ਆਲੋਚਨਾਤਮਕ ਪੁਨਰ-ਮੁਲਾਂਕਣ ਕੀਤਾ, ਦਾ ਮਨਭਾਉਂਦਾ ਉਦੇਸ਼-ਨਾਅਰਾ ਸੀ —"De omnibus dubitandum", ਅਰਥਾਤ "ਹਰ ਚੀਜ਼ ਉਤੇ ਸ਼ੰਕਾ ਕਰੋ।" *

ਬਿਲਕੁਲ ਮੰਤਕੀ ਹੀ ਸੀ ਕਿ ਸ਼ੰਕਾਵਾਦ ਨੇ **ਅਗਨਾਸਤਕਵਾਦ** ਪੈਦਾ ਕੀਤਾ, ਜੋ ਕਿ ਇਸਦਾ ਚਰਮ ਰੂਪ ਹੈ, ਅਤੇ ਜਿਸਨੇ ਪਦਾਰਥਵਾਦ ਅਤੇ ਆਦਰਸ਼ਵਾਦ ਵਿਚਕਾਰ ਘੋਲ ਵਿਚ ਵਿਚ--ਵਿਚਾਲੇ ਦਾ ਸਟੈਂਡ ਲੱਭਣ ਦੀ ਕੋਸ਼ਿਸ਼ ਕੀਤੀ। ਸੰਸਾਰ ਦੀ ਪ੍ਰਕਿਰਤੀ ਉਘਾੜਣ ਦਾ ਕੋਈ ਯਤਨ ਨਹੀਂ, ਕਿਉਂਕਿ ਇਸਨੂੰ ਨਾ-ਹਲ-ਹੋਣ-ਵਾਲਾ ਸਵਾਲ ਸਮਝਿਆ ਜਾਂਦਾ ਹੈ ਅਤੇ ਸਾਰਾ ਧਿਆਨ ਗਿਆਨ ਵੱਲ ਦਿਤਾ ਜਾਂਦਾ ਹੈ। ਪੁਰਾਤਨ ਯੂਨਾਨੀ ਫ਼ਿਲਾਸਫ਼ਰ **ਗੋਰਗੀਆਸ** ਦੇ ਵਿਚਾਰ ਇਕਸਾਰ ਅਗਨਾਤਸਕਵਾਦੀ ਸਨ। ਉਸਨੇ ਦਾਅਵਾ ਕੀਤਾ ਕਿ "੧) ਸੰਸਾਰ ਵਿਚ ਕੁਝ ਵੀ ਹੋਂਦ ਨਹੀਂ ਰੱਖਦਾ, ਕੁਝ ਵੀ ਨਹੀਂ ਹੈ। ੨) ਜੇ ਕੁਝ ਹੈ ਵੀ, ਤਾਂ ਇਸਨੂੰ ਜਾਣਿਆ ਨਹੀਂ ਜਾ ਸਕਦਾ। ੩) ਜੇ ਇਸਨੂੰ ਜਾਣਿਆ ਵੀ ਜਾ ਸਕਦਾ ਹੈ, ਤਾਂ ਜਿਸ ਚੀਜ਼ ਦਾ ਗਿਆਨ ਹੈ, ਉਸ ਬਾਰੇ ਕੁਝ ਵੀ ਦੱਸਣਾ ਸੰਭਵ ਨਹੀਂ। **

---

* "**ਮਾਰਕਸ ਅਤੇ ਏਂਗਲਜ਼ ਆਪਣੇ ਸਮਕਾਲੀਆਂ ਦੀਆਂ ਨਜ਼ਰਾਂ ਵਿਚ**", ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੨, ਸਫ਼ਾ ੧੭੯।

** ਵ. ਇ. ਲੈਨਿਨ, "**ਹੀਗਲ ਦੀ ਪੁਸਤਕ 'ਫ਼ਿਲਾਸਫ਼ੀ ਦੇ ਇਤਿਹਾਸ ਬਾਰੇ ਲੈਕਚਰ' ਦੀ ਸੰਖੇਪ ਰੂਪ-ਰੇਖਾ**", ਕਿਰਤ ਸੰਗ੍ਰਹਿ, ਸੈਂਚੀ ੩੮, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੬, ਸਫ਼ਾ ੨੭੧।

ਪਰ ਇਸਤੋਂ ਵੀ ਵਧੇਰੇ ਵਾਰੀ ਸਾਡਾ ਵਾਹ ਐਸੇ ਅਗਨਾਸਤਕਵਾਦ ਨਾਲ ਪੈਂਦਾ ਹੈ ਜਿਹੜਾ ਏਨਾਂ ਇਕਸਾਰ ਨਹੀਂ। ਕੁਝ ਅਗਨਾਸਤਕਵਾਦੀਆਂ ਦਾ ਵਿਸ਼ਵਾਸ ਹੈ ਕਿ ਮਨੁੱਖ ਉਸਤੋਂ ਵੱਧ ਕੁਝ ਨਹੀਂ ਜਾਣ ਸਕਦਾ, ਜੋ ਕੁਝ ਉਹ ਆਪਣੇ ਗਿਆਨ-ਇੰਦਰਿਆਂ ਰਾਹੀਂ ਸਿਖਦਾ ਹੈ; ਦੂਜੇ ਬੋਧ-ਪਰਾਪਤੀ ਨੂੰ ਉਥੋਂ ਤੱਕ ਸੀਮਤ ਕਰ ਦੇਂਦੇ ਹਨ ਜੋ ਕੁਝ ਮਨੁੱਖ ਇੰਦਰਿਆਂ ਰਾਹੀਂ ਅਨੁਭਵ ਕਰਦਾ ਹੈ, ਅਤੇ ਕੁਝ ਹੋਰ ਹਨ ਜਿਹੜੇ ਦਾਅਵਾ ਕਰਦੇ ਹਨ ਕਿ ਵਰਤਾਰੇ ਨੂੰ ਜਾਣਨਾ ਸੰਭਵ ਹੈ, ਪਰ ਇਸਦੇ ਸਾਰ-ਤੱਤ ਨੂੰ ਨਹੀਂ। ਉਮਰ ਖ਼ੱਯਾਮ ਨੇ ਵਿਅੰਗਾਤਮਕ ਤਰੀਕੇ ਨਾਲ ਇਸਤਰ੍ਹਾਂ ਦੇ ਵਿਚਾਰ ਬਾਰੇ ਲਿਖਿਆ ਸੀ:

ਸਿਆਣੇ ਲੰਮੀਆਂ ਬਹਿਸਾਂ ਵਿਚ
ਪੈ ਗਏ ਹਨ
ਇਹ ਜਾਣਨ ਲਈ ਕਿ ਕਿਹੜਾ ਰਾਹ
ਜਲਦੀ ਸੱਚ ਤੱਕ ਲੈ ਜਾਇਗਾ।
ਪਰ ਮੈਨੂੰ ਡਰ ਹੈ ਕਿ ਇਕ ਦਿਨ
ਉਹ ਕੋਈ ਆਵਾਜ਼ ਸੁਣਨਗੇ:
"ਇਸ ਵਾਸਤੇ, ਮੂਰਖੋ, ਤੁਸੀਂ ਬੱਸ
ਜ਼ਰਾ ਗੰਵਾਰ ਹੋ!" *

ਅੰਗ੍ਰੇਜ਼ ਅਗਨਾਸਤਕਵਾਦੀ ਫ਼ਿਲਾਸਫ਼ਰ ਡੇਵਿਡ ਹਿਊਮ ਦਾ ਵਿਚਾਰ ਸੀ ਕਿ ਮਨੁੱਖ ਕੋਲ ਵਰਤੋਂ ਲਈ ਸਿਰਫ਼ ਉਸਦੇ ਇੰਦਰਿਆਵੀ ਪਰਭਾਵ ਹਨ, ਪਰ ਉਹ ਕਿਥੋਂ ਆਉਂਦੇ ਹਨ, ਇਸ ਬਾਰੇ ਨਾ ਉਸਨੂੰ ਪਤਾ ਹੈ, ਨਾ ਪਤਾ ਲੱਗ ਸਕਦਾ ਹੈ। ਹੋ ਸਕਦਾ ਹੈ ਉਹਨਾਂ ਦੇ ਪਿੱਛੇ ਵਸਤਾਂ ਹੋਣ, ਜਿਵੇਂ ਪਦਾਰਥਵਾਦੀ

---

*ਉਮਰ ਖ਼ੱਯਾਮ, "ਨਜ਼ਮਾਂ", ਦੁਸ਼ਾਂਬੇ, ਇਰਫ਼ਾਨ ਪ੍ਰਕਾਸ਼ਨ, ੧੯੭੦, ਸਫ਼ਾ ੮੪, (ਰੂਸੀ ਵਿਚ)।

ਦਾਅਵਾ ਕਰਦੇ ਹਨ, ਜਾਂ ਪਰਮਾਤਮਾ ਹੋਵੇ, ਜਿਵੇਂ ਆਦਰਸ਼ਵਾਦੀ ਜ਼ੋਰ ਦੇਂਦੇ ਹਨ। ਹਿਊਮ ਅਨੁਸਾਰ, ਮਨੁੱਖ, ਆਪਣੇ ਕੁਦਰਤੀ ਸੁਭਾਅ ਕਰਕੇ, ਆਪਣੇ ਗਿਆਨ-ਇੰਦਰਿਆਂ ਉਤੇ ਵਿਸ਼ਵਾਸ ਕਰਦਾ ਹੈ ਅਤੇ ਫ਼ਰਜ਼ ਕਰ ਲੈਂਦਾ ਹੈ ਕਿ ਸੰਸਾਰ ਵਸਤੂਪਰਕ ਹੋਂਦ ਰੱਖਦਾ ਹੈ। ਪਰ ਮਨੁੱਖੀ ਮਨ ਇੰਦਰਿਆਵੀ ਪਰਭਾਵਾਂ (ਬਿੰਬਾਂ) ਤੋਂ ਵਧੇਰੇ ਕੁਝ ਨਹੀਂ ਅਨੁਭਵ ਕਰ ਸਕਦਾ। ਸਚਮੁਚ, ਜੇ ਤਜਰਬਾ ਗਿਆਨ ਦਾ ਇਕੋ ਇਕ ਸੋਮਾ ਹੈ ਤਾਂ ਇਸ ਗੱਲ ਦੀ ਕੋਈ ਜ਼ਮਾਨਤ ਨਹੀਂ ਦਿਤੀ ਜਾ ਸਕਦੀ ਕਿ ਤਜਰਬੇ ਰਾਹੀਂ ਪਰਾਪਤ ਕੀਤਾ ਗਿਆ ਗਿਆਨ ਪ੍ਰਮਾਣਿਕ ਹੈ। ਇਸਲਈ, ਹਿਊਮ ਅਨੁਸਾਰ, ਇਕੋ ਇਕ ਠੀਕ ਪੁਜ਼ੀਸ਼ਨ ਜਿਹੜੀ ਕੋਈ ਵਿਗਿਆਨੀ ਲੈ ਸਕਦਾ ਹੈ, ਬਿਲਕੁਲ ਸਭ ਕਾਸੇ ਬਾਰੇ ਸੰਦੇਹ ਦੀ ਪੁਜ਼ੀਸ਼ਨ ਹੈ। "ਇਸਤਰ੍ਹਾਂ ਮਨੁੱਖ ਦੇ ਅੰਨ੍ਹੇਪਣ ਅਤੇ ਕਮਜ਼ੋਰੀ ਨੂੰ ਦੇਖਣਾ ਹਰ ਫ਼ਿਲਾਸਫ਼ੀ ਦਾ ਸਿੱਟਾ ਹੈ,"* ਉਸਨੇ ਲਿਖਿਆ ਸੀ। ਇਮੈਨੂਆਲ ਕਾਂਤ ਦੀ ਟਿੱਪਣੀ ਇਹ ਸੀ ਕਿ ਹਿਊਮ ਨੇ ਆਪਣੀ ਗਿਆਨ-ਬੇੜੀ ਨੂੰ ਸ਼ੰਕਾਵਾਦ ਦੇ ਬਰੇਤੇ ਉਤੇ ਲਾ ਦਿਤਾ ਅਤੇ ਤਰੱਕਣ ਲਈ ਉਥੇ ਹੀ ਛੱਡ ਦਿਤਾ।

ਪਰ ਕਾਂਤ ਨੇ ਖ਼ੁਦ ਅਗਨਾਸਤਕਵਾਦੀ ਰੁਝਾਣ ਜਾਰੀ ਰੱਖਿਆ। ਉਸਦਾ ਵਿਸ਼ਵਾਸ ਸੀ ਕਿ ਸੰਸਾਰ ਸਾਡੀ ਚੇਤਨਾ ਤੋਂ ਸਵੈਧੀਨ, ਸਾਡੇ ਤੋਂ ਬਾਹਰ, "ਆਪਣੇ ਆਪ ਵਿਚ ਇਕ ਵਸਤ" ਵਜੋਂ ਹੋਂਦ ਰੱਖਦਾ ਹੈ, ਅਤੇ ਇਹ ਮਨੁੱਖ ਵਿਚ ਇੰਦਰਿਆਵੀ ਪ੍ਰਭਾਵ ਪੈਦਾ ਕਰਕੇ ਉਸ ਉਪਰ ਅਸਰ ਪਾਉਂਦਾ ਹੈ: ਸਾਡੇ ਗਿਆਨ--ਇੰਦਰਿਆਂ ਵਿਚ ਵਸਤਾਂ ਸਾਨੂੰ "ਪਰਾਪਤ ਹੁੰਦੀਆਂ" ਹਨ।

---

*ਡੇਵਿਡ ਹਿਊਮ, "ਮਨੁੱਖੀ ਸੂਝ ਸੰਬੰਧੀ ਪੜਤਾਲ", ਗੇਟਵੇ ਐਡੀਸ਼ਨਜ਼, ਇੰਕ., ਸ਼ਿਕਾਗੋ, ੧੯੫੬, ਸਫਾ ੩੦।

ਪਰ ਨਾ ਹੀ ਇੰਦਰਿਆਵੀ ਪ੍ਰਭਾਵ ਅਤੇ ਨਾ ਹੀ ਚਿੰਤਨ ਆਪਣੇ ਆਪ ਵਿਚ ਚੀਜ਼ਾਂ ਬਾਰੇ ਗਿਆਨ ਦੇਂਦੇ ਹਨ, ਕਿਉਂਕਿ ਕਿਸੇ ਚੀਜ਼ — ਬਿੰਬ (ਜਾਂ ਆਪਣੇ ਗਿਆਨ-ਇੰਦਰਿਆਂ ਰਾਹੀਂ, ਸਾਡੇ ਇਸ ਬਾਰੇ ਅਨੁਭਵ) ਅਤੇ ਖ਼ੁਦ ਵਸਤ ਵਿਚਕਾਰ ਇਕ ਵਿੱਥ ਹੁੰਦੀ ਹੈ, ਅਤੇ ਮਨੁੱਖੀ ਮਨ ਇਸ ਵਿੱਥ ਨੂੰ ਪੂਰ ਸਕਣ ਤੋਂ ਅਸਮਰੱਥ ਹੁੰਦਾ ਹੈ। ਮੰਤਕੀ ਤੌਰ ਉਤੇ, ਕਾਂਤ ਵਿਗਿਆਨ ਦੇ ਰੋਲ ਨੂੰ ਘਟਾ ਕੇ ਦੇਖਣ ਲੱਗ ਪਿਆ, ਇਹ ਕਹਿੰਦੇ ਹੋਇਆ ਕਿ ਪ੍ਰਕਿਰਤਕ ਵਿਗਿਆਨ ਚੀਜ਼ਾਂ ਦੇ ਅੰਦਰੂਨੀ ਵਸਤੂ ਨੂੰ ਉਘਾੜ ਸਕਣ ਦੇ ਕਦੀ ਵੀ ਸਮਰੱਥ ਨਹੀਂ ਹੋਵੇਗਾ। ਇਸਤੋਂ ਉਸਦਾ ਦੂਜਾ ਗ਼ਲਤ ਸਿੱਟਾ ਨਿਕਲਦਾ ਹੈ: ਮਨ ਲਈ ਨਹੀਂ, ਵਿਸ਼ਵਾਸ ਲਈ ਬਿੰਬ ਤੋਂ ਵਸਤੂ ਵੱਲ ਜਾਣਾ ਸੰਭਵ ਹੈ। ਵਿਸ਼ਵਾਸ ਵਾਸਤੇ ਥਾਂ ਬਣਾਉਣ ਲਈ, ਕਾਂਤ ਨੇ ਗਿਆਨ ਦਾ ਖੇਤਰ ਸੀਮਤ ਕਰ ਦਿਤਾ। ਕਾਂਤ ਦੇ ਇਸ ਵਿਚਾਰ ਦੀ, ਕਿ ਵਸਤਾਂ ਦੀ ਸਿਰਫ਼ ਦਿੱਖ ਹੀ ਮਨੁੱਖ ਦੀ ਪਹੁੰਚ ਵਿਚ ਹੈ, ਆਲੋਚਨਾ ਕਰਦਿਆਂ ਹੀਗਲ ਨੇ ਕਿਹਾ ਕਿ ਕਾਂਤ ਸਾਨੂੰ ਫ਼ਰਾਂਸਿਸਕੋ ਦੇ ਪਾਦਰੀ ਦੀ ਯਾਦ ਦੁਆਉਂਦਾ ਹੈ ਜਿਹੜਾ ਉਦੋਂ ਤੱਕ ਪਾਣੀ ਵਿਚ ਨਹੀਂ ਉਤਰਨਾ ਚਾਹੁੰਦਾ ਜਦੋਂ ਤੱਕ ਉਹ ਤਰਨਾ ਨਹੀਂ ਸਿੱਖ ਲੈਂਦਾ। ਕਾਂਤ ਦਾ ਦਾਰਸ਼ਨਿਕ ਸਟੈਂਡ ਵਿਰੋਧਾਤਮਕ ਹੈ: ਉਹ ਸੰਸਾਰ ਦੀ ਅਸਲ ਹੋਂਦ ਮੰਣਦਾ ਹੈ, ਪਰ ਅੰਤਮ ਵਿਸ਼ਲੇਸ਼ਣ ਵਿਚ ਆਦਰਸ਼ਵਾਦ ਵੱਲ, ਭਾਵ, ਇਸਦੀ ਵਸਤੂਪਰਕ ਪ੍ਰਕਿਰਤੀ ਦੇ ਨਿਸ਼ੇਧ ਵੱਲ ਆ ਜਾਂਦਾ ਹੈ। ਅਗਨਾਸਤਕਵਾਦ ਅਤੇ ਆਦਰਸ਼ਵਾਦ ਅੰਤਰ-ਸੰਬੰਧਤ ਰਹੇ ਹਨ।

ਅਗਨਾਸਤਕਵਾਦ ਅੱਜ ਵੀ ਜਿਊਂਦਾ ਹੈ। ਇਸਦਾ ਸਭ ਤੋਂ ਵੱਧ ਸਿਰੇ ਦਾ ਅਤੇ ਸਪਸ਼ਟ ਪ੍ਰਗਟਾਅ **ਨਿਰਵਿਵੇਕਵਾਦ** ਹੈ, ਜਿਹੜਾ ਮਨੁੱਖਾ ਗਿਆਨ ਨੂੰ ਵਿਸ਼ਵਾਸ ਅਤੇ ਅੰਤਰ-ਸੂਝ ਦੇ ਮੁਕਾਬਲੇ ਉਤੇ ਰੱਖ ਕੇ ਇਸਦੀਆਂ ਸੰਭਾਵਨਾਵਾਂ ਨੂੰ ਸੀਮਤ ਕਰ

ਦੇਂਦਾ ਹੈ। ਅੱਜ ਦੇ ਨਿਰਵਿਵੇਕਵਾਦੀ ਮਨੁੱਖੀ ਮਨ ਦੀ ਸ਼ਕਤੀ ਵਿਚ ਯਕੀਨ ਨਹੀਂ ਰੱਖਦੇ। ਨਿਰਾਸ਼ਾਵਾਦੀ ਢੰਗ ਨਾਲ ਉਹ ਸੰਸਾਰ ਨੂੰ ਵਿਵੇਕ-ਰਹਿਤ ਸਮਝਦੇ ਹਨ, ਅਤੇ ਵਿਗਿਆਨ, ਫ਼ਿਲਾਸਫ਼ੀ ਅਤੇ ਸਮਾਜਕ ਤਰੱਕੀ ਦਾ ਨਿਸ਼ੇਧ ਕਰਦੇ ਹਨ। ਉਦਾਹਰਣ ਵਜੋਂ "ਜੀਵਨ ਦੀ ਫ਼ਿਲਾਸਫ਼ੀ" ਅਤੇ "ਹੋਂਦ ਦੀ ਫ਼ਿਲਾਸਫ਼ੀ" ਦੇ ਅਨੁਆਈਆਂ ਦਾ ਪ੍ਰਤਿਨਿਧ ਲੱਛਣ ਨਿਰਾਸ਼ਾ ਅਤੇ ਡਰ ਦਾ ਮੂਡ ਹੈ। ਇਹ ਮੂਡ, ਉਹਨਾਂ ਦੀ ਰਾਇ ਵਿਚ, ਸੰਸਾਰ ਵਿਚ ਮਨੁੱਖ ਦੀ ਆਸ਼ਾਹੀਣ ਦਸ਼ਾ ਦਾ ਸਿੱਟਾ ਹੈ। ਪਰ ਕੁਝ ਨਿਰਵਿਵੇਕਵਾਦੀ ਫ਼ਿਲਾਸਫ਼ਰ ਤਾਕਤ ਅਤੇ ਇੱਛਾ-ਸ਼ਕਤੀ ਦਾ ਸਿਧਾਂਤ ਪੇਸ਼ ਕਰਦੇ ਹਨ। ਇਹਨਾਂ ਵਿਚਾਰਾਂ ਨੇ ਕੁਦਰਤੀ ਤੌਰ ਉਤੇ ਫ਼ਾਸ਼ਿਜ਼ਮ ਦੀ ਵਿਚਾਰਧਾਰਾ ਅਤੇ ਅਮਲ ਨੂੰ ਘੜਣ ਵਾਲੇ ਇਕ ਸੋਮੇ ਦਾ ਕੰਮ ਕੀਤਾ ਹੈ।

ਸਵਾਲ ਪੁੱਛਿਆ ਜਾ ਸਕਦਾ ਹੈ: ਇਹ ਕਿਵੇਂ ਹੈ ਕਿ ਵਿਗਿਆਨ ਅਤੇ ਟੈਕਨਾਲੋਜੀ ਦੇ ਇਸ ਯੁਗ ਵਿਚ ਇਹੋ ਜਿਹੇ ਦਾਰਸ਼ਨਿਕ ਸਿਧਾਂਤ ਮੌਜੂਦ ਹਨ, ਜਿਹੜੇ ਇਸ ਗੱਲ ਨੂੰ ਰੱਦ ਕਰਦੇ ਹਨ ਕਿ ਸੰਸਾਰ ਨੂੰ ਸਮਝਣਾ ਸੰਭਵ ਹੈ। ਅਗਨਾਸਤਕਵਾਦ ਅਤੇ ਨਿਰਵਿਵੇਕਵਾਦ ਦੀਆਂ ਜੜ੍ਹਾਂ, ਪਹਿਲੀ ਥਾਂ ਉਤੇ, ਸਮਾਜਕ ਹਾਲਤ ਵਿਚ ਅਤੇ ਉਹਨਾਂ ਸ਼ਰੇਣੀਆਂ ਵਿਚ ਮਿਲਦੀਆਂ ਹਨ ਜਿਨ੍ਹਾਂ ਦੇ ਹਿੱਤ ਇਹ ਦਾਰਸ਼ਨਿਕ ਰੁਝਾਣ ਪਰਗਟ ਕਰਦੇ ਹਨ।

ਅਸੀਂ ਕਿਸੇਤਰ੍ਹਾਂ ਵੀ ਅਗਨਾਸਤਕਵਾਦ ਨੂੰ ਸਿਰਫ਼ ਸਮਾਜਕ ਹਾਲਤਾਂ ਨਾਲ ਜੋੜਣ ਦੀ ਕੋਸ਼ਿਸ਼ ਨਹੀਂ ਕਰ ਰਹੇ; ਇਸਦੇ ਸੋਮਿਆਂ ਅਤੇ ਜੜ੍ਹਾਂ ਨੂੰ ਬੋਧ-ਪਰਾਪਤੀ ਵਿਚ ਆਉਂਦੀਆਂ ਵਸਤੂਪਰਕ ਮੁਸ਼ਕਲਾਂ ਵਿਚ ਦੇਖਿਆ ਜਾ ਸਕਦਾ ਹੈ। ਸਚਮੁਚ, ਸੱਚ ਦੀ ਖੋਜ ਨੂੰ ਅਸਾਧਾਰਨ ਮੁਸ਼ਕਲਾਂ ਨਾਲ ਹੀ ਵੰਗਾਰਿਆ ਜਾ ਸਕਦਾ ਹੈ। ਮਾਰਕਸ ਨੇ ਆਪਣੀ ਪੁਸਤਕ "ਪੂੰਜੀ" ਵਿਚ ਲਿਖਿਆ ਹੈ: "ਵਿਗਿਆਨ ਨੂੰ ਕੋਈ ਸ਼ਾਹੀ ਸੜਕ ਨਹੀਂ ਜਾਂਦੀ,

ਅਤੇ ਇਸਦੀਆਂ ਰੌਸ਼ਨ ਸਿਖਰਾਂ ਤੱਕ ਪਹੁੰਚਣ ਦਾ ਮੌਕਾ ਸਿਰਫ਼ ਉਹਨਾਂ ਨੂੰ ਹੀ ਮਿਲ ਸਕਦਾ ਹੈ ਜਿਹੜੇ ਇਸਦੇ ਤਿੱਖੀ ਚੜ੍ਹਾਈ ਵਾਲੇ ਰਸਤਿਆਂ ਦੀ ਥਕਾ ਮਾਰਨ ਵਾਲੀ ਚੜ੍ਹਾਈ ਤੋਂ ਤਰਾਹੁੰਦੇ ਨਹੀਂ।"* ਹੋ ਸਕਦਾ ਹੈ ਕਿ ਚੜ੍ਹਾਈ ਦੇ ਦੌਰਾਨ ਵਿਗਿਆਨੀ ਸਾਮ੍ਹਣੇ ਹਰ ਤਰ੍ਹਾਂ ਦੀਆਂ ਰੁਕਾਵਟਾਂ ਆਉਣ, ਜਿਨ੍ਹਾਂ ਵਿਚੋਂ ਕੁਝ ਨਾ ਦੂਰ ਹੋਣ ਵਾਲੀਆਂ ਵੀ ਸਾਬਤ ਹੋ ਸਕਦੀਆਂ ਹਨ। ਜੇ ਵਿਗਿਆਨੀ ਆਪਣੇ ਸਾਮ੍ਹਣੇ ਆਉਂਦੀਆਂ ਮੁਸ਼ਕਲਾਂ ਨੂੰ ਵਧਾਅ ਚੜ੍ਹਾਅ ਕੇ ਦੇਖਦਾ ਹੈ, ਤਾਂ ਉਹ ਨਾ ਸਿਰਫ਼ ਆਪ ਹੀ ਪਿੱਛੇ ਮੁੜ ਪੈਂਦਾ ਹੈ, ਸਗੋਂ ਤਾਰਕਿਕ ਗਿਆਨ ਨੂੰ ਘਟਾ ਦੇਂਦਾ ਹੈ ਜਾਂ ਤਿਆਗ ਹੀ ਦੇਂਦਾ ਹੈ।

ਪਦਾਰਥਵਾਦੀ ਇਕ ਵਖਰੀ ਪੁਜ਼ੀਸ਼ਨ ਲੈਂਦੇ ਹਨ। ਉਹ ਸੰਸਾਰ ਦੀ ਹਕੀਕੀ ਹੋਂਦ ਨੂੰ, ਅਤੇ ਸੰਸਾਰ ਨੂੰ ਪ੍ਰਤਿਬਿੰਬਤ ਕਰਨ ਲਈ ਅਤਿਅੰਤ ਸੰਗਠਿਤ ਪਦਾਰਥ ਦੀ ਖਾਸੀਅਤ ਵਜੋਂ ਚੇਤਨਾ ਦੀ ਗੌਣ ਪ੍ਰਕਿਰਤੀ ਨੂੰ ਮੰਨਦੇ ਹਨ। ਇਹ ਸੂਤਰ ਇਹ ਸਿੱਟਾ ਕੱਢਣ ਦਾ ਆਧਾਰ ਮੁਹਈਆ ਕਰਦਾ ਹੈ ਕਿ ਸੰਸਾਰ ਬਾਰੇ ਬੋਧ ਪਰਾਪਤ ਕੀਤਾ ਜਾ ਸਕਦਾ ਹੈ। ਇਸਨੂੰ ਕਿਵੇਂ ਸਾਬਤ ਕੀਤਾ ਜਾ ਸਕਦਾ ਹੈ? ਪਦਾਰਥਵਾਦੀਆਂ ਦਾ ਯਕੀਨ ਹੈ ਕਿ ਮਨੁੱਖ ਦੇ ਗਿਆਨ-ਇੰਦਰਿਆਂ (ਦੇਖਣ, ਸੁਣਨ, ਸੁੰਘਣ, ਸਪਰਸ਼ਣ ਆਦਿ ਵਾਲੇ ਅੰਗਾਂ) ਉਪਰ ਬਾਹਰਲੀਆਂ ਵਸਤਾਂ ਦੇ ਕਾਰਜ ਨਾਲ ਬੋਧ-ਪਰਾਪਤੀ ਦਾ ਅਮਲ ਸ਼ੁਰੂ ਹੁੰਦਾ ਹੈ, ਜਿਸਦੇ ਸਿੱਟੇ ਵਜੋਂ ਮਨੁੱਖ ਵਿਚ ਇੰਦਰਿਆਵੀ ਅਨੁਭਵ (ਦ੍ਰਿਸ਼ਟੀ--ਮੂਲਕ, ਸਰਵਣੀ, ਸਪਰਸ਼ੀ, ਆਦਿ) ਪੈਦਾ ਹੁੰਦੇ ਹਨ, ਜਿਹੜੇ ਕਿ ਖ਼ੁਦ ਵਸਤਾਂ ਦੇ ਪਰਤੌਅ ਜਾਂ ਬਿੰਬ ਹੁੰਦੇ ਹਨ। ਇਹ ਸੋਚਣੀ

---

*ਕਾਰਲ ਮਾਰਕਸ, "ਪੂੰਜੀ", ਸੈਂਚੀ ੧, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੮੪, ਸਫ਼ਾ ੩੦।

ਦੇ ਅਮਲ ਲਈ ਆਧਾਰ ਬਣਦੇ ਹਨ। ਇਹ ਅਮਲ ਮਨੁੱਖ ਨੂੰ ਅੰਦਰੂਨੀ ਖਾਸੀਅਤਾਂ ਅਤੇ ਸੰਬੰਧਾਂ ਦਾ ਬੋਧ ਪਰਾਪਤ ਕਰਨ ਦੇ ਯੋਗ ਬਣਾਉਂਦਾ ਹੈ, ਜਿਹੜੇ ਕਿ ਤੁਰਤ ਅਨੁਭਵ ਲਈ ਗਿਆਨ-ਇੰਦਰਿਆਂ ਦੀ ਪਹੁੰਚ ਤੋਂ ਬਾਹਰ ਹੁੰਦੇ ਹਨ। ਉਦਾਹਰਣ ਵਜੋਂ, ਮੁਢਲੇ ਸਰਮਾਇਦਾਰਾ ਇਕੱਤ੍ਰੀਕਰਣ ਦੇ ਦੌਰ ਦਾ ਸਿਰਕੱਢ ਅੰਗ੍ਰੇਜ਼ ਪਦਾਰਥਵਾਦੀ ਫ਼ਿਲਾਸਫ਼ਰ ਫ਼ਰਾਂਸਿਸ ਬੇਕਨ ਇੰਦਰਿਆਵੀ ਅਨੁਭਵਾਂ ਅਤੇ ਇੰਦਰਿਆਵੀ ਪ੍ਰਭਾਵਾਂ, ਅਤੇ ਬਾਹਰਲੇ ਪ੍ਰਭਾਵਾਂ ਵਿਚਕਾਰ ਸਮਾਨਤਾ ਉਘਾੜਣ ਦੀ ਕੋਸ਼ਿਸ਼ ਕਰਦਿਆਂ ਅੱਖ ਦੀ ਤੁਲਨਾ ਸ਼ੀਸ਼ੇ ਨਾਲ ਕਰਦਾ ਹੈ। ਇਸਤੋਂ ਇਲਾਵਾ, ਸਿਰਫ਼ ਮਨੁੱਖੀ ਅੱਖ ਹੀ ਨਹੀਂ, ਸਗੋਂ ਮਨ ਵੀ ਸ਼ੀਸ਼ੇ ਨਾਲ ਮਿਲਦਾ--ਜੁਲਦਾ ਹੈ। ਇਹੀ ਕਾਰਨ ਹੈ ਕਿ ਨਾ ਸਿਰਫ਼ ਇੰਦਰਿਆਵੀ ਅਨੁਭਵ, ਸਗੋਂ ਮਨੁੱਖੀ ਵਿਚਾਰ ਵੀ ਬਾਹਰਲੀਆਂ ਵਸਤਾਂ ਨਾਲ ਸਮਾਨਤਾ ਰੱਖਦੇ ਹਨ, ਅਤੇ ਇਸਦੇ ਸਿੱਟੇ ਵਜੋਂ ਸਮਝੇ ਜਾਣ ਦੇ ਯੋਗ ਹਨ। ਇਕ ਹੋਰ ਅੰਗ੍ਰੇਜ਼ ਪਦਾਰਥਵਾਦੀ ਫ਼ਿਲਾਸਫ਼ਰ, **ਜਾਹਨ ਲੌਕ** ਆਪਣੀ ਕਿਰਤ "ਮਨੁੱਖੀ ਸੂਝ ਸੰਬੰਧੀ ਲੇਖ" ਵਿਚ ਇਸ ਤੱਥ ਤੋਂ ਤੁਰਦਾ ਹੈ ਕਿ ਅਸੀਂ ਆਪਣੇ ਇੰਦਰਿਆਵੀ ਅਨੁਭਵਾਂ ਰਾਹੀਂ ਹੀ ਕਿਸੇ ਚੀਜ਼ ਦੀ ਹੋਂਦ ਦਾ ਗਿਆਨ ਪਰਾਪਤ ਕਰ ਸਕਦੇ ਹਾਂ, ਉਸਦੀ ਰਾਇ ਵਿਚ, ਸਾਡੇ ਇੰਦਰਿਆਵੀ ਅਨੁਭਵ ਉਹ ਬਾਰੀਆਂ ਹਨ ਜਿਨ੍ਹਾਂ ਰਾਹੀਂ ਹਕੀਕਤ ਦੀ ਰੌਸ਼ਨੀ ਸਾਡੇ ਤੱਕ ਪਹੁੰਚਦੀ ਹੈ। ਉਘੇ ਫ਼ਰਾਂਸੀਸੀ ਪਦਾਰਥਵਾਦੀ ਫ਼ਿਲਾਸਫ਼ਰ **ਡੇਨਿਸ ਡਿਡਰੋ** ਨੇ ਇਸ ਪ੍ਰਸਤਾਵ ਦਾ ਸ਼ਾਨਦਾਰ ਢੰਗ ਨਾਲ ਸਮਰਥਣ ਕੀਤਾ ਕਿ ਸੰਸਾਰ ਬਾਰੇ ਬੋਧ ਪਰਾਪਤ ਕੀਤਾ ਜਾ ਸਕਦਾ ਹੈ। ਉਸਦਾ ਕਹਿਣਾ ਸੀ ਕਿ ਮਨੁੱਖ ਇਕ ਪਿਆਨੋ ਵਾਂਗ ਹੈ, ਜਿਸਦੀਆਂ ਸੁਰਾਂ ਉਪਰ ਬਾਹਰਲੇ ਕਾਰਜ ਦੇ ਸਿੱਟੇ ਵਜੋਂ ਉਸ ਵਿਚੋਂ ਧੁਨੀਆਂ ਨਿਕਲਦੀਆਂ ਹਨ।

ਇਸਤਰ੍ਹਾਂ ਅਸੀਂ ਇਸ ਸਵਾਲ ਵੱਲ, ਕਿ ਦੁਨੀਆਂ ਜਾਣੀ

ਜਾ ਸਕਦੀ ਹੈ ਜਾਂ ਨਹੀਂ, ਦੋ ਪਹੁੰਚਾਂ ਦੀਆਂ ਸੰਖੇਪ ਵਿਚ ਵਿਲੱਖਣਤਾਈਆਂ ਦੱਸੀਆਂ ਹਨ। ਅਸੀਂ ਇਹ ਵੀ ਸਥਾਪਤ ਕੀਤਾ ਹੈ ਕਿ ਕਈ ਫ਼ਿਲਾਸਫ਼ਰ ਕੁਝ ਕਾਰਨਾਂ ਕਰਕੇ ਇਸ ਸਵਾਲ ਦਾ ਜਵਾਬ ਨਾਂਹ ਵਿਚ ਦੇਂਦੇ ਹਨ।

ਅਗਨਾਸਤਕਵਾਦ ਨੂੰ ਕਿਵੇਂ ਗ਼ਲਤ ਸਾਬਤ ਕੀਤਾ ਜਾ ਸਕਦਾ ਹੈ ?

## ਗਿਆਨ ਪਰਾਪਤ ਕਰਨ ਦਾ ਅਰਥ ਹੈ ਕਾਰਜ ਕਰਨਾ

ਅਗਨਾਸਤਕਵਾਦ ਉਤੇ ਗ਼ਾਲਬ ਹੋਣ ਲਈ, ਇਹ ਲੱਭਣਾ ਜ਼ਰੂਰੀ ਹੈ ਕਿ ਉਹ ਕਿਹੜਾ ਆਧਾਰ ਹੈ ਜਿਸ ਉਤੇ ਗਿਆਨ ਵਸਤੂਪਰਕ ਯਥਾਰਥ ਨਾਲ ਮੇਲ ਖਾ ਜਾਂਦਾ ਹੈ। ਰੋਜ਼ਾਨਾ ਜੀਵਨ ਅਗਨਾਸਤਕਵਾਦ ਨੂੰ, ਅਤੇ ਸਮੁੱਚੇ ਤੌਰ ਉਤੇ ਆਦਰਸ਼ਵਾਦ ਨੂੰ, ਸਭ ਤੋਂ ਵੱਧ ਫ਼ੈਸਲਾਕੁਨ ਢੰਗ ਨਾਲ ਗ਼ਲਤ ਸਾਬਤ ਕਰਦਾ ਹੈ। ਸਚਮੁਚ, ਜੇ ਲੋਕ ਆਪਣੇ ਦੁਆਲੇ ਦੀਆਂ ਵਸਤਾਂ ਅਤੇ ਵਰਤਾਰਿਆਂ ਨੂੰ ਨਾ ਸਮਝ ਸਕਦੇ ਹੁੰਦੇ, ਤਾਂ ਉਹ ਉਹਨਾਂ ਨੂੰ ਨਾ ਵਰਤ ਸਕਦੇ, ਨਾ ਬਿਹਤਰ ਬਣਾ ਸਕਦੇ ਅਤੇ ਨਾ ਮੁੜ--ਬਣਾ ਸਕਦੇ। ਆਪਣੇ ਸਾਰੇ ਪ੍ਰਗਟਾਵਾਂ ਵਿਚ ਅਗਨਾਸਤਕਵਾਦ ਦਾ ਬੇਅਸਰ ਹੋਣਾ ਗਿਆਨ ਦੇ ਵਿਰੋਧ-ਵਿਕਾਸੀ ਪਦਾਰਥਵਾਦੀ ਸਿਧਾਂਤ ਤੋਂ ਵੀ ਸਾਬਤ ਹੁੰਦਾ ਹੈ, ਜਿਹੜਾ ਪ੍ਰਤਿਬਿੰਬਣ ਦੇ ਸਿਧਾਂਤ ਨੂੰ ਆਪਣਾ ਨਿਖੇੜੇ ਦਾ ਆਧਾਰ ਬਣਾਉਂਦਾ ਹੈ। ਲੈਨਿਨ ਨੇ ਇਸ ਵਿਸ਼ੇ ਦੇ ਮੂਲ-ਮੁੱਦੇ ਨੂੰ ਇੰਝ ਸੂਤ੍ਰਿਤ ਕੀਤਾ ਸੀ: "...ਵਸਤਾਂ ਸਾਡੇ ਤੋਂ ਬਾਹਰ ਹੋਂਦ ਰੱਖਦੀਆਂ ਹਨ। ਸਾਡੇ ਅਨੁਭਵ ਅਤੇ ਵਿਚਾਰ ਇਹਨਾਂ ਦੇ ਬਿੰਬ ਹਨ। ਇਹਨਾਂ ਬਿੰਬਾਂ ਦੀ ਪੜਤਾਲ, ਸੱਚੇ ਅਤੇ ਝੂਠੇ ਬਿੰਬਾਂ ਵਿਚਕਾਰ ਨਿਖੇੜ, ਅਮਲ ਵਿਚ ਹੁੰਦੀ ਹੈ।"* ਅਤੇ ਉਹ ਅੱਗੇ ਚੱਲਕੇ ਲਿਖਦਾ ਹੈ: "ਜੀਵਨ ਦਾ,

---

*ਵ. ਇ. ਲੈਨਿਨ, "**ਪਦਾਰਥਵਾਦ ਅਤੇ ਅਨੁਭਵ-ਸਿੱਧ ਆਲੋਚਨਾ**", ਕਿਰਤ ਸੰਗ੍ਰਹਿ, ਸੈਂਚੀ ੧੪, ਸਫ਼ਾ ੧੧੦।

ਅਮਲ ਦਾ ਦ੍ਰਿਸ਼ਟੀਕੋਨ ਗਿਆਨ ਦੇ ਸਿਧਾਂਤ ਵਿਚ ਪ੍ਰਾਥਮਿਕ ਅਤੇ ਬੁਨਿਆਦੀ ਹੋਣਾ ਚਾਹੀਦਾ ਹੈ।"* **ਅਮਲ ਤੋਂ ਬਿਨਾਂ ਬੋਧ-ਪਰਾਪਤੀ ਅਸੰਭਵ ਹੈ।**

ਲੋਕਾਂ ਦੀਆਂ ਪਦਾਰਥਕ, ਠੋਸ ਸਰਗਰਮੀਆਂ ਦੇ ਦੌਰਾਨ ਹੀ ਹਕੀਕਤ ਬਦਲੀ ਜਾ ਰਹੀ ਹੁੰਦੀ ਹੈ। ਇਹਨਾਂ ਸਰਗਰਮੀਆਂ ਤੋਂ ਸਾਡਾ ਮਤਲਬ, ਪਹਿਲੀ ਥਾਂ ਉਤੇ, ਕਿਰਤ ਦੇ ਉਹਨਾਂ ਰੂਪਾਂ ਤੋਂ ਹੈ ਜਿਹੜੇ ਖ਼ੁਰਾਕ ਪੈਦਾ ਕਰਦੇ ਅਤੇ ਘਰ ਬਣਾਉਂਦੇ ਹਨ, ਅਤੇ ਕੰਮ ਦੇ ਸੰਦ ਵੀ ਬਣਾਉਂਦੇ ਹਨ। ਉਦਾਹਰਣ ਵਜੋਂ ਉਸ ਮਜ਼ਦੂਰ ਦੀ ਕਿਰਤ ਜਿਹੜਾ ਮਸ਼ੀਨਾਂ ਬਣਾਉਂਦਾ ਹੈ, ਰਾਜ ਦੀ, ਜਿਹੜਾ ਘਰ ਉਸਾਰਦਾ ਹੈ, ਅਤੇ ਕਿਸਾਨ ਦੀ ਕਿਰਤ ਜਿਹੜਾ ਕਣਕ ਪੈਦਾ ਕਰਦਾ ਹੈ। ਆਪਣੀਆਂ ਅਮਲੀ ਸਰਗਰਮੀਆਂ ਵਿਚ ਮਨੁੱਖ ਨਾ ਸਿਰਫ਼ ਵਸਤਾਂ ਨੂੰ ਬਦਲਦਾ ਹੀ ਹੈ, ਸਗੋਂ ਤਜਰਬਾ ਅਤੇ ਗਿਆਨ ਇਕੱਠਾ ਕਰਦਾ ਹੋਇਆ ਉਹ ਆਪ ਵੀ ਬਦਲਦਾ ਜਾਂਦਾ ਹੈ। ਉਤਪਾਦਨ ਦਾ ਤਜਰਬਾ ਪ੍ਰਕਿਰਤਕ ਵਿਗਿਆਨਾਂ ਨੂੰ ਜਨਮ ਦੇਂਦਾ ਹੈ। ਅਸੀਂ ਪਹਿਲਾਂ ਹੀ ਉਪਰ ਦੱਸ ਆਏ ਹਾਂ ਕਿ ਇਹ ਜਹਾਜ਼ਰਾਨੀ ਦੀ ਅਮਲੀ ਲੋੜ ਸੀ ਜਿਸਨੇ ਤਾਰਾ-ਵਿਗਿਆਨ ਨੂੰ ਜਨਮ ਦਿਤਾ, ਅਤੇ ਰੇਖਾ-ਗਣਿਤ ਖੇਤੀ ਦੀਆਂ ਲੋੜਾਂ ਕਾਰਨ ਪੈਦਾ ਹੋਇਆ। ਗਣਿਤ ਮਿਸਰ ਅਤੇ ਬਾਬਲ ਦੇ ਲੋਕਾਂ ਦੀ ਖੇਤਰਫ਼ਲ ਅਤੇ ਮਾਤਰਾ ਦਾ ਹਿਸਾਬ ਲਾਉਣ ਵਿਚ, ਅਤੇ ਮਿਸਰੀ ਮੁਨੀਮਾਂ ਦੀ ਉਜਰਤਾਂ, ਰੋਟੀ ਅਤੇ ਬੀਅਰ ਦਾ ਹਿਸਾਬ ਰੱਖਣ ਵਿਚ ਮੱਦਦ ਕਰਦਾ ਸੀ। ਪਰ ਅਮਲੀ ਸਰਗਰਮੀਆਂ ਨਾ ਸਿਰਫ਼ ਪ੍ਰਕਿਰਤੀ ਨੂੰ ਬਦਲਣ ਵਿਚ ਸਹਾਈ ਹੁੰਦੀਆਂ ਹਨ, ਸਗੋਂ ਉਹ ਸਮਾਜਕ ਜੀਵਨ ਵਿਚ ਵੀ ਤਬਦੀਲੀਆਂ ਲਿਆਉਂਦੀਆਂ ਹਨ, ਸਮੇਤ ਸ਼ਰੇਣੀ ਘੋਲ

---

*ਉਹੀ, ਸਫ਼ਾ ੧੪੨।

ਅਤੇ ਇਨਕਲਾਬ ਦੇ, ਕੌਮੀ ਆਜ਼ਾਦੀ ਦੀਆਂ ਲਹਿਰਾਂ, ਆਦਿ ਦੇ। ਇਸਤਰ੍ਹਾਂ ਪ੍ਰੋਲਤਾਰੀਆਂ ਵਲੋਂ ਲੜਿਆ ਜਾ ਰਿਹਾ ਸ਼੍ਰੇਣੀ ਘੋਲ ਮਾਰਕਸਵਾਦੀ ਸਿਧਾਂਤ ਦੇ ਪਰਗਟ ਹੋਣ ਦੀ ਇਕ ਪੂਰਵ--ਸ਼ਰਤ ਸੀ।

ਬੋਧ-ਪਰਾਪਤੀ ਇਕ ਦਿਮਾਗ਼ੀ ਸਰਗਰਮੀ ਹੈ, ਜਿਹੜੀ ਅਮਲੀ ਸਰਗਰਮੀਆਂ ਤੋਂ ਵਖਰੀ ਹੈ, ਭਾਵੇਂ ਉਹਨਾਂ ਨਾਲ ਜੁੜੀ ਹੋਈ ਹੈ। ਆਪਣੀਆਂ ਕਿਰਤ ਸਰਗਰਮੀਆਂ ਦੇ ਦੌਰਾਨ ਮਨੁੱਖ ਆਪਣੀਆਂ ਲੋੜਾਂ ਅਤੇ ਨਿਸ਼ਾਨਿਆਂ ਅਨੁਸਾਰ ਪ੍ਰਕਿਰਤੀ ਨੂੰ ਬਦਲਦਾ ਹੈ: ਉਹ ਤੇਲ ਅਤੇ ਕੋਇਲਾ ਕੱਢਦਾ ਹੈ, ਜੰਗਲ ਲਾਉਂਦਾ ਹੈ, ਭੂਮੀ ਵਾਹੁੰਦਾ ਹੈ, ਆਦਿ। ਇਹ ਸਭ ਕੁਝ ਕਰਨ ਲਈ ਉਸਕੋਲ ਸੰਬੰਧਤ ਵਸਤਾਂ ਅਤੇ ਵਰਤਾਰਿਆਂ ਬਾਰੇ ਗਿਆਨ ਹੋਣਾ ਚਾਹੀਦਾ ਹੈ। ਬੋਧ ਹਕੀਕਤ ਉਪਰ ਗਿਆਨ ਦੇ ਰੂਪ ਵਿਚ ਦਿਮਾਗ਼ੀ ਨਿਪੁੰਨਤਾ ਪਰਾਪਤ ਕਰਨਾ ਹੈ। ਸਿਖਣ ਅਤੇ ਖੋਜਣ ਦੇ ਰਾਹੀਂ ਗਿਆਨ ਪਰਾਪਤ ਕਰਨ ਅਤੇ ਸਭਿਆਚਾਰ ਗ੍ਰਹਿਣ ਕਰਨ ਨਾਲ ਮਨੁੱਖ ਇਕ ਸਿਰਜਕ ਬਣ ਜਾਂਦਾ ਹੈ ਜਿਹੜਾ ਨਾ ਸਿਰਫ਼ ਹਕੀਕਤ ਨੂੰ ਹੀ, ਸਗੋਂ ਆਪਣੇ ਆਪ ਨੂੰ ਵੀ ਬਦਲਦਾ ਹੈ। ਉਹ ਗਿਆਨ ਦਾ **ਅਹੰ ਜਾਂ ਆਤਮ**, ਸਮਾਜਕ, ਵਿਸ਼ਾਲ ਗਿਆਨ ਦਾ ਵਾਹਕ ਬਣ ਜਾਂਦਾ ਹੈ। ਜੇ ਮੁਢਲਾ ਗਿਆਨ ਅਮਲ ਤੋਂ ਵੱਖ ਨਹੀਂ ਕੀਤਾ ਜਾਂਦਾ ਸਗੋਂ ਇਸ ਵਿਚ ਘੁਲਮਿਲ ਜਾਂਦਾ ਹੈ, ਤਾਂ ਸਮਾਂ ਪਾ ਕੇ ਗਿਆਨ ਦਾ ਇਕੱਤ੍ਰੀਕਰਨ ਇਸ (ਗਿਆਨ) ਨੂੰ ਮੁਕਾਬਲਤਨ ਸਵੈਧੀਨ ਬਣਾ ਦੇਂਦਾ ਹੈ, ਅਤੇ ਇਹ ਉਸੇ ਗਿਆਨ ਵਿਚੋਂ ਹੀ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਹੜਾ ਪਹਿਲਾਂ ਪਰਾਪਤ ਕੀਤਾ ਜਾ ਚੁੱਕਾ ਹੁੰਦਾ ਹੈ।

ਹੁਣ ਗਿਆਨ ਦਾ **ਅਨਾਤਮ** ਸਮੁੱਚਾ ਸੰਸਾਰ, ਪ੍ਰਕਿਰਤੀ ਅਤੇ ਸਮਾਜ ਨਹੀਂ ਹੁੰਦਾ, ਸਗੋਂ ਸਿਰਫ਼ ਉਹ ਕੁਝ ਹੁੰਦਾ ਹੈ

ਜੋ ਇਤਿਹਾਸ ਦੇ ਚਾਲੂ ਪੜਾਅ ਉਤੇ ਮਨੁੱਖਾ ਬੋਧ ਦੀ ਪਹੁੰਚ ਵਿਚ ਹੁੰਦਾ ਹੈ। ਬੋਧ-ਪਰਾਪਤੀ ਦਾ ਨਿਸ਼ਾਨਾ (ਅਨਾਤਮ) ਪਦਾਰਥਕ ਸੰਭਾਵਨਾਵਾਂ ਉਤੇ, ਇਕੱਤ੍ਰਿਤ ਗਿਆਨ ਦੀ ਪੱਧਰ ਉਪਰ ਅਤੇ ਸਮਾਜਕ ਲੋੜਾਂ ਉਪਰ ਵੀ ਨਿਰਭਰ ਕਰਦਾ ਹੈ। ਇਹ ਗੱਲ ਸਮਝ ਆਉਂਦੀ ਹੈ ਕਿ ਪੁਰਾਤਨ ਫ਼ਿਲਾਸਫ਼ਰ ਐਟਮ ਦੀ ਬਣਤਰ ਨਹੀਂ ਸਨ ਸਮਝ ਸਕਦੇ; ਨਿਊਟਨ ਦੇ ਵੇਲੇ ਸਾਪੇਖਤਾ ਦਾ ਸਿਧਾਂਤ ਘੜਣਾ ਅਸੰਭਵ ਸੀ, ਅਤੇ ਜੀਨਸ ਟੈਕਨਾਲੋਜੀ ਵਿਚਲੇ ਮਸਲੇ ਸਿਰਫ਼ ਅੱਜ ਹੀ ਹਲ ਕੀਤੇ ਜਾ ਸਕਦੇ ਹਨ। ਮਾਰਕਸਵਾਦ ਦਾ ਪਰਗਟ ਹੋਣਾ ਇਸ ਗੱਲ ਦੀ ਸ਼ਾਨਦਾਰ ਮਿਸਾਲ ਹੈ ਕਿ ਵਿਗਿਆਨ ਕਿਵੇਂ ਮਨੁੱਖਾ ਇਤਿਹਾਸ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਪਰ ਮਨੁੱਖ ਪ੍ਰਕਿਰਤੀ ਦਾ ਅਧਿਐਨ ਸਿਰਫ਼ ਇਸਦੀ ਆਦਿ-ਕਾਲੀਨ ਸਥਿਤੀ ਵਿਚ ਹੀ ਨਹੀਂ ਕਰਦਾ। ਮਨੁੱਖੀ ਸਰਗਰਮੀਆਂ ਦੇ ਦੌਰਾਨ ਗਿਆਨ ਦੀਆਂ ਕਈ ਵਸਤਾਂ ਸਿਰਜੀਆਂ ਜਾ ਰਹੀਆਂ ਹਨ: ਚੋਣਵੇਂ ਪ੍ਰਜਣਨ ਨਾਲ ਅਨਾਜ ਦੀਆਂ ਨਵੀਆਂ ਕਿਸਮਾਂ ਅਤੇ ਪਸ਼ੂਆਂ ਦੀਆਂ ਨਵੀਆਂ ਜਾਤੀਆਂ ਵਿਕਸਤ ਕੀਤੀਆਂ ਗਈਆਂ ਹਨ।

ਸਿੱਟਾ ਇਹ ਕਿ ਬੋਧ-ਪਰਾਪਤੀ ਉਹ ਗਿਆਨ ਪਰਾਪਤ ਕਰਨ ਦਾ ਅਮਲ ਹੈ ਜਿਸਦਾ ਫ਼ੌਰੀ ਨਿਸ਼ਾਨਾ ਸੱਚ ਤੱਕ ਪੁੱਜਣਾ ਹੁੰਦਾ ਹੈ, ਅਤੇ ਜਿਸਦਾ ਅੰਤਮ ਨਿਸ਼ਾਨਾ ਸਫ਼ਲ ਅਮਲੀ ਸਰਗਰਮੀ ਹੁੰਦਾ ਹੈ।

## "ਤਾਬੂਲਾ ਰਾਸਾ" ਅਤੇ "ਜਨਮਜਾਤ ਵਿਚਾਰਾਂ" ਦੇ ਸਿਧਾਂਤ

ਵਿਗਿਆਨ ਅਤੇ ਫ਼ਿਲਾਸਫ਼ੀ ਦੇ ਸਮੁੱਚੇ ਇਤਿਹਾਸ ਵਿਚ ਬੋਧ-ਪਰਾਪਤੀ ਦੇ ਕਾਫ਼ੀ ਸਿਧਾਂਤ ਤਜਵੀਜ਼ ਕੀਤੇ ਗਏ ਹਨ। ਅਸੀਂ ਪਹਿਲਾਂ ਹੀ ਵਿਚਾਰ ਕਰ ਆਏ ਹਾਂ ਕਿ ਆਪਣੇ ਦੁਆਲੇ

ਦੇ ਸੰਸਾਰ ਨਾਲ ਮਨੁੱਖ ਦੇ ਅੰਤਰ-ਕਰਮ ਦੇ ਦੌਰਾਨ ਬੋਧ--ਪਰਾਪਤੀ ਦਾ ਇਹ ਅਮਲ ਕਿਵੇਂ ਵਾਪਰਦਾ ਹੈ। ਪਰ ਇਸ ਸੂਤਰ ਨੂੰ ਮੰਨ ਲੈਣਾ ਹੀ ਕਾਫ਼ੀ ਨਹੀਂ। ਬੋਧ-ਪਰਾਪਤੀ ਵਖੋ ਵਖਰੇ ਰੂਪਾਂ, ਪੱਧਰਾਂ ਅਤੇ ਪੜਾਵਾਂ ਦਾ ਅਮਲ ਹੈ, ਜਿਸ ਵਿਚ ਇੰਦਰਿਆਵੀ ਪ੍ਰਭਾਵ ਅਤੇ ਚਿੰਤਨ ਵਖਰੀ ਭੂਮਿਕਾ ਨਿਭਾਉਂਦੇ ਹਨ। ਇਹਨਾਂ ਦੇ ਪ੍ਰਕਾਰਜ ਲੱਭਣਾ ਸਾਡੇ ਲਈ ਮਹਤਵਪੂਰਨ ਹੈ। ਫ਼ਿਲਾਸਫ਼ੀ ਦੇ ਇਤਿਹਾਸ ਵਿਚ, ਗਿਆਨ ਵਿਚਲੇ ਇੰਦਰਿਆਵੀ ਅਤੇ ਤਾਰਕਿਕ ਅੰਸ਼ਾਂ ਦੀ ਥਾਂ ਅਤੇ ਭੂਮਿਕਾ ਸੰਬੰਧੀ ਕੋਈ ਸਹਿਮਤੀ ਨਹੀਂ ਪਾਈ ਜਾਂਦੀ। ਵਖੋ ਵਖਰੇ ਫ਼ੈਸਲੇ ਤਜਵੀਜ਼ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਇਕ ਦਾ ਸੰਬੰਧ ਅਨੁਭਵ-ਸਿੱਧਤਾਵਾਦ ਨਾਲ ਹੈ ਅਤੇ ਦੂਜੇ ਦਾ ਤਰਕਵਾਦ ਨਾਲ।

ਬਹੁਤ ਪਹਿਲਾਂ ਹੀ ਇਹ ਦੇਖਿਆ ਜਾ ਚੁੱਕਾ ਸੀ ਕਿ ਬੋਧ-ਪਰਾਪਤੀ ਵਿਚ ਇੰਦਰਿਆਵੀ ਪ੍ਰਭਾਵ (ਬਿੰਬ)—ਇੰਦਰਿਆਵੀ ਅਹਿਸਾਸ, ਅਨੁਭਵ ਅਤੇ ਕਿਆਸ—ਅਤੇ ਚਿੰਤਨ (ਤਾਰਕਿਕ ਗਿਆਨ)—ਸੰਕਲਪ ਅਤੇ ਨਿਰਣੇ ਸ਼ਾਮਲ ਹੁੰਦੇ ਹਨ। ਵਿਗਿਆਨੀ ਅਤੇ ਫ਼ਿਲਾਸਫ਼ਰ ਇਸ ਬਾਰੇ ਵੱਖ ਵੱਖ ਰਾਇ ਰੱਖਦੇ ਹਨ ਕਿ ਉਹ ਬੋਧ-ਪਰਾਪਤੀ ਵਿਚ ਮੁੱਖ ਗੱਲ, ਆਧਾਰ ਕਿਸਨੂੰ ਮੰਣਦੇ ਹਨ। ਕੁਝ ਇਕ ਦਾ, ਜਿਨ੍ਹਾਂ ਵਿਚ ਪਦਾਰਥਵਾਦੀ ਫ਼ਰਾਂਸਿਸ ਬੇਕਨ ਅਤੇ ਜਾਹਨ ਲੌਕ, ਅਤੇ ਆਦਰਸ਼ਵਾਦੀ ਜਾਰਜ ਬਰਕਲੇ ਅਤੇ ਡੇਵਿਡ ਹਿਊਮ ਸ਼ਾਮਲ ਹਨ, ਵਿਸ਼ਵਾਸ ਹੈ ਕਿ ਗਿਆਨ ਵਿਚ ਇੰਦਰਿਆਵੀ ਪ੍ਰਭਾਵ ਜਾਂ ਤਜਰਬੇ ਪ੍ਰਮੁੱਖ ਮਹੱਤਾ ਰੱਖਦੇ ਹਨ ਅਤੇ ਸੰਸਾਰ ਦਾ ਗਿਆਨ, ਖ਼ਾਸ ਕਰਕੇ ਵਿਗਿਆਨਕ ਗਿਆਨ, ਪੂਰੀ ਤਰ੍ਹਾਂ ਇਹਨਾਂ ਉਪਰ ਨਿਰਭਰ ਕਰਦਾ ਹੈ। ਇਹ ਦ੍ਰਿਸ਼ਟੀਕੋਨ **ਅਨੁਭਵ-ਸਿੱਧਤਾਵਾਦ** ਵਜੋਂ ਜਾਣਿਆ ਜਾਂਦਾ ਹੈ। ਇਹ ਦ੍ਰਿਸ਼ਟੀਕੋਨ ਰੱਖਣ ਵਾਲਿਆਂ ਦਾ ਵਿਸ਼ਵਾਸ ਹੈ ਕਿ ਇੰਦਰਿਆਵੀ ਪ੍ਰਭਾਵ ਗਿਆਨ ਦਾ ਇਕੋ ਇਕ ਸੋਮਾ ਹਨ।

"ਮੈਂ ਅਨੁਭਵ ਕਰਦਾ ਹਾਂ, ਇਸ ਕਰਕੇ ਮੈਂ ਜਾਣਦਾ ਹਾਂ", ਉਹਨਾਂ ਦਾ ਉਦੇਸ਼-ਨਾਅਰਾ ਸੀ। ਉਹ ਬੋਧ-ਪਰਾਪਤੀ ਵਿਚ ਮਨ (ਚਿੰਤਨ) ਦੇ ਰੋਲ ਤੋਂ ਇਨਕਾਰੀ ਨਹੀਂ ਸਨ, ਪਰ ਖ਼ਿਆਲ ਕਰਦੇ ਸਨ ਕਿ ਇਹ ਗਿਆਨ ਵਿਚ ਮੁੱਖ ਤੌਰ ਉਤੇ ਕੁਝ ਵੀ ਨਵਾਂ ਨਹੀਂ ਸੀ ਸ਼ਾਮਲ ਕਰਦਾ। ਜਾਹਨ ਲੌਕ ਵਲੋਂ ਲਿਆ ਗਿਆ ਸਟੈਂਡ ਸਭ ਤੋਂ ਵੱਧ ਉਲੇਖਣੀ ਹੈ। ਉਸਦਾ ਖ਼ਿਆਲ ਸੀ ਕਿ ਮਨੁੱਖ ਦੀ ਆਤਮਾ **ਤਾਬੂਲਾ ਰਾਸਾ** (ਕੋਰੀ ਫ਼ੱਟੀ) ਵਾਂਗ ਹੈ। ਜਨਮ ਵੇਲੇ ਇਸ ਵਿਚ ਕੋਈ ਵਿਚਾਰ ਨਹੀਂ ਹੁੰਦੇ ਅਤੇ ਸਿਰਫ਼ ਹੌਲੀ ਹੌਲੀ ਹੀ ਇਹ ਭਰਦੀ ਜਾਂਦੀ ਹੈ ਜਿਉਂ ਜਿਉਂ ਬੱਚੇ ਦੇ ਗਿਆਨ-ਇੰਦਰਿਆਂ ਉਤੇ ਬਾਹਰਲੀਆਂ ਚੀਜ਼ਾਂ ਦਾ ਅਸਰ ਹੁੰਦਾ ਹੈ। ਪਹਿਲਾਂ ਪਹਿਲਾਂ ਸਾਧਾਰਨ ਵਿਚਾਰ ਪੈਦਾ ਹੁੰਦੇ ਹਨ (ਜਿਵੇਂ ਕਿ ਗਰਮੀ, ਸਰਦੀ, ਚਾਨਣ, ਹਨੇਰੇ, ਰੂਪ, ਆਕਾਰ, ਗਤੀ, ਟਿਕਾਅ ਦੇ ਇੰਦਰਿਆਵੀ ਪ੍ਰਭਾਵ), ਅਤੇ ਮਗਰੋਂ ਵਧੇਰੇ ਜਟਿਲ ਵਿਚਾਰ। ਪਰ ਜਟਿਲ ਵਿਚਾਰ ਮਨ ਵਲੋਂ ਪਾਏ ਗਏ ਇੰਦਰਿਆਵੀ ਪ੍ਰਭਾਵਾਂ ਦੇ ਜੋੜ ਤੋਂ ਵੱਧ ਕੁਝ ਨਹੀਂ ਹੁੰਦੇ, ਇਸਲਈ ਤੱਤ ਰੂਪ ਵਿਚ ਇਹਨਾਂ ਵਿਚ ਕੁਝ ਵੀ ਨਵਾਂ ਨਹੀਂ ਹੁੰਦਾ। ਅਨੁਭਵ-ਸਿੱਧਤਾਵਾਦ ਦਾ ਬੁਨਿਆਦੀ ਸੂਤਰ, ਜਿਵੇਂ ਕਿ ਲੌਕ ਨੇ ਇਸਨੂੰ ਘੜਿਆ, ਇਹ ਹੈ ਕਿ ਬੁਧੀ ਵਿਚ ਕੁਝ ਵੀ ਐਸਾ ਨਵਾਂ ਨਹੀਂ ਜਿਹੜਾ ਇੰਦਰਿਆਵੀ ਅਨੁਭਵਾਂ ਵਿਚ ਸ਼ਾਮਲ ਨਾ ਹੋਵੇ। ਇਸਤੋਂ ਬਹੁਤ ਪਹਿਲਾਂ, ਡਿਮੋਕਰੀਟਸ ਇੰਦਰਿਆਵੀ ਪ੍ਰਭਾਵਾਂ ਨੂੰ ਬਹੁਤ ਮਹੱਤਾ ਦੇਂਦਾ ਸੀ। ਉਹ ਮਨ ਉਪਰ ਗਿਆਨ-ਇੰਦਰਿਆਂ ਦੀ ਪ੍ਰਾਥਮਿਕਤਾ ਨੂੰ ਮੰਣਦਾ ਸੀ। ਉਹ ਕਹਿੰਦਾ ਸੀ—ਤਰਸਯੋਗ ਮਨ, ਸਾਡੇ ਹੀ ਸਬੂਤ ਚੁੱਕ ਕੇ ਲੈ ਜਾਂਦਾ ਹੈ, ਅਤੇ ਹੁਣ ਉਹਨਾਂ ਦੇ ਹੀ ਆਧਾਰ ਉਤੇ ਸਾਨੂੰ ਗ਼ਲਤ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸਲਈ ਤੇਰੀ ਜਿੱਤ ਇਕੋ ਵੇਲੇ ਤੇਰੀ ਹਾਰ ਵੀ ਹੈ।

ਇਸਦੇ ਉਲਟ, ਦੂਜੇ ਫ਼ਿਲਾਸਫ਼ਰ ਇਸ ਗੱਲ ਉਤੇ ਜ਼ੋਰ ਦੇਂਦੇ ਸਨ ਕਿ ਮਨ, ਜਾਂ ਚਿੰਤਨ, ਗਿਆਨ ਦਾ ਸੋਮਾ ਹੈ, ਜਦ ਕਿ ਗਿਆਨ-ਇੰਦਰਿਆਂ ਵਲੋਂ ਜੋ ਕੁਝ ਦਿਤਾ ਜਾਂਦਾ ਹੈ, ਉਹ ਪ੍ਰਮਾਣਿਕ ਨਹੀਂ ਹੁੰਦਾ। ਫ਼ਿਲਾਸਫ਼ੀ ਵਿਚ ਇਸ ਰੁਝਾਣ ਨੂੰ **ਤਰਕਵਾਦ** ਵਜੋਂ ਜਾਣਿਆ ਜਾਂਦਾ ਹੈ। ਇਸਦੇ ਵਧੇਰੇ ਪ੍ਰਸਿੱਧ ਪ੍ਰਤਿਨਿਧ ਹਨ—ਪਦਾਰਥਵਾਦੀ ਬਾਰੂਖ ਸਪੀਨੋਜ਼ਾ ਅਤੇ ਆਦਰਸ਼ਵਾਦੀ ਗੋਟਫ਼ਰੀਦ **ਲਾਈਬਨਿਤਜ਼**, ਇਮੈਨੂਆਲ ਕਾਂਤ ਅਤੇ ਗਿਓਰਗ ਹੀਗਲ। ਇਹਨਾਂ ਸਾਰਿਆਂ ਦਾ ਵਿਸ਼ਵਾਸ ਸੀ ਕਿ ਮਨੁੱਖਾ ਤਰਕ ਦੀ ਸਰਗਰਮੀ ਕਾਰਨ ਬੋਧ ਸੰਭਵ ਹੈ; ਕਿ ਮਨੁੱਖਾ ਤਰਕ ਵਸਤਾਂ ਦੇ ਸਾਰ-ਤੱਤ ਨੂੰ ਘੋਖਣ ਦੇ ਸਮਰੱਥ ਹੈ, ਜਦ ਕਿ ਸਾਡੇ ਗਿਆਨ-ਇੰਦਰੇ ਸੰਸਾਰ ਦੀ ਗ਼ਲਤ ਤਸਵੀਰ ਪੇਸ਼ ਕਰਦੇ ਹਨ। ਪੁਰਾਤਨ ਯੂਨਾਨੀ ਫ਼ਿਲਾਸਫ਼ਰ **ਜ਼ੀਨੋ** ਨੂੰ ਇੰਦਰਿਆਵੀ ਬੋਧ ਦੀ ਭੁਲਾਵਾ-ਰੂਪੀ ਪ੍ਰਕਿਰਤੀ ਬਾਰੇ ਯਕੀਨ ਸੀ। ਉਸਦਾ ਕਹਿਣਾ ਸੀ ਕਿ ਜੇ ਅਨਾਜ ਦਾ ਇਕ ਦਾਣਾ ਜ਼ਮੀਨ ਉਪਰ ਡਿੱਗ ਪਵੇ ਤਾਂ ਸਾਨੂੰ ਕੋਈ ਆਵਾਜ਼ ਸੁਣਾਈ ਨਹੀਂ ਦੇਵੇਗੀ, ਪਰ ਜੇ ਅਨਾਜ ਦੀ ਪੂਰੀ ਬੋਰੀ ਡਿੱਗ ਪਵੇ ਤਾਂ ਖੜਾਕਾ ਲਾਜ਼ਮੀ ਤੌਰ ਉਤੇ ਸੁਣਾਈ ਦੇਵੇਗਾ; ਸਾਡਾ ਤਰਕ ਸਾਨੂੰ ਇਹ ਦੱਸਦਾ ਹੈ ਕਿ ਇਹ ਜਾਂ ਤਾਂ ਇਕੋ ਗੱਲ ਹੈ ਜਾਂ ਵਖੋ ਵਖਰੀ: ਜਾਂ ਤਾਂ ਅਨਾਜ ਦਾ ਇਕ ਦਾਣਾ ਵੀ ਡਿੱਗਦਾ ਹੋਇਆ ਆਵਾਜ਼ ਪੈਦਾ ਕਰਦਾ ਹੈ, ਜਾਂ ਅਨਾਜ ਦੀ ਬੋਰੀ ਵੀ ਕੋਈ ਆਵਾਜ਼ ਪੈਦਾ ਨਹੀਂ ਕਰਦੀ। ਇਸਲਈ ਸਾਡਾ ਗਿਆਨ ਇੰਦਰਿਆਂ ਉਤੇ ਨਿਰਭਰ ਨਹੀਂ ਹੋਣਾ ਚਾਹੀਦਾ, ਸਗੋਂ ਤਰਕ ਉਪਰ ਹੋਣਾ ਚਾਹੀਦਾ ਹੈ। ਤਰਕਵਾਦੀ ਨਵੇਂ ਵਿਚਾਰਾਂ ਦੇ ਪੈਦਾ ਹੋਣ ਦੀ ਵਿਆਖਿਆ ਮਨੁੱਖ ਵਿਚ "ਜਨਮਜਾਤ ਵਿਚਾਰਾਂ" ਦੀ ਹੋਂਦ ਨਾਲ ਕਰਦੇ ਸਨ। ਪੁਰਾਤਨ ਚੀਨੀ ਫ਼ਿਲਾਸਫ਼ਰ **ਸੁਨਜ਼ੂ** ਜ਼ੋਰ ਦੇਂਦਾ ਸੀ ਕਿ ਚੀਜ਼ਾਂ ਨੂੰ ਸਮਝਣ ਦੀ ਯੋਗਤਾ ਮਨੁੱਖ ਵਿਚ

ਜਨਮਜਾਤ ਤੋਂ ਹੈ, ਜਦ ਕਿ ਸਮਝੇ ਜਾਣ ਦੀ ਸੰਭਾਵਨਾ ਚੀਜ਼ਾਂ ਦਾ ਕਾਨੂੰਨ ਹੈ। **ਉਪਨਿਸ਼ਦਾਂ** ਵਿਚ ਮਿਲਦੀ ਪੁਰਾਤਨ ਹਿੰਦੂ ਫ਼ਿਲਾਸਫ਼ੀ ਵਿਚ ਗਿਆਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ: ਨਿਮਨ ਅਤੇ ਉਚੇਰਾ। ਨਿਮਨ ਗਿਆਨ ਨੂੰ ਖੰਡਿਤ ਅਤੇ ਸਬੱਬੀ ਸਮਝਿਆ ਜਾਂਦਾ ਸੀ, ਇਸਲਈ ਇਸਨੂੰ ਪ੍ਰਮਾਣਿਕ ਨਹੀਂ ਸੀ ਸਮਝਿਆ ਜਾਂਦਾ। ਉਚੇਰਾ ਗਿਆਨ ਤਰਕ ਜਾਂ ਮਨ ਤੋਂ ਪਰਾਪਤ ਹੁੰਦਾ ਸੀ, ਅਤੇ ਮਨ ਇਸ ਤੱਕ ਰਹੱਸਮਈ ਅੰਤਰ--ਸੂਝ ਨਾਲ ਪਹੁੰਚਦਾ ਸੀ।

ਇਹੋ ਜਿਹੇ ਵਿਚਾਰ ਅਰਬ ਫ਼ਿਲਾਸਫ਼ਰ, ਹਕੀਮ ਅਤੇ ਸਿਆਸਤਦਾਨ **ਇਬਨ ਤੁਫ਼ੈਲ** (**ਅਬੂ ਬਕਰ**) ਨੇ ਵੀ ਪਰਗਟ ਕੀਤੇ। ਉਸਦਾ ਕਹਿਣਾ ਸੀ ਕਿ ਤਰਕ ਦਾ ਰਸਤਾ ਸਿਰਫ਼ ਚੋਣਵਿਆਂ ਦੀ ਪਹੁੰਚ ਵਿਚ ਹੈ। ਅਰਬ ਚਿੰਤਕ **ਇਬਨ ਬਜਾਹ** ਵੀ ਇਸੇਤਰ੍ਹਾਂ ਦੇ ਵਿਚਾਰ ਰੱਖਦਾ ਸੀ; ਉਹ ਉਚੇਰੇ ਗਿਆਨ ਨੂੰ ਮਨ ਦੀਆਂ ਸਰਗਰਮੀਆਂ ਨਾਲ ਜੋੜਦਾ ਸੀ। ਬਹੁਤ ਮਗਰੋਂ, ਜਰਮਨ ਤਰਕਵਾਦੀ ਫ਼ਿਲਾਸਫ਼ਰ ਗੌਟਫ਼ਰੀਦ ਲਾਈਬਨਿਤਜ਼ ਨੇ ਅਨੁਭਵ-ਸਿੱਧਤਾਵਾਦ ਵਲੋਂ ਸੁਝਾਏ ਗਏ **ਤਾਬੂਲਾ ਰਾਸਾ** ਦੇ ਬਿੰਬ ਦੇ ਮੁਕਾਬਲੇ ਉਤੇ ਸੰਗਮਰਮਰ ਦੀ ਸਿਲ ਦਾ ਬਿੰਬ ਪੇਸ਼ ਕੀਤਾ, ਜਿਸਦੀਆਂ ਰਗਾਂ ਵਿਚ ਕਿਸੇ ਭਵਿੱਖ ਦੇ ਬੁੱਤ ਦੀ ਰੂਪ--ਰੇਖਾ ਚਿਤਰੀ ਜਾ ਸਕਦੀ ਹੈ। ਉਸਨੇ ਅਨੁਭਵ-ਸਿੱਧਤਾਵਾਦ ਦੇ ਇਸ ਸੂਤਰ ਨੂੰ, ਕਿ "ਬੁਧੀ ਵਿਚ ਕੁਝ ਨਹੀਂ ਜਿਹੜਾ ਗਿਆਨ--ਇੰਦਰਿਆਂ ਵਿਚ ਸ਼ਾਮਲ ਨਾ ਹੋਵੇ", ਇਹਨਾਂ ਸ਼ਬਦਾਂ ਨਾਲ ਪੂਰਿਆ: "ਸਿਵਾਏ ਖ਼ੁਦ ਬੁਧੀ ਦੇ।" ਇੰਦਰਿਆਵੀ ਅਨੁਭਵ ਨੂੰ "ਜਨਮਜਾਤ ਵਿਚਾਰਾਂ" ਦੇ ਉਤੇਜਕ ਵਜੋਂ ਹੀ ਸਮਝਿਆ ਜਾਂਦਾ ਹੈ, ਕਿਉਂਕਿ ਕਦੀ ਕਦੀ ਸਿਰਫ਼ ਮਨ (ਚਿੰਤਨ) ਦੇ ਆਧਾਰ ਉਤੇ, ਤਜਰਬੇ ਉਪਰ ਨਿਰਭਰ ਕੀਤੇ ਤੋਂ ਬਿਨਾਂ, ਹੀ ਨਵਾਂ ਗਿਆਨ ਪਰਾਪਤ ਕੀਤਾ ਗਿਆ ਹੁੰਦਾ ਹੈ। ਉਦਾਹਰਣ

ਵਜੋਂ ਰੇਨੇ ਦਿਕਾਰਤੀ ਨੇ ਇਸੇਤਰ੍ਹਾਂ ਨਾਲ ਹੀ ਗਤੀ-ਨਿਰੰਤਰਤਾ ਦਾ ਕਾਨੂੰਨ ਲੱਭਿਆ, ਜੋ ਕਿ ਭੌਤਕ-ਵਿਗਿਆਨ ਦੇ ਅਗਲੇਰੇ ਵਿਗਾਸ ਲਈ ਨਿਰਣਾਜਨਕ ਮਹੱਤਾ ਰੱਖਦਾ ਸੀ।

ਅੱਜ ਦੇ ਕੁਝ ਆਦਰਸ਼ਵਾਦੀ ਫ਼ਿਲਾਸਫ਼ਰ ਵੀ ਤਰਕਵਾਦ ਦੇ ਵਿਚਾਰਾਂ ਨਾਲ ਸਹਿਮਤ ਹਨ; ਉਹਨਾਂ ਦਾ ਵਿਸ਼ਵਾਸ ਹੈ ਕਿ ਸਿਧਾਂਤ ਇੰਦਰਿਆਵੀ ਅਨੁਭਵ ਨੂੰ ਲਾਂਭੇ ਛੱਡ ਕੇ ਘੜਿਆ ਜਾਣਾ ਚਾਹੀਦਾ ਹੈ। ਅੰਗ੍ਰੇਜ਼ ਫ਼ਿਲਾਸਫ਼ਰ ਕਾਰਲ ਪੌਪਰ ਦਾ ਇਹ ਕਹਿਣਾ ਸੀ ਕਿ ਵਿਗਿਆਨ ਦੇ ਇਤਿਹਾਸ ਵਿਚ ਹਮੇਸ਼ਾ ਹੀ ਤਜਰਬਾ ਨਹੀਂ ਸਗੋਂ ਸਿਧਾਂਤ, ਨਿਰੀਖਣ ਨਹੀਂ ਸਗੋਂ ਵਿਚਾਰ, ਨਵੇਂ ਗਿਆਨ ਲਈ ਰਾਹ ਬਣਾਉਣ ਵਾਲਾ ਰਿਹਾ ਹੈ। ਤਰਕਵਾਦੀ ਠੀਕ ਹਨ ਜਦੋਂ ਉਹ ਮਨੁੱਖੀ ਮਨ ਦੀ ਤਾਕਤ ਦੇ ਦਮਗਜੇ ਮਾਰਦੇ ਹਨ, ਪਰ ਉਹ ਗ਼ਲਤ ਹਨ ਜਦੋਂ ਉਹ ਇਸਦੇ ਰੋਲ ਨੂੰ ਨਿਰਪੇਖ ਬਣਾ ਦੇਂਦੇ ਹਨ ਅਤੇ ਸੋਚਨੀ ਨੂੰ ਇੰਦਰਿਆਵੀ ਅਨੁਭਵ ਤੋਂ ਵੱਖ ਕਰ ਦੇਂਦੇ ਹਨ।

### ਮਨੁੱਖ ਨੂੰ ਕਿਸ ਉਤੇ ਵਿਸ਼ਵਾਸ ਕਰਨਾ ਚਾਹੀਦਾ ਹੈ— ਗਿਆਨ-ਇੰਦਰਿਆਂ ਉਤੇ ਜਾਂ ਮਨ ਉਤੇ?

ਤਾਂ ਫਿਰ, ਇਸ ਵਿਵਾਦ ਵਿਚ, ਠੀਕ ਕੌਣ ਹੈ—ਅਨੁਭਵ--ਸਿੱਧਤਾਵਾਦੀ ਜਾਂ ਤਰਕਵਾਦੀ? ਗਿਆਨ-ਇੰਦਰਿਆਂ ਨੇ ਮਨੁੱਖ ਨੂੰ ਅਕਸਰ ਧੋਖਾ ਦਿਤਾ ਹੈ, ਨਿੱਤਾਪ੍ਰਤਿ ਜੀਵਨ ਵਿਚ ਵੀ ਅਤੇ ਬੋਧ-ਪਰਾਪਤੀ ਵਿਚ ਵੀ। ਆਕਾਸ਼ ਵਿਚ ਸੂਰਜ ਦੀ ਗਤੀ ਨੂੰ ਦੇਖਦਿਆਂ ਲੋਕਾਂ ਨੇ ਨਿਰਣਾ ਕੀਤਾ ਕਿ ਸੂਰਜ ਧਰਤੀ ਦੁਆਲੇ ਚੱਕਰ ਕੱਟਦਾ ਹੈ। ਇਸਲਈ ਜਦੋਂ ਨਿਕੋਲਾਸ ਕੋਪਰਨੀਕਸ ਨੇ ਸਾਬਤ ਕਰ ਦਿਤਾ ਕਿ ਗੱਲ ਇਸਤੋਂ ਉਲਟ ਹੈ, ਤਾਂ ਉਹਨਾਂ ਨੂੰ ਸਦਮਾ ਪਹੁੰਚਾ। ਪਰ ਮਨ ਵੀ ਮਨੁੱਖ ਨੂੰ ਧੋਖਾ ਦੇਂਦਾ ਰਿਹਾ

ਅਤੇ ਦਿੱਸਦੇ ਨੂੰ ਹਕੀਕਤ ਨਾਲ ਇਕਮਿਕ ਕਰਨ ਵੱਲ ਲੈ ਜਾਂਦਾ ਰਿਹਾ ਹੈ। ਆਪਣੇ ਹੀ ਸਿਧਾਂਤ ਨੂੰ ਆਪਣੇ ਆਧਾਰ ਵਜੋਂ ਵਰਤਦਿਆਂ ਗਿਓਰਗ ਹੀਗਲ ਨੇ, ਉਦਾਹਰਣ ਵਜੋਂ, ਦਾਅਵਾ ਕੀਤਾ ਕਿ ਮੰਗਲ ਅਤੇ ਬ੍ਰਹਿਸਪਤ ਦੇ ਵਿਚਕਾਰ ਕੋਈ ਹੋਰ ਗ੍ਰਹਿ ਹੋ ਹੀ ਨਹੀਂ ਸਕਦਾ; ਪਰ ਉਸਨੇ ਅਜੇ ਆਪਣੀ ਇਸ ਕਥਨ ਵਾਲੀ ਕਿਰਤ ਪ੍ਰਕਾਸ਼ਤ ਹੀ ਕੀਤੀ ਸੀ ਕਿ ਤਾਰਾ-ਵਿਗਿਆਨੀ ਜੁਜ਼ੇੱਪੇ ਪਿਆਜ਼ੀ ਨੇ ਸੰਕੇਤ ਕੀਤੀ ਗਈ ਥਾਂ ਵਿਚ ਇਕ ਗ੍ਰਹਿ ਲੱਭ ਲਿਆ ਜਿਸਨੂੰ ਉਸਨੇ "ਸੇਰੇਸ" ਦਾ ਨਾਂ ਦੇ ਦਿਤਾ।

ਤਾਂ ਫਿਰ ਵਿਵਾਦ ਮੁਕਾਇਆ ਕਿਵੇਂ ਜਾਏ? ਇਸਦੇ ਵਖੋ ਵਖਰੇ ਤਰੀਕੇ ਹਨ। ਇਕ ਇਹ ਹੈ: ਪੁਰਾਤਨ ਇਤਿਹਾਸਕਾਰ ਪਲੂਟਾਰਕ ਨੇ ਕਹਾਣੀ ਸੁਣਾਈ ਕਿ ਕਿਵੇਂ ਇਕ ਦਿਨ ਸਿਕੰਦਰ ਮਹਾਨ ਨੂੰ ਇਕ ਪੀਡੀ ਗੰਢ ਦਿਖਾਈ ਗਈ। ਕਹਿੰਦੇ ਹਨ ਕਿ ਇਹ ਗੰਢ ਫਰੀਜੀਆ ਦੇ ਰਾਜਾ ਗਾਰਡੀਅਸ ਨੇ ਬੰਨ੍ਹੀ ਸੀ। ਜਿਹੜਾ ਵੀ ਕੋਈ ਇਸ ਗੰਢ ਨੂੰ ਖੋਹਲ ਲੈਂਦਾ, ਉਸਨੇ ਸਾਰੇ ਏਸ਼ੀਆ ਦਾ ਰਾਜਾ ਬਣਨਾ ਸੀ। ਸਿਕੰਦਰ ਨੂੰ ਨਹੀਂ ਸੀ ਪਤਾ ਕਿ ਗੰਢ ਕਿਵੇਂ ਖੋਹਲਣੀ ਹੈ, ਪਰ ਉਸਨੇ ਆਪਣੀ ਤਲਵਾਰ ਨਾਲ ਇਸਨੂੰ ਕੱਟ ਕੇ ਮਸਲਾ ਹਲ ਕਰ ਲਿਆ। ਬੋਧ-ਪਰਾਪਤੀ ਬਾਰੇ ਵੀ ਇਹੋ ਸੱਚ ਹੈ।

ਇੰਦਰਿਆਵੀ ਅਨੁਭਵ ਅਤੇ ਮਨ ਵਿਚਕਾਰ ਸੰਬੰਧ ਦਾ ਮਸਲਾ "ਗਾਰਡੀਅਸ ਦੀ ਗੰਢ" ਵਰਗਾ ਹੀ ਹੈ। ਅਤੇ ਨਿਰਣੇ ਵਜੋਂ ਇਹ ਮੰਨਣਾ ਪੈਂਦਾ ਹੈ ਕਿ ਬੋਧ-ਪਰਾਪਤੀ ਫ਼ੌਰੀ ਇੰਦਰਿਆਵੀ ਪ੍ਰਭਾਵਾਂ ਤੋਂ ਸ਼ੁਰੂ ਹੁੰਦੀ ਹੈ। ਆਓ ਇਕ ਉਦਾਹਰਣ ਦੇਈਏ: ਇਕ ਬਾਲ ਕੁਝ ਰੰਗਾਂ ਦਾ ਨਿਖੇੜ ਕਰ ਸਕਦਾ ਹੈ; ਇਹ ਆਵਾਜ਼ਾਂ ਅਤੇ ਗਤੀ ਵੱਲ ਪ੍ਰਤਿਕਰਮ ਦੇਂਦਾ ਹੈ; ਮਗਰੋਂ ਉਹ ਵਸਤਾਂ ਦੇ ਰੂਪ, ਆਕਾਰ ਅਤੇ ਮਾਤਰਾ ਦੇਖਣਾ ਸ਼ੁਰੂ ਕਰ ਦੇਂਦਾ ਹੈ,

ਭਾਵੇਂ ਕਿ ਉਹ ਅਜੇ ਕੋਈ ਵਿਚਾਰ ਨਹੀਂ ਰੱਖਦਾ, ਬਿਲਕੁਲ ਮੁਢਲੇ ਜਿਹੇ ਵਿਚਾਰ ਵੀ ਨਹੀਂ। ਇਸਤੋਂ ਪਤਾ ਲੱਗਦਾ ਹੈ ਕਿ ਇੰਦਰਿਆਵੀ ਪ੍ਰਭਾਵ, ਅੰਤਮ ਵਿਸ਼ਲੇਸ਼ਣ ਵਿਚ, ਗਿਆਨ ਦੀ ਨੀਂਹ ਅਤੇ ਸੋਮਾ ਹੁੰਦੇ ਹਨ। ਪਰ ਇਸ ਅਮਲ ਵਿਚ ਮਨੁੱਖ ਦਾ ਇੰਦਰਿਆਵੀ ਤਜਰਬਾ ਆਪਣੇ ਆਪ ਕੰਮ ਨਹੀਂ ਕਰਦਾ, ਸਗੋਂ ਸਾਂਝੇ ਸਮਾਜੀ-ਇਤਿਹਾਸਕ ਤਜਰਬੇ ਅਤੇ ਗਿਆਨ ਨਾਲ ਮਿਲ ਕੇ ਹੀ ਕੰਮ ਕਰਦਾ ਹੈ। ਨਾ ਕਿਰਤ ਵਿਚ ਅਤੇ ਨਾ ਬੋਧ--ਪਰਾਪਤੀ ਵਿਚ ਮਨੁੱਖ ਇਕੱਲਾ ਹੈ। ਉਸਦੀ ਰਾਬਿਨਸਨ ਕਰੂਸੋ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਜਿਹੜਾ ਜਦੋਂ ਆਪਣੇ ਆਪ ਨੂੰ ਵੀਰਾਨ ਟਾਪੂ ਉਤੇ ਪਾਉਂਦਾ ਹੈ, ਤਾਂ ਸਭ ਕੁਝ ਨਵੇਂ ਸਿਰਿਉਂ ਕਰਨ ਲਈ ਅਤੇ ਸੰਸਾਰ ਨੂੰ ਇਕਤਰ੍ਹਾਂ ਨਾਲ ਨਵੇਂ ਸਿਰਿਉਂ ਜਾਣਨ ਲਈ ਮਜਬੂਰ ਹੋ ਜਾਂਦਾ ਹੈ। ਪਰ ਸੱਚੀ ਗੱਲ ਇਹ ਹੈ ਕਿ ਕਰੂਸੋ ਵੀ ਸਮਾਜ ਨਾਲੋਂ ਪੂਰੀ ਤਰ੍ਹਾਂ ਕੱਟਿਆ ਹੋਇਆ ਨਹੀਂ ਸੀ, ਕਿਉਂਕਿ ਉਹ ਉਸ ਤਜਰਬੇ ਅਤੇ ਗਿਆਨ ਤੋਂ ਸਹਾਇਤਾ ਲੈ ਰਿਹਾ ਸੀ ਜਿਹੜਾ ਉਸਨੇ ਲੋਕਾਂ ਵਿਚ ਰਹਿੰਦਿਆਂ ਪਰਾਪਤ ਕੀਤਾ ਸੀ। ਇਸਤੋਂ ਇਲਾਵਾ ਉਹ ਉਹਨਾਂ ਚੀਜ਼ਾਂ ਅਤੇ ਸੰਦਾਂ ਦੀ ਵਰਤੋਂ ਕਰਦਾ ਹੈ ਜਿਹੜੇ ਉਹ ਜਹਾਜ਼ ਤਬਾਹ ਹੋਣ ਤੋਂ ਪਿਛੋਂ ਸਮੁੰਦਰ ਵਿਚੋਂ ਕੱਢ ਲਿਆਉਣ ਵਿਚ ਸਫ਼ਲ ਹੋ ਸਕਿਆ ਸੀ, ਅਤੇ ਉਹ ਆਪਣੀ ਮੁਢਲੀ ਜਿਹੀ ਆਰਥਕਤਾ ਕਾਇਮ ਕਰਨ ਲਈ ਉਹਨਾਂ ਦੀ ਵਰਤੋਂ ਕਰਦਾ ਹੈ।

### ਗਿਆਨ-ਇੰਦਰੇ ਸੰਸਾਰ ਵੱਲ ਖੁਲ੍ਹਦੀਆਂ ਬਾਰੀਆਂ ਹਨ

ਬੋਧ-ਪਰਾਪਤੀ ਦਾ ਅਮਲ ਜਿਸ ਤਰੀਕੇ ਨਾਲ ਵਾਪਰਦਾ ਹੈ, ਆਓ ਉਸ ਉਤੇ ਵਿਚਾਰ ਕਰੀਏ। ਇਹ ਗੰਭੀਰ ਨਿਰੀਖਣ ਤੋਂ, ਇੰਦਰਿਆਵੀ ਪ੍ਰਭਾਵਾਂ (ਬਿੰਬਾਂ) ਤੋਂ, ਜੋ ਕੁਝ ਅਸੀਂ ਦੇਖਦੇ

ਹਾਂ ਉਸਤੋਂ, ਤੁਰਤ ਮਗਰੋਂ ਸ਼ੁਰੂ ਹੁੰਦਾ ਹੈ। ਅਸੀਂ ਚੀਜ਼ਾਂ ਨੂੰ ਛੂਹ ਕੇ, ਅਤੇ ਆਪਣੇ ਦੂਜੇ ਗਿਆਨ-ਇੰਦਰੇ ਵਰਤ ਕੇ, ਉਹਨਾਂ ਨੂੰ ਦੇਖ, ਸੁਣ ਅਤੇ ਮਹਿਸੂਸ ਕਰ ਸਕਦੇ ਹਾਂ। ਪ੍ਰਾਚੀਨ ਚੀਨੀ ਫ਼ਿਲਾਸਫ਼ਰ **ਸੂਨਜ਼ੂ** ਦਾ ਕਹਿਣਾ ਸੀ ਕਿ ਮਨੁੱਖ ਦੇ ਕੰਨ, ਅੱਖਾਂ, ਨੱਕ, ਮੂੰਹ ਅਤੇ ਚਮੜੀ ਉਸਨੂੰ ਵਸਤਾਂ ਦੇ ਸੰਪਰਕ ਵਿਚ ਆਉਣ ਦੇ ਯੋਗ ਬਣਾਉਂਦੇ ਹਨ। ਅਸੀਂ ਰੰਗਾਂ (ਲਾਲ ਜਾਂ ਨੀਲਾ), ਰੂਪ ਅਤੇ ਆਕਾਰ (ਗੋਲ, ਤਿਕੋਣਾ, ਜਾਂ ਦਰੱਖਤ), ਆਵਾਜ਼ਾਂ (ਪੱਤਿਆਂ ਦੀ ਸਰਸਰ, ਪੰਛੀ ਦਾ ਗੀਤ), ਸਪਰਸ਼ (ਸਖ਼ਤ, ਪੱਧਰੀ ਜਾਂ ਖੁਰਦਰੀ ਸਤਹ), ਤਾਪਮਾਨ (ਗਰਮ ਜਾਂ ਸਰਦ), ਅਤੇ ਸਵਾਦ (ਕੌੜਾ, ਮਿੱਠਾ, ਜਾਂ ਖੱਟਾ) ਵਿਚਕਾਰ ਨਿਖੇੜ ਕਰਦੇ ਹਾਂ।

**ਇੰਦਰਿਆਵੀ ਅਨੁਭਵ** ਸਾਡੇ ਗਿਆਨ ਦਾ ਸੋਮਾ ਹਨ, ਉਹ ਵਸਤਾਂ ਦੀਆਂ ਕੁਝ ਖਾਸੀਅਤਾਂ, ਗੁਣਾਂ ਅਤੇ ਲੱਛਣਾਂ ਬਾਰੇ ਸਾਨੂੰ ਜਾਣਕਾਰੀ ਦੇਂਦੇ ਹਨ। ਪਰ ਹਕੀਕਤ ਵਿਚ ਅਸੀਂ ਵਸਤਾਂ ਅਤੇ ਵਰਤਾਰਿਆਂ ਦੇ ਵਖੋ ਵਖਰੇ ਪੱਖਾਂ ਨਾਲ ਨਹੀਂ ਸਗੋਂ ਪੂਰੀਆਂ ਦੀਆਂ ਪੂਰੀਆਂ ਵਸਤਾਂ ਨਾਲ ਸੰਪਰਕ ਵਿਚ ਆਉਂਦੇ ਹਾਂ। ਉਦਾਹਰਣ ਵਜੋਂ, ਅਸੀਂ ਇਕ ਹਰਾ ਖੇਤ, ਨੀਲਾ ਆਕਾਸ਼, ਉੱਚੇ ਦਰੱਖਤ, ਦੂਰ ਦੇ ਰੌਸ਼ਨ ਸਿਤਾਰੇ, ਘਰ, ਦੇਖਦੇ ਹਾਂ... ਅਸੀਂ ਪੈ ਰਹੇ ਮੀਂਹ ਦਾ ਸ਼ੋਰ ਅਤੇ ਬਿਜਲੀ ਦੀ ਕੜਕ ਸੁਣਦੇ ਹਾਂ। **ਅਨੁਭੂਤੀ** ਕਿਸੇ ਵਸਤ ਦੀ ਸਮੁੱਚੇ ਤੌਰ ਉਤੇ ਇੰਦਰਿਆਵੀ ਛਾਪ (ਬਿੰਬ) ਹੁੰਦੀ ਹੈ ਜਿਹੜੀ ਇਸਦੇ ਰੂਪ ਅਤੇ ਆਕਾਰ ਨੂੰ, ਜਗ੍ਹਾ ਦੇ ਪੱਖੋਂ ਇਸਦੇ ਟਿਕਾਣੇ ਆਦਿ ਨੂੰ ਪ੍ਰਤਿਬਿੰਬਤ ਕਰਦੀ ਹੈ। ਗਿਆਨ-ਇੰਦਰੇ ਬੜੇ ਸੂਖਮ ਹੁੰਦੇ ਹਨ, ਫਿਰ ਵੀ ਉਹਨਾਂ ਦੀਆਂ ਆਪਣੀਆਂ ਸੀਮਾਂ ਹੁੰਦੀਆਂ ਹਨ, ਅਤੇ ਉਹ ਵਸਤਾਂ ਦੀਆਂ ਸਾਰੀਆਂ ਖਾਸੀਅਤਾਂ ਸਾਡੇ ਸਾਮ੍ਹਣੇ ਪਰਗਟ ਨਹੀਂ ਕਰ ਸਕਦੇ। ਅਸੀਂ ਨਿਮਨ-ਲਾਲ ਅਤੇ ਪਰਾਬਨਫ਼ਸ਼ੀ ਕਿਰਨਾਂ ਵਿਚ

ਚੀਜ਼ਾਂ ਨਹੀਂ ਦੇਖ ਸਕਦੇ, ਐਟਮ ਅਤੇ ਮਾਲੀਕਿਊਲ ਨਹੀਂ ਦੇਖ ਸਕਦੇ; ਨਾ ਹੀ ਅਸੀਂ ਪਰਾਧੁਨੀ ਸੁਣ ਸਕਦੇ ਹਾਂ (ਭਾਵੇਂ ਕਿ ਪਤੰਗੇ ਨਿਮਨ-ਲਾਲ ਰੌਸ਼ਨੀ ਨੂੰ ਦੇਖ ਸਕਦੇ ਹਨ; ਚਮਗਾਦੜ ਪਰਾਧੁਨੀ ਨੂੰ ਸੁਣ ਸਕਦੇ ਹਨ ਅਤੇ ਇਸਨੂੰ ਪੁਲਾੜ ਵਿਚ ਆਪਣੀ ਦਿਸ਼ਾ ਨਿਰਧਾਰਿਤ ਕਰਨ ਲਈ ਵਰਤਦੇ ਹਨ; ਅਤੇ ਦੀਮਕ ਧਰਤੀ ਦੇ ਚੁੰਬਕੀ ਖੇਤਰ ਨੂੰ ਵੀ ਮਹਿਸੂਸ ਕਰ ਲੈਂਦੇ ਹੈ)। ਅਰਸਤੂ ਦੇ ਸਮੇਂ ਤੋਂ ਹੀ ਇਹ ਪਤਾ ਹੈ ਕਿ ਦੁਨੀਆਂ ਨਾਲ ਇੰਦਰਿਆਵੀ ਸੰਪਰਕ ਦੇ ਪੰਜ ਸਿਸਟਮ, ਪੰਜ ਰਸਤੇ ਹਨ: ਨੀਝ, ਸੁਣਨ, ਸੁੰਘਣ, ਸਪਰਸ਼ ਅਤੇ ਸੁਆਦ। ਹੀਗਲ ਦਾ ਕਹਿਣਾ ਸੀ ਕਿ ਬਿਲਕੁਲ ਇਹੀ ਪੰਜ ਗਿਆਨ-ਇੰਦਰੇ ਹਨ ਜਿਹੜੇ ਮਨੁੱਖ ਲਈ ਉਚਿਤ ਤੌਰ ਉਤੇ ਜ਼ਰੂਰੀ ਹਨ। ਨੀਝ ਰੌਸ਼ਨੀ ਵੱਲ ਸੇਧ ਰੱਖਦੀ ਹੈ, ਅਰਥਾਤ, ਐਸੇ ਪੁਲਾੜ ਵੱਲ ਜਿਹੜਾ ਭੌਤਕ ਬਣ ਚੁੱਕਾ ਹੈ, ਅਤੇ ਕੰਨ ਧੁਨੀ ਵੱਲ, ਅਰਥਾਤ ਸਮੇਂ ਵੱਲ ਜਿਹੜਾ ਭੌਤਕ ਬਣ ਚੁੱਕਾ ਹੈ, ਆਦਿ। ਸਮਕਾਲੀ ਵਿਗਿਆਨਕ ਵਰਗੀਕਰਣ ਵਧੇਰੇ ਨਿਸਚਿਤ, ਵਧੇਰੇ ਨਿਖੇੜਮਈ ਹੈ। ਉਦਾਹਰਣ ਵਜੋਂ, ਇਹ ਭੁੱਖ, ਪਿਆਸ, ਪੀੜ, ਗਰਮੀ, ਸਰਦੀ, ਸੰਤੁਲਨ, ਥਾਂ-ਬਦਲੀ ਆਦਿ ਵਿਚ ਨਿਖੇੜ ਕਰਦਾ ਹੈ। ਫਿਰ ਵੀ, ਅਰਸਤੂ ਨੇ ਜਿਨ੍ਹਾਂ ਪੰਜ ਗਿਆਨ--ਇੰਦਰਿਆਂ ਦਾ ਜ਼ਿਕਰ ਕੀਤਾ ਸੀ, ਉਹ ਅਜੇ ਵੀ ਬੁਨਿਆਦੀ ਚੱਲੇ ਆ ਰਹੇ ਹਨ। ਵਿਗਿਆਨ ਜ਼ੋਰ ਦੇਂਦਾ ਹੈ ਕਿ ਜੀਵਤ ਸ਼ਰੀਰ ਉਸ ਮਾਧਿਅਮ ਨਾਲ, ਜਿਸ ਵਿਚ ਇਹ ਜਿਊਂਦਾ ਹੈ, ਨਿਰੰਤਰ ਇੰਦਰਿਆਵੀ ਸੰਪਰਕ ਵਿਚ ਰਹਿਣਾ ਚਾਹੀਦਾ ਹੈ। ਰੌਸ਼ਨੀ, ਆਵਾਜ਼ ਜਾਂ ਹੋਰ ਸੰਕੇਤਾਂ ਵਿਚ ਕੋਈ ਵੀ ਰੁਕਾਵਟ ਖ਼ਤਰਨਾਕ ਅਸਰ ਰੱਖ ਸਕਦੀ ਹੈ। ਉਦਾਹਰਣ ਵਜੋਂ, ਦਰਸ਼ੀ ਅਤੇ ਸ਼ਰਵਣੀ ਅਨੁਭੂਤੀਆਂ ਤੋ ਪੂਰੀ ਤਰ੍ਹਾਂ ਅਲੱਗ ਕਰ ਦਿਤੇ ਗਏ ਮਨੁੱਖ ਵਿਚ ਮਾਨਸਿਕ ਵਿਗਾੜ ਦੇ ਚਿੰਨ੍ਹ ਦਿੱਸਣੇ ਸ਼ੁਰੂ

ਹੋ ਜਾਂਦੇ ਹਨ। ਇਹ ਗੱਲ ਨਿਰੀਖਣ ਨਾਲ ਸਥਾਪਤ ਕੀਤੀ ਜਾ ਚੁੱਕੀ ਹੈ, ਤਜਰਬਿਆਂ ਨਾਲ ਪਰਖੀ ਜਾ ਚੁੱਕੀ ਹੈ, ਅਤੇ ਸਿਧਾਂਤ ਰੂਪ ਵਿਚ ਇਸਦੀ ਸੌਖੀ ਤਰ੍ਹਾਂ ਵਿਆਖਿਆ ਕੀਤੀ ਜਾ ਸਕਦੀ ਹੈ। ਮਨੁੱਖ ਪ੍ਰਕਿਰਤੀ ਦੀ ਉਪਜ ਅਤੇ ਇਸਦਾ ਇਕ ਅੰਗ ਹੈ, ਇਸਲਈ ਉਹ ਦੁਆਲੇ ਦੇ ਸੰਸਾਰ ਅਤੇ ਬੋਧਾਤਮਕ ਸਰਗਰਮੀਆਂ ਨਾਲ ਅਟੁੱਟ ਸੰਬੰਧ ਤੋਂ ਬਾਹਰ ਜਿਊਂਦਾ ਨਹੀਂ ਰਹਿ ਸਕਦਾ। ਅਤੇ ਇੰਦਰਿਆਵੀ ਅਨੁਭੂਤੀਆਂ ਬਿਲਕੁਲ ਉਹ ਚੀਜ਼ ਹਨ, ਜਿਹੜੀ ਸਾਨੂੰ ਸੰਸਾਰ ਨਾਲ ਜੋੜਦੀ ਹੈ।

ਅਸੀਂ ਪੁੱਛ ਸਕਦੇ ਹਾਂ: ਗਿਆਨ-ਇੰਦਰਿਆਂ ਦੀ ਸੀਮਤ, ਸਗੋਂ ਚੋਣਮਈ ਪ੍ਰਕਿਰਤੀ ਦਾ ਕਾਰਨ ਕੀ ਹੈ? ਇਹ ਜੀਵਤ ਸ਼ਰੀਰ ਦੀ ਹੋਂਦ ਦੀ ਪ੍ਰਕਿਰਤੀ ਅਤੇ ਵਿਧੀ ਉਪਰ ਨਿਰਭਰ ਕਰਦਾ ਹੈ। ਗਿਆਨ-ਇੰਦਰੇ ਉਹੀ ਕੁਝ ਅਨੁਭਵ ਕਰਦੇ ਹਨ, ਜੋ ਕੁਝ ਕਿ ਸੰਬੰਧਤ ਸ਼ਰੀਰ ਲਈ ਬੁਨਿਆਦੀ ਮਹੱਤਾ ਰੱਖਦਾ ਹੈ, ਜੋ ਕੁਝ ਇਸਲਈ ਸੰਸਾਰ ਵਿਚ ਆਪਣੀ ਦਿਸ਼ਾ-ਨਿਰਧਾਰਿਤ ਕਰਨ ਵਾਸਤੇ ਜ਼ਰੂਰੀ ਹੁੰਦਾ ਹੈ। ਉਦਾਹਰਣ ਵਜੋਂ, ਮਧੂਮੱਖੀ ਉਹਨਾਂ ਰੂਪਾਂ ਨੂੰ ਸਪਸ਼ਟ ਤੌਰ ਉਤੇ ਅਨੁਭਵ ਕਰ ਲੈਂਦੀ ਹੈ ਜਿਹੜੇ ਫੁੱਲਾਂ ਨਾਲ ਮਿਲਦੇ-ਜੁਲਦੇ ਹਨ, ਪਰ ਤਿਕੋਣ, ਮੁਰੱਬਾ ਜਾਂ ਮੁਸਤਤੀਲ ਵਰਗੇ ਰੇਖਾ-ਗਣਿਤੀ ਆਕਾਰਾਂ ਵਿਚ ਨਿਖੇੜ ਨਹੀਂ ਕਰ ਸਕਦੀ। ਮਨੁੱਖ ਦੇ ਗਿਆਨ-ਇੰਦਰਿਆਂ ਦੇ ਪ੍ਰਬੰਧ ਨੇ ਇਤਿਹਾਸਕ ਤੌਰ ਉਤੇ ਰੂਪ ਧਾਰਿਆ ਹੈ। ਪਦਾਰਥਵਾਦੀ ਲੁਡਵਿਗ ਫ਼ਿਉਰਬਾਖ਼ ਨੇ ਇਕ ਵਾਰੀ ਕਿਹਾ ਸੀ ਕਿ ਮਨੁੱਖ ਕੋਲ ਬਿਲਕੁਲ ਓਨੇ ਹੀ ਗਿਆਨ-ਇੰਦਰੇ ਹਨ ਜਿੰਨੇ ਸੰਸਾਰ ਦੀ ਠੀਕ ਠੀਕ ਅਨੁਭੂਤੀ ਲਈ ਉਸਨੂੰ ਲੁੜੀਂਦੇ ਹਨ।* ਇੰਦਰਿਆਵੀ

---

*ਦੇਖੋ, ਵ.ਇ. ਲੈਨਿਨ "ਫ਼ਿਉਰਬਾਖ਼ ਦੀ ਪੁਸਤਕ 'ਧਰਮ ਦੇ ਸਾਰ-ਤੱਤ ਬਾਰੇ ਲੈਕਚਰ' ਦਾ ਸੰਖੇਪ ਖਾਕਾ", ਕਿਰਤ ਸੰਗ੍ਰਹਿ, ਸੈਂਚੀ ੩੮, ਸਫ਼ਾ ੭੧।

ਪ੍ਰਭਾਵ ਮਨੁੱਖ ਨੂੰ ਸੰਸਾਰ ਬਾਰੇ ਮੁਢਲਾ ਗਿਆਨ ਦੇਂਦੇ ਹਨ। ਇਹ ਗਿਆਨ ਜਿਊਂਦੇ ਰਹਿਣ ਅਤੇ ਅਮਲੀ ਸਰਗਰਮੀਆਂ ਵਿਚ ਜੁੱਟਣ ਲਈ ਲਾਜ਼ਮੀ ਹੈ। ਇਸਦੇ ਨਾਲ ਹੀ, ਇਹ ਸੰਸਾਰ ਵੱਲ ਮਨੁੱਖ ਦਾ ਵਤੀਰਾ ਪਰਗਟ ਕਰਨ ਦਾ ਕੰਮ ਦੇਂਦੇ ਹਨ। ਫੁੱਲ, ਗੰਧ, ਸੁਆਦ ਜਾਂ ਆਵਾਜ਼ ਦੀ ਅਨੁਭੂਤੀ ਮਨੁੱਖ ਵਿਚ ਕੁਝ ਐਸੇ ਅਹਿਸਾਸ ਜਗਾਉਂਦੀ ਹੈ ਜਿਹੜੇ ਪਸ਼ੂਆਂ ਲਈ ਓਪਰੇ ਹਨ, ਅਰਥਾਤ, ਜਜ਼ਬੇ। ਦਰਸ਼ੀ ਪ੍ਰਭਾਵ, ਜਿਹੜੇ ਸੰਸਾਰ ਵਿਚ ਆਪਣੀ ਦਿਸ਼ਾ-ਨਿਰਧਾਰਿਤ ਕਰਨ ਲਈ ਅਤੇ ਸਰਗਰਮੀ ਲਈ ਮਨੁੱਖ ਵਾਸਤੇ ਆਧਾਰ ਬਣਦੇ ਹਨ, ਸੁੰਦਰ ਧਰਤ-ਦ੍ਰਿਸ਼, ਜਾਂ ਕਲਾ ਵਸਤ —ਪੇਂਟਿੰਗ, ਬੁੱਤ, ਭਵਨ-ਕਲਾ ਆਦਿ ਦੀ ਸੁਹਜਾਤਮਕ ਪ੍ਰਸੰਸਾ ਨਾਲ ਵੀ ਜੋੜੇ ਜਾ ਸਕਦੇ ਹਨ।

ਸਪਰਸ਼ੀ ਅਨੁਭੂਤੀਆਂ ਇੰਦਰਿਆਵੀ ਗਿਆਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਇਹ ਚੀਜ਼ ਸਭ ਤੋਂ ਪਹਿਲਾਂ ਫ਼ਰਾਂਸੀਸੀ ਪਦਾਰਥਵਾਦੀ ਫ਼ਿਲਾਸਫ਼ਰ **ਏਤੀਆਂ ਬੋਨੋ** ਦੇ' **ਕਾਂਦੀਲਾਕ** ਨੇ ਦੇਖੀ ਜਿਸਨੇ ਵਖੋਂ ਵਖਰੇ ਗਿਆਨ-ਇੰਦਰੇ ਰੱਖਦੇ ਇਕ ਬੁੱਤ ਦਾ ਬਿੰਬ ਸਿਰਜਿਆ। ਇਹਨਾਂ ਵਿਚੋਂ ਸਭ ਤੋਂ ਸਰਲ, ਸੁੰਘਣ ਵਾਲਾ ਗਿਆਨ-ਇੰਦਰਾ, ਧਿਆਨ ਨੂੰ ਰੂਪ ਦੇਂਦਾ ਹੈ, ਖੁਸ਼ੀ ਅਤੇ ਕਸ਼ਟ ਦੇਂਦਾ ਹੈ: ਮਗਰੋਂ ਸੁਆਦ, ਸੁਣਨ-ਸ਼ਕਤੀ ਅਤੇ ਨੀਝ ਦਾ ਵਿਕਾਸ ਹੁੰਦਾ ਹੈ। ਅਤੇ ਮੁੱਖ ਗਿਆਨ-ਇੰਦਰਾ, ਕਾਂਦੀਲਾਕ ਅਨੁਸਾਰ ਬਾਕੀ ਸਾਰੇ ਗਿਆਨ-ਇੰਦਰਿਆਂ ਦਾ "ਅਧਿਆਪਕ", ਸਪਰਸ਼ ਹੈ, ਕਿਉਂਕਿ ਇਹ ਬਾਕੀ ਸਾਰੇ ਗਿਆਨ-ਇੰਦਰਿਆਂ ਦੀ ਸਰਗਰਮੀ ਦੇ ਵਿਚਲੀ ਕੜੀ ਬਣਦਾ ਹੈ, ਪ੍ਰਭਾਵਾਂ ਨੂੰ ਕਲਪਣਾ-ਰੂਪੀ ਪ੍ਰਕਿਰਤੀ ਦੇਂਦਾ ਹੈ ਅਤੇ ਇਸਤਰ੍ਹਾਂ ਮਨੁੱਖ ਨੂੰ ਸੰਸਾਰ ਦਾ ਗਿਆਨ ਦੇਂਦਾ ਹੈ। ਇਸ ਵਿਚਾਰ ਦੀ ਮਗਰੋਂ ਤਜਰਬਿਆਂ ਰਾਹੀਂ ਵੀ ਪੁਸ਼ਟੀ ਕੀਤੀ ਗਈ। ਇਕ ਆਦਮੀ, ਜਿਹੜਾ ਓਪਰੇਸ਼ਨ ਤੋਂ ਮਗਰੋਂ ਨੀਝ ਮੁੜ-ਪਰਾਪਤ ਕਰਦਾ ਹੈ

ਵਸਤਾਂ ਨੂੰ ਠੀਕ ਤਰ੍ਹਾਂ ਦੇਖ ਨਹੀਂ ਸਕਦਾ—ਉਹ ਸਿਰਫ਼ ਰੰਗਾਂ ਦੇ ਧੱਬੇ ਹੀ ਅਨੁਭਵ ਕਰ ਸਕਦਾ ਹੈ। ਜਦੋਂ ਉਸਦਾ ਹੱਥ ਉਸਦੀ ਅੱਖ ਨੂੰ "ਵਿਦਿਆ" ਜਾਂ "ਸਿਖਲਾਈ" ਦੇ ਦੇਂਦਾ ਹੈ; ਉਸਤੋਂ ਪਿਛੋਂ ਹੀ ਸਿਰਫ਼ ਸਪਰਸ਼ੀ ਪ੍ਰਭਾਵਾਂ ਨਾਲ ਮਿਲ ਕੇ ਉਹ ਵਸਤਾਂ ਨੂੰ ਸਾਕਾਰ ਦੇਖ ਸਕਣ ਦੀ ਸਮਰੱਥਾ ਪਰਾਪਤ ਕਰਦਾ ਹੈ।

ਸਾਡੇ ਇੰਦਰਿਆਵੀ ਪ੍ਰਭਾਵ (ਇੰਦਰਿਆਵੀ ਅਨੁਭਵ ਅਤੇ ਅਨੁਭੂਤੀਆਂ) ਸੋਚਨੀ ਨਾਲ ਜੁੜੇ ਹੋਏ ਹਨ, ਇਹ ਚੇਤੰਨ ਖ਼ਾਸਾ ਰੱਖਦੇ ਹਨ। ਉਦਾਹਰਣ ਵਜੋਂ, ਪੁਰਾਤਨ ਫ਼ਿਲਾਸਫ਼ਰਾਂ ਨੇ ਕਲਪਣਾ ਕੀਤੀ ਸੀ ਕਿ ਸੰਸਾਰ ਐਟਮਾਂ ਤੋਂ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਕੋਈ ਵੀ ਗਿਆਨ-ਇੰਦਰਿਆਂ ਰਾਹੀਂ ਮਹਿਸੂਸ ਨਹੀਂ ਕਰ ਸਕਦਾ। ਐਟਮਾਂ ਨੂੰ ਵਖੋ ਵਖਰੀ ਤਰ੍ਹਾਂ ਨਾਲ ਚਿਤ੍ਰਿਆ ਗਿਆ: ਨਿੱਕੇ ਨਿੱਕੇ ਵਖੋ ਵਖਰੀ ਤਰ੍ਹਾਂ ਦੇ ਰੂਪਾਂ ਵਜੋਂ ਜਿਨ੍ਹਾਂ ਨੂੰ ਕੰਡੇ ਅਤੇ ਹੁੱਕਾਂ ਲੱਗੀਆਂ ਹੋਈਆਂ ਸਨ, ਜਿਹੜੀਆਂ ਉਹਨਾਂ ਨੂੰ ਇਕ ਦੂਜੇ ਨਾਲ ਚੰਬੜੇ ਰਹਿਣ ਵਿਚ ਸਹਾਇਤਾ ਕਰਦੀਆਂ ਸਨ; ਇਕ ਤਰ੍ਹਾਂ ਦੇ ਬਿਲੀਅਰਡ ਦੇ ਗੇਂਦ ਵਜੋਂ, ਜਾਂ ਸੂਰਜੀ ਪ੍ਰਬੰਧ ਵਰਗੀ ਕਿਸੇ ਚੀਜ਼ ਵਜੋਂ, ਆਦਿ। ਐਟਮ ਦਾ ਦਰਸ਼ੀ ਬਿੰਬ ਇਸ ਬਾਰੇ ਗਿਆਨ ਦੀ ਪੱਧਰ ਉਤੇ ਨਿਰਭਰ ਕਰਦਾ ਸੀ। ਇਸਤਰ੍ਹਾਂ ਸੂਰਜੀ ਪ੍ਰਬੰਧ ਨਾਲ ਮਿਲਦਾ ਜੁਲਦਾ ਇਸਦਾ ਮਾਡਲ ਆਧੁਨਿਕ ਭੌਤਕ-ਵਿਗਿਆਨ ਦੇ ਵਿਕਾਸ ਦਾ ਸਿੱਟਾ ਸੀ। ਸਿਤਾਰਿਆਂ ਜੜੇ ਆਕਾਸ਼ ਨੂੰ ਧਿਆਨ ਨਾਲ ਦੇਖਦਿਆਂ, ਲੋਕ ਚਾਨਣ ਦੇ ਨੁਕਤਿਆਂ ਨੂੰ ਇਸਦੇ ਆਰ-ਪਾਰ ਜਾਂਦੇ ਦੇਖ ਸਕਦੇ ਸਨ। ਉਹ ਸੋਚਦੇ ਸਨ ਕਿ ਧਰਤੀ ਇਕ ਪੱਧਰੇ ਤਖ਼ਤੇ ਵਾਂਗ ਸਮੁੰਦਰ ਵਿਚ ਤਰ ਰਹੀ ਹੈ ਅਤੇ ਸਿਤਾਰੇ ਆਕਾਸ਼ ਵਿਚਲੀਆਂ ਮੋਰੀਆਂ ਹਨ। ਆਪਣੇ ਇੰਦਰਿਆਵੀ ਤਜਰਬੇ ਦੇ ਆਧਾਰ ਉਤੇ ਲੋਕ ਸੰਸਾਰ ਦੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕਰਦੇ ਸਨ।

**ਸੰਕਲਪ**, ਜਾਂ ਵਿਚਾਰ ਇੰਦਰਿਆਵੀ ਬੋਧ ਦਾ ਵਧੇਰੇ ਜਟਿਲ ਰੂਪ ਹੈ। ਇਹ ਐਸੀ ਵਸਤ ਬਾਰੇ ਪ੍ਰਭਾਵ ਹੈ ਜਿਸਦੀ ਫ਼ੌਰੀ ਤੌਰ ਉਤੇ ਅਨੁਭੂਤੀ ਨਹੀਂ ਹੋਈ ਹੁੰਦੀ। ਉਦਾਹਰਣ ਵਜੋਂ, ਸਾਡੇ ਮਨ ਵਿਚ ਉਹਨਾਂ ਲੋਕਾਂ ਦੇ ਬਿੰਬ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਕਦੀ ਮਿਲੇ ਹੁੰਦੇ ਹਾਂ, ਜਾਂ ਉਹਨਾਂ ਸ਼ਹਿਰਾਂ ਦੇ ਜਿਨ੍ਹਾਂ ਨੂੰ ਅਸੀਂ ਪਹਿਲਾਂ ਦੇਖਿਆ ਹੁੰਦਾ ਹੈ ਜਾਂ ਜਿਨ੍ਹਾਂ ਵਿਚ ਕਦੀ ਰਹੇ ਹੁੰਦੇ ਹਾਂ। ਇਹ ਸੰਕਲਪ, ਵਿਚਾਰ ਹਨ; ਇਹ ਸਾਡੀ ਯਾਦ-ਸ਼ਕਤੀ ਦੇ ਪ੍ਰਕਾਰਜ ਦੇ ਫਲਸਰੂਪ ਪੈਦਾ ਹੁੰਦੇ ਹਨ। ਸਚਮੁਚ, ਇਕੋ ਹੀ ਚੀਜ਼ ਬਾਰੇ ਵਖੋ ਵਖਰੇ ਲੋਕਾਂ ਦੇ ਬਿਲਕੁਲ ਵਖੋ ਵਖਰੇ ਵਿਚਾਰ ਹੋ ਸਕਦੇ ਹਨ। ਵਿਚਾਰ ਮਨੁੱਖ ਦੇ ਗਿਆਨ, ਉਸਦੇ ਜੀਵਨ-ਤਜਰਬੇ, ਉਸਦੀਆਂ ਸਰਗਰਮੀਆਂ, ਲੋੜਾਂ, ਅਤੇ ਭਾਵਨਾਵਾਂ ਤੋਂ ਪ੍ਰਭਾਵਤ ਹੁੰਦੇ ਹਨ; ਉਹ ਠੋਸ ਵਸਤਾਂ ਅਤੇ ਵਰਤਾਰਿਆਂ ਦੀਆਂ ਆਮ ਖਾਸੀਅਤਾਂ ਬਾਰੇ ਸਾਨੂੰ ਜਾਣਕਾਰੀ ਦੇਂਦੇ ਹਨ। ਇਹਨਾਂ ਸੰਕਲਪਾਂ ਵਿਚ ਉਹਨਾਂ ਦੇ ਸਾਰੇ ਲੱਛਣਾਂ ਬਾਰੇ ਜਾਣਕਾਰੀ ਸ਼ਾਮਲ ਨਹੀਂ ਹੁੰਦੀ: ਮਨੁੱਖ ਉਹਨਾਂ ਵਿਚੋਂ ਕਈਆਂ ਨਾਲੋਂ ਆਪਣੇ ਆਪ ਨੂੰ ਵੱਖ ਕਰ ਲੈਂਦਾ ਹੈ। ਇਹ ਸੰਸਾਰ ਬਾਰੇ ਇੰਦਰਿਆਵੀ ਅਨੁਭਵਾਂ ਅਤੇ ਅਨੁਭੂਤੀਆਂ ਨਾਲੋਂ ਵਧੇਰੇ ਡੂੰਘੀ ਅਤੇ ਵਧੇਰੇ ਆਮ ਤਸਵੀਰ ਪੇਸ਼ ਕਰਦੇ ਹਨ, ਅਤੇ ਚਿੰਤਨ ਦੇ ਨੇੜੇ ਤੇੜੇ ਹੁੰਦੇ ਹਨ। ਚਿੰਤਨ ਕਾਲਪਣਿਕ ਸੰਕਲਪ, ਸਮੇਤ ਵਿਗਿਆਨਕ ਸੰਕਲਪਾਂ ਦੇ, ਸਿਰਜਣ ਵਿਚ ਸਹਾਈ ਹੁੰਦਾ ਹੈ। ਇਹੋ ਜਿਹੇ ਸੰਕਲਪਾਂ ਦੀ ਕਲਾਵਾਂ ਵਿਚ ਵੀ ਵਿਸ਼ਾਲ ਵਰਤੋਂ ਹੁੰਦੀ ਹੈ। ਇਹਨਾਂ ਵਿਚੋਂ ਕੁਝ ਵਿਚਿੱਤਰ ਹੁੰਦੇ ਹਨ—ਉਦਾਹਰਣ ਵਜੋਂ ਜਲਪਰੀ ਦਾ, ਮਾਨਸ-ਘੋੜੇ, ਨਰ-ਸਿੰਗ ਆਦਿ ਦਾ ਬਿੰਬ।

ਅਸੀਂ ਪਹਿਲਾਂ ਕਹਿ ਆਏ ਹਾਂ ਕਿ ਜਜ਼ਬੇ ਸੰਸਾਰ ਵੱਲ ਨੂੰ

ਖੁਲ੍ਹਦੀਆਂ ਬਾਰੀਆਂ ਹਨ। ਪਰ ਕੀ ਸਾਡੇ ਇੰਦਰਿਆਵੀ ਪ੍ਰਭਾਵ ਸੰਸਾਰ ਬਾਰੇ ਸਾਨੂੰ ਹਮੇਸ਼ਾ ਹੀ ਠੀਕ ਠੀਕ ਜਾਣਕਾਰੀ ਦੇਂਦੇ ਹਨ ? ਜਾਂ ਕਿ ਉਹ ਭੁਲਾਵਾ ਰੂਪੀ ਹਨ ? ਇਹ ਐਸੀ ਸਮੱਸਿਆ ਹੈ ਜਿਹੜੀ ਪੁਰਾਤਨ ਸਮਿਆਂ ਵਿਚ ਵੀ ਫ਼ਿਲਾਸਫ਼ਰਾਂ ਦੀ ਦਿਲਚਸਪੀ ਦਾ ਵਿਸ਼ਾ ਰਹੀ ਹੈ। ਉਹਨਾਂ ਵਿਚੋਂ ਕੁਝ ਇਹ ਖ਼ਿਆਲ ਕਰਦੇ ਸਨ ਕਿ ਇੰਦਰਿਆਵੀ ਅਨੁਭਵ ਸਾਨੂੰ ਠੀਕ ਜਾਣਕਾਰੀ ਅਤੇ ਪ੍ਰਮਾਣਿਕ ਗਿਆਨ ਦੇਂਦੇ ਹਨ, ਅਤੇ ਸਾਡੇ ਦੁਆਲੇ ਦਾ ਸੰਸਾਰ ਸਚਮੁਚ ਉਸੇਤਰ੍ਹਾਂ ਦਾ ਹੈ ਜਿਸਤਰ੍ਹਾਂ ਦੀ ਸਾਨੂੰ ਇਸ ਬਾਰੇ ਅਨੁਭੂਤੀ ਹੁੰਦੀ ਹੈ। ਕੁਝ ਹੋਰ ਫ਼ਿਲਾਸਫ਼ਰਾਂ ਨੂੰ ਇਸ ਬਾਰੇ ਸੰਦੇਹ ਸੀ। ਬੇਸ਼ਕ, ਕਦੀ ਕਦੀ ਇਹ ਲੱਗਦਾ ਹੈ ਕਿ ਸਾਡੇ ਗਿਆਨ-ਇੰਦਰੇ ਸਾਨੂੰ ਦੁਨੀਆਂ ਦੀ ਗ਼ਲਤ ਤਸਵੀਰ ਦੇਂਦੇ ਹਨ। ਆਪਣੀ ਮਨੋ-ਸਥਿਤੀ ਅਤੇ ਸਵਾਸਥ ਦੀ ਹਾਲਤ ਉਪਰ ਨਿਰਭਰ ਕਰਦਿਆਂ ਸਾਨੂੰ ਇਕੋ ਹੀ ਚੀਜ਼ ਦੀ ਵਖੋ ਵਖਰੀ ਤਰ੍ਹਾਂ ਦੀ ਅਨੁਭੂਤੀ ਹੁੰਦੀ ਹੈ। ਫਿਰ ਵੀ, ਇੰਦਰਿਆਵੀ ਬਿੰਬ ਦਾ ਵਸਤੂ ਅਬਦਲ ਹੁੰਦਾ ਹੈ। ਭੁਲਾਵੇ ਵੀ ਉਹਨਾਂ ਹਾਲਤਾਂ ਉਪਰ ਨਿਰਭਰ ਕਰਦੇ ਹਨ, ਜਿਨ੍ਹਾਂ ਵਿਚ ਅਨੁਭਵ ਕੀਤਾ ਗਿਆ ਵਰਤਾਰਾ ਹੋਂਦ ਰੱਖਦਾ ਹੈ। ਇਸਤਰ੍ਹਾਂ, ਭਾਵੇਂ ਵਸਤੂ ਦਾ ਆਕਾਰ ਨਹੀਂ ਬਦਲਦਾ, ਪਰ ਉਸ ਫ਼ਾਸਲੇ ਉਤੇ ਨਿਰਭਰ ਕਰਦਿਆਂ, ਜਿਸਤੋਂ ਅਸੀਂ ਇਸਨੂੰ ਦੇਖ ਰਹੇ ਹੁੰਦੇ ਹਾਂ, ਇਹ ਆਪਣੇ ਅਸਲੀ ਆਕਾਰ ਨਾਲੋਂ ਵਡੀ ਜਾਂ ਛੋਟੀ ਲੱਗਦੀ ਹੈ। ਤਾਂ ਵੀ, ਭੁਲਾਵਿਆਂ ਦਾ ਸਿਰਫ਼ ਮਨਫ਼ੀ ਪੱਖ ਦੇਖਣਾ ਗ਼ਲਤੀ ਹੋਵੇਗੀ। ਕਦੀ ਕਦੀ ਉਹ ਸੰਸਾਰ ਦੀਆਂ ਕੁਝ ਖ਼ਾਸੀਅਤਾਂ ਬਾਰੇ ਵਧੇਰੇ ਜਾਣਨ ਵਿਚ ਸਹਾਈ ਹੁੰਦੇ ਹਨ। ਇਸਤਰ੍ਹਾਂ, ਪਾਣੀ ਵਿਚ ਡੁਬੋਈ ਹੋਈ ਸੋਟੀ ਟੁੱਟੀ ਹੋਈ ਲੱਗਦੀ ਹੈ, ਅਤੇ ਇਸ ਪ੍ਰਭਾਵ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਰੌਸ਼ਨੀ ਪਾਣੀ ਵਿਚੋਂ ਅਤੇ ਹਵਾ ਵਿਚੋਂ ਵਖੋ ਵਖਰੇ ਢੰਗ ਨਾਲ ਲੰਘਦੀ ਹੈ। ਖ਼ਾਸੀਅਤਾਂ ਵਿਚਲੇ ਇਸ ਫ਼ਰਕ ਦੀ ਛਾਪ

ਸਾਡੀਆਂ ਅਨੁਭੂਤੀਆਂ ਉਪਰ ਪੈਂਦੀ ਹੈ। ਅਨੁਭੂਤੀਆਂ ਦੀ ਕੁਝ ਸੀਮਾ ਆਪਣੇ ਆਪ ਵਿਚ ਇਕ ਚੰਗਾ ਪੱਖ ਵੀ ਰੱਖਦੀ ਹੈ।

ਲੋਕ ਆਮ ਕਰਕੇ ਇਕ ਖ਼ਾਸ ਹੱਦ ਦੇ ਅੰਦਰ ਹੀ ਦੇਖ, ਸੁਣ ਅਤੇ ਸੁੰਘ ਸਕਦੇ ਹਨ, ਜਿਹੜੀ ਹੱਦ ਕਿ ਸੰਸਾਰ ਵਿਚ ਆਪਣਾ ਥਹੁ-ਪਤਾ ਲੱਭਣ ਲਈ ਕਾਫ਼ੀ ਹੁੰਦੀ ਹੈ। ਜਦੋਂ ਗਿਆਨ--ਇੰਦਰਿਆਂ ਦਾ ਸੀਮਤ ਖ਼ਾਸਾ ਰੁਕਾਵਟ ਬਣ ਜਾਂਦਾ ਹੈ ਤਾਂ ਖ਼ਾਸ "ਵਧਾਉਣ ਜਾਂ ਵਿਸਥਾਰਣ ਵਾਲੇ ਯੰਤਰ" ਵਰਤੇ ਜਾਂਦੇ ਹਨ। ਮਨੁੱਖ ਵਖੋ ਵਖਰੇ ਯੰਤਰ ਸਿਰਜਦਾ ਅਤੇ ਆਪਣੀਆਂ ਸਰਗਰਮੀਆਂ ਵਿਚ ਉਹਨਾਂ ਨੂੰ ਵਰਤਦਾ ਹੈ: ਦੂਰਬੀਨ ਨਾਲ ਉਹ ਆਕਾਸ਼ ਦਾ ਨਿਰੀਖਣ ਕਰਦਾ ਹੈ, ਜਿਸ ਨਾਲ ਗ੍ਰਹਿ ਉਸਦੇ "ਨੇੜੇ ਆ ਜਾਂਦੇ" ਹਨ; ਬਿਜਲਾਣੂਈ ਖੁਰਦਬੀਨ ਨਾਲ ਉਹ ਅਦਿੱਖ ਚੀਜ਼ਾਂ ਵੀ ਦੇਖ ਸਕਦਾ ਹੈ; ਲੇਜ਼ਰ ਕਿਰਨ ਅਤਿ ਦੇ ਜਟਿਲ ਓਪਰੇਸ਼ਨ ਕਰਨ ਵਿਚ ਉਸਦੀ ਸਹਾਇਤਾ ਕਰਦੀ ਹੈ। ਵਖੋ ਵਖਰੇ ਯੰਤਰਾਂ ਦੀ ਮਦਦ ਨਾਲ ਮਨੁੱਖ ਬੇਆਵਾਜ਼ ਅਤੇ ਅਦਿੱਖ ਦਾ, ਭਾਵ, ਪਰਾਧੁਨੀ, ਨਿਮਨ-ਲਾਲ ਅਤੇ ਪਰਾਬਨਫ਼ਸ਼ੀ ਕਿਰਨਾਂ ਦਾ ਅਨੁਭਵ ਕਰ ਸਕਦਾ ਹੈ। ਇੰਦਰਿਆਵੀ ਅਨੁਭਵਾਂ ਦਾ ਘੇਰਾ ਵਿਸ਼ਾਲ ਕਰਨ ਵਿਚ ਮਨੁੱਖ ਦੀਆਂ ਸਰਗਰਮੀਆਂ ਵੀ ਭਾਰੀ ਮਹੱਤਾ ਰੱਖਦੀਆਂ ਹਨ: ਇਸਤਰ੍ਹਾਂ, ਇਕ ਚਿਤ੍ਰਕਾਰ ਬਹੁਤ ਸਾਰੇ ਰੰਗ-ਭੇਦਾਂ ਦਾ ਨਿਖੇੜ ਕਰ ਸਕਦਾ ਹੈ, ਸੰਗੀਤਕਾਰ ਦੀ ਸੁਣਨ-ਸ਼ਕਤੀ ਬੜੀ ਤੀਖਣ ਹੁੰਦੀ ਹੈ, ਅਤੇ ਖੁਰਾਕ-ਪਾਰਖੂ ਦੇ ਸੁਆਦ ਅਤੇ ਸੁੰਘਣ ਦੇ ਇੰਦਰੇ ਅਸਾਧਾਰਣ ਤੌਰ ਉਤੇ ਤੀਖਣ ਹੁੰਦੇ ਹਨ...। ਮਨੁੱਖ ਵਿਚ ਗਿਆਨ-ਇੰਦਰਿਆਂ ਦੀ ਅਨੁਭੂਤੀ ਦੀ ਯੋਗਤਾ ਦੇ ਵਿਕਾਸ ਦੀਆਂ ਸੰਭਾਵਨਾਵਾਂ, ਘੱਟੋ ਘੱਟ ਸਰਗਰਮੀਆਂ ਦੇ ਇਤਿਹਾਸਕ ਤੌਰ ਉਤੇ ਨਿਸਚਿਤ ਪੜਾਅ ਉਤੇ, ਸੀਮਤ ਹੁੰਦੀਆਂ ਹਨ। ਫਿਰ ਵੀ, ਇਹ ਗੱਲ ਸੰਸਾਰ ਦੇ ਬੋਧ ਵਿਚ ਰੁਕਾਵਟ ਨਹੀਂ ਬਣਦੀ, ਕਿਉਂਕਿ ਆਪਣੇ ਗਿਆਨ

-ਇੰਦਰਿਆਂ ਤੋ ਇਲਾਵਾ ਮਨੁੱਖ ਕੋਲ ਮਨ ਅਤੇ ਤਰਕ ਵੀ ਹੈ, ਜੋ ਕਿ ਪ੍ਰਕਿਰਤੀ ਦੇ ਲੰਮੇ ਵਿਗਾਸ ਦੇ ਸਿੱਟੇ ਵਜੋਂ ਇਤਿਹਾਸਕ ਤੌਰ ਉਤੇ ਹੋਂਦ ਵਿਚ ਆਏ ਹੋਏ ਹਨ।

ਮਨੁੱਖ ਦੇ ਇੰਦਰਿਆਵੀ ਬਿੰਬ (ਇੰਦਰਿਆਵੀ ਅਨੁਭਵ, ਅਨੁਭੂਤੀ, ਸੰਕਲਪ ਜਾਂ ਵਿਚਾਰ) ਅਖ਼ੀਰ ਗਿਆਨ ਦਾ ਸੋਮਾ ਹੁੰਦੇ ਹਨ। ਇਹਨਾਂ ਨਾਲ ਹੀ ਸੰਸਾਰ ਦੀ ਬੋਧ-ਪਰਾਪਤੀ ਸ਼ੁਰੂ ਹੁੰਦੀ ਹੈ, ਅਤੇ ਉਹੀ ਹਨ ਜਿਹੜੇ ਸੋਚਣੀ ਦੇ ਸ਼ੁਰੂ ਹੋਣ ਲਈ ਆਧਾਰ ਬਣਦੇ ਹਨ; ਅਤੇ ਸੋਚਣੀ ਸੰਸਾਰ ਦੇ ਗਿਆਨ ਦਾ ਉਚੇਰਾ ਰੂਪ ਹੈ।

## ਗਿਆਨ-ਇੰਦਰਿਆਂ ਤੋ ਬੁਧੀ ਤੱਕ

ਮਨੁੱਖ ਦਾ ਇੰਦਰਿਆਵੀ ਅਨੁਭਵ ਅਮੀਰ ਅਤੇ ਵੰਨ-ਸੁਵੰਨਾ ਹੈ, ਫਿਰ ਵੀ ਇਹ ਵੱਖ ਵੱਖ ਵਸਤਾਂ ਅਤੇ ਵਰਤਾਰਿਆਂ ਬਾਰੇ ਹੀ ਜਾਣਕਾਰੀ ਦੇਂਦਾ ਹੈ, ਕਿਉਂਕਿ ਇੰਦਰਿਆਵੀ ਪ੍ਰਭਾਵਾਂ ਵਿਚ ਸਾਮਾਨੀਕਰਣ ਸੀਮਤ ਹੁੰਦੇ ਹਨ। ਇੰਦਰਿਆਵੀ ਪ੍ਰਭਾਵ ਵਸਤਾਂ ਅਤੇ ਵਰਤਾਰਿਆਂ ਦੀ ਡੂੰਘਾਈ ਵਿਚ ਜਾਣ ਤੋਂ ਬਿਨਾਂ ਸਿਰਫ਼ ਉਹਨਾਂ ਦੇ ਬਾਹਰਲੇ ਲੱਛਣ ਹੀ ਪ੍ਰਤਿਬਿੰਬਤ ਕਰਦੇ ਹਨ; ਇਸਲਈ, ਉਹਨਾਂ ਬਾਰੇ ਇਹ ਅਸਲੀ ਗਿਆਨ ਨਹੀਂ ਦੇ ਸਕਦੇ। ਵਸਤਾਂ ਦੇ ਅੰਦਰਲੇ ਲੱਛਣਾਂ, ਉਹਨਾਂ ਦੇ ਸਾਰ-ਤੱਤ, ਦਾ ਸਾਨੂੰ ਇੰਦਰਿਆਵੀ ਬੋਧ ਤੋਂ ਨਹੀਂ ਪਤਾ ਲਗਦਾ। ਅਤੇ ਬੋਧ-ਪਰਾਪਤੀ ਦਾ ਪਹਿਲਾ ਨਿਸ਼ਾਨਾ ਵਸਤਾਂ ਅਤੇ ਵਰਤਾਰਿਆਂ ਦਾ ਅੰਤ੍ਰੀਵਕ ਖ਼ਾਸਾ (ਸਾਰ-ਤੱਤ) ਲੱਭਣਾ ਹੁੰਦਾ ਹੈ। ਸਿਰਫ਼ ਸਾਰ-ਤੱਤ ਦਾ ਗਿਆਨ ਹੀ ਮਨੁੱਖ ਨੂੰ ਅਮਲੀ ਸਰਗਰਮੀਆਂ ਵਿਚ ਅਗਵਾਈ ਦੇ ਸਕਦਾ ਹੈ।

ਇਸਤਰ੍ਹਾਂ, ਇੰਦਰਿਆਵੀ ਅਨੁਭਵ ਇਕੋ ਇਕ ਸੋਮਾ ਹਨ

ਜਿਹੜੇ ਸਾਨੂੰ ਬਾਹਰਲੀ ਦੁਨੀਆਂ ਬਾਰੇ ਜਾਣਕਾਰੀ ਦੇਂਦੇ ਹਨ, ਜਦ ਕਿ ਮਨ, ਅਰਥਾਤ, ਤਰਕ ਜਾਂ ਚਿੰਤਨ, ਜਿਹੜਾ ਉਹਨਾਂ ਦੀਆਂ ਖਾਸੀਅਤਾਂ ਅਤੇ ਉਹਨਾਂ ਦੇ ਆਪਸੀ ਸੰਬੰਧ ਜਾਣਨ ਵਿਚ ਸਹਾਈ ਹੁੰਦਾ ਹੈ, ਉਹਨਾਂ ਦੇ ਆਧਾਰ ਉਤੇ ਇਕਮਿਕ ਹੋ ਜਾਂਦਾ ਹੈ। ਇਥੇ ਇਹ ਗੱਲ ਨਾਲ ਕਹਿ ਦੇਣੀ ਚਾਹੀਦੀ ਹੈ ਕਿ ਇੰਦਰਿਆਵੀ ਤਜਰਬੇ ਦੇ ਆਧਾਰ ਉਤੇ ਸੋਚਣੀ ਦਾ ਰੂਪ ਧਾਰਨਾ ਮਨੁੱਖ ਦੀ ਸਰਗਰਮੀ, ਖ਼ਾਸ ਕਰਕੇ ਕਿਰਤ ਨਾਲ ਅਨੁਕੂਲਿਆ ਹੁੰਦਾ ਹੈ। ਆਓ ਸੋਚਣੀ ਦੇ ਲੱਛਣ ਦੇਖਣ ਦੀ ਕੋਸ਼ਿਸ਼ ਕਰੀਏ।

ਮਨੁੱਖੀ ਤਰਕ ਦੇ ਭੇਤਾਂ ਦੀ ਥਾਹ ਪਾਉਂਦਿਆਂ, ਅਸੀਂ ਆਪਣੇ ਆਪ ਨੂੰ ਭਾਵਵਾਚੀ ਸੰਕਲਪਾਂ ਜਾਂ ਆਮਿਆਏ ਵਿਚਾਰਾਂ ਦੀ ਦੁਨੀਆਂ ਵਿਚ ਦੇਖਦੇ ਹਾਂ। ਇੰਦਰਿਆਵੀ ਪ੍ਰਭਾਵਾਂ ਦੀ ਸੀਮਤ, ਅਧੂਰੀ ਪ੍ਰਕਿਰਤੀ, ਜਿਵੇਂ ਕਿ ਅਸੀਂ ਹੁਣ ਜਾਣਦੇ ਹਾਂ, ਉਹਨਾਂ ਦੀ ਦਿੱਸਣਯੋਗਤਾ ਵਿਚ ਪਾਈ ਜਾਂਦੀ ਹੈ। ਅਨੁਭੂਤੀ ਸਾਨੂੰ ਸਿਰਫ਼ ਉਹਨਾਂ ਵਸਤਾਂ ਜਾਂ ਵਰਤਾਰਿਆਂ ਬਾਰੇ ਜਾਣਕਾਰੀ ਦੇਂਦੀ ਹੈ, ਜਿਹੜੇ ਸਿੱਧੇ, ਤੁਰਤ, ਸਾਡੇ ਉਤੇ ਪ੍ਰਭਾਵ ਪਾਉਂਦੇ ਹਨ। ਉਦਾਹਰਣ ਵਜੋਂ, ਅਸੀਂ ਇਕ ਖਾਸ ਦਰੱਖਤ ਦੇਖਦੇ ਹਾਂ—ਖਜੂਰ, ਦਿਆਰ ਜਾਂ ਬਰਚੇ ਦਾ ਦਰੱਖਤ, ਅਰਥਾਤ, ਅਸੀਂ ਆਮ ਕਰਕੇ ਦਰੱਖਤ ਨਹੀਂ ਦੇਖਦੇ ਸਗੋਂ ਸਾਮ੍ਹਣੇ ਵਾਲਾ, ਵਿਸ਼ੇਸ਼ ਦਰੱਖਤ ਦੇਖਦੇ ਹਾਂ। ਵਿਚਾਰ ਵੀ ਵਸਤਾਂ ਦੇ ਇੰਦਰਿਆਵੀ –ਦਰਸ਼ੀ ਲੱਛਣ ਮੁੜ ਪੈਦਾ ਕਰਦੇ ਹਨ: ਬੰਦਾ ਇਕ ਝੀਲ ਦੀ ਕਲਪਣਾ ਕਰ ਸਕਦਾ ਹੈ (ਉਸਨੂੰ ਯਾਦ ਕਰ ਸਕਦਾ ਹੈ), ਜਿਹੜੀ ਉਸਨੇ ਕੁਝ ਸਮਾਂ ਪਹਿਲਾਂ ਦੇਖੀ ਹੁੰਦੀ ਹੈ, ਜਾਂ ਜਿਸ ਬਾਰੇ ਉਸਨੂੰ ਦੱਸਿਆ ਗਿਆ ਹੁੰਦਾ ਹੈ। ਇਸਲਈ ਵਿਚਾਰ ਖ਼ੁਦ ਇੰਦਰਿਆਵੀ ਦਰਸ਼ੀ ਪ੍ਰਕਿਰਤੀ ਦੇ ਹੁੰਦੇ ਹਨ। ਅਸੀਂ ਉਹਨਾਂ ਵਿਚਲੇ ਕਈ ਲੱਛਣਾਂ ਨਾਲੋਂ ਆਪਣੇ ਆਪ ਨੂੰ ਵੱਖ ਕਰ ਲੈਂਦੇ

ਹਾਂ, ਫਿਰ ਵੀ ਉਹ ਦਰਸ਼ੀ ਹੋਣਾਂ ਬੱਸ ਨਹੀਂ ਕਰਦੇ। ਜਦੋਂ ਅਸੀਂ ਇਕ ਸੇਬ ਦੀ ਕਲਪਣਾ ਕਰਦੇ ਹਾਂ, ਅਸੀਂ ਇਸਦੀਆਂ ਕੁਝ ਖਾਸੀਅਤਾਂ "ਲਾਂਭੇ ਛੱਡ ਸਕਦੇ ਹਾਂ", ਜਿਵੇਂ ਕਿ ਰੰਗ, ਗੰਧ ਅਤੇ ਸੁਆਦ ਆਦਿ, ਅਤੇ ਸਿਰਫ਼ ਇਸਦੀ ਆਕਾਰ-ਰੇਖਾ ਯਾਦ ਕਰ ਸਕਦੇ ਹਾਂ। ਫਿਰ ਵੀ ਇਹ ਦਰਸ਼ੀ ਬਿੰਬ ਹੀ ਰਹਿੰਦਾ ਹੈ। ਵਸਤਾਂ ਅਤੇ ਵਰਤਾਰਿਆਂ ਵਿਚ ਨਿਹਿਤ ਸਭ ਕੁਝ ਹੀ ਨਹੀਂ ਦੇਖਿਆ, ਸੁਣਿਆ, ਮਹਿਸੂਸ ਕੀਤਾ ਅਤੇ ਇੰਦਰਿਆਵੀ ਬਿੰਬਾਂ ਵਿਚ ਪਰਗਟ ਕੀਤਾ ਜਾ ਸਕਦਾ। ਉਦਾਹਰਣ ਵਜੋਂ, ਅਸੀਂ ਬਿਜਲੀ ਦਾ ਚਾਨਣ ਦੇਖ ਸਕਦੇ ਹਾਂ, ਪਰ ਗਤੀ ਵਿਚਲੇ ਬਿਜਲਾਣੂਆਂ ਦੇ ਵਹਿਣ ਵਜੋਂ ਬਿਜਲਈ ਕਰੰਟ ਦੀ ਕਲਪਣਾ ਨਹੀਂ ਕਰ ਸਕਦੇ; ਅਸੀਂ ਚੀਜ਼ਾਂ ਡਿਗਦੀਆਂ ਦੇਖ ਸਕਦੇ ਹਾਂ, ਪਰ ਨਾਭ-ਖਿੱਚ ਦਾ ਕਾਨੂੰਨ ਨਹੀਂ। ਉਸਦਾ ਬੋਧ ਪਰਾਪਤ ਕਰਨ ਲਈ ਸਾਨੂੰ ਸੋਚਨੀ, ਮਨ, ਜਾਂ ਤਰਕ ਦੀ ਲੋੜ ਹੈ।

**ਸੋਚਨੀ** ਨਾਲ ਸਾਨੂੰ ਵਸਤਾਂ ਦੀਆਂ ਮੁੱਖ, ਬੁਨਿਆਦੀ (ਤੱਤ-ਰੂਪੀ) ਖਾਸੀਅਤਾਂ ਅਤੇ ਲੱਛਣਾਂ ਦਾ ਗਿਆਨ ਪਰਾਪਤ ਹੁੰਦਾ ਹੈ। ਸੋਚਨੀ ਵਿਚ ਮਨੁੱਖ ਆਪਣੇ ਆਪ ਨੂੰ ਇੰਦਰਿਆਵੀ -ਦਰਸ਼ੀ ਖਾਸੀਅਤਾਂ ਜਾਂ ਲੱਛਣਾਂ ਤੋਂ ਵੱਖ ਕਰ ਲੈਂਦਾ ਹੈ ਅਤੇ ਭਾਵਵਾਚੀ ਸੰਕਲਪ ਬਣਾ ਲੈਂਦਾ ਹੈ—"ਦਰੱਖਤ", "ਘਰ", "ਗਤੀ"। ਭਾਵਵਾਚੀਕਰਣ ਦਾ ਇਹ ਅਮਲ ਅਮਲੀ ਸਰਗਰਮੀਆਂ ਦੇ ਆਧਾਰ ਉਤੇ ਬਾਹਰਲੇ ਜਾਂ ਗ਼ੈਰ-ਜ਼ਰੂਰੀ ਲੱਛਣਾਂ ਨੂੰ ਲਾਹ ਮਾਰਣ ਵਿਚ ਪਾਇਆ ਜਾਂਦਾ ਹੈ; ਇਹ ਸੋਚਣੀ ਰਾਹੀਂ ਬੋਧ ਹੁੰਦਾ ਹੈ। ਸੋਚਣੀ ਸਾਨੂੰ ਕਾਨੂੰਨ ਸਮਝਣ ਵਿਚ—ਅਰਥਾਤ, ਪ੍ਰਕਿਰਤੀ ਅਤੇ ਸਮਾਜ ਵਿਚ ਲਾਜ਼ਮੀ, ਜ਼ਰੂਰੀ ਅਤੇ ਮੁੜ ਮੁੜ ਵਾਪਰਦੇ ਸੰਬੰਧਾਂ ਨੂੰ ਸਮਝਣ ਵਿਚ—ਸਹਾਈ ਹੁੰਦੀ ਹੈ, ਉਦਾਹਰਣ ਵਜੋਂ ਨਾਭ-ਖਿੱਚ ਦਾ ਕਾਨੂੰਨ, ਗੈਸਾਂ ਦੀ ਗਤੀ ਦੇ ਕਾਨੂੰਨ, ਕਦਰ ਦਾ ਕਾਨੂੰਨ, ਆਦਿ। ਮਨੁੱਖ ਕਾਨੂੰਨਾਂ ਬਾਰੇ ਆਪਣੇ

ਗਿਆਨ ਨੂੰ ਆਪਣੀਆਂ ਸਰਗਰਮੀਆਂ ਵਿਚ ਵਰਤਦਾ ਹੈ। ਹਕੀਕਤ ਦੇ ਕਾਨੂੰਨ ਸਮਝ ਲੈਣ ਪਿਛੋਂ, ਮਨੁੱਖ ਨੇ ਇਹ ਸਿੱਖਿਆ ਕਿ ਪੁਲ ਅਤੇ ਭਾਫ਼-ਇੰਜਣ, ਹਵਾਈ ਜਹਾਜ਼ ਅਤੇ ਰਾਕਟਾਂ ਕਿਵੇਂ ਬਣਾਉਣੀਆਂ ਹਨ।

## ਸੰਕਲਪ ਕਿਵੇਂ ਪੈਦਾ ਹੁੰਦੇ ਹਨ

**ਸੰਕਲਪ** ਜਾਂ ਵਿਚਾਰ ਸੋਚਣੀ ਦਾ ਬੁਨਿਆਦੀ ਅਤੇ ਅਤਿ ਸਰਲ ਰੂਪ ਹੈ। ਇਹ ਉਹ ਰੂਪ ਹੈ ਜਿਹੜਾ ਕਿਸੇ ਵਸਤ ਦੀਆਂ ਆਮ, ਲਾਜ਼ਮੀ ਖਾਸੀਅਤਾਂ ਨੂੰ ਪਰਗਟ ਕਰਨ ਵਿਚ ਮਨੁੱਖ ਲਈ ਸਹਾਈ ਹੁੰਦਾ ਹੈ: ਗਤੀ, ਰਫ਼ਤਾਰ, ਉਪਗ੍ਰਹਿ, ਧਾਤ, ਮਨੁੱਖ, ਪਸ਼ੂ ਆਦਿ। ਉਦਾਹਰਣ ਵਜੋਂ, ਬੂਟੇ ਦਾ ਸੰਕਲਪ ਸਿਰਫ਼ ਉਸੇ ਕੁਝ ਉਤੇ ਹੀ ਜ਼ੋਰ ਦੇਂਦਾ ਹੈ ਜੋ ਕੁਝ ਸਾਰੇ ਬੂਟਿਆਂ ਵਿਚ ਮਿਲਦਾ ਹੈ। ਜਾਂ, ਮਨੁੱਖ ਬਾਰੇ ਸੰਕਲਪ ਨੂੰ ਲਵੋ। ਇਸ ਵਿਚ ਕਿਸੇ ਇਕ ਵਿਅਕਤੀ ਸੰਬੰਧੀ ਨਸਲ, ਉਮਰ, ਰਿਹਾਇਸ਼, ਵਪਾਰ, ਲਿੰਗ, ਪਰਵਾਰਕ ਰੁਤਬੇ, ਨਿੱਜੀ ਲੱਛਣ, ਆਦਤਾਂ ਆਦਿ ਵਰਗੇ ਤੱਥ ਸ਼ਾਮਲ ਨਹੀਂ ਹੁੰਦੇ। ਅਫ਼ਲਾਤੂਨ ਨੇ ਮਨੁੱਖ ਦੀ ਪਰਿਭਾਸ਼ਾ ਦੋ-ਟੰਗੇ ਪੰਖ-ਰਹਿਤ ਪਸ਼ੂ ਵਜੋਂ ਕੀਤੀ ਸੀ। ਕਿਹਾ ਜਾਂਦਾ ਹੈ ਕਿ ਇਕ ਦਿਨ ਅਫ਼ਲਾਤੂਨ ਦਾ ਇਕ ਚੇਲਾ ਪੜ੍ਹਾਈ ਦੇ ਵੇਲੇ ਇਕ ਛੋਟਾ ਜਿਹਾ ਮੁਰਗ਼ਾ ਲੈ ਆਇਆ ਜਿਸਦੇ ਖੰਭ ਲਾਹੇ ਹੋਏ ਸਨ; ਇਸਨੂੰ ਆਪਣੇ ਅਧਿਆਪਕ ਦੀ ਮੇਜ਼ ਉਤੇ ਰੱਖਦਿਆਂ, ਉਹ ਬੋਲਿਆ: "ਅਫ਼ਲਾਤੂਨ ਅਨੁਸਾਰ, ਇਹ ਮਨੁੱਖ ਹੈ।" ਮਨੁੱਖ ਬਾਰੇ ਹੋਰ ਵਿਚਾਰਾਂ ਉਤੇ ਵੀ ਬਹਿਸ ਕੀਤੀ ਗਈ: ਉਦਾਹਰਣ ਵਜੋਂ, ਕਿ ਉਹ ਤਰਕ ਅਤੇ ਬੋਲੀ ਨਾਲ ਵਰੋਸਾਇਆ ਪਸ਼ੂ ਹੈ। ਪਰ ਇਹ ਮਾਰਕਸ ਹੀ ਸੀ ਜਿਸਨੇ ਉਸਦੀ ਕਿਰਤ ਦੇ ਸੰਦ ਪੈਦਾ ਕਰ ਸਕਣ ਦੀ ਯੋਗਤਾ ਵੱਲ ਧਿਆਨ

ਦੁਆਉਂਦਿਆਂ ਉਸਨੂੰ ਪਸ਼ੂ-ਸੰਸਾਰ ਨਾਲੋਂ ਨਿਖੇੜਿਆ। ਮਨੁੱਖ ਬਾਰੇ ਮਾਰਕਸ ਦੇ ਸੰਕਲਪ ਵਿਚ ਉਹਨਾਂ ਲੱਛਣਾਂ ਉਪਰ ਜ਼ੋਰ ਦਿਤਾ ਗਿਆ ਹੈ ਜਿਹੜੇ ਸਾਰੇ ਲੋਕਾਂ ਦਾ ਖ਼ਾਸਾ (ਉਹਨਾਂ ਵਿਚ ਲਾਜ਼ਮੀ) ਹਨ, ਜਿਵੇਂ ਕਿ ਕੰਮ ਕਰਨ, ਸੋਚਣ ਅਤੇ ਬੋਲਣ ਦੀ ਯੋਗਤਾ। ਠੋਸ ਨਾਲੋਂ ਵੱਖ ਹੋਣ ਦੇ ਦੌਰਾਨ ਹੀ ਸੰਕਲਪ ਸਿਰਜਣ ਦਾ ਅਮਲ ਵਾਪਰਦਾ ਹੈ, ਅਤੇ ਸੰਕਲਪ ਖ਼ੁਦ ਭਾਵਵਾਚੀ ਹੁੰਦੇ ਹਨ।

ਮਨੁੱਖ ਦੀਆਂ ਸਰਗਰਮੀਆਂ ਉਹ ਆਧਾਰ ਹਨ ਜਿਸ ਉਤੇ ਸੰਕਲਪ ਰੂਪ ਧਾਰਦੇ ਹਨ। ਤਿਕੋਣ, ਦਾਇਰੇ ਜਾਂ ਮੁਰੱਬੇ ਦਾ ਸੰਕਲਪ ਪੈਦਾ ਹੋਣ ਤੋਂ ਪਹਿਲਾਂ, ਲੋਕ ਆਪਣੀਆਂ ਅਮਲੀ ਸਰਗਰਮੀਆਂ ਦੇ ਦੌਰਾਨ ਵਖੋ ਵਖਰੇ ਆਕਾਰਾਂ ਅਤੇ ਰੂਪਾਂ ਵਾਲੀਆਂ ਬਹੁਤ ਸਾਰੀਆਂ ਵਸਤਾਂ ਨਾਲ ਸੰਪਰਕ ਵਿਚ ਆ ਚੁੱਕੇ ਸਨ। ਉਹਨਾਂ ਨੂੰ ਮਿਣਦਿਆਂ ਅਤੇ ਉਹਨਾਂ ਦੀ ਤੁਲਨਾ ਕਰਦਿਆਂ, ਅਰਥਾਤ, ਉਹਨਾਂ ਨਾਲ ਅੰਤਰ-ਕਰਮ ਵਿਚ ਆਉਂਦਿਆਂ, ਲੋਕਾਂ ਦਾ ਧਿਆਨ ਉਹਨਾਂ ਦੇ ਵਖੋ ਵਖਰੇ ਲੱਛਣਾਂ ਅਤੇ ਖਾਸੀਅਤਾਂ ਵੱਲ ਗਿਆ। ਅਮਲੀ ਸਰਗਰਮੀ ਦੀ ਮਹੱਤਾ ਬਿਲਕੁਲ ਇਸੇ ਤੱਥ ਵਿਚ ਹੀ ਪਾਈ ਜਾਂਦੀ ਹੈ ਕਿ ਇਹ ਸਾਨੂੰ ਮੁੱਖ ਲੱਛਣ ਸਮਝਣ ਵੱਲ ਲੈ ਜਾਂਦੀ ਹੈ। ਇੰਝ ਲੱਗੇਗਾ ਕਿ ਸੰਕਲਪ (ਭਾਵਵਾਚੀਕਰਣ) ਤੁਰਤ ਇੰਦਰਿਆਵੀ ਪ੍ਰਭਾਵ ਨਾਲੋਂ ਵਧੇਰੇ ਸੀਮਤ ਹੁੰਦਾ ਹੈ, ਪਰ ਗੱਲ ਇੰਝ ਨਹੀਂ। ਬਿਲਕੁਲ ਆਦਿ-ਕਾਲੀਨ ਸੰਕਲਪ ਵੀ ਇੰਦਰਿਆਵੀ ਪ੍ਰਭਾਵ ਨਾਲੋਂ ਵਧੇਰੇ ਡੂੰਘਾ ਹੁੰਦਾ ਹੈ, ਅਤੇ ਜਿਹੜਾ ਗਿਆਨ ਇਹ ਦੇਂਦਾ ਹੈ, ਉਹ ਵਧੇਰੇ ਪੂਰਨ ਅਤੇ ਪ੍ਰਮਾਣਿਕ ਹੁੰਦਾ ਹੈ। ਇਸਤਰ੍ਹਾਂ ਗਤੀ ਦਾ ਸੰਕਲਪ ਹਰਕਤ ਦੇ ਵਖੋ ਵਖਰੇ ਰੂਪਾਂ ਨਾਲ ਜੁੜਿਆ ਹੋਇਆ ਹੈ, ਅਤੇ ਇਹ ਮਸ਼ੀਨ, ਘੋੜੇ, ਮਨੁੱਖ ਆਦਿ ਦੀ ਹਰਕਤ ਨੂੰ ਸਿਰਫ਼ ਦੇਖਣ ਨਾਲੋਂ ਵਧੇਰੇ ਬੁਨਿਆਦੀ ਹੈ। ਫਿਰ ਵੀ, ਸਵਾਲ

ਪੈਦਾ ਹੋ ਸਕਦਾ ਹੈ ਕਿ ਕੀ ਵਿਚਾਰ ਜਾਂ ਭਾਵਵਾਚੀ ਸੰਕਲਪ ਅਸਲ ਵਰਤਾਰੇ ਨੂੰ ਪ੍ਰਤਿਬਿੰਬਤ ਕਰਦੇ ਹਨ ? ਆਓ, ਉਦਾਹਰਣ ਵਜੋਂ "ਫਲ" ਦੇ ਸੰਕਲਪ ਨੂੰ ਲਈਏ। ਇਸਦਾ ਮਤਲਬ ਕੋਈ ਠੋਸ ਸੇਬ, ਕੋਈ ਕੇਲਾ, ਜਾਂ ਸੰਗਤਰਾ ਹੁੰਦਾ ਹੈ। ਇਹ ਸਾਰੀਆਂ ਚੀਜ਼ਾਂ ਹਕੀਕਤ ਵਿਚ ਮਿਲਦੀਆਂ ਹਨ ਅਤੇ ਆਪਣੇ ਅਨੁਕੂਲ ਸੰਕਲਪਾਂ—ਸੇਬ, ਸੰਗਤਰਾ, ਜਾਂ ਕੇਲਾ—ਦੀ ਸਹਾਇਤਾ ਨਾਲ ਸੋਚਣੀ ਵਿਚ ਪਰਗਟ ਕੀਤੀਆਂ ਜਾ ਸਕਦੀਆਂ ਹਨ। ਹਾਂ, ਇਹ ਠੀਕ ਹੈ। ਪਰ ਹਕੀਕਤ ਇਹ ਹੈ ਕਿ ਨਾ ਸਿਰਫ ਠੋਸ ਸਗੋਂ ਵਧੇਰੇ ਭਾਵਵਾਚੀ ਵਿਚਾਰ ਵੀ—ਸਾਡੀ ਉਦਾਹਰਣ ਵਿਚ, "ਫਲ" ਦਾ ਸੰਕਲਪ—ਅਸਲੀ ਖਾਸੀਅਤਾਂ ਨੂੰ ਪ੍ਰਤਿਬਿੰਬਤ ਕਰਨ ਦਾ ਕੰਮ ਦੇਂਦੇ ਹਨ: ਇਹ ਵਿਚਾਰ ਉਸ ਚੀਜ਼ ਨੂੰ ਪਰਗਟ ਕਰਦੇ ਹਨ, ਜਿਹੜੀ ਵਖੋ ਵਖਰੀ ਕਿਸਮ ਦੇ ਫਲਾਂ ਵਿਚ ਸਾਂਝੀ ਹੁੰਦੀ ਹੈ। ਸੰਕਲਪ ਬਦਲਦੇ ਸੰਸਾਰ ਅਤੇ ਅਮਲੀ ਸਰਗਰਮੀ ਨੂੰ ਪ੍ਰਤਿਬਿੰਬਤ ਕਰਦੇ ਹਨ ਅਤੇ ਇਸਲਈ ਇਹ ਖੁਦ ਤਬਦੀਲੀਆਂ ਅਤੇ ਵਿਕਾਸ ਵਿਚੋਂ ਲੰਘ ਰਹੇ ਹੁੰਦੇ ਹਨ। ਇਸਦੇ ਸਿੱਟੇ ਵਜੋਂ ਨਵੇਂ ਸੰਕਲਪ ਪੈਦਾ ਹੁੰਦੇ ਹਨ, ਜਿਵੇਂ ਕਿ ਹਵਾਈ ਜਹਾਜ਼, ਕਾਸਮੋਨਾਟ ਆਦਿ। ਉਦਾਹਰਣ ਵਜੋਂ, ਭੌਤਕ-ਵਿਗਿਆਨ ਨਿੱਕ--ਕਣਾਂ ਦੀਆਂ ਨਵੀਆਂ ਅਤੇ ਅਸਾਧਾਰਣ ਖਾਸੀਅਤਾਂ ਨੂੰ ਉਘਾੜਦਾ ਹੈ; ਇਹ ਖਾਸੀਅਤਾਂ ਉਹਨਾਂ ਦੇ ਨਾਵਾਂ ਵਿਚ ਪ੍ਰਤਿਬਿੰਬ ਹੁੰਦੀਆਂ ਹਨ: "ਅਜੀਬ", "ਮੁਗਧ", ਆਦਿ।

ਸੰਕਲਪਾਂ ਦਾ, ਅਤੇ ਸਮੁੱਚੇ ਤੌਰ ਉਤੇ ਸੋਚਣੀ ਦਾ, ਬਣਨਾ ਬੋਲੀ ਜਾਂ ਭਾਸ਼ਾ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਸੰਕਲਪ (ਵਿਚਾਰ) ਵਖੋ ਵਖਰੇ ਸ਼ਬਦਾਂ ਜਾਂ ਪੂਰੇ ਦੇ ਪੂਰੇ ਵਾਕੰਸ਼ਾਂ ਰਾਹੀਂ ਭਾਸ਼ਾ ਵਿਚ ਪਰਗਟ ਹੁੰਦੇ ਹਨ। ਸੋਚਣੀ ਤੋਂ ਬਿਨਾਂ ਭਾਸ਼ਾ ਨਹੀਂ ਰਹਿ ਸਕਦੀ। ਅਤੇ ਭਾਵੇਂ ਸਭ ਤੋਂ ਪਹਿਲਾਂ ਇਹ ਵਸਤਾਂ ਦੀ ਸੂਚਕ ਹੁੰਦੀ ਹੈ, ਪਰ ਇਹ ਲੋਕਾਂ ਵਿਚਕਾਰ ਸੰਚਾਰ ਦਾ ਮਾਧਿਅਮ

ਵੀ ਹੁੰਦੀ ਹੈ। ਸ਼ੁਰੂ ਵਿਚ ਮਨੁੱਖ ਨੇ ਵਖੋ ਵਖਰੀਆਂ ਆਵਾਜ਼ਾਂ ਕੱਢ ਕੇ ਵਰਤਾਰਿਆਂ ਵੱਲ ਸੰਕੇਤ ਕੀਤਾ ਅਤੇ ਮਗਰੋਂ ਚਿਤਰਾਂ ਨਾਲ। ਪਰ ਭਾਸ਼ਾ ਸਿਰਫ਼ ਸੰਕੇਤ ਹੀ ਨਹੀਂ ਕਰਦੀ ਸਗੋਂ ਵਿਚਾਰਾਂ ਨੂੰ ਪਰਗਟ ਵੀ ਕਰਦੀ ਹੈ। ਆਪਣੀ ਪ੍ਰਸਿਧ ਪੁਸਤਕ "ਗੁਲੀਵਰ ਟਰੈਵਲਜ਼" ਵਿਚ ਜੋਨਾਥਨ ਸਵਿਫਟ ਉਹਨਾਂ ਵਿਗਿਆਨੀਆਂ ਦਾ ਮਜ਼ਾਕ ਉਡਾਉਂਦਾ ਹੈ ਜਿਹੜੇ ਇਹ ਖ਼ਿਆਲ ਕਰਦੇ ਹਨ ਕਿ ਸ਼ਬਦ ਸਿਰਫ਼ ਵਸਤਾਂ ਦਾ ਬਦਲ ਹੀ ਹਨ। ਇਹਨਾਂ ਵਿਚਾਰਾਂ ਦੇ ਅਨੁਆਈ ਇਹ ਸਮਝੌਤਾ ਕਰਦੇ ਹਨ ਕਿ ਸ਼ਬਦਾਂ ਨੂੰ ਖ਼ਤਮ ਕਰ ਦਿਤਾ ਜਾਏ ਅਤੇ ਇਹਨਾਂ ਦੀ ਥਾਂ ਵਸਤਾਂ ਨੂੰ ਦੇ ਦਿਤੀ ਜਾਏ। ਇਸ ਮੰਤਵ ਲਈ ਉਹਨਾਂ ਵਿਚੋਂ ਹਰ ਕੋਈ ਵਖੋ ਵਖਰੀਆਂ ਚੀਜ਼ਾਂ ਨਾਲ ਭਰਿਆ ਹੋਇਆ ਝੋਲਾ ਆਪਣੇ ਨਾਲ ਰੱਖਦਾ ਹੈ ਅਤੇ ਇਸ ਵਿਚੋਂ ਕੁਝ ਚੀਜ਼ਾਂ ਕੱਢ ਅਤੇ ਦਿਖਾ ਕੇ ਲੋਕਾਂ ਨਾਲ ਸੰਚਾਰ ਕਰਨ ਦੀ ਕੋਸ਼ਿਸ਼ ਕਰਦਾ ਹੈ; ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਸ ਤਰੀਕੇ ਨਾਲ ਗੱਲਬਾਤ ਕਰਨ ਦੇ ਉਹਨਾਂ ਦੇ ਸਾਰੇ ਤਰੀਕੇ ਨਿਸਫਲ ਰਹਿੰਦੇ ਹਨ। ਅਸਲ ਵਿਚ ਧੁਨੀਆਂ ਜਾਂ ਚਿਤਰ ਨਿਸ਼ਚਿਤ ਵਿਚਾਰਾਂ ਦੇ ਵਾਹਕ ਹੁੰਦੇ ਹਨ।

ਬੋਲੀ ਵਿਚ, ਅਸੀਂ ਸਿਰਫ਼ ਵਸਤਾਂ ਵੱਲ ਸੰਕੇਤ ਹੀ ਨਹੀਂ ਕਰਦੇ, ਸਗੋਂ ਸ਼ਬਦਾਂ ਦੀ ਸਹਾਇਤਾ ਨਾਲ ਉਹਨਾਂ ਦੀਆਂ ਖਾਸੀਅਤਾਂ ਦਾ ਵੀ ਪਤਾ ਦੇਂਦੇ ਹਾਂ। ਇਸਤਰ੍ਹਾਂ, ਅੰਗ੍ਰੇਜ਼ੀ ਵਿਚ ਘੜੀ ਨੂੰ "ਵਾਚ" ਕਹਿ ਕੇ ਇਹ ਸੰਕੇਤ ਕੀਤਾ ਜਾਂਦਾ ਹੈ ਕਿ ਇਸਦਾ ਸੰਬੰਧ "ਵਾਚਿੰਗ" (ਧਿਆਨ ਰੱਖਣ) ਨਾਲ ਹੈ, ਅਤੇ ਅੰਤਮ ਵਿਸ਼ਲੇਸ਼ਣ ਵਿਚ, ਸਮੇਂ ਨਾਲ ਹੈ। ਦੂਜੀਆਂ ਸੂਰਤਾਂ ਵਿਚ, ਇਹ ਭਾਵਵਾਚੀਕਰਣ ਦਾ ਕਾਰਜ ਘੱਟ ਸਪਸ਼ਟਤਾ ਨਾਲ ਪਰਗਟ ਕੀਤਾ ਗਿਆ ਹੁੰਦਾ ਹੈ। ਕਿਸੇ ਯੰਤਰ ਨੂੰ ਖੁਰਦਬੀਨ ਜਾਂ ਕੰਪਾਸ ਕਹਿੰਦਿਆਂ, ਅਸੀਂ ਉਹਨਾਂ ਦੇ ਬੁਨਿਆਦੀ ਲੱਛਣ ਅਤੇ ਉਹ ਰੋਲ ਨਿਸ਼ਚਿਤ ਕਰ ਦੇਂਦੇ ਹਾਂ, ਜਿਹੜਾ

ਉਹ ਸਾਡੇ ਜੀਵਨ ਵਿਚ ਨਿਭਾਉਂਦੇ ਹਨ (ਬਹੁਤ ਨਿੱਕੇ ਨਿੱਕੇ ਜੀਵਾਂ ਨੂੰ ਦੇਖਣ ਵਿਚ, ਦਿਸ਼ਾ-ਨਿਰਧਾਰਣ ਵਿਚ ਸਹਾਇਤਾ ਕਰਨਾ, ਆਦਿ)। ਵਸਤਾਂ ਲਈ ਸ਼ਬਦ ਨਿਸਚਿਤ ਕਰਕੇ, ਉਹਨਾਂ ਦੇ ਨਾਂ ਰੱਖ ਕੇ, ਅਸੀਂ ਆਪਣੇ ਇੰਦਰਿਆਵੀ ਤਜਰਬੇ ਨੂੰ ਗਿਆਨ ਨਾਲ ਜੋੜ ਰਹੇ ਹੁੰਦੇ ਹਾਂ: ਉਦਾਹਰਣ ਵਜੋਂ, ਇਕ ਠੋਸ ਘਰ—ਅਤੇ ਆਮ ਕਰਕੇ ਮਨੁੱਖ ਦਾ ਨਿਵਾਸ-ਸਥਾਨ; ਬਰਚੇ ਜਾਂ ਦਿਆਰ ਦਾ ਦਰੱਖਤ—ਅਤੇ ਆਮ ਕਰਕੇ ਇਕ ਦਰੱਖਤ; ਚੀਤਾ ਜਾਂ ਰਿੱਛ—ਅਤੇ ਇਕ ਜਾਨਵਰ, ਧਾੜਵੀ, ਆਦਿ। ਇਸਦੇ ਸਿੱਟੇ ਵਜੋ ਸ਼ਬਦ ਵਖੋ ਵਖਰੇ ਲੋਕਾਂ ਵਲੋ ਪਰਾਪਤ ਕੀਤੇ ਗਏ ਤਜਰਬੇ ਦਾ ਨਿਚੋੜ ਕੱਢਦਿਆਂ ਇੰਦਰਿਆਵੀ ਤਜਰਬੇ ਦਾ ਸਮਾਨੀਕਰਣ ਕਰਦਾ ਹੈ, ਅਤੇ ਇਸਤਰ੍ਹਾਂ ਨਵੇਂ ਗਿਆਨ ਨੂੰ ਅਗੇ ਵਧਾਉਂਦਾ ਹੈ।

ਸੰਕਲਪ ਸੋਚਣੀ ਦਾ ਇਕ ਰੂਪ ਹਨ। ਇਸਦੇ ਦੂਜੇ ਰੂਪ ਹਨ ਨਿਰਣੇ ਅਤੇ ਨਿਗਮਨ। ਨਿਰਣੇ ਵਿਚ ਸੰਕਲਪਾਂ ਨੂੰ ਇਸਤਰ੍ਹਾਂ ਨਾਲ ਜੋੜਿਆ ਗਿਆ ਹੁੰਦਾ ਹੈ ਕਿ ਇਸ ਦੀ ਵਿਲੱਖਣਤਾ ਦੂਜੇ ਰਾਹੀਂ ਪਰਗਟ ਕੀਤੀ ਗਈ ਹੁੰਦੀ ਹੈ; ਐਸਾ ਵਿਚਾਰ ਜਿਸਦੀ ਸਹਾਇਤਾ ਨਾਲ ਕਿਸੇ ਗੱਲ ਦਾ ਦਾਅਵਾ ਕੀਤਾ ਗਿਆ ਹੁੰਦਾ ਹੈ, ਜਾਂ ਨਿਸ਼ੇਧ। ਉਦਾਹਰਣ ਵਜੋ, ਲੋਕ ਇਤਿਹਾਸ ਦੇ ਰਚਨਹਾਰ ਹਨ; ਨਿਰੰਤਰ ਚੱਲਣ ਵਾਲੀ ਮਸ਼ੀਨ ਤਿਆਰ ਕਰਨਾ ਅਸੰਭਵ ਹੈ। ਸੰਕਲਪ ਅਤੇ ਨਿਰਣੇ ਅੰਤਰ-ਸੰਬੰਧਤ ਹੁੰਦੇ ਹਨ। ਨਿਰਣਿਆਂ ਵਿਚ ਸੰਕਲਪ ਸ਼ਾਮਲ ਹੁੰਦੇ ਹਨ; ਇਸਲਈ ਸੋਚਣ ਦਾ ਮਤਲਬ ਹੈ ਨਿਰਣਾ ਦੇਣਾ। ਇਕ ਕਵੀ ਵਲੋਂ ਦਿਤਾ ਗਿਆ ਨਿਰਣਾ ਇਸ ਪਰਕਾਰ ਹੈ: "ਨੇਕ ਸ਼ਬਦ ਗੁਲਾਬ ਵਾਂਗ ਹੁੰਦੇ ਹਨ, ਬਦ ਸ਼ਬਦ—ਜ਼ਾਲਮ ਸੱਟ ਵਾਂਗ।" ਨਿਰਣੇ ਸੋਚਣੀ ਦਾ ਵਿਕਾਸ ਕਰਨ ਵਿਚ ਸਹਾਈ ਹੁੰਦੇ ਹਨ। ਉਦਾਹਰਣ ਵਜੋਂ, ਆਦਿ-ਕਾਲੀਨ ਮਨੁੱਖ ਨੇ ਰਗੜ ਨਾਲ ਅੱਗ (ਤਪਸ਼) ਪੈਦਾ

ਕਰਨੀ ਸਿੱਖੀ। ਯੁਗ ਬੀਤ ਗਏ ਅਤੇ ਫਿਰ ਕਿਤੇ ਨਿਰਣਾ ਕੀਤਾ ਗਿਆ ਕਿ ਰਗੜ ਗਰਮੀ ਦਾ ਸੋਮਾ ਹੈ। ਬਹੁਤ ਸਾਰਾ ਸਮਾਂ ਹੋਰ ਬੀਤ ਗਿਆ ਅਤੇ ਫਿਰ ਵਿਗਿਆਨੀਆਂ ਨੂੰ ਪਤਾ ਲੱਗਾ ਕਿ ਸਿਰਫ਼ ਰਗੜ ਨਹੀਂ, ਸਗੋਂ ਆਮ ਕਰਕੇ ਮਕਾਨਕੀ ਹਰਕਤ ਨਾਲ ਗਰਮੀ ਪੈਦਾ ਹੁੰਦੀ ਹੈ। ਆਖਰ, ਅੱਧ ਉਨ੍ਹੀਵੀਂ ਸਦੀ ਵਿਚ, ਸਿੱਟਾ ਕੱਢਿਆ ਗਿਆ ਕਿ ਗਰਮੀ ਅਤੇ ਹਰਕਤ ਦਾ ਅੰਤਰ-ਕਰਮ ਸਰਬ-ਵਿਆਪਕ ਹੈ ਅਤੇ ਇਕ ਕਾਨੂੰਨ ਸੂਤ੍ਰਿਤ ਕੀਤਾ ਗਿਆ ਕਿ ਗਤੀ ਲੋਪ ਨਹੀਂ ਹੋ ਜਾਂਦੀ ਸਗੋਂ ਆਪਣੇ ਇਕ ਰੂਪ ਤੋਂ ਦੂਜੇ ਰੂਪ ਵਿਚ ਬਦਲ ਜਾਂਦੀ ਹੈ। ਇਸਤੋਂ ਗਿਆਨ ਦੀ ਪ੍ਰਗਤੀ ਦਾ, ਇਕੋ ਨਿਰਣੇ ਤੋਂ ਵਧੇਰੇ ਆਮ ਨਿਰਣੇ ਵੱਲ, ਅਤੇ ਉਸਤੋਂ ਸਰਬ-ਵਿਆਪਕ ਨਿਰਣੇ ਵੱਲ ਵਧਣ ਦਾ ਪਤਾ ਲੱਗਦਾ ਹੈ।

ਨਿਰਣਿਆਂ ਦੀ ਇਕ ਲੜੀ ਤੋਂ ਸੋਚਣੀ ਦਾ ਇਕ ਨਵਾਂ ਰੂਪ ਬਣਦਾ ਹੈ—**ਨਿਗਮਨ**, ਜਿਸ ਵਿਚ ਪਹਿਲਾਂ ਹੀ ਇਕੱਠੇ ਕੀਤੇ ਜਾ ਚੱਕੇ ਗਿਆਨ ਅਤੇ ਤਜਰਬੇ ਦੇ ਆਧਾਰ ਉਤੇ ਨਵੇਂ ਗਿਆਨ ਦਾ ਨਿਗਮਨ ਕੀਤਾ ਜਾਂਦਾ ਹੈ। ਅਰਸਤੂ ਅਨੁਸਾਰ ਸੋਚ ਦੀ ਲੜੀ ਇਸ ਪਰਕਾਰ ਹੈ: ਸਾਰੇ ਮਨੁੱਖ ਨਾਸ਼ਮਾਨ ਹਨ। ਸੁਕਰਾਤ ਇਕ ਮਨੁੱਖ ਹੈ। ਸਿੱਟਾ ਇਹ ਕਿ ਉਹ ਮਰ ਜਾਇਗਾ। ਜਾਂ ਇਕ ਹੋਰ ਉਦਾਹਰਣ ਲਵੋ: **ਲੂਈ ਪਾਸਤੇਰ** ਇਕ ਫ਼ਰਾਂਸੀਸੀ ਰਸਾਇਣ-ਵਿਗਿਆਨੀ ਅਤੇ ਕੀਟਾਣੂ-ਵਿਗਿਆਨੀ ਸੀ; ਉਹ ਬੜੀ ਦੇਰ ਇਹ ਜਾਣਨ ਦੀ ਕੋਸ਼ਿਸ਼ ਕਰਦਾ ਰਿਹਾ ਕਿ ਚਰਾਗਾਹਾਂ ਵਿਚ ਚਰਦੇ ਪਸ਼ੂਆਂ ਨੂੰ ਗਿਲਟੀ ਰੋਗ ਕਿਉਂ ਹੋ ਜਾਂਦਾ ਹੈ। ਇਕ ਦਿਨ ਉਸਨੇ ਦੇਖਿਆ ਕਿ ਚਰਾਗਾਹ ਵਿਚ ਇਕ ਥਾਂ ਉਤੇ ਘਾਹ ਦਾ ਰੰਗ ਦੂਜੀ ਥਾਂ ਨਾਲੋਂ ਹਲਕਾ ਸੀ। ਉਸਨੂੰ ਇਹ ਵਿਆਖਿਆ ਕੀਤੀ ਗਈ ਕਿ ਗਿਲਟੀ ਰੋਗ ਨਾਲ ਮਰੀ ਇਕ ਭੇਡ ਉਥੇ ਦੱਬੀ ਪਈ ਹੈ। ਪਾਸਤੇਰ ਨੇ ਉਸ ਜ਼ਮੀਨ ਦਾ ਪੂਰੀ

ਤਰ੍ਹਾਂ ਅਧਿਐਨ ਕੀਤਾ ਅਤੇ ਉਥੇ ਗੰਡੋਇਆਂ ਦੇ ਕਈ ਨਿਸ਼ਾਨ ਦੇਖੇ; ਇਸਤੋਂ ਉਸਨੇ ਇਹ ਸੁਝਾਅ ਦਿਤਾ ਕਿ ਗੰਡੋਏ ਹੀ ਹਨ ਜਿਹੜੇ ਗਿਲਟੀ ਰੋਗ ਦੇ ਕੀਟਾਣੂਆਂ ਦੇ ਬੀਜਾਣੂ ਸਤਹ ਉਪਰ ਲੈ ਆਉਂਦੇ ਹਨ ਅਤੇ ਲਾਗ ਦੇ ਵਾਹਕ ਬਣਦੇ ਹਨ। ਇਸਤਰ੍ਹਾਂ ਨਾਲ ਠੀਕ ਨਿਗਮਨ ਕੀਤਾ ਗਿਆ, ਅਰਥਾਤ ਸੋਚਣੀ ਰਾਹੀਂ ਕੁਝ ਨਵਾਂ ਗਿਆਨ ਪਰਾਪਤ ਕੀਤਾ ਗਿਆ। ਸੋਚਣੀ ਦੀ ਸਭ ਤੋਂ ਮਹਤਵਪੂਰਨ ਖਾਸੀਅਤ ਅਗਿਆਤ ਤੋਂ ਗਿਆਤ ਵੱਲ ਜਾਣ ਦੀ, ਅਰਥਾਤ, ਅਗਿਆਤ ਦਾ ਬੋਧ-ਪਰਾਪਤ ਕਰਨ ਦੀ ਇਸਦੀ ਯੋਗਤਾ ਹੈ।

## ਬੋਧ-ਪਰਾਪਤੀ ਅਤੇ ਰਚਣਾਤਮਿਕਤਾ

ਬੋਧ-ਪਰਾਪਤੀ ਦੇ ਅਮਲ, ਇਸਦੀਆਂ ਪੱਧਰਾਂ ਅਤੇ ਰੂਪਾਂ ਉਤੇ ਵਿਚਾਰ ਕਰਦਿਆਂ ਅਸੀਂ ਇਸ ਤੱਥ ਵੱਲ ਧਿਆਨ ਦੁਆਇਆ ਸੀ ਕਿ ਇਸਦਾ ਵਿਸ਼ੇਸ਼ ਲੱਛਣ ਸੰਸਾਰ ਦੇ ਭੇਤਾਂ ਦੀ ਥਾਹ ਪਾਉਣ, ਨਵਾਂ ਗਿਆਨ ਪਰਾਪਤ ਕਰਨ ਅਤੇ ਇਸਦੇ ਆਧਾਰ ਉਤੇ ਸੰਸਾਰ ਦੀ ਕਾਇਆ-ਕਲਪ ਕਰਨ ਦੀ ਮਨੁੱਖ ਦੀ ਯੋਗਤਾ ਹੈ। ਲੋਕਾਂ ਦੀਆਂ ਸਰਗਰਮੀਆਂ ਦੇ, ਗਿਆਨ ਦੇ ਖੇਤਰ ਵਿਚ ਵੀ ਅੰਤੇ ਕੰਮ ਦੇ ਦੂਜੇ ਖੇਤਰਾਂ ਵਿਚ ਵੀ ਉਹਨਾਂ ਦੇ ਯਤਨਾਂ ਦੇ ਰਚਣੇਈ ਖ਼ਾਸੇ ਦਾ ਸਾਰ-ਤੱਤ ਹੈ।

ਰਚਣੇਈ ਸਰਗਰਮੀ ਕੀ ਚੀਜ਼ ਹੈ?

ਇਸਨੂੰ ਅਕਸਰ ਕੋਈ ਨਵੀਂ ਚੀਜ਼ ਸਿਰਜਣ ਨਾਲ ਇਕਮਿਕ ਕੀਤਾ ਜਾਂਦਾ ਹੈ। ਰਚਣੇਈ ਕਾਰਜਾਂ ਦਾ ਅਧਿਐਨ ਜਟਿਲ ਹੁੰਦਾ ਹੈ, ਕਿਉਂਕਿ ਨਵਾਂ ਗਿਆਨ ਅਕਸਰ ਅਚਨਚੇਤ, 'ਅਲਹਾਮ'' ਵਾਂਗ, ਸਾਰ-ਤੱਤ ਦੀ ਇਕਦਮ ਥਾਹ ਪਾਉਣ ਨਾਲ ਸਾਮ੍ਹਣੇ ਆਉਂਦਾ ਹੈ। ਇਹ ਗੱਲ ਰਚਣਾਤਮਿਕਤਾ ਦੇ ਦੋ

ਪਾਸਿਆਂ ਨੂੰ ਇਕ ਦੂਜੇ ਦੇ ਮੁਕਾਬਲੇ ਉਤੇ ਰੱਖਣ ਵੱਲ ਲੈ ਗਈ ਹੈ: ਚੇਤੰਨ, ਜਿਸਨੂੰ ਸੋਚਣੀ ਨਿਸਚਿਤ ਕਰਦੀ ਹੈ, ਅਤੇ ਨਿਮਨਚੇਤੰਨ, ਜਿਹੜਾ ਸਿੱਧੀ ਤਰ੍ਹਾਂ ਸੋਚਣੀ ਦੇ ਕਾਬੂ ਵਿਚ ਨਹੀਂ ਹੁੰਦਾ ਸਗੋਂ ਵਧੇਰੇ ਡੂੰਘੇ, ਲੁਕਵੇਂ ਅਮਲਾਂ—ਅੰਤਰ-ਸੂਝ ਅਤੇ ਕਲਪਣਾ, ਅਨੁਸਾਰ ਚਲਦਾ ਹੈ। ਇਹੀ ਗੱਲ ਨਿਮਨਚੇਤੰਨ ਨੂੰ ਨਿਰਪੇਖ ਬਣਾਉਣ (ਵਧਾਅ ਚੜ੍ਹਾਅ ਕੇ ਦੇਖਣ) ਵੱਲ ਲੈ ਗਈ ਹੈ। ਅਰਥਾਤ ਸੋਚਣੀ ਦੇ ਮੁਕਾਬਲੇ ਉਤੇ ਅੰਤਰ-ਸੂਝ ਨੂੰ ਰੱਖਣ ਵੱਲ, ਅਤੇ, ਅੰਤਮ ਵਿਸ਼ਲੇਸ਼ਣ ਵਿਚ, ਰਚਣਾਤਮਿਕਤਾ ਦੀ ਆਦਰਸ਼ਵਾਦੀ, ਵਿਆਖਿਆ ਅਤੇ ਰਚਣੇਈ ਸਰਗਰਮੀਆਂ ਵਿਚ ਚੇਤਨਤਾ ਦੇ ਰੋਲ ਨੂੰ ਬਦਨਾਮ ਕਰਨ ਵੱਲ ਲੈ ਗਈ ਹੈ।

ਰਚਣਾਤਮਿਕਤਾ ਦੀ "ਅਜ਼ਮਾਉਣ ਅਤੇ ਗ਼ਲਤੀ ਕਰਨ" ਵਾਲੇ ਅਮਲ ਵਜੋਂ, ਨਵੇਂ ਤੱਕ ਪੁੱਜਣ ਦੇ ਪਰੰਪਰਾਈ ਤਰੀਕਿਆਂ ਨੂੰ ਛੱਡ ਕੇ ਸੰਭਵ ਹਲ ਦੀ ਮਕਾਨਕੀ ਚੋਣ ਵਜੋਂ ਵਿਆਖਿਆ ਕਰਨਾ ਵੀ ਗ਼ਲਤ ਹੈ।

ਰਚਣਾਤਮਿਕਤਾ ਦੇ ਸਾਰ-ਤੱਤ ਦੇ ਸਵਾਲ ਨੂੰ ਹਲ ਕਰਨ ਲਈ, ਸਾਨੂੰ ਸੰਬਾਦਕ-ਪਦਾਰਥਵਾਦੀ ਪਹੁੰਚ ਅਪਣਾਉਣੀ ਚਾਹੀਦੀ ਹੈ ਜਿਹੜੀ ਪ੍ਰਕਿਰਤੀ, ਸਮਾਜ ਅਤੇ ਮਨੁੱਖ ਦੀ, ਜਿਹੜਾ ਕਿ ਆਪਣੀਆਂ ਅਮਲੀ ਸਰਗਰਮੀਆਂ ਦੇ ਦੌਰਾਨ ਇਸ ਸੰਸਾਰ ਨੂੰ ਬਦਲਣ ਵਿਚ ਜੁੱਟਿਆ ਹੋਇਆ ਹੈ, ਵਸਤੂਪਰਕ ਹੋਂਦ ਨੂੰ ਮੰਨਣਾ ਬੇਹੱਦ ਮਹਤਵਪੂਰਨ ਸਮਝਦੀ ਹੈ। ਮਾਰਕਸਵਾਦ ਇਸ ਗੱਲ ਨੂੰ ਆਧਾਰ ਬਣਾ ਕੇ ਚੱਲਦਾ ਹੈ ਕਿ ਪਦਾਰਥਕ ਸਰਗਰਮੀ ਪ੍ਰਾਥਮਿਕ ਹੈ; ਰਚਣਾਤਮਿਕਤਾ ਦੇ ਸਾਰੇ ਬੁਨਿਆਦੀ ਪਰਕਾਰ ਇਸਤੋਂ ਹੀ ਨਿਕਲਦੇ ਅਤੇ ਨਿਰਧਾਰਿਤ ਹੁੰਦੇ ਹਨ। ਇਹੋ ਜਿਹੀ ਪਹੁੰਚ ਰਚਣਾਤਮਿਕਤਾ ਦੀ ਆਜ਼ਾਦ ਅਤੇ ਆਪਹੁਦਰੀ ਮਨੁੱਖਾ ਸਰਗਰਮੀ ਵਜੋਂ ਆਦਰਸ਼ਵਾਦੀ ਵਿਆਖਿਆ ਦਾ ਖੰਡਨ ਕਰਨ ਦੇ ਸਾਨੂੰ ਯੋਗ ਬਣਾਉਂਦੀ ਹੈ। ਰਚਣਾਤਮਿਕਤਾ ਬੁਨਿਆਦੀ ਤੌਰ ਉਤੇ

ਚੇਤੰਨ ਅਮਲ ਹੈ। ਵਿਸ਼ਾਲ ਅਰਥਾਂ ਵਿਚ ਇਸਦਾ ਭਾਵ ਲੋਕਾਂ ਦੀਆਂ ਉਹਨਾਂ ਸਰਗਰਮੀਆਂ ਤੋਂ ਹੈ ਜਿਹੜੀਆਂ ਨਵੀਂ, ਸਮਾਜਕ ਮਹੱਤਾ ਵਾਲੀ ਉਪਜ ਪੈਦਾ ਕਰਨ ਵਿਚ ਲੱਗੀਆਂ ਹੁੰਦੀਆਂ ਹਨ। ਸੀਮਤ ਅਰਥਾਂ ਵਿਚ, ਇਸਨੂੰ ਕਾਢ ਜਾਂ ਲੱਭਤ ਵਿਚ ਪਾਏ ਜਾਂਦੇ ਅਮਲ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਰਚਣਾਤਮਿਕਤਾ ਦੋ ਪੱਖਾਂ ਦੀ ਏਕਤਾ ਪਰਗਟ ਕਰਦੀ ਹੈ: ਆਪਣੀਆਂ ਲੋੜਾਂ ਅਤੇ ਨਿਸ਼ਾਨਿਆਂ ਦੇ ਮੁਤਾਬਕ ਸੰਸਾਰ ਦੀ ਕਾਇਆ-ਕਲਪ ਨਾਲ ਸੰਬੰਧਤ ਮਨੁੱਖ ਦੇ ਯਤਨ, ਅਤੇ ਉਸ ਵਲੋਂ ਸਿਰਜੀ ਗਈ ਉਪਜ ਦੀ, ਸਭਿਆਚਾਰ ਦੇ ਸੰਸਾਰ ਦੀ ਸਮਾਜਕ ਕਦਰ। ਆਪਣੀ ਰਚਣਾਤਮਿਕ ਸਰਗਰਮੀ ਦੇ ਅਮਲ ਵਿਚ ਮਨੁੱਖ ਆਪ ਬਦਲਦਾ ਜਾ ਰਿਹਾ ਹੈ, ਅਤੇ ਉਸਦੀਆਂ ਯੋਗਤਾਵਾਂ ਦਾ ਵੀ ਵਿਕਾਸ ਹੁੰਦਾ ਜਾ ਰਿਹਾ ਹੈ।

ਰਚਣਾਤਮਿਕਤਾ ਦਾ ਇਕ ਰੂਪ ਸੰਸਾਰ ਦਾ ਵਿਗਿਆਨਕ ਬੋਧ ਹੈ; ਵਿਗਿਆਨ ਅਤੇ ਟੈਕਨਾਲੋਜੀ ਦੇ ਇਸ ਯੁਗ ਵਿਚ ਇਸਦਾ ਰੋਲ ਬਹੁਤ ਜ਼ਿਆਦਾ ਵਧ ਗਿਆ ਹੈ। ਸਿਰਕੱਢ ਲੋਕ--ਹਸਤੀ ਅਤੇ ਰਾਜਨੇਤਾ, ਜਵਾਹਰਲਾਲ ਨਹਿਰੂ ਨੇ ਲਿਖਿਆ ਸੀ: "ਫਿਰ ਵੀ ਮੈਨੂੰ ਯਕੀਨ ਹੈ ਕਿ ਵਿਗਿਆਨ ਦੇ ਢੰਗਾਂ ਅਤੇ ਪਹੁੰਚ ਨੇ ਮਨੁੱਖਾ ਜ਼ਿੰਦਗੀ ਵਿਚ ਏਨਾਂ ਇਨਕਲਾਬ ਲੈ ਆਂਦਾ ਹੈ ਜਿੰਨਾਂ ਲੰਮੇ ਇਤਿਹਾਸ ਦੇ ਦੌਰਾਨ ਹੋਰ ਕਿਸੇ ਚੀਜ਼ ਨੇ ਨਹੀਂ ਲਿਆਂਦਾ।"* ਵਿਗਿਆਨ ਵਿਚ ਰਚਣਾਤਮਿਕਤਾ, ਪਹਿਲੀ ਥਾਂ ਉਤੇ, ਨਵੇਂ ਗਿਆਨ ਦਾ ਰੂਪ ਧਾਰਨਾ ਹੈ, ਵਰਤਾਰਿਆਂ ਦੇ ਨਵੇਂ ਜੁੱਟ ਦੀ ਵਿਆਖਿਆ ਕਰਨਾ ਹੈ, ਲੱਭਤ ਹੈ। ਇਹ ਰਚਣਾਤਮਿਕਤਾ ਪਰਾਪਤ ਕਰਨ ਲਈ, ਸੂਚਨਾ ਦਾ ਨਿਰੰਤਰ

---

*ਜਵਾਹਰਲਾਲ ਨਹਿਰੂ, "'ਭਾਰਤ ਦੀ ਲੱਭਤ", ਏਸ਼ੀਆ ਪਬਲਿਸ਼ਿੰਗ ਹਾਊਸ, ਬੰਬਈ, ੧੯੬੪, ਸਫਾ ੩੨।

ਇਕੱਤ੍ਰੀਕਰਣ ਅਤੇ ਵਿਸ਼ਲੇਸ਼ਣ ਚੱਲਦਾ ਰਹਿਣਾ ਚਾਹੀਦਾ ਹੈ, ਅਤੇ ਨਵੇਂ ਵਿਚਾਰ ਪੇਸ਼ ਕੀਤੇ ਜਾਂਦੇ ਰਹਿਣੇ ਚਾਹੀਦੇ ਹਨ, ਬਾਵਜੂਦ ਇਸ ਤੱਥ ਦੇ ਕਿ, ਜਿਵੇਂ ਅਮਰੀਕੀ ਭੌਤਕ-ਵਿਗਿਆਨੀ ਰਿਚਰਡ ਫੇਨਮਨ ਨੇ ਉਚਿਤ ਹੀ ਟਿਪਣੀ ਕੀਤੀ ਸੀ, "ਨਵਾਂ ਵਿਚਾਰ ਸੋਚਣਾ ਬੇਹੱਦ ਮੁਸ਼ਕਲ ਹੈ।"* ਨਿਯਮਣ, ਵਿਗਿਆਨਕ ਰਚਣਾਤਮਿਕਤਾ ਇਕਸਾਰ ਪ੍ਰਗਤੀ ਵਜੋਂ ਪੇਸ਼ ਹੰਦੀ ਹੈ, ਜਿਹੜੀ ਸਿੱਧੀ ਲਕੀਰ ਵਾਂਗ ਨਹੀਂ ਹੁੰਦੀ, ਸਗੋਂ ਐਸੇ ਅਮਲ ਵਾਂਗ ਹੁੰਦੀ ਹੈ ਜਿਸ ਵਿਚ ਛਲਾਂਗਾਂ ਅਤੇ ਅੰਤਰ-ਸੂਝ ਸ਼ਾਮਲ ਹੁੰਦੀ ਹੈ।

ਵਿਗਿਆਨਕ ਬੋਧ ਵਿਚ ਸਭ ਤੋਂ ਮਹਤਵਪੂਰਨ ਕੜੀ ਵਿਗਿਆਨਕ ਸਮੱਸਿਆ ਹੈ; ਸਮੱਸਿਆ ਪੇਸ਼ ਕੀਤੇ ਤੋਂ ਬਿਨਾਂ ਕੋਈ ਵੀ ਰਚਣਾਤਮਿਕ ਸਰਗਰਮੀ ਜਾਂ ਲੱਭਤ ਨਹੀਂ ਹੋ ਸਕਦੀ।

### ਰਚਣਾਤਮਿਕਤਾ ਸਮੱਸਿਆ ਪੇਸ਼ ਕਰਨ ਨਾਲ ਸ਼ੁਰੂ ਹੁੰਦੀ ਹੈ

ਜ਼ਿੰਦਗੀ ਭਰ ਲੋਕਾਂ ਸਾਮ੍ਹਣੇ ਸਮੱਸਿਆਵਾਂ ਆਉਂਦੀਆਂ ਰਹਿੰਦੀਆਂ ਹਨ। ਇਹ ਸਮੱਸਿਆਵਾਂ ਅਮਲੀ ਹੋ ਸਕਦੀਆਂ ਹਨ, ਸਿਧਾਂਤਕ, ਠੋਸ-ਵਿਗਿਆਨਕ, ਰਾਜਨੀਤਕ ਜਾਂ ਨੈਤਿਕ ਹੋ ਸਕਦੀਆਂ ਹਨ। ਕਦੀ ਕਦੀ ਸਮੱਸਿਆ ਦੀ ਪਰਿਭਾਸ਼ਾ ਇਹ ਦਿਤੀ ਜਾਂਦੀ ਹੈ ਕਿ ਇਹ ਅ-ਗਿਆਨ ਦਾ ਗਿਆਨ ਹੈ, ਕਿਉਂਕਿ ਇਹ ਉਸ ਗਿਆਨ ਵਿਚਕਾਰ, ਜਿਹੜਾ ਲੋਕਾਂ ਕੋਲ ਪਹਿਲਾਂ ਹੀ ਹੁੰਦਾ ਹੈ, ਅਤੇ ਵਧੇਰੇ ਗਿਆਨ ਲਈ ਉਹਨਾਂ ਦੀ ਲੋੜ ਵਿਚਕਾਰ ਵਿਰੋਧ ਪਰਗਟ ਕਰਦੀ ਹੈ। ਇਹ ਸਮੱਸਿਆ ਨੂੰ ਅਮਲੀ ਸਰਗਰਮੀ ਅਤੇ ਬੋਧ ਵਿਚਕਾਰ ਮਧਿਅਸਥ (ਇਕ

---

*ਰਿਚਰਡ ਫੇਨਮਨ, "ਭੌਤਕ ਕਾਨੂੰਨ ਦਾ ਖ਼ਾਸਾ", ਬਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ, ਕੌਕਸ ਐਂਡ ਵਾਈਮਨ ਲਿਮਟਿਡ, ਲੰਡਨ, ੧੯੬੫, ਸਫਾ ੧੭੨।

ਤਰ੍ਹਾਂ ਦੀ ਕੜੀ) ਬਣਾਉਂਦੀ ਹੈ। ਵਿਗਿਆਨਕ ਸਮੱਸਿਆ ਦਾ ਵਰਣਨ ਅਕਸਰ ਅਮਲੀ ਸਰਗਰਮੀਆਂ ਦੀਆਂ ਲੋੜਾਂ ਦੇ ਸਿਧਾਂਤਕ ਸੰਗਠਨ ਵਜੋਂ ਕੀਤਾ ਜਾਂਦਾ ਹੈ, ਜਿਹੜੀਆਂ ਸਰਗਰਮੀਆਂ ਕਿ ਇਹਨਾਂ ਸਮੱਸਿਆਵਾਂ ਨੂੰ ਸੂਤ੍ਰਿਤ ਕਰਨ ਲਈ ਆਧਾਰ ਦਾ ਕੰਮ ਕਰਦੀਆਂ ਹਨ। ਇਹ ਤੱਥ, ਕਿ ਕਈ ਵਾਰੀ ਸਮਾਨਾਂਤਰ (ਅਤੇ ਅਕਸਰ ਇਕੋ ਵੇਲੇ) ਲੱਭਤਾਂ ਕੀਤੀਆਂ ਜਾਂਦੀਆਂ ਹਨ, ਦਰਸਾਉਂਦਾ ਹੈ ਕਿ ਇਕ ਪਾਸੇ ਵਿਗਿਆਨ ਦੀਆਂ ਅਤੇ ਦੂਜੇ ਪਾਸੇ ਅਮਲੀ ਸਰਗਰਮੀਆਂ ਦੀਆਂ ਲੋੜਾਂ ਵਿਚਕਾਰ ਸੰਬੰਧ ਹੁੰਦਾ ਹੈ: ਇਸਤਰ੍ਹਾਂ ਬਿਜਲੀ ਦੇ ਬਲਬ ਦੀ ਇਕੋ ਵੇਲੇ ਥਾਮਸ ਐਡੀਸਨ ਅਤੇ ਪਾਵੇਲ ਯਾਬਲੋਚਕੋਵ ਵਲੋਂ ਕਾਢ ਕੱਢੀ ਗਈ; ਟੈਲੀਫੂਨ ਦੀ ਕਾਢ ਅਲੈਕਜ਼ਾਂਡਰ ਬੈੱਲ ਅਤੇ ਅਲੀਸ਼ਾ ਗਰੇ ਵਲੋਂ, ਜੂਲੀਅਸ ਮਾਇਰ, ਜੇਮਜ਼ ਜੂਲ ਅਤੇ ਕੋਲਦਿੰਗ ਨੇ ਇਕੋ ਵੇਲੇ ਅਤੇ ਇਕ ਦੂਜੇ ਤੋਂ ਸਵੈਧੀਨ ਸ਼ਕਤੀ ਦੀ ਸਰਬ-ਨਿਰੰਤਰਤਾ ਅਤੇ ਤਬਦੀਲੀ ਦਾ ਕਾਨੂੰਨ ਸੂਤ੍ਰਿਤ ਕੀਤਾ, ਆਦਿ। ਅਮਲੀ ਸਰਗਰਮੀ ਸਮਾਜਕ ਲੋੜ ਨੂੰ ਪੂਰਿਆਂ ਕਰਨ ਉਤੇ ਵੀ ਲੱਗ ਸਕਦੀ ਹੈ। ਉਦਾਹਰਣ ਵਜੋਂ, ਨੈਪੋਲੀਅਨ ਬੋਨਾਪਾਰਟ ਨੇ ਐਸੇ ਕਿਸੇ ਵੀ ਵਿਅਕਤੀ ਨੂੰ ਬੋਨਸ ਦੇਣ ਦੀ ਪੇਸ਼ਕਸ਼ ਕੀਤੀ ਜਿਹੜਾ ਗੰਨੇ ਦੀ ਖੰਡ ਦਾ ਅਤੇ ਨੀਲ ਦਾ ਬਦਲ ਲੱਭ ਦੇਵੇ, ਜਦੋਂ ਯੂਰਪੀ ਮਹਾਂਦੀਪ ਦੀ ਘੇਰਾਬੰਦੀ ਹੋਈ ਹੋਈ ਸੀ। ਇਸਦੇ ਸਿੱਟੇ ਵਜੋਂ ਰਸਾਇਣ--ਵਿਗਿਆਨੀ ਗੁਸਤਾਵ ਕਿਰਚਹੋਫ਼ ਨੇ ਅੰਗੂਰਾਂ ਦੀ ਖੰਡ ਦੀ ਲੱਭਤ ਕੀਤੀ।

ਪਰ ਇਥੇ ਏਨੀਂ ਕੁ ਸੋਧ ਕਰ ਲੈਣੀ ਚਾਹੀਦੀ ਹੈ ਕਿ ਭਾਵੇਂ ਵਿਗਿਆਨਕ ਸਮੱਸਿਆਵਾਂ ਸਮਾਜ ਦੀਆਂ ਠੋਸ ਲੋੜਾਂ ਉਪਰ, ਅਤੇ ਖ਼ਾਸ ਕਰਕੇ ਇਸਦੀਆਂ ਫ਼ੌਰੀ ਲੋੜਾਂ ਉਪਰ ਨਿਰਭਰ ਕਰਦੀਆਂ ਹਨ, ਇਹ ਨਿਰਭਰਤਾ ਸਾਪੇਖਕ ਖ਼ਾਸੇ ਦੀ ਹੈ, ਕਿਉਂਕਿ ਖ਼ੁਦ ਗਿਆਨ ਦੇ ਵਿਕਾਸ ਦੀਆਂ ਲੋੜਾਂ ਵੀ ਸਮੱਸਿਆਵਾਂ ਨੂੰ

ਅਨੁਕੂਲਦੀਆਂ ਹਨ। ਪਰ ਅੰਤਮ ਵਿਸ਼ਲੇਸ਼ਣ ਵਿਚ, ਵਿਗਿਆਨਕ ਸਮੱਸਿਆ, ਭਾਵੇਂ ਇਹ ਜ਼ਿੰਦਗੀ ਤੋਂ ਜਾਂ ਅਮਲ ਤੋਂ ਕਿੰਨੀਂ ਵੀ ਦੂਰ ਕਿਉਂ ਨਾ ਲੱਗਦੀ ਹੋਵੇ, ਅਮਲੀ ਸਰਗਰਮੀ ਨਾਲ ਗੂਹੜੀ ਤਰ੍ਹਾਂ ਜੁੜੀ ਹੋਈ ਹੁੰਦੀ ਹੈ, ਜਿਸਦੇ ਕਿ ਆਪਣੇ ਵਿਕਾਸ ਲਈ ਵੀ ਗਿਆਨ ਦੀ ਲੋੜ ਹੁੰਦੀ ਹੈ, ਅਤੇ ਜਿਹੜੀ ਆਪ ਸਮੱਸਿਆਵਾਂ ਨੂੰ ਹਲ ਕਰਨ ਅਤੇ ਪੜਤਾਲਣ ਲਈ ਲੁੜੀਂਦੀਆਂ ਹਾਲਤਾਂ ਤਿਆਰ ਕਰਦੀ ਹੈ। ਇਹ ਕੋਈ ਸਬੱਬੀ ਗੱਲ ਨਹੀਂ ਕਿ ਸਿਧਾਂਤਕ ਜੀਵ-ਵਿਗਿਆਨ ਦਾ ਬਾਨੀ, ਚਾਰਲਸ ਡਾਰਵਿਨ, ਬਰਤਾਨੀਆ ਨੇ ਸੰਸਾਰ ਨੂੰ ਦਿਤਾ, ਜਿਥੇ ਕਿ ਪਸ਼ੂ-ਪਾਲਣ ਦਾ ਕੰਮ ਕਾਫ਼ੀ ਵਿਕਸਤ ਸੀ ਅਤੇ ਬਣਾਵਟੀ ਚੋਣ ਲਾਗੂ ਕੀਤੀ ਜਾ ਰਹੀ ਸੀ।

ਸਮੱਸਿਆ ਸਿਰਫ਼ ਇਕ ਸਵਾਲ ਹੀ ਨਹੀਂ ਹੁੰਦੀ; ਇਹ ਇਸਨੂੰ ਹਲ ਕਰਨ ਦੀ ਕੋਸ਼ਿਸ਼ ਵਿਚ ਵਰਤੀ ਜਾਂਦੀ ਵਿਧੀ ਵੀ ਹੁੰਦੀ ਹੈ। ਜਵਾਬ ਦੀ ਖੋਜ ਵਿਚ "ਅਜ਼ਮਾਉਣ ਅਤੇ ਗ਼ਲਤੀ ਕਰਨ" ਦੀ ਵਿਧੀ ਵਰਤਦਿਆਂ, ਸਿਰਫ਼ ਤੱਥਾਂ ਦਾ ਇਕੱਤ੍ਰੀਕਰਣ ਅਤੇ ਸਾਰ ਦੇਣਾ ਵੀ ਹੋ ਸਕਦਾ ਹੈ; ਪਰ ਵਿਗਿਆਨਕ ਪੂਰਵ--ਦ੍ਰਿਸ਼ਟੀ, "ਖੁਸ਼ਕਿਸਮਤ ਅੰਦਾਜ਼ੇ" ਜਾਂ "ਗ਼ੈਬੀ ਸਹਾਇਤਾ" ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਨਾਲ ਖੋਜਕਾਰ ਦਾ ਅਤਿ ਸਾਵਧਾਨੀ ਅਤੇ ਮਿਹਨਤ ਨਾਲ ਕੀਤਾ ਗਿਆ ਕੰਮ ਨੇਪਰੇ ਚੜ੍ਹਦਾ ਹੈ। ਵਿਗਿਆਨ ਦੇ ਇਤਿਹਾਸ ਵਿਚੋਂ ਕਈ ਉਦਾਹਰਣਾਂ ਦੇ ਕੇ ਇਸਦੀ ਵਿਆਖਿਆ ਕੀਤੀ ਜਾ ਸਕਦੀ ਹੈ। ਫ਼ਰਾਂਸੀਸੀ ਵਿਗਿਆਨੀ ਲੂਈ ਪਾਸਤੇਰ ਨੇ ਇਕ ਵਾਰੀ ਟਿਪਣੀ ਕੀਤੀ ਸੀ ਕਿ ਪ੍ਰਕਿਰਤੀ ਸਿਰਫ਼ ਪੜ੍ਹੇ-ਲਿਖੇ ਮਨਾਂ ਕੋਲ ਹੀ ਆਪਣੇ ਭੇਤ ਖੋਹਲਦੀ ਹੈ। ਕਿਸਮਤ ਅਕਸਰ ਉਹਨਾਂ ਦਾ ਹੀ ਸਾਥ ਦੇਂਦੀ ਹੈ ਜਿਹੜੇ ਆਪਣੇ ਮਸਲਿਆਂ ਨੂੰ ਹਲ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹੁੰਦੇ ਹਨ। ਇਸਤਰ੍ਹਾਂ ਜਰਮਨ ਰਸਾਇਣ-ਵਿਗਿਆਨੀ ਫ਼ਰੀਦਰਿਖ ਆਗਸਤ ਕੇਕੂਲੇ

ਫ਼ੌਨ ਸਤਰਾਦੋਨਿਤਜ਼ ਨੇ ਬੈਨਜ਼ੋਲ ਮਾਲੀਕਿਊਲ ਦੀ ਬਣਤਰ ਸਿਰਜਣ ਉਤੇ ਕਈ ਸਾਲਾਂ ਦੀ ਸਖ਼ਤ ਮਿਹਨਤ ਕੀਤੀ। ਪਹਿਲਾਂ ਉਸਨੇ ਆਪਣੇ ਪੂਰਵਗਾਮੀਆਂ ਵਾਂਗ ਖੁਲ੍ਹੇ ਜੋੜਾਂ ਦੇ ਅਸੂਲ ਉਤੇ ਇਸਨੂੰ ਬਣਾਉਣ ਦੀ ਕੋਸ਼ਿਸ਼ ਕੀਤੀ; ਪਰ ਇਹ ਢੰਗ ਪ੍ਰਤੱਖ ਤੱਥਾਂ ਦੇ ਉਲਟ ਜਾਂਦਾ ਸੀ। ਫਿਰ ਇਕ ਦਿਨ ਕੇਕੂਲੇ ਓਮਨੀਬੱਸ ਵਿਚ ਬੈਠਾ ਚਿੜੀਆਘਰ ਲਿਜਾਏ ਜਾ ਰਹੇ ਬਾਂਦਰਾਂ ਦੇ ਪਿੰਜਰਿਆਂ ਦੇ ਕੋਲੋਂ ਦੀ ਲੰਘਿਆ। ਬਾਂਦਰਾਂ ਨੇ ਆਪਣੀਆਂ ਪੂਛਾਂ ਅਤੇ ਹੱਥਾਂ ਨਾਲ ਇਕ ਦੂਜੇ ਨੂੰ ਫੜੀ ਦਾਇਰਾ ਬਣਾਇਆ ਹੋਇਆ ਸੀ; ਇਥੋਂ ਸਾਇੰਸਦਾਨ ਨੂੰ ਫ਼ੁਰਨਾ ਫ਼ੁਰਿਆ ਕਿ ਇਹ ਮਾਲੀਕਿਊਲ ਦੀ ਬਣਤਰ ਦਾ ਬਿੰਬ ਹੋ ਸਕਦਾ ਹੈ। ਇਸਤਰ੍ਹਾਂ ਇਹ "ਗ਼ੈਬੀ ਸਹਾਇਤਾ" ਸੀ ਜਿਸਨੇ ਲੱਭਤ ਵਿਚ ਉਸਦੀ ਸਹਾਇਤਾ ਕੀਤੀ।

ਅਗਿਆਤ ਤੋਂ ਗਿਆਤ ਵੱਲ ਗਿਆਨ ਦੀ ਪ੍ਰਗਤੀ ਵਿਚ ਸਹਾਇਤਾ ਕਰਨ ਵਾਲਾ ਅਤਿ ਦਾ ਮਹਤਵਪੂਰਨ ਅੰਸ਼ ਵਿਧੀ-‐ਵਿਗਿਆਨਕ ਅਸੂਲ ਹਨ। ਵਿਗਿਆਨਕ ਦਾਰਸ਼ਨਿਕ ਅਸੂਲ ਵਿਗਿਆਨਕ ਮਸਲਿਆਂ ਨੂੰ ਪੇਸ਼ ਕਰਨ ਅਤੇ ਹਲ ਕਰਨ ਵਿਚ ਜੱਟੇ ਹੋਏ ਵਿਗਿਆਨੀ ਲਈ ਇਕ ਠੋਸ ਬੁਨਿਆਦ ਹੁੰਦੇ ਹਨ। ਇਹਨਾਂ ਅਸੂਲਾਂ ਨੂੰ ਅੱਖੋਂ ਉਹਲੇ ਕਰਨ ਨਾਲ ਵਿਗਿਆਨੀ ਅਕਸਰ ਅੜਿੱਕੇ ਵਿਚ ਫਸ ਜਾਂਦੇ ਹਨ। ਪ੍ਰਸਿੱਧ ਆਤਮਪਰਕ ਆਦਰਸ਼ਵਾਦੀ ਫ਼ਿਲਾਸਫ਼ਰ **ਅਰਨਸਟ ਮਾਖ਼** ਨੇ ਐਸੇ ਪੜਾਅ ਉਤੇ ਵੀ ਐਟਮ ਬਾਰੇ ਮਿਥਣ ਨੂੰ ਰੱਦ ਕਰਨਾ ਅਤੇ ਆਪਣੇ ਹੀ ਦਾਰਸ਼ਨਿਕ ਕਿਆਸਾਂ ਨੂੰ ਵਿਸਥਾਰਨਾ ਜਾਰੀ ਰੱਖਿਆ, ਜਦੋਂ (ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ) ਵਿਗਿਆਨ ਐਟਮ ਦੀ ਗੰਝਲਦਾਰ ਬਣਤਰ ਨੂੰ ਲੱਭਣ ਦੀਆਂ ਬਰੂਹਾਂ ਉਤੇ ਸੀ। ਮਾਖ਼ ਲਈ ਇਹ ਬਿਲਕਲ ਮੰਤਕੀ ਗੱਲ ਸੀ, ਕਿਉਂਕਿ ਉਸਲਈ ਇਕੋ ਇਕ ਹਕੀਕਤ ਇੰਦਰਿਆਵੀ ਅਨੁਭਵਾਂ ਦਾ ਮਜਮੂਆ ਸੀ। ਪਰ, ਵਸਤੂਪਰਕ ਬਾਹਰਮੁਖੀ ਵਰਤਾਰਿਆਂ ਦੀ

ਪਛਾਣ ਨਾਲ ਇਹੋ ਜਿਹੀ ਪਜ਼ੀਸ਼ਨ ਮੇਲ ਨਹੀਂ ਖਾਂਦੀ। ਪਰ ਸਿਰਫ਼ ਐਸੇ ਵਿਗਿਆਨੀਆਂ ਦੇ ਦਬਾਅ ਹੇਠਾਂ ਹੀ ਮਾਖ਼ ਅਖ਼ੀਰ ਆਪਣੇ ਬੇਤੁਕੇ ਵਿਚਾਰ ਛੱਡਣ ਲਈ ਮਜਬੂਰ ਹੋਇਆ, ਜਿਹੜੇ ਵਿਗਿਆਨੀ ਸੰਸਾਰ ਦੀ ਵਸਤੂਪਰਕ ਪ੍ਰਕਿਰਤੀ, ਅਤੇ ਮਨੱਖ ਦੀ ਇਸਨੂੰ ਸਮਝਣ ਦੀ ਯੋਗਤਾ ਵਿਚ ਯਕੀਨ ਰੱਖਦੇ ਸਨ।

ਵਿਗਿਆਨਕ ਖੋਜ, ਜਿਹੜੀ ਬੁਨਿਆਦੀ ਦਾਰਸ਼ਨਿਕ ਅਸੂਲਾਂ ਅਤੇ ਖੋਜਾਂ ਦੇ ਸਾਧਨਾਂ ਦੀ ਚੋਣ ਮੁਹਈਆ ਕਰਦੀ ਹੈ, ਵਿਗਿਆਨਕ ਸਮੱਸਿਆਵਾਂ ਨੂੰ ਹਲ ਕਰਨ ਵਿਚ ਸਭ ਤੋਂ ਮਹਤਵਪੂਰਨ ਪੜਾਅ ਹੈ। ਮਾਰਕਸਵਾਦੀ ਪੁਜ਼ੀਸ਼ਨਾਂ ਰੱਖਦਾ ਵਿਗਿਆਨੀ ਪਦਾਰਥ ਦੀ ਪ੍ਰਾਥਮਿਕ ਪ੍ਰਕਿਰਤੀ ਅਤੇ ਚੇਤਨਾ ਦੀ ਗੌਣ ਪ੍ਰਕਿਰਤੀ ਨੂੰ, ਸੰਸਾਰ ਦੀ ਥਾਹ ਪਾ ਸਕਣ ਦੀ ਸੰਭਾਵਨਾ, ਇਸਦੇ ਵਿਕਾਸ , ਅਮਲੀ ਸਰਗਰਮੀ ਆਦਿ ਨੂੰ ਮੰਨਣ ਦੇ ਅਸੂਲ ਉਪਰ ਆਪਣੀ ਖੋਜ ਆਧਾਰਤ ਕਰਦਾ ਹੈ। ਠੋਸ ਵਿਗਿਆਨਕ ਅਸੂਲ, ਜਿਹੜੇ ਠੀਕ ਵੀ ਸਾਬਤ ਹੋ ਸਕਦੇ ਹਨ ਗ਼ਲਤ ਵੀ, ਖੋਜ ਦੇ ਦੌਰਾਨ ਲਾਗੂ ਕੀਤੇ ਜਾਂਦੇ ਹਨ। ਉਦਾਹਰਣ ਵਜੋਂ, ਜਰਮਨ ਇੰਜੀਨੀਅਰ ਅਰਨਸਟ ਵਾਰਨਰ ਸੀਮਨਜ਼ ਨੇ ਇਹ ਮਤ ਪੇਸ਼ ਕੀਤਾ ਸੀ ਕਿ ਹਵਾ ਤੋਂ ਭਾਰੀ ਯੰਤਰ ਹਵਾਬਾਜ਼ੀ ਵਿਚ ਵਰਤਣੇ ਅਸੰਭਵ ਹਨ; ਅਤੇ ਹਰਮਨ ਲੁਡਵਿਗ ਹੈਲਮਹਾਜ਼ ਨੇ ਤਾਂ ਸਗੋਂ ਇਸ ਮਿਥਣ ਨੂੰ ਗਣਿਤ ਅਨੁਸਾਰ "ਸਾਬਤ ਵੀ ਕਰ ਦਿਤਾ"। ਪਰ ਹਵਾਬਾਜ਼ੀ ਦੇ ਵਿਕਾਸ ਨੇ ਉਹਨਾਂ ਦੇ ਸਿੱਟਿਆਂ ਨੂੰ ਗ਼ਲਤ ਸਾਬਤ ਕਰ ਦਿਤਾ।

ਵਿਗਿਆਨਕ ਖੋਜ ਖੋਜੀ ਕੋਲ ਪਰਾਪਤ ਤਜਰਬੇ ਅਤੇ ਗਿਆਨ ਉਪਰ ਆਧਾਰਤ ਹੁੰਦੀ ਹੈ। ਪਰ ਸਿਰਫ਼ ਪੁਰਾਣੇ ਗਿਆਨ ਦੇ ਆਧਾਰ ਉਤੇ ਹੀ ਨਵਾਂ ਗਿਆਨ ਪਰਾਪਤ ਕਰਨਾ ਅਸੰਭਵ ਹੈ। ਕੋਈ ਨਵੀਂ ਚੀਜ਼ ਸਿਖਣ ਲਈ ਪੁਰਾਣੇ ਗਿਆਨ ਦੀਆਂ ਹੱਦਾਂ ਤੋਂ ਪਰ੍ਹੇ ਜਾਣਾ ਜ਼ਰੂਰੀ ਹੈ। ਇਹੋ ਜਿਹੀ ਬਦਲੀ, ਪੁਰਾਣੇ

ਗਿਆਨ ਦੀ ਸੁਧਾਈ, ਕਸ਼ਟ-ਭਰਿਆ ਅਮਲ ਹੈ। ਨਵਾਂ ਪੁਰਾਣੇ ਦੇ ਖ਼ਿਲਾਫ਼ ਘੋਲ ਵਿਚ ਆਪਣਾ ਰਾਹ ਬਣਾਉਂਦਾ ਹੈ — ਅਤੇ ਇਸ ਗੱਲ ਦਾ ਵਿਗਿਆਨ, ਕਲਾ ਅਤੇ ਸਿਆਸਤ ਨਾਲ ਇਕੋ ਜਿੰਨਾਂ ਸੰਬੰਧ ਹੈ। ਸੋਚਣੀ ਦੀ ਵਿਲੱਖਣਤਾ ਹੈ — ਕਿਸੇ ਹੱਦ ਤੱਕ ਸਥਿਰਤਾ ਅਤੇ ਵਿਚਾਰਾਂ ਬਾਰੇ ਮੁੜ-ਸੋਚਣ ਤੋਂ ਸੰਕੋਚ; ਅਤੇ ਇਹ ਗੱਲ ਨਾ ਸਿਰਫ਼ ਅਗਿਆਨੀਆਂ ਵਿਚ ਹੀ ਹੁੰਦੀ ਹੈ, ਸਗੋਂ ਮਹਾਨੁਭਾਵਾਂ ਵਿਚ ਵੀ ਹੁੰਦੀ ਹੈ। ਵਿਗਿਆਨ ਦਾ ਇਤਿਹਾਸ ਇਸਤਰ੍ਹਾਂ ਦੀਆਂ ਉਘੜਵੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ: ਫ਼ਿਲਾਸਫ਼ਰ ਅਤੇ ਗਣਿਤ-ਮਾਹਰ ਗੌਟਫ਼ਰੀਦ ਲਾਈਬਨਿਤਜ਼ ਨਿਊਟਨ ਦੇ ਨਾਭ-ਖਿੱਚ ਦੇ ਕਾਨੂੰਨ ਦੇ ਖ਼ਿਲਾਫ਼ ਦਲੀਲਾਂ ਦੇਂਦਾ ਰਿਹਾ; ਫ਼ਰਾਂਸਿਸ ਬੇਕਨ ਅਤੇ ਪ੍ਰਸਿੱਧ ਤਾਰਾ-ਵਿਗਿਆਨੀ ਤੀਖੋ 'ਦ ਬਰਾਹੇ ਨੇ ਕੋਪਰਨੀਕਸ ਦੇ ਵਿਚਾਰ ਰੱਦ ਕਰ ਦਿਤੇ ਸਨ; ਸਾਪੇਖਤਾ ਦੇ ਸਿਧਾਂਤ ਦੇ ਰਚਣਹਾਰ **ਅਲਬਰਟ ਆਈਨਸਟਾਈਨ** ਦਾ ਕਈ ਵਿਗਿਆਨੀਆਂ ਨੇ ਵਿਰੋਧ ਕੀਤਾ। ਵਿਚ ਇਕਤਰ੍ਹਾਂ ਦਾ ਸਿਧਾਂਤ ਜਿਹਾ ਪ੍ਰਚੱਲਤ ਵੀ ਹੈ ਕਿ ਵਿਗਿਆਨਕ ਵਿਚਾਰ, ਜਿਹੜਾ ਮੂਲੋਂ ਨਵਾਂ ਹੁੰਦਾ ਹੈ, ਤਿੰਨ ਪੜਾਵਾਂ ਵਿਚੋਂ ਲੰਘਦਾ ਹੈ: ਪਹਿਲਾਂ ਇਸਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਇਸਨੂੰ ਬੇਤੁਕਾ ਐਲਾਨਿਆ ਜਾਂਦਾ ਹੈ; ਫਿਰ ਇਸਤਰ੍ਹਾਂ ਦੀਆਂ ਰਾਵਾਂ ਆਉਣ ਲੱਗਦੀਆਂ ਹਨ ਕਿ ਆਖ਼ਰ ਹੋ ਸਕਦਾ ਹੈ ਇਹ ਠੀਕ ਹੋਵੇ, ਪਰ ਇਹ ਬਹੁਤਾ ਮਹਤਵਪੂਰਨ ਨਹੀਂ; ਅਤੇ ਅਖ਼ੀਰ ਇਸਦੀ ਅਸਲੀ ਮਹੱਤਾ ਮੰਨ ਲਈ ਜਾਂਦੀ ਹੈ ਅਤੇ ਇਸਦੇ ਸਾਰੇ ਭੂਤ-ਪੂਰਵ ਵਿਰੋਧੀ ਇਸਨੂੰ ਲੱਭਣ ਦੇ ਸਨਮਾਨ ਦੇ ਦਾਅਵੇਦਾਰ ਬਣ ਜਾਂਦੇ ਹਨ।

## ਨਵੇਂ ਦੀ ਢੂੰਡ

ਰਚਣੇਈ ਖੋਜ ਦਾ ਸਿੱਟਾ **ਲੱਭਤ** ਵਿਚ ਨਿਕਲਦਾ ਹੈ, ਜਿਹੜੀ ਕਿ ਨਵਾਂ, ਅਸਲੀ, ਵਸਤੂਪਰਕ ਗਿਆਨ, ਪਦਾਰਥਕ ਸੰਸਾਰ ਜਾਂ ਰੂਹਾਨੀ ਸਭਿਆਚਾਰ ਬਾਰੇ ਪਹਿਲਾਂ ਅਗਿਆਤ ਤੱਥਾਂ, ਖਾਸੀਅਤਾਂ ਅਤੇ ਬਾਕਾਇਦਗੀਆਂ ਦਾ ਸਾਮ੍ਹਣੇ ਆਉਣਾ ਹੁੰਦਾ ਹੈ। ਲੱਭਤ ਰਚਣੇਈ ਅਮਲ ਦੀ ਸਿਖਰ ਹੁੰਦੀ ਹੈ, ਜਿਸਦਾ ਲੱਛਣ ਹੁੰਦਾ ਹੈ ਕੋਈ ਨਵਾਂ ਸਿੱਟਾ, ਪ੍ਰਕਿਰਤੀ ਅਤੇ ਸਮਾਜ ਦੇ ਵਿਗਿਆਨਕ ਬੋਧ ਵਿਚ ਕੋਈ ਨਵੀਂ ਪ੍ਰਗਤੀ। ਨਵੇਂ ਦੀ ਖੋਜ ਬੋਧ-ਪਰਾਪਤੀ ਦਾ ਸਮੁੱਚਾ ਅਮਲ ਹੈ, ਜਿਹੜਾ ਸੰਕਲਪ (ਤਿਆਰੀ) ਤੋਂ ਸ਼ੁਰੂ ਹੁੰਦਾ ਹੈ, ਫਿਰ ਇਹ ਮਸਾਲੇ ਦੇ ਇਕੱਤ੍ਰੀਕਰਣ ਦੇ ਪੜਾਅ ਵਿਚੋਂ ਲੰਘਦਾ ਹੈ, ਅਤੇ ਆਖਰ ਖ਼ੁਦ ਲੱਭਤ ਵੱਲ ਅਤੇ ਇਸਦੀ ਪੜਤਾਲ ਵੱਲ ਲੈ ਜਾਂਦਾ ਹੈ। ਤਿਆਰੀ ਵਾਲੇ ਪੜਾਅ ਉਤੇ ਮਸਾਲਾ ਇਕੱਠਾ ਕਰਨਾ ਅਤੇ ਇਸਨੂੰ ਤਰਤੀਬ ਦੇਣਾ ਆਉਂਦਾ ਹੈ, ਅਤੇ ਇਹ ਕਾਫ਼ੀ ਜ਼ਿਆਦਾ ਸਮਾਂ ਲੈ ਸਕਦਾ ਹੈ। ਉਦਾਹਰਣ ਵਜੋਂ, ਆਪਣੇ ਜੀਵਨ ਭਰ ਦੇ ਕੰਮ "ਕੁਦਰਤੀ ਚੋਣ ਰਾਹੀਂ ਜੀਵ-ਵੰਨਗੀਆਂ ਦਾ ਮੁੱਢ" ਪ੍ਰਕਾਸ਼ਤ ਕਰਨ ਤੋਂ ਪਹਿਲਾਂ ਡਾਰਵਿਨ ਨੇ ਤੱਥ ਇਕੱਠੇ ਕਰਨ ਅਤੇ ਤਰਤੀਬ ਦੇਣ ਉਤੇ ਕਈ ਸਾਲ ਲਾਏ। ਮਸਾਲੇ ਨੂੰ ਤਰਤੀਬ ਦੇਣ ਵਿਚ, ਪਹਿਲੀ ਥਾਂ ਉਤੇ, ਭਵਿੱਖ ਵਿਚਲੀ ਖੋਜ ਦੀ ਵਿਸਤ੍ਰਿਤ ਰੂਪ-ਰੇਖਾ, ਕਝ ਅਸੂਲਾਂ ਦੀ ਚੋਣ ਜਿਨ੍ਹਾਂ ਨੂੰ ਆਧਾਰ ਬਣਾਇਆ ਜਾਣਾ ਹੁੰਦਾ ਹੈ, ਅਤੇ ਲਾਗੂ ਕੀਤੇ ਜਾਣ ਵਾਲੇ ਢੰਗਾਂ ਦੀ ਖੋਜ ਸ਼ਾਮਲ ਹੁੰਦੀ ਹੈ। ਕਈ ਖੋਜੀਆਂ ਦੀ ਰਾਇ ਵਿਚ, ਮਸਾਲਾ ਇਕੱਠਾ ਕਰਨਾ — ਧਿਆਨ ਲਗਾਉਣਾ — ਦਿਮਾਗ਼, ਗਿਆਨ-ਇੰਦਰਿਆਂ ਅਤੇ ਇੱਛਾ-ਸ਼ਕਤੀ ਦੀ ਬਹੁਤ ਜ਼ਿਆਦਾ ਮੰਗ ਕਰਦਾ ਹੈ, ਅਤੇ ਸਥਾਪਤ ਧਾਰਨਾਵਾਂ ਦੇ ਖ਼ਿਲਾਫ਼ ਜਾਣ ਦੀ ਯੋਗਤਾ ਪਹਿਲਾਂ

ਮਿਥ ਕੇ ਚੱਲਦਾ ਹੈ। ਇਸਤਰ੍ਹਾਂ ਗਣਿਤ-ਵਿਗਿਆਨੀ ਜੂਲਜ਼ ਹੈਨਰੀ ਪਾਇਨਕੇਅਰ ਅਤੇ ਹੈਂਡਰਿਕ ਅਨਤੂਨ ਲਾਰੈਨਜ਼ ਸਾਪੇਖਤਾ ਦੇ ਸਿਧਾਂਤ ਦੀ ਲੱਭਤ ਕਰਨ ਦੇ ਨੇੜੇ ਤੇੜੇ ਪੁੱਜ ਗਏ, ਪਰ ਕਲਾਸੀਕਲ ਭੌਤਕ-ਵਿਗਿਆਨ ਦੇ ਅਸੂਲਾਂ ਉਪਰ ਆਧਾਰਤ ਪਰੰਪਰਾਈ ਵਿਚਾਰਾਂ ਤੋਂ ਛੁਟਕਾਰਾ ਪਾਉਣ ਵਿਚ ਉਹ ਅਸਫ਼ਲ ਰਹੇ; ਉਹ ਇਹਨਾਂ ਅਸੂਲਾਂ ਨੂੰ ਅਣ-ਉਲੰਘਣੀ ਸਮਝਦੇ ਸਨ। ਜਿਸ ਤਰੀਕੇ ਨਾਲ ਵਿਗਿਆਨਕ ਲੱਭਤਾਂ ਆਮ ਕਰਕੇ ਕੀਤੀਆਂ ਜਾਂਦੀਆਂ ਹਨ, ਉਸ ਬਾਰੇ ਇਕ ਦਿਲਚਸਪ ਚੁਟਕਲਾ ਹੈ: ਹਰ ਕੋਈ ਜਾਣਦਾ ਹੈ ਕਿ ਇਹ ਅਸੰਭਵ ਹੈ, ਅਤੇ ਫਿਰ ਕੋਈ ਜਾਹਲ ਆਦਮੀ ਆਉਂਦਾ ਹੈ ਜਿਸਨੂੰ ਇਸ ਗੱਲ ਦਾ ਪਤਾ ਨਹੀਂ ਹੁੰਦਾ, ਅਤੇ ਉਹ ਲੱਭਤ ਕਰ ਲੈਂਦਾ ਹੈ। ਇਸ ਚੁਟਕਲੇ ਵਿਚ ਇਕ ਬੜਾ ਮਹਤਵਪੂਰਨ ਵਿਚਾਰ ਮਿਲਦਾ ਹੈ: ਵਿਅਕਤੀ ਨੂੰ ਸੋਚਣੀ ਦੇ ਪੁਰਾਣੇ ਰਸਤਿਆਂ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਆਪਣਾ ਹੀ ਰਾਹ ਬਣਾਉਣਾ ਚਾਹੀਦਾ ਹੈ।

ਵਿਗਿਆਨਕ ਲੱਭਤਾਂ ਬੁਨਿਆਦੀ ਵੀ ਹੋ ਸਕਦੀਆਂ ਹਨ, ਗ਼ੈਰ-ਬੁਨਿਆਦੀ ਵੀ। ਬੁਨਿਆਦੀ ਲੱਭਤਾਂ ਸੰਸਾਰ ਬਾਰੇ ਸੰਕਲਪਾਂ ਉਪਰ ਬਹੁਤ ਜ਼ਿਆਦਾ ਪ੍ਰਭਾਵ ਪਾਉਂਦੀਆਂ ਹਨ ਅਤੇ ਸਾਡੇ ਸੰਸਾਰ-ਦ੍ਰਿਸ਼ਟੀਕੋਣ ਨੂੰ ਬਦਲਦੀਆਂ ਹਨ। ਗਿਆਨ ਖੁਦ ਨਵੇਂ ਅਸੂਲ ਬਣਾਉਂਦਾ ਹੈ: ਗੈਲਿਲੀਓ, ਕੋਪਰਨੀਕਸ, ਨਿਊਟਨ, ਡਾਰਵਿਨ, ਮਾਰਕਸ ਅਤੇ ਆਈਨਸਟਾਈਨ ਵਲੋਂ ਕੀਤੀਆਂ ਗਈਆਂ ਲੱਭਤਾਂ ਨੂੰ ਹੀ ਯਾਦ ਕਰਨਾ ਕਾਫ਼ੀ ਹੈ। ਗ਼ੈਰ--ਬੁਨਿਆਦੀ ਲੱਭਤਾਂ ਉਹ ਹੁੰਦੀਆਂ ਹਨ, ਜਿਹੜੀਆਂ ਪਹਿਲਾਂ ਹੀ ਜਾਣੇ ਜਾਂਦੇ ਅਤੇ ਪਹਿਲਾਂ ਸਥਾਪਤ ਕੀਤੇ ਜਾ ਚੁੱਕੇ ਅਸੂਲਾਂ ਦੇ ਆਧਾਰ ਉਤੇ ਕੀਤੀਆਂ ਜਾਂਦੀਆਂ ਹਨ। ਇਸਤਰ੍ਹਾਂ ਦੀ ਲੱਭਤ ਕਿਤੇ ਜ਼ਿਆਦਾ ਕੀਤੀ ਜਾਂਦੀ ਹੈ, ਫਿਰ ਵੀ ਇਸ ਸਰਤ ਵਿਚ ਵੀ ਖੋਜ ਦੇ ਢੰਗਾਂ ਤਰੀਕਿਆਂ ਦੀ ਚੋਣ ਰਚਣੇਈ ਅਮਲ ਹੈ।

ਇਸਤਰ੍ਹਾਂ ਦੀ ਲੱਭਤ ਵਿਚ, ਉਦਾਹਰਣ ਵਜੋਂ, ਮਾਲੀਕਿਊਲਰ ਜੀਵ-ਵਿਗਿਆਨ, ਪੁਰਾਤਨ ਹਥ-ਲਿਖਤਾਂ ਨੂੰ ਉਠਾਲਣਾ, ਅਤੇ ਗ੍ਰਹਿਆਂ ਦੀ ਲੱਭਤ ਸ਼ਾਮਲ ਹੈ। ਫ਼ਰਾਂਸੀਸੀ ਤਾਰਾ-ਵਿਗਿਆਨੀ ਉਰਬਾਨ-ਜਾਂ-ਜੋਜ਼ੇ ਲ' ਵਾਰੀਅਰ ਵਲੋਂ ਨੈਪਚੂਨ ਗ੍ਰਹਿ ਦੀ ਲੱਭਤ ਇਸ ਪਰਕਾਰ ਕੀਤੀ ਗਈ। ਗ੍ਰਹਿਆਂ ਦੀ ਗਤੀ ਦਾ ਚਾਰਟ ਤਿਆਰ ਕਰਦਿਆਂ ਉਸਨੇ ਦੇਖਿਆ ਕਿ ਯੂਰੇਨਸ ਆਪਣੇ ਪ੍ਰਕਰਮਾ--ਪੰਧ ਤੋਂ ਲਾਂਭੇ ਜਾਂਦਾ ਹੈ। ਉਸਨੇ ਸੁਝਾਅ ਦਿਤਾ ਕਿ ਇਹ ਲਾਂਭੇ ਜਾਣਾ ਕਿਸੇ ਅਗਿਆਤ ਗ੍ਰਹਿ ਦੇ ਪ੍ਰਭਾਵ ਕਾਰਨ ਹੋ ਸਕਦਾ ਹੈ, ਅਤੇ ਉਸਨੇ ਇਸਦੇ ਸੰਭਵ ਪ੍ਰਕਰਮਾ-ਪੰਧ ਅਤੇ ਪੁਜ਼ੀਸ਼ਨ ਦਾ ਹਿਸਾਬ ਲਾਇਆ। ਉਸਨੇ ਆਪਣੇ ਇਸ ਮਿਥਣ ਬਾਰੇ ਬਰਲਿਨ ਦੇ ਤਾਰਾ-ਵਿਗਿਆਨੀ ਜੋਹਾਨ ਜੀ ਹਾਲ ਨੂੰ ਲਿਖਿਆ ਅਤੇ ਉਸਨੇ ਆਕਾਸ਼ ਦੇ ਸੰਬੰਧਤ ਹਿੱਸੇ ਦੀ ਪੂਰੀ ਤਰ੍ਹਾਂ ਪੜਤਾਲ ਕਰਕੇ ਇਕ ਗ੍ਰਹਿ ਦਾ ਪਤਾ ਲਾਇਆ ਜਿਸ ਬਾਰੇ ਪਹਿਲਾਂ ਨਹੀਂ ਸੀ ਪਤਾ, ਅਤੇ ਇਸਦਾ ਨਾਂ ਨੈਪਚੂਨ ਰੱਖ ਦਿਤਾ।

## "ਇਲਹਾਮ" ਅਤੇ ਇਸਦੇ ਭੇਦ

ਲੱਭਤ ਇਕਦਮ ਵੀ ਕੀਤੀ ਜਾ ਸਕਦੀ ਹੈ, ਇਕ ਘੜੀ ਦੇ ਨੋਟਿਸ ਉਤੇ। "ਇਲਹਾਮ" ਵਾਂਗ, ਇਹ ਲੰਮੀ ਖੋਜ ਦੇ ਦੌਰਾਨ ਇਕ ਅਚਨਚੇਤ ਇਨਾਮ ਹੰਦੀ ਹੈ। ਇਹ ਕਿਹਾ ਜਾਂਦਾ ਹੈ ਕਿ ਲੱਭਤਾਂ ਵਿਗਿਆਨੀ ਦੇ ਮਨ ਵਿਚ ਪੂਰੀਆਂ ਅਤੇ ਪਰਿਪੂਰਨ ਬਣ ਕੇ ਆਉਂਦੀਆਂ ਹਨ। ਇਹੋ ਜਿਹੀਆਂ ਲੱਭਤਾਂ ਅਕਸਰ ਕਿਸੇ **ਅੰਤਰ-ਸੂਝ** ਨਾਲ ਜੋੜੀਆਂ ਜਾਂਦੀਆਂ ਹਨ; ਇਸਲਈ ਅੰਤਰ-ਸੂਝ ਬਾਰੇ ਇਸਤਰ੍ਹਾਂ ਦਾ ਵਿਚਾਰ ਮਿਲਦਾ ਹੈ ਕਿ ਇਹ ਕੋਈ ਰਹਸਮਈ ਸਰਗਰਮੀ ਹੈ ਜਿਹੜੀ ਰਚਣੇਈ ਅਮਲ ਦੀ ਪ੍ਰਕਿਰਤੀ ਦੇ ਪਿੱਛੇ ਕੰਮ ਕਰਦੀ ਹੈ। ਅੱਜ ਵਿਗਿਆਨਕ ਸਾਹਿਤ

ਇਸ ਸ਼ਬਦ ਦੇ ਪਰਿਆਇਵਾਚੀ ਸ਼ਬਦ ਪੇਸ਼ ਕਰਦਾ ਹੈ ਜਿਵੇਂ ਕਿ ਤੁਰਤ ਅਨੁਭੂਤੀ, ਕਲਪਣਾ ਅਤੇ ਦਰੁਸਤ ਨਿਰਣਾ। ਮਨੁੱਖੀ ਮਨ ਇਸ ਤੱਥ ਕਰਕੇ ਸ਼ਾਨਦਾਰ ਹੈ ਕਿ ਕਿਸੇ ਸਮੱਸਿਆ ਉਤੇ, ਵਿਗਿਆਨਕ ਖੋਜ ਉਤੇ ਕੰਮ ਕਰਦਿਆਂ, ਮਨੁੱਖ ਇਸਦੇ ਹਲ ਦੇ ਸਾਰੇ ਸੰਭਵ ਬਦਲਾਂ ਨੂੰ ਨਹੀਂ ਵਿਚਾਰਦਾ, ਸਗੋਂ ਬਿਲਕੁਲ ਸ਼ੁਰੂ ਤੋਂ ਹੀ ਉਹਨਾਂ ਵਿਚੋਂ ਕਝ ਨੂੰ ਲਾਂਭੇ ਕਰ ਦੇਂਦਾ ਹੈ। ਅਗਿਆਤ ਨੂੰ ਗਿਆਤ ਦੇ ਨਾਲ ਜੋੜਣ ਦੀ ਇਹ ਸਮਰੱਥਾ ਅਕਸਰ ਅੰਤਰ--ਸੂਝ ਰਾਹੀਂ ਅਮਲ ਵਿਚ ਆਉਂਦੀ ਹੈ, ਪਰ ਇਹ ਵਧੇਰੇ ਕਰਕੇ ਮਨੁੱਖ ਦੇ ਤਜਰਬੇ ਉਪਰ, ਗਿਆਨ ਦੇ ਵਖੋਂ ਵਖਰੇ ਖੇਤਰਾਂ ਨੂੰ ਮਿਲਾਉਣ, ਜੋੜਣ ਅਤੇ ਸੰਬੰਧਤ ਕਰਨ ਦੀ ਉਸਦੀ ਯੋਗਤਾ ਉਪਰ ਨਿਰਭਰ ਕਰਦੀ ਹੈ।

ਅੰਤਰ-ਸੂਝ ਬਾਰੇ ਜਿਹੜੀ ਗੱਲ ਦਿਲਚਸਪ ਹੈ, ਉਹ ਇਹ ਕਿ ਇਸਤਰ੍ਹਾਂ ਦਾ ਗਿਆਨ ਰਚਣੇਈ ਅਮਲ ਦੇ ਦੌਰਾਨ ਨਿਖੇੜੇ ਗਏ ਸੰਭਵ ਵਸਤੂ ਅਤੇ ਦੂਜੇ ਗਿਆਨ, ਜਿਸਨੂੰ ਪ੍ਰਮਾਣਿਕ ਸਮਝਿਆ ਜਾਂਦਾ ਹੈ, ਵਿਚਕਾਰ ਸੰਬੰਧ ਉਪਰ ਨਿਰਭਰ ਕਰਦਾ ਹੈ। "ਇਲਹਾਮ", ਜਾਂ "ਅੰਤਰ-ਦ੍ਰਿਸ਼ਟੀ" ਪ੍ਰਤੱਖ ਤੌਰ ਉਤੇ ਉਦੋਂ ਵਾਪਰਦੀ ਹੈ ਜਦੋਂ ਖੋਜ ਦੇ ਅਮਲ ਦੇ ਸਾਰੇ ਤੱਤ ਇਕੱਠੇ ਹੋ ਕੇ ਐਸੀ ਕੜੀ ਬਣਾ ਲੈਂਦੇ ਹਨ ਜਿਸ ਬਾਰੇ ਪਹਿਲਾਂ ਗਿਆਨ ਨਹੀਂ ਹੁੰਦਾ, ਅਤੇ ਇਸਤਰ੍ਹਾਂ ਇਕ ਨਵੀਂ, ਸਪਸ਼ਟ ਰੂਪ ਵਿਚ ਪੂਰਨ ਤਸਵੀਰ ਪੇਸ਼ ਕਰਦੇ ਹਨ। ਇਸ ਅਮਲ ਦੀ ਲਾਸਾਨੀ ਪ੍ਰਕਿਰਤੀ ਇਸ ਤੱਥ ਤੋਂ ਪਰਗਟ ਹੁੰਦੀ ਹੈ ਕਿ ਸਮੱਸਿਆ ਦਾ ਹਲ, ਨਵਾਂ ਗਿਆਨ, ਖੋਜਕਾਰ ਵਲੋਂ ਮੰਤਕੀ ਤੌਰ ਉਤੇ ਇਸਦੇ ਠੀਕ ਹੋਣ ਦਾ ਸਬੂਤ ਦੇਣ ਦੇ ਸਾਧਨ ਲੱਭੇ ਜਾਣ ਤੋਂ ਵੀ ਪਹਿਲਾਂ ਪਰਾਪਤ ਕਰ ਲਿਆ ਜਾਂਦਾ ਹੈ। ਇਸਤੋਂ ਛੁੱਟ, ਇਹ ਗਿਆਨ ਪਹਿਲਾਂ ਮੌਜੂਦ, ਸਥਾਪਤ ਗਿਆਨ-ਪ੍ਰਣਾਲੀ ਵਿਚੋਂ ਨਹੀਂ ਨਿਕਲਦਾ, ਸਗੋਂ ਕਦੀ ਕਦੀ ਇਸਦੇ ਉਲਟ ਵੀ ਜਾਂਦਾ ਹੈ। ਸਮੱਸਿਆ ਦਾ

ਹਲ, ਸਮੱਸਿਆ ਬਣੀ ਅਵਸਥਾ ਵਿਚੋਂ ਨਿਕਲਣ ਦਾ ਰਾਹ "ਛਲਾਂਗ" ਵਾਂਗ ਸਾਮ੍ਹਣੇ ਆਉਂਦਾ ਹੈ, ਜਿਹੜੀ ਇੰਦਰਿਆਵੀ ਤਜਰਬੇ ਅਤੇ ਮੰਤਕੀ ਸੋਚ ਦੇ ਮਿਸ਼ਰਣ, ਸੰਸਲੇਸ਼ਣ ਦੇ ਆਧਾਰ ਉਤੇ ਨੇਪਰੇ ਚੜ੍ਹਾਈ ਗਈ ਹੁੰਦੀ ਹੈ।

ਵਿਗਿਆਨ ਦਾ ਸਿਰਕੱਢ ਇਤਿਹਾਸਕਾਰ ਅਤੇ ਗਣਿਤ-ਵਿਗਿਆਨੀ ਲੂਈ ਵਿਕਤਰ 'ਦ ਬਰੋਗਲੀ, ਉਦਾਹਰਣ ਵਜੋਂ ਲਿਖਦਾ ਹੈ: "ਵਿਗਿਆਨ, ਜੋ ਕਿ ਆਪਣੇ ਅਸੂਲਾਂ ਅਤੇ ਢੰਗਾਂ ਵਿਚ ਬੁਨਿਆਦੀ ਤੌਰ ਉਤੇ ਤਾਰਕਿਕ ਹੈ, ਮਨ ਦੀਆਂ ਖ਼ਤਰਨਾਕ ਅਤੇ ਅਚਨਚੇਤ ਛਲਾਂਗਾਂ ਰਾਹੀਂ ਹੀ ਆਪਣੀਆਂ ਅਤਿ ਦੀਆਂ ਸ਼ਾਨਦਾਰ ਜਿੱਤਾਂ ਕਰ ਸਕਦਾ ਹੈ, ਜਦੋਂ ਮੰਤਕੀ ਸੋਚਣੀ ਦੇ ਬੋਝਲ ਭਾਰ ਤੋਂ ਮੁਕਤ ਯੋਗਤਾਵਾਂ ਹਰਕਤ ਵਿਚ ਆਉਂਦੀਆਂ ਹਨ, ਜਿਵੇਂ ਕਿ ਕਲਪਣਾ, ਅੰਤਰ-ਸੂਝ, ਪਾਰਦਰਸ਼ਤਾ ਦਾ ਗੁਣ।" *

ਅੰਤਰ-ਸੂਝ ਮਨੁੱਖ ਦੀਆਂ ਉਹਨਾਂ ਯੋਗਤਾਵਾਂ ਦਾ ਇਕ ਹਿੱਸਾ ਹੈ ਜਿਨ੍ਹਾਂ ਦਾ ਅਜੇ ਕਾਫ਼ੀ ਅਧਿਐਨ ਨਹੀਂ ਹੋਇਆ ਪਰ ਤਾਂ ਵੀ ਜੋ ਨਿਰਸੰਦੇਹ ਤਾਰਕਿਕ ਹਨ। ਮਤਲਬ ਇਹ ਹੈ ਕਿ ਇਥੇ ਮੰਤਕੀ ਗਤੀ ਦਾ ਅਮਲ ਸੁੰਗੜ ਜਾਂਦਾ ਹੈ, ਮੰਤਕ ਇਕ ਤਰ੍ਹਾਂ ਨਾਲ "ਨਿਹਿਤ ਰੂਪ ਵਿਚ" ਕੰਮ ਕਰਦਾ ਹੈ, ਅਤੇ ਇਸਦੇ ਕਈ ਪੜਾਅ ਗ਼ੈਰ-ਹਾਜ਼ਰ ਹੁੰਦੇ ਹਨ।

ਅਕਸਰ ਹੀ, ਅੰਤਰ-ਸੂਝ ਆਪਣੇ ਆਪ ਨੂੰ ਇਕ ਅਚੇਤ ਕਾਰਜ ਵਜੋਂ ਪਰਗਟ ਕਰਦੀ ਹੈ, ਕਿਉਂਕਿ ਸੋਚਣੀ ਵਿਚਲੇ ਜਟਿਲ ਕਾਰਜ ਹਲ ਕਰਨ ਦਾ ਅਮਲ ਇਕ ਤਰ੍ਹਾਂ ਲੁਕਵੇਂ

---

* ਲੂਈ 'ਦ ਬਰੋਗਲੀ, "Sur les sentiers de la science" ਐਡੀਸ਼ਨਜ਼ ਅਲਬੀਨ ਮਿਸ਼ਲ, ਪੈਰਿਸ, ੧੯੬੦, ਸਫ਼ਾ ੩੫੪।

ਢੰਗ ਨਾਲ ਚੱਲਦਾ ਰਹਿੰਦਾ ਹੈ, ਅਤੇ ਸਿਰਫ਼ ਅੰਤਮ ਨਤੀਜਾ ਹੀ ਹੁੰਦਾ ਹੈ ਜਿਹੜਾ ਮਨ ਵਿਚ ਜੜਿਆ ਜਾਂਦਾ ਹੈ। ਤਾਂ ਵੀ, ਅੰਤਰ-ਸੂਝ ਅੰਤਮ ਨਤੀਜੇ ਨੂੰ ਚੇਤਨਾ ਨਾਲ ਸਿਰਫ਼ "ਪਰੀਚਿਤ" ਹੀ ਨਹੀਂ ਕਰਦੀ; ਇਸਦਾ ਕਾਰਜ ਕਿਤੇ ਡੂੰਘੇਰਾ ਅਤੇ ਬਹੁਬਿਧ ਹੁੰਦਾ ਹੈ; ਇਹ ਵਸਤਾਂ ਦੀਆਂ ਖਾਸੀਅਤਾਂ ਅਤੇ ਸੰਬੰਧਾਂ ਦੀ ਉਹਨਾਂ ਦੇ ਆਪਣੇ ਆਪ ਨੂੰ ਪਰਗਟ ਕਰਨ ਤੋਂ ਵੀ ਪਹਿਲਾਂ, ਮਹੱਤਾ ਨੂੰ ਸਪਸ਼ਟ ਕਰਨ ਦੀ ਵਿਸ਼ੇਸ਼ ਖਾਸੀਅਤ ਰੱਖਦੀ ਹੈ। ਇਸਲਈ ਰਚਣੇਈ ਕਾਰਜ ਵਿਚ ਅਮਲ ਨੂੰ ਮਗਰੋਂ ਜਾ ਕੇ "ਤਰਕਸੰਗਤ ਬਣਾਉਣਾ" ਵੀ ਸ਼ਾਮਲ ਹੈ, ਜਦੋਂ ਪਹਿਲਾਂ ਹੀ ਲੱਭਿਆ ਜਾ ਚੁੱਕਾ ਹਲ ਸਾਬਤ ਕੀਤਾ ਅਤੇ ਪ੍ਰਮਾਣਿਕ ਬਣਾਇਆ ਜਾ ਰਿਹਾ ਹੁੰਦਾ ਹੈ।

ਇਸਲਈ, ਆਪਣੇ ਆਪ ਨੂੰ ਗ਼ੈਰ-ਮੰਤਕੀ ਰੂਪ ਵਿਚ ਪੇਸ਼ ਕਰਦਿਆਂ, ਅੰਤਰ-ਸੂਝ ਮਨੁੱਖ ਦੀ ਸੋਚਣੀ ਵਿਚ ਇਕ ਪਲਕ ਤੋਂ ਵਧ ਕੁਝ ਨਹੀਂ ਹੁੰਦੀ। ਵਿਚਾਰ ਅਤੇ ਅੰਤਰ-ਸੂਝ ਮਨੁੱਖੀ ਮਨ ਦੀਆਂ ਦੋ ਖਾਸੀਅਤਾਂ ਹੁੰਦੀਆਂ ਹਨ ਜਿਹੜੀਆਂ ਇਕ ਦੂਜੀ ਤੋਂ ਬਾਹਰੀਆਂ ਨਹੀਂ ਹੁੰਦੀਆਂ, ਸਗੋਂ ਹਮੇਸ਼ਾ ਹੀ ਇਕ ਦੂਜੀ ਦੀਆਂ ਸੰਬਾਦਕ ਤੌਰ ਉਤੇ ਪੂਰਕ ਹੁੰਦੀਆਂ ਹਨ।

## ਕਲਪਣਾ ਕਰਨ ਦਾ ਮਤਲਬ ਹੈ ਕਾਇਆ-ਕਲਪ ਕਰਨਾ

ਆਓ, ਬੋਧ-ਪਰਾਪਤੀ ਵਿਚ ਰਚਣਾਤਮਿਕਤਾ ਦੇ ਪ੍ਰਗਟਾਅ ਦੇ ਇਕ ਹੋਰ ਪੱਖ, ਅਰਥਾਤ, **ਕਲਪਣਾ** ਬਾਰੇ ਵਿਚਾਰ ਕਰੀਏ। ਵਸਤਾਂ ਅਤੇ ਵਰਤਾਰਿਆਂ ਦੀ ਕਲਪਣਾ ਕਰਨ ਦੀ ਯੋਗਤਾ ਲੋਕਾਂ ਵਿਚ ਜਨਮ ਜਾਤ ਮਿਲਦੀ ਹੈ; ਇਸਤੋਂ ਬਿਨਾਂ ਨਾ ਰੋਜ਼ਾਨਾ ਸਰਗਰਮੀਆਂ ਅਤੇ ਨਾ ਹੀ ਰਚਨਾਤਮਿਕਤਾ ਸੰਭਵ ਹੈ। ਇਸ

ਚੀਜ਼ ਵੱਲ ਕਈ ਕਵੀਆਂ, ਵਿਗਿਆਨੀਆਂ, ਫ਼ਿਲਾਸਫ਼ਰਾਂ ਅਤੇ ਰਾਜਨੇਤਾਵਾਂ ਨੇ ਧਿਆਨ ਦੁਆਇਆ ਹੈ। ਉਦਾਹਰਣ ਵਜੋਂ, ਫ਼ਰਾਂਸਿਸ ਬੇਕਨ ਨੇ ਲਿਖਿਆ ਸੀ ਕਿ ਰਚਣੇਈ ਅਮਲ ਦੇ ਗੁਣ ਵਜੋਂ ਕਲਪਣਾ ਵਸਤਾਂ ਦੇ ਹਰ ਤਰ੍ਹਾਂ ਦੇ ਬੇਹੱਦ ਅਸੰਭਵ ਜੋੜ-ਮੇਲ ਮੁੜ-ਸਿਰਜਣ ਅਤੇ ਚਿਤਵਣ ਦੀ ਜਾਂ ਅਸਲ ਵਿਚ ਅਵੰਡ ਵਸਤਾਂ ਨੂੰ ਵੱਖ ਵੱਖ ਕਰਨ ਦੀ ਸੁਯੋਗਤਾ ਰੱਖਦੀ ਹੈ। ਅਲਬਰਟ ਆਈਨਸਟਾਈਨ ਦਾ ਵਿਸ਼ਵਾਸ ਸੀ ਕਿ "ਕਲਪਣਾ ਗਿਆਨ ਨਾਲੋਂ ਵਧੇਰੇ ਮਹਤਵਪੂਰਨ ਹੈ। ਕਿਉਂਕਿ ਗਿਆਨ ਸੀਮਤ ਹੁੰਦਾ ਹੈ, ਜਦ ਕਿ ਕਲਪਣਾ ਪ੍ਰਗਤੀ ਨੂੰ ਤੇਜ਼ ਕਰਦੀ ਹੋਈ, ਵਿਗਾਸ ਨੂੰ ਜਨਮ ਦੇਂਦੀ ਹੋਈ, ਸਮੁੱਚੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈਂਦੀ ਹੈ। ਠੀਕ ਠੀਕ ਗੱਲ ਇਹ ਹੈ ਕਿ ਇਹ ਵਿਗਿਆਨਕ ਖੋਜ ਵਿਚਲਾ ਅਸਲੀ ਅੰਸ਼ ਹੈ"*। ਲੈਨਿਨ ਨੇ ਵੀ ਇਸ ਤੱਥ ਵੱਲ ਸਾਡਾ ਧਿਆਨ ਦੁਆਇਆ ਸੀ, ਜਦੋਂ ਉਸਨੇ ਲਿਖਿਆ ਸੀ: "ਇਹ ਗੁਣ ਬੇਹੱਦ ਕੀਮਤੀ ਹੈ; ਇਹ ਸੋਚਣਾ ਗ਼ਲਤ ਹੈ ਕਿ ਸਿਰਫ਼ ਕਵੀਆਂ ਨੂੰ ਹੀ ਕਲਪਣਾ ਦੀ ਲੋੜ ਹੁੰਦੀ ਹੈ।... ਇਸਦੀ ਗਣਿਤ ਵਿਚ ਵੀ ਲੋੜ ਹੁੰਦੀ ਹੈ; ਕਲਪਣਾ ਤੋਂ ਬਿਨਾਂ ਡਿਫ਼ਰੈਨਸ਼ਲ ਅਤੇ ਇਨਟੈਗਰਲ ਕੈਲਕੁਲਸ ਦੀ ਕਾਢ ਅਸੰਭਵ ਹੁੰਦੀ।"**

---

*ਅਲਬਰਟ ਆਈਨਸਟਾਈਨ, "**ਬ੍ਰਹਿਮੰਡੀ ਧਰਮ**", ਕੋਵੀਕੀ ਫ਼ਰੀਡ ਪ੍ਰਕਾਸ਼ਕ, ਨਿਊ ਯਾਰਕ, ੧੯੩੧, ਸਫ਼ਾ ੯੭।

**ਵ. ਇ. ਲੈਨਿਨ "**ਰੂ. ਕ. ਪਾ. (ਬਾ). ਦੀ ਬਾਰ੍ਹਵੀਂ ਕਾਂਗਰਸ, ਮਾਰਚ ੨੭-ਅਪ੍ਰੈਲ ੨, ੧੯੨੨। ਰੂ. ਕ. ਪਾ. (ਬਾ.) ਦੀ ਕੇਂਟਰੀ ਕਮੇਟੀ ਦੀ ਰਾਜਸੀ ਰੀਪੋਰਟ ਬਾਰੇ ਸਮਾਪਤੀ ਤਕਰੀਰ, ਮਾਰਚ ੨੮,**" ਕਿਰਤ ਸੰਗ੍ਰਹਿ, ਸੈਂਚੀ ੩੩, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੬, ਸਫ਼ਾ ੩੧੮।

ਤਾਂ ਫਿਰ ਕਲਪਣਾ ਕੀ ਚੀਜ਼ ਹੈ?

ਇਹ ਮਨੁੱਖ ਦੀ ਪਹਿਲਾਂ ਪਰਾਪਤ ਤਜਰਬੇ ਨੂੰ ਰੂਪਾਂਤ੍ਰਿਤ ਕਰਨ, ਨਵੇਂ ਵਿਚਾਰ ਅਤੇ ਬਿੰਬ ਸਿਰਜਣ ਦੀ ਸਮਰੱਥਾ ਹੈ, ਜਿਨ੍ਹਾਂ ਵਿਚ ਮੌਜੂਦ ਨੂੰ ਗ਼ੈਰ-ਹਾਜ਼ਰ ਨਾਲ ਜੋੜਿਆ ਗਿਆ ਹੁੰਦਾ ਹੈ। ਕਲਪਣਾ ਸੰਸਾਰ ਦੀ ਕਾਇਆ-ਕਲਪ ਕਰਨ ਦੇ ਸਮਰੱਥ ਹੈ। ਇਹ ਸਮਾਜਕ ਅਮਲ ਉਤੇ ਆਧਾਰਤ ਹੁੰਦੀ ਹੈ, ਜਦ ਕਿ ਇੰਦਰਿਆਵੀ ਅਨੁਭਵ ਅਤੇ ਚਿੰਤਨ ਇਸਦੇ ਮਧਿਅਸਥ ਦਾ ਕੰਮ ਦੇਂਦੇ ਹਨ।

ਕਲਪਣਾ ਬੋਧ-ਪਰਾਪਤੀ ਵਿਚ ਇੰਦਰਿਆਵੀ ਅਤੇ ਤਾਰਕਿਕ ਨੂੰ ਮਿਲਾਉਣ ਦੇ ਤਰੀਕਿਆਂ ਵਿਚੋਂ ਇਕ ਹੈ। ਇਹ ਦੋਹਾਂ ਦਾ ਇਕ ਤਰ੍ਹਾਂ ਦਾ ਮਿਸ਼ਰਣ ਹੈ; ਇੰਦਰਿਆਵੀ ਅਨੁਭਵ ਆਧਾਰ ਬਣਦਾ ਹੈ, ਉਹ ਮਸਾਲਾ ਬਣਦਾ ਹੈ ਜਿਸਤੋਂ ਬਿੰਬ ਬਣਾਏ ਜਾਂਦੇ ਹਨ, ਜਦ ਕਿ ਚਿੰਤਨ ਇਸ ਅਮਲ ਵਿਚ ਆਗੂ ਰੋਲ ਅਦਾ ਕਰਦਾ ਹੈ ਅਤੇ ਇਕ ਤਰ੍ਹਾਂ ਨਾਲ ਇਸਦਾ ਪ੍ਰੋਗਰਾਮ ਉਲ੍ਹੀਕਦਾ ਹੈ। ਕਲਪਿਤ ਵਸਤਾਂ ਅਤੇ ਵਰਤਾਰੇ ਨਵੇਂ ਵਿਚਾਰ ਬਣਾਉਣ ਵਿਚ ਹਿੱਸਾ ਪਾਉਂਦੇ ਹਨ। ਇੰਦਰਿਆਵੀ ਅਨੁਭਵ ਵੀ, ਆਪਣੀ ਥਾਂ, ਸੋਚਣੀ ਉਪਰ ਪ੍ਰਭਾਵ ਪਾਉਂਦੇ ਹਨ ਅਤੇ ਨਵੇਂ ਤੋਂ ਨਵੇਂ ਬਿੰਬ ਪੈਦਾ ਕਰਦੇ ਹਨ।

ਕਲਪਣਾ ਦੀ ਸਵੈਖੋਜ ਦੀ ਸੰਭਵ-ਸਮਰੱਥਾ ਵੀ ਇਸਦੇ ਸਮਾਜਕ ਤੌਰ ਉਤੇ ਮਹਤਵਪੂਰਨ ਪ੍ਰਕਾਰਜ ਵਿਚ ਪਰਗਟ ਹੁੰਦੀ ਹੈ, ਜੋ ਵਰਤਮਾਨ, ਭੂਤ ਅਤੇ ਭਵਿੱਖ ਦੀ ਨਿਰੰਤਰਤਾ ਲਈ ਸਹਾਈ ਹੁੰਦਾ ਹੈ। ਅਸੀਂ ਬੀਤੇ ਨੂੰ ਆਪਣੀ ਕਲਪਣਾ ਵਿਚ "ਮੁੜ-ਸਿਰਜ" **ਸਕਦੇ ਅਤੇ** ਮੁੜ ਜਿਉ ਸਕਦੇ ਹਾਂ, ਅਤੇ ਇਸਤਰ੍ਹਾਂ ਇਸਨੂੰ ਵਰਤਮਾਨ ਨਾਲ ਜੋੜ ਸਕਦੇ ਹਾਂ। ਇਸਤਰ੍ਹਾਂ ਅਸੀਂ ਕਲਾਸੀਕਲ ਕਿਰਤਾਂ ਦੀ ਆਧੁਨਿਕ ਵਿਆਖਿਆ ਦੀ ਗੱਲ ਕਰ ਸਕਦੇ ਹਾਂ, ਅਤੇ ਇਤਿਹਾਸ ਵਿਚ ਅਜੋਕੀਆਂ ਘਟਣਾਵਾਂ

ਅਤੇ ਵਰਤਾਰਿਆਂ ਦੀਆਂ ਅਨੁਰੂਪ ਉਦਾਹਰਣਾਂ ਲੱਭਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਕਲਪਣਾ ਦਾ ਆਸਰਾ ਲੈਂਦਿਆਂ, ਅਸੀਂ ਬੀਤੇ ਨੂੰ "ਚਿਤਵ ਸਕਦੇ" ਹਾਂ ਅਤੇ ਇਸਨੂੰ ਵਰਤਮਾਨ ਵਿਚ ਲਿਆ ਸਕਦੇ ਹਾਂ, ਜਿਵੇਂ ਕਿ ਇਸਨੂੰ ਇਕ ਵਾਰੀ ਮੁੜ ਜਿਉ ਰਹੇ ਹੋਈਏ। ਹਰ ਤਰ੍ਹਾਂ ਦੇ ਇਤਿਹਾਸਕ, ਨਸਲੀ, ਸਭਿਆਚਾਰਕ ਆਦਿ ਯਾਦਗਾਰਾਂ, ਘਟਨਾਵਾਂ ਅਤੇ ਤੱਥਾਂ ਨੂੰ ਮੁੜ-ਸੁਰਜੀਤ ਕਰਕੇ ਕਲਪਣਾ ਬਾਕੀ ਬਚੀਆਂ ਚੀਜ਼ਾਂ (ਨਿਸ਼ਾਨੀਆਂ) ਦੇ ਆਧਾਰ ਉਤੇ ਬੀਤੇ ਨੂੰ ਮੁੜ-ਸਿਰਜਣਾ ਵੀ ਸਾਡੇ ਲਈ ਸੰਭਵ ਬਣਾਉਂਦੀ ਹੈ।

ਵਰਤਮਾਨ ਵਿਚ ਬੀਤੇ ਨੂੰ ਸ਼ਾਮਲ ਕਰਨ ਦੀ ਗੱਲ ਵੀ ਸਿਰਫ਼ ਕਲਪਣਾ ਵਿਚ, ਜਜ਼ਬਿਆਂ ਵਿਚ ਹੀ ਨੇਪਰੇ ਚੜ੍ਹਾਈ ਜਾ ਸਕਦੀ ਹੈ। ਮਨੁੱਖ ਆਪਣੇ ਆਪ ਨੂੰ ਇਕ ਵਖਰੇ ਦੌਰ ਵਿਚ ਖ਼ਿਆਲ ਕਰਦਾ ਹੈ, ਜਿਵੇਂ ਕਿ ਮੁੜ ਕੇ ਉਸ ਵੱਲ ਪਰਤ ਰਿਹਾ ਹੋਵੇ, ਜੋ ਬੀਤ ਚੁੱਕਾ ਹੈ, ਅਤੇ ਉਸਨੂੰ "ਮੁੜ-ਸਿਰਜਦਾ" ਹੈ, ਜਿਹੜਾ ਉਸਨੇ ਦੇਖਿਆ ਨਹੀਂ। ਬੀਤੇ ਵੱਲ ਨੂੰ ਮੋੜਾ (ਪਿੱਛਲਝਾਤ) ਇਕ ਠੋਸ ਇਤਿਹਾਸਕ ਪਿਛੋਕੜ ਦੀ ਸਿਰਜਣਾ ਨਾਲ ਜੁੜਿਆ ਹੁੰਦਾ ਹੈ, ਜਿਹੜਾ ਕਿਸੇ ਖ਼ਾਸ ਮਨੁੱਖ ਦੇ ਜੀਵਨ, ਕਿਸੇ ਤੱਥ ਜਾਂ ਘਟਨਾ ਦੇ ਨਾਲ ਵਾਪਰਿਆ ਹੁੰਦਾ ਹੈ। ਕਲਪਣਾ ਉਸ ਪਿਛੋਕੜ ਨੂੰ ਬਦਲ ਦੇਂਦੀ, ਰੂਪਾਂਤ੍ਰਿਤ ਕਰ ਦੇਂਦੀ ਹੈ ਅਤੇ ਇਸਦੇ ਸਿੱਟੇ ਵਜੋਂ, ਸਮਾਜਕ ਸਮਾਂ ਆਪਣੇ ਆਪ ਨੂੰ ਸਾਡੇ ਸਾਮ੍ਹਣੇ ਹਕੀਕਤ ਵਜੋਂ ਪੇਸ਼ ਕਰਦਾ ਹੈ।

ਪਰ, ਕਲਪਣਾ ਨਾ ਸਿਰਫ਼ ਵਰਤਮਾਨ ਨੂੰ ਬੀਤੇ ਨਾਲ ਜੋੜਣ ਵਿਚ ਹੀ ਸਹਾਈ ਹੁੰਦੀ ਹੈ। ਇਹ ਵਿਕਾਸਮਈ ਰੁਝਾਣ ਵਜੋਂ ਭਵਿੱਖ ਦੀ ਕਲਪਣਾ ਕਰਨ ਵਿਚ ਵੀ ਸਹਾਈ ਹੁੰਦੀ ਹੈ, ਕਿਉਂਕਿ ਭਵਿੱਖ ਨਿਸ਼ਾਨੇ ਅਤੇ ਸਰਗਰਮੀਆਂ ਦਾ ਬਿੰਬ, ਹਸਤੀ ਦਾ ਆਦਰਸ਼ਕ ਪੂਰਵ-ਅਨੁਮਾਨ, ਹੋਣ ਵਾਲੇ ਕਾਰਜਾਂ ਦੀ

ਰੂਪ-ਰੇਖਾ ਹੁੰਦਾ ਹੈ। ਮਨੁੱਖਾ ਜੀਵਨ ਦਾ ਅਰਥ ਇਸਦੇ ਭਵਿੱਖ ਵਿਚਲੇ ਪਸਾਰ ਵਿਚ ਮਿਲਦਾ ਹੈ। ਪਰ ਕਲਪਣਾ ਸਮੇਂ ਦੀ ਅਨੁਭੂਤੀ ਵਿਚ ਆਪਣੇ ਹੀ ਵਿਸ਼ੇਸ਼ ਅੰਸ਼ ਭਰ ਦੇਂਦੀ ਹੈ: ਇਹ ਆਪਣੇ ਆਪ ਨੂੰ "ਸੁੰਗੇੜ" ਸਕਦੀ ਹੈ ਅਤੇ ਇਕ ਪਲ ਬਣ ਸਕਦੀ ਹੈ; ਜਾਂ ਇਸਤੋਂ ਉਲਟ, ਇਹ ਧੀਮੀ ਹੋ ਸਕਦੀ ਹੈ ਅਤੇ ਪੂਰੇ ਦੇ ਪੂਰੇ "ਯੁਗ" ਉਤੇ ਫੈਲ ਸਕਦੀ ਹੈ। ਕਲਪਣਾ ਸਮੇਂ ਦੀ ਅਨੁਭੂਤੀ ਵਿਚ ਝਾਵਲੇ ਜਾਂ ਗ਼ੈਰ-ਹਕੀਕਤ ਦੇ ਅੰਸ਼ ਵੀ ਭਰ ਸਕਦੀ ਹੈ, ਵਸਤਾਂ ਨੂੰ ਐਸੇ ਜੋੜਾਂ ਅਤੇ ਸੰਬੰਧਾਂ ਵਿਚ ਰੱਖ ਸਕਦੀ ਹੈ, ਜਿਨ੍ਹਾਂ ਦਾ ਹਕੀਕਤ ਵਿਚ ਕੋਈ ਸਿੱਧਾ ਅਨੁਰੂਪ ਨਹੀਂ ਮਿਲਦਾ।

ਕਲਪਣਾ ਹਰ ਤਰ੍ਹਾਂ ਦੀਆਂ ਮਨੁੱਖਾ ਸਰਗਰਮੀਆਂ ਵਿਚ ਜਾ ਵੜਦੀ ਹੈ ਅਤੇ ਵਖੋ ਵਖਰੇ ਪ੍ਰਕਾਰਜ ਪੂਰੇ ਕਰਦੀ ਹੈ, ਜਿਨ੍ਹਾਂ ਵਿਚੋਂ ਸਭ ਤੋਂ ਮਹਤਵਪੂਰਨ ਪ੍ਰਕਾਰਜ ਹਨ ਇਸਦਾ ਬੋਧ-ਪਰਾਪਤੀ ਦਾ ਪ੍ਰਕਾਰਜ ਅਤੇ ਉਹ ਪ੍ਰਕਾਰਜ ਜਿਹੜਾ ਨਵੇਂ ਨੂੰ ਪਰਗਟ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ। ਮਗਰਲਾ ਪ੍ਰਕਾਰਜ ਪਹਿਲੇ ਨਾਲ ਡੂੰਘੀ ਤਰ੍ਹਾਂ ਸੰਬੰਧਤ ਹੈ; ਅਤੇ ਇਹ ਦੋਵੇਂ ਪ੍ਰਕਾਰਜ ਰਚਣੇਈ ਤਲਾਸ਼ ਵਿਚ ਬੇਹੱਦ ਮਹੱਤਾ ਰੱਖਦੇ ਹਨ ਅਤੇ ਪੂਰਵ-ਅਨੁਮਾਨ ਲਈ ਲਾਜ਼ਮੀ ਹਨ, ਕਾਰਵਾਈ ਦੇ ਆਦਰਸ਼ਕ ਖਾਕੇ ਦੇ ਮਾਡਲ ਦੀ ਉਸਾਰੀ ਲਈ ਲਾਜ਼ਮੀ ਹਨ। ਪੇਸ਼ਗੋਈ ਕਰਨ ਦਾ ਪ੍ਰਕਾਰਜ ਵੀ ਕੋਈ ਘੱਟ ਮਹਤਵਪੂਰਨ ਨਹੀਂ। ਕਲਪਣਾ ਵਜੋਂ ਹੀ ਕੋਈ ਵਿਚਾਰ ਵਰਤਮਾਨ ਦੀਆਂ ਹੱਦਾਂ ਤੋੜਦਾ ਹੈ, ਗਿਆਨ ਦੀਆਂ ਰੁਕਾਵਟਾਂ ਦੂਰ ਕਰਦਾ ਹੈ ਅਤੇ ਅਗਿਆਤ ਤੱਕ ਜਾ ਪੁੱਜਦਾ ਹੈ। ਕਲਪਣਾ ਬੋਧ-ਪਰਾਪਤੀ ਵਿਚਲੇ ਅੜਿਕੇ ਵਿਚੋਂ ਨਿਕਲਣ ਦਾ ਰਾਹ ਲੱਭਣ ਵਿਚ ਸਹਾਇਤਾ ਕਰਦਿਆਂ, ਬੋਧ-ਪਰਾਪਤੀ ਦੇ ਅਮਲ ਨੂੰ ਅੱਗੇ ਤੋਰਨ ਨੂੰ ਉਤਸ਼ਾਹਤ ਕਰਦੀ ਹੈ। ਇਹ ਸੁਹਜਾਤਮਕ ਪ੍ਰਕਾਰਜ ਵੀ ਨਿਭਾਉਂਦੀ ਹੈ, ਕਿਉਂਕਿ

ਰਚਨਾਤਮਿਕਤਾ ਦਾ ਅਮਲ ਆਰਾਮ, ਪ੍ਰੇਰਨਾ ਅਤੇ ਸੁਹਜਾਤਮਕ ਖੁਸ਼ੀ ਦੀ ਮੰਗ ਕਰਦਾ ਹੈ। ਕਲਪਣਾ ਇਕ ਖਾਸ ਨਿਯੰਤ੍ਰਣ ਦਾ ਪ੍ਰਕਾਰਜ ਵੀ ਪੂਰਾ ਕਰਦੀ ਹੈ; ਇਹ ਸਰਗਰਮੀਆਂ ਨੂੰ ਸੋਧਦੀ ਹੈ, ਅਤੇ ਇਸਤਰ੍ਹਾਂ ਹਕੀਕਤ ਦੇ ਸੱਚੇ ਪ੍ਰਤਿਬਿੰਬਣ ਵਿਚ ਸਹਾਈ ਹੁੰਦੀ ਹੈ।

## ਸੁਭਾਵਕ ਵਿਚ ਅਸਾਧਾਰਨ

ਬੋਧ-ਪਰਾਪਤੀ ਦੇ ਅਮਲ ਉਪਰ ਵਿਚਾਰ ਕਰਦਿਆਂ, **ਮਿਥਣ**—ਸੁਝਾਵਾਂ ਜਾਂ ਵਿਗਿਆਨਕ ਮਣੌਤਾਂ—ਵਲੋਂ ਅਦਾ ਕੀਤੇ ਜਾਂਦੇ ਰੋਲ ਬਾਰੇ ਵੀ ਕੁਝ ਸ਼ਬਦ ਕਹੇ ਜਾਣੇ ਜ਼ਰੂਰੀ ਹਨ। ਇਹ ਮਿਥਣ ਸਿਧਾਂਤ ਘੜਣ ਵਿਚ ਸਹਾਈ ਹੁੰਦੇ ਹਨ। ਕਈ ਵਿਗਿਆਨਕ ਲੱਭਤਾਂ ਅੰਦਾਜ਼ਿਆਂ ਵਿਚੋਂ ਹੀ ਨਿਕਲੀਆਂ ਹਨ। ਮਿਥਣ ਇਸ ਪੱਖੋਂ ਵਿਲੱਖਣ ਹੁੰਦਾ ਹੈ ਕਿ ਇਹ ਅਨੁਮਾਣ ਅਤੇ ਸੰਭਵਤਾ ਦਾ ਖ਼ਾਸਾ ਰੱਖਦਾ ਹੈ। ਸਮੁੱਚੇ ਤੌਰ ਉਤੇ ਗਿਆਨ ਦੇ ਵਿਗਾਸ ਵਾਂਗ ਹੀ, ਮਿਥਣ ਮਨੁੱਖ ਦੀਆਂ ਲੋੜਾਂ ਅਤੇ ਨਿਸ਼ਾਨਿਆਂ ਦੇ ਜਵਾਬ ਵਿਚ ਹੀ ਰੂਪ ਧਾਰਦਾ ਹੈ।

ਬੋਧ-ਪਰਾਪਤੀ ਵਿਚ ਮਿਥਣ ਕੀ ਰੋਲ ਅਦਾ ਕਰਦਾ ਹੈ? ਖੋਜ ਦੇ ਟੀਚਿਆਂ ਉਪਰ ਕੁਝ ਚਾਨਣ ਪਾਉਣ ਲਈ, ਸੁਝਾਏ ਗਏ ਵਿਚਾਰਾਂ ਰਾਹੀਂ ਪੁਰਾਣੇ ਅਤੇ ਨਵੇਂ ਗਿਆਨ ਦਾ ਸੰਸਲੇਸ਼ਣ ਕਰਨ ਲਈ ਵਿਗਿਆਨੀ ਵਖੋ ਵਖਰੇ ਮਿਥਣ ਤਜਵੀਜ਼ ਕਰਦੇ ਹਨ। ਕੋਈ ਮਿਥਣ ਉਹਨਾਂ ਯਥਾਰਥਕ ਤੱਥਾਂ ਨਾਲ, ਜਿਹੜੇ ਇਸਦੀ ਪੁਸ਼ਟੀ ਕਰਦੇ ਹਨ, ਜਿੰਨਾਂ ਜ਼ਿਆਦਾ ਡੂੰਘੀ ਤਰ੍ਹਾਂ ਜੁੜਿਆ ਹੋਵੇਗੀ, ਓਨਾ ਹੀ ਜ਼ਿਆਦਾ ਇਸਦਾ ਬੋਧਾਤਮਕ ਰੋਲ ਹੋਵੇਗਾ। ਵਿਗਿਆਨਕ ਮਿਥਣ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਹ ਤੱਥਾਂ ਦੀ ਸਮੁੱਚੀ ਲੜੀ ਦੀ, ਸੰਬੰਧਤ

ਵਰਤਾਰਿਆਂ ਦੇ ਪੂਰੇ ਸਮੁੱਚ ਦੀ ਵਿਆਖਿਆ ਕਰੇ, ਪਰ ਨਾਲ ਹੀ, ਜਿਥੋਂ ਤੱਕ ਹੋ ਸਕੇ, ਪਹਿਲਾਂ ਸਥਾਪਤ ਕੀਤੇ ਜਾ ਚੁੱਕੇ ਤੱਥਾਂ ਦੇ ਉਲਟ ਨਾ ਜਾਏ। ਪਰ ਜੇ ਇਸਤਰ੍ਹਾਂ ਦਾ ਖੰਡਨ ਅਟੱਲ ਹੋਵੇ, ਤਾਂ ਮਿਥਣ ਦੇ ਘੜਣਹਾਰ ਕੋਲ ਇਹ ਸੋਚਣ ਦਾ ਕਾਫ਼ੀ ਕਾਰਨ ਹੋਣਾ ਚਾਹੀਦਾ ਹੈ ਕਿ ਪਹਿਲਾਂ ਸਥਾਪਤ ਕੀਤੇ ਜਾ ਚੁੱਕੇ ਤੱਥ ਨਾਕਾਫ਼ੀ ਹੱਦ ਤੱਕ ਪ੍ਰਮਾਣਿਤ ਸਨ ਅਤੇ ਮੁੜ ਪੜਤਾਲੇ ਜਾਣ ਦੀ ਮੰਗ ਕਰਦੇ ਹਨ।

ਜਿਸ ਤਰੀਕੇ ਨਾਲ ਕੋਈ ਮਿਥਣ ਘੜਿਆ ਜਾਂਦਾ ਹੈ, ਉਹ ਤਰੀਕਾ ਮਹਤਵਪੂਰਨ ਹੁੰਦਾ ਹੈ। ਇਸਦੀ ਸਭ ਤੋਂ ਸਰਲ ਵੰਨਗੀ ਨਿਰੀਖਣ ਉਪਰ ਨਿਰਭਰ ਕਰਦੀ ਹੈ: ਇਕੱਠੇ ਕੀਤੇ ਮਸਾਲੇ ਦਾ ਸਾਰ ਦੇਣ ਦੇ ਨਾਲ ਨਾਲ, ਇਸਨੇ ਡਾਰਵਿਨ ਲਈ ਵਿਗਾਸ ਬਾਰੇ ਆਪਣਾ ਮਿਥਣ ਪੇਸ਼ ਕਰਨ ਦੇ ਆਧਾਰ ਦਾ ਕੰਮ ਵੀ ਕੀਤਾ। ਮਿਥਣ ਤੱਕ ਅਪੜਣ ਦਾ ਇਕ ਹੋਰ ਤਰੀਕਾ ਅਨੁਰੂਪਤਾ ਦਾ ਹੈ। ਉਦਾਹਰਣ ਵਜੋਂ, ਸਾਈਬਰਨੈਟਿਕਸ ਦੇ ਖੇਤਰ ਵਿਚਲੇ ਵਿਗਿਆਨੀ ਜੀਵ-ਸੰਸਾਰ ਬਾਰੇ ਆਪਣੇ ਗਿਆਨ ਨੂੰ ਟੈਕਨਾਲੋਜੀ ਵਿਚ ਲਿਜਾਣ ਦੀ ਕੋਸ਼ਿਸ਼ ਕਰਦੇ ਹਨ। ਇਸਤਰ੍ਹਾਂ ਦੇ ਗਿਆਨ ਨਾਲ ਸੰਬੰਧਤ ਵਿਗਿਆਨ ਦੀ ਇਕ ਨਵੀਂ ਸ਼ਾਖ—ਬਾਇਆਨਿਕਸ—ਨਿਕਲ ਆਈ ਹੈ। ਪਸ਼ੂਆਂ ਨਾਲ ਅਨੁਰੂਪਤਾ ਉਪਰ ਆਧਾਰਤ ਕਈ ਮਸ਼ੀਨਾਂ ਤਿਆਰ ਕੀਤੀਆਂ ਗਈਆਂ ਹਨ: ਪੰਛੀ ਦੇ ਪੰਖਾਂ ਨੇ ਹਵਾਈ ਜਹਾਜ਼ ਸਿਰਜਣ ਵਿਚ ਮਨੁੱਖ ਦੀ ਸਹਾਇਤਾ ਕੀਤੀ; ਡਾਲਫਿਨ ਮਛਲੀ ਦੇ ਸ਼ਰੀਰ ਤੋਂ ਪਣਡੁੱਬੀ ਦੀ ਸ਼ਕਲ ਦਾ ਸੁਝਾਅ ਮਿਲਿਆ, ਆਦਿ। ਅਨੁਰੂਪਤਾ ਦੇਖਣ ਨਾਲ ਮਨੁੱਖ "ਸੁਭਾਵਕ ਵਿਚ ਅਸਾਧਾਰਣ" ਦੇਖ ਸਕਦਾ ਹੈ; ਉਦਾਹਰਣ ਵਜੋਂ, ਝਾੜੀਆਂ ਵਿਚ ਲਟਕਦੇ ਮੱਕੜੀ ਦੇ ਜਾਲੇ ਵਿਚ ਉਹ ਲਟਕਵੇਂ ਪੁਲ ਦੀਆਂ ਰੇਖਾਵਾਂ ਦੇਖ ਸਕਦਾ ਹੈ; ਅਤੇ ਬੇੜੀਆਂ ਦੇ ਲੱਕੜੀ ਵਾਲੇ ਹਿੱਸਿਆਂ ਵਿਚ ਘੋਗਿਆਂ ਵਲੋਂ

ਬਣਾਈਆਂ ਗਈਆਂ ਮੋਰੀਆਂ ਤੋਂ ਉਸਨੂੰ ਸਲੰਡਰ ਦੇ ਰੂਪ ਵਿਚ ਮੋਰੀਦਾਰ ਢਾਲ ਦੀ ਕਾਢ ਕੱਢਣ ਦਾ ਸੁਝਾਅ ਮਿਲਿਆ, ਜਿਹੜੀ ਘੋਗੇ ਵਾਂਗ ਹਰਕਤ ਕਰਦੀ ਹੈ, ਆਦਿ।

ਮਨੁੱਖ ਅਮਲੀ ਸਰਗਰਮੀ ਵਿਚ ਮਿਥਣ ਦੇ ਠੀਕ ਹੋਣ ਦੀ, ਜਾਂ ਇਸ ਤੱਥ ਦੀ ਕਿ ਇਹ ਜ਼ਰੂਰ ਠੀਕ ਹੋਣਾ ਚਾਹੀਦਾ ਹੈ, ਪੜਤਾਲ ਕਰਦਾ ਹੈ, ਜਦ ਕਿ ਇਸਦਾ ਮੰਤਕੀ ਸਬੂਤ ਇਸ ਗੱਲ ਵਿਚ ਹੁੰਦਾ ਹੈ ਕਿ ਇਸ ਵਿਚਲੇ ਵਿਚਾਰ ਮੌਜੂਦਾ ਗਿਆਨ ਨਾਲ ਮੇਲ ਖਾਂਦੇ ਹਨ। ਜਰਮਨ ਇਤਿਹਾਸਕਾਰ· ਹਾਈਨਰਿਖ ਸ਼ਲੀਮਨ ਨੂੰ ਯਕੀਨ ਸੀ ਕਿ ਹੋਮਰ ਦਾ "ਇਲੀਆਡ" ਅਸਲੀ ਤੱਥਾਂ ਉਪਰ ਆਧਾਰਤ ਹੈ, ਕਿ ਟਰਾਇ ਦਾ ਯੁੱਧ ਸਚਮੁਚ ਹੋਇਆ ਸੀ, ਅਤੇ ਟਰਾਇ ਦਾ ਸ਼ਹਿਰ ਲੱਭਿਆ ਜਾਣਾ ਚਾਹੀਦਾ ਹੈ। ਉਸ ਵੱਲੋਂ ਸੁਝਾਈਆਂ ਗਈਆਂ ਪਹਾੜੀਆਂ ਦੀ ਖੁਦਾਈ ਤੋਂ ਉਸਦੇ ਮਿਥਣ ਦਾ ਠੀਕ ਹੋਣਾ ਸਿੱਧ ਹੋਇਆ—ਪੁਰਾਤਨ ਟਰਾਇ ਸਚਮੁਚ ਲੱਭ ਲਿਆ ਗਿਆ। ਇਸਤਰ੍ਹਾਂ ਨਾਲ, ਸਬੂਤ ਅਤੇ ਪੜਤਾਲ ਕਿਸੇ ਮਿਥਣ ਨੂੰ ਗੁਣਾਤਮਕ ਤੌਰ ਉਤੇ ਨਵੇਂ ਗਿਆਨ ਵਿਚ, ਵਿਗਿਆਨਕ ਸਿਧਾਂਤ ਵਿਚ ਬਦਲ ਦੇਂਦੇ ਹਨ, ਜੋ ਕਿ ਗਿਆਨ ਦੀ, ਅਰਥਾਤ, ਲਾਜ਼ਮੀ ਸੰਬੰਧਾਂ ਜਾਂ ਹਕੀਕਤ ਦੇ ਕਾਨੂੰਨਾਂ ਬਾਰੇ ਗਿਆਨ ਦੀ ਸਿਖਰ, ਇਸਦਾ ਸਰਵੁੱਚ ਰੂਪ ਹੁੰਦਾ ਹੈ।

ਮਿਥਣ ਮੂਲ ਰੂਪ ਵਿਚ ਐਸਾ ਹੋਣਾ ਚਾਹੀਦਾ ਹੈ ਕਿ ਇਸਦੀ ਪੜਤਾਲ ਹੋ ਸਕੇ, ਭਾਵੇਂ ਕਿ ਤੁਰਤ ਇਸਦੀ ਪੜਤਾਲ ਕਰ ਸਕਣੀ ਅਸੰਭਵ ਹੋਵੇ। ਜਿਨ੍ਹਾਂ ਮਿਥਣਾਂ ਦੀ ਪੜਤਾਲ ਨਹੀਂ ਹੋ ਸਕਦੀ ਉਹ ਆਮ ਕਰਕੇ ਵਿਗਿਆਨ ਦੇ ਖੇਤਰ ਤੋਂ ਬਾਹਰ ਹੁੰਦੇ ਹਨ। ਹੋ ਸਕਦਾ ਹੈ ਕਿ ਮਿਥਣ ਦੀ ਇਸ ਵਿਗਿਆਨਕ ਅਸੂਲ ਦੇ ਆਧਾਰ ਉਤੇ ਮੂਲ ਰੂਪ ਵਿਚ ਪੜਤਾਲ ਹੋ ਸਕਦੀ ਹੋਵੇ ਕਿ ਮਨੁੱਖ ਸੰਸਾਰ ਨੂੰ ਸਮਝਣ ਦੇ ਸਮਰੱਥ ਹੈ। ਇਸ ਬੋਧ ਤੋਂ ਬਿਨਾਂ ਵਿਗਿਆਨ ਅਸੰਭਵ ਹੁੰਦਾ।

ਸਿਰਫ਼ ਇਹ ਹੀ ਨਹੀਂ ਕਿ ਮਿਥਣ ਸੰਬੰਧਤ ਤੱਥ ਜਾਂ ਵਰਤਾਰੇ ਉਤੇ ਲਾਗੂ ਹੋ ਸਕਦਾ ਹੋਵੇ; ਸਚਮੁਚ ਦਾ ਵਿਗਿਆਨਕ ਮਿਥਣ ਦੂਜੇ ਵਰਤਾਰਿਆਂ ਦੀ ਪੂਰੀ ਲੜੀ ਨਾਲ ਵੀ ਸੰਬੰਧਤ ਹੋਣਾ ਚਾਹੀਦਾ ਹੈ, ਅਤੇ ਇਹ ਫੈਲਣ ਅਤੇ ਵਿਕਾਸ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ।

ਮਿਥਣ ਦਾ ਇਕ ਹੋਰ ਮਹਤਵਪੂਰਨ ਲੱਛਣ ਇਸਦੀ ਬੁਨਿਆਦੀ ਸਪਸ਼ਟਤਾ, ਮਨ-ਮਰਜ਼ੀ ਦੀਆਂ ਮਣੌਤਾਂ, ਗੈਰ-ਮੰਤਕੀ ਬੰਦਸ਼ਾਂ ਅਤੇ ਸ਼ੰਕਿਆਂ ਦੀ ਅਣਹੋਂਦ ਹੈ। ਇਹੋ ਜਿਹੀ ਬੁਨਿਆਦੀ ਸਰਲਤਾ ਜਟਿਲ ਅਮਲਾਂ ਦੀ ਵਿਆਖਿਆ ਦੇ ਵਸਤੂਪਰਕ ਖ਼ਾਸੇ ਦਾ ਸਿੱਟਾ ਹੁੰਦੀ ਹੈ; ਇਹ ਜਟਿਲ ਅਮਲ ਕਿਸੇ ਐਸੀ ਚੀਜ਼ ਉਪਰ ਆਧਾਰਤ ਹੁੰਦੇ ਹਨ ਜਿਹੜੀ ਵਸਤੂਪਰਕ ਤੌਰ ਉਤੇ ਆਮ ਮਿਲਦੀ ਹੈ, ਜਿਸ ਕਰਕੇ ਇਹਨਾਂ ਬਾਰੇ ਸਮਾਨੀਕਰਣ ਕੀਤਾ ਜਾ ਸਕਦਾ ਹੈ। ਵਿਗਿਆਨੀ ਇਹੋ ਜਿਹੀ ਸਾਦਗੀ ਨੂੰ ਸੁਹਜਾਤਮਕ ਪਰਿਪੂਰਨਤਾ ਵਜੋਂ, ਵਿਗਿਆਨਕ ਮਿਥਣ ਦੀ ਸੁੰਦਰਤਾ ਵਜੋਂ ਅਤੇ ਇਸ ਤਾਰਕਿਕ ਲੋੜ ਦੇ ਪ੍ਰਗਟਾਅ ਵਜੋਂ ਦੇਖਦੇ ਹਨ ਕਿ ਸਿਧਾਂਤਕ ਚਿੰਤਨ ਵਧ ਤੋ ਵਧ ਸੰਭਵ ਵਰਤਾਰਿਆਂ ਦੀ ਵਿਆਖਿਆ ਵਧ ਤੋਂ ਵਧ ਸੰਭਵ ਸਰਲ ਸ਼ਬਦਾਂ ਵਿਚ ਕਰਦਾ ਹੈ।

## ਸੱਚ ਦੀ ਖੋਜ ਵਿਚ

ਇਸਤਰ੍ਹਾਂ, ਗਿਆਨ ਸੁਭਾਵਕ ਤੌਰ ਉਤੇ ਲੋਕਾਂ ਦੀਆਂ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ। ਬੋਧ-ਪਰਾਪਤੀ ਦਾ ਨਿਸ਼ਾਨਾ **ਸੱਚ** ਦੀ ਪਰਾਪਤੀ, ਅਤੇ ਇਸਦੇ ਆਧਾਰ ਉਤੇ, ਮਨੁੱਖਤਾ ਦੇ ਸਾਮ੍ਹਣੇ ਖੜੇ ਨਵੇਂ ਕੰਮਾਂ ਨੂੰ ਪੂਰਿਆਂ ਕਰਨਾ ਹੁੰਦਾ ਹੈ।

ਸੱਚ ਕੀ ਹੈ ? ਇਕ ਦੰਤ-ਕਥਾ ਹੈ ਕਿ ਪੋਨਟੀਅਸ ਪਿਲਾਟ ਨੇ ਯਸੂਹ ਮਸੀਹ ਤੋਂ ਇਹ ਸਵਾਲ ਪੁੱਛਿਆ। ਯਸੂਹ ਮਸੀਹ ਨੂੰ ਇਹ ਦਾਅਵਾ ਕਰਨ ਕਰਕੇ, ਕਿ ਉਹ ਜੀਵਨ ਦੇ ਅਰਥਾਂ ਬਾਰੇ ਉਚੇਰਾ ਸੱਚ ਜਾਣਦਾ ਹੈ, ਗੜਬੜ ਫੈਲਾਉਣ ਵਾਸਤੇ ਗਰਿਫ਼ਤਾਰ ਕੀਤਾ ਗਿਆ ਸੀ। ਇਹ ਸਵਾਲ ਕਰਕੇ ਪਿਲਾਟ ਆਮ ਕਰਕੇ ਸੱਚ ਦੀ ਹੋਂਦ ਉਪਰ ਅਤੇ ਇਸਨੂੰ ਪਰਾਪਤ ਕਰ ਸਕਣ ਦੀ ਸੰਭਾਵਨਾ ਉਪਰ ਸ਼ੰਕਾ ਕਰ ਰਿਹਾ ਸੀ।

ਸੱਚ ਦਾ ਸੰਕਲਪ ਬਹੁਅਰਥਕ ਹੈ ਅਤੇ ਇਹ ਅਕਸਰ ਆਪਣੇ ਵਖੋ ਵਖਰੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਲੋਕ ਸੱਚੇ ਦੋਸਤ, ਸੱਚੀ ਸੁੰਦਰਤਾ, ਸੱਚੇ ਕਵੀ ਆਦਿ ਦੀ ਗੱਲ ਕਰਦੇ ਹਨ। ਇਹਨਾਂ ਸਾਰੇ ਵਾਕੰਸ਼ਾਂ ਵਿਚ ਜਿਸ ਚੀਜ਼ ਉਪਰ ਹਮੇਸ਼ਾ ਜ਼ੋਰ ਦਿਤਾ ਗਿਆ ਹੁੰਦਾ ਹੈ, ਉਹ ਹੈ ਇਸ ਵਰਤਾਰੇ, ਵਸਤ ਜਾਂ ਕਾਰਜ ਦੀ ਮਹੱਤਾ। ਫਿਰ ਵੀ ਇਹ ਸਾਰੇ ਸ਼ਬਦ "ਸੱਚ" ਤੋਂ ਬਣੇ ਹਨ। ਆਪਣੇ ਦਾਰਸ਼ਨਿਕ ਅਰਥਾਂ ਵਿਚ, ਇਹ ਸ਼ਬਦ ਗਿਆਨ ਦੇ ਵਸਤੂ ਅਤੇ ਬਾਹਰਲੇ ਸੰਸਾਰ ਵਿਚਕਾਰ ਕਿਸੇ ਸੰਬੰਧ ਨੂੰ ਪਰਗਟ ਕਰਦਾ ਹੈ। ਸ਼ਬਦ "ਸੱਚ" ਚਿੰਤਨ ਵਿਚ ਹਕੀਕਤ ਦੇ ਠੀਕ, ਪ੍ਰਮਾਣਿਕ ਪ੍ਰਤਿਬਿੰਬ ਨੂੰ ਬਿਆਨ ਕਰਨ ਦਾ ਕੰਮ ਦੇਂਦਾ ਹੈ। ਸੱਚ ਕੋਈ ਐਸੀ ਖਾਸੀਅਤ ਨਹੀਂ ਜਿਹੜੀ ਚੀਜ਼ਾਂ ਵਿਚ ਆਪਣੇ ਆਪ ਵਿਚ ਹੁੰਦੀ ਹੈ, ਸਗੋਂ ਮਨੁੱਖ ਦੇ ਮਨ ਵਿਚ ਉਹਨਾਂ ਦਾ ਪ੍ਰਮਾਣਿਕ ਪ੍ਰਤਿਬਿੰਬ ਹੁੰਦਾ ਹੈ। ਪੁਰਾਤਨ ਫ਼ਿਲਾਸਫ਼ਰ ਸੱਚ ਨੂੰ ਠੀਕ ਗਿਆਨ ਨਾਲ ਜੋੜਦੇ ਸਨ, ਜਿਹੜਾ ਹਕੀਕਤ ਨਾਲ ਮੇਲ ਖਾਂਦਾ ਹੈ; ਇਸਦਾ ਉਲਟ ਮਾਇਆ-ਜਾਲ ਜਾਂ ਝੂਠਾ ਗਿਆਨ ਹੁੰਦਾ ਹੈ, ਜਿਹੜਾ ਹਕੀਕਤ ਨੂੰ ਵਿਗਾੜ ਕੇ ਪੇਸ਼ ਕਰਦਾ ਹੈ। ਅਰਸਤੂ ਨੇ ਆਪਣੀ ਇਕ ਪੁਸਤਕ ਵਿਚ ਲਿਖਿਆ ਹੈ: "ਮਨੁੱਖ ਠੀਕ ਸੋਚਦਾ ਹੈ ਜੇ ਉਹ ਸੋਚਦਾ ਹੈ ਕਿ ਜੋ ਕੁਝ ਵੱਖ ਵੱਖ ਹੈ, ਉਹ ਵੱਖ ਵੱਖ ਹੈ ਅਤੇ ਜੋ ਕੁਝ

ਇਕੱਠਾ ਹੈ, ਉਹ ਇਕੱਠਾ ਹੈ। ..." ਅਤੇ ਅੱਗੇ ਚੱਲ ਕੇ: "ਹੁਣ, ਗੱਲ ਇਹ ਨਹੀਂ ਕਿ ਤੁਸੀਂ ਇਸ ਕਰਕੇ ਗੋਰੇ ਹੋ ਕਿ ਅਸੀਂ ਤੁਹਾਡੇ ਗੋਰੇ ਹੋਣ ਬਾਰੇ ਠੀਕ ਠੀਕ ਸੋਚਦੇ ਹਾਂ, ਸਗੋਂ ਗੱਲ ਇਹ ਹੈ ਕਿ ਤੁਸੀਂ ਗੋਰੇ ਹੋ ਅਤੇ ਅਸੀਂ ਠੀਕ ਕਹਿ ਰਹੇ ਹੁੰਦੇ ਹਾਂ ਕਿ ਤੁਸੀਂ ਗੋਰੇ ਹੋ।"* ਜਿਵੇਂ ਕਿ ਅਸੀਂ ਦੇਖਦੇ ਹਾਂ, ਇਸ ਸੂਰਤ ਵਿਚ ਸੱਚੇ ਗਿਆਨ ਦਾ ਲੱਛਣ ਇਸਦਾ ਹਕੀਕਤ ਨਾਲ ਮੇਲ ਖਾਣਾ ਦੱਸਿਆ ਗਿਆ ਹੈ। ਪਰ ਭਾਵੇਂ ਸੱਚ ਬਾਰੇ ਅਰਸਤੂ ਦੀ ਸੂਝ ਠੀਕ ਹੈ ਅਤੇ ਸੱਚ ਦੀ ਥਾਹ ਪਾਉਣ ਦੀ ਪਦਾਰਥਵਾਦੀ ਸੇਧ ਰੱਖਦੀ ਹੈ, ਉਸ ਵਲੋਂ ਦਿਤੀ ਗਈ ਇਸਦੀ ਪਰਿਭਾਸ਼ਾ ਅਧੂਰੀ ਸਾਬਤ ਹੁੰਦੀ ਹੈ; ਇਹ ਏਨੀਂ ਵਿਸ਼ਾਲ ਅਤੇ ਅਸਪਸ਼ਟ ਹੈ ਕਿ "ਹਕੀਕਤ" ਅਤੇ "ਮੇਲ ਖਾਣ" ਦੇ ਸੰਕਲਪਾਂ ਦੇ ਆਪੋ ਆਪਣੇ ਤਰੀਕੇ ਨਾਲ ਅਰਥ ਕੱਢ ਕੇ ਆਦਰਸ਼ਵਾਦੀ ਅਤੇ, ਸਗੋਂ, ਅਗਨਾਸਤਕਵਾਦੀ ਵੀ ਇਸ ਨਾਲ ਸਹਿਮਤ ਹੋ ਸਕਦੇ ਹਨ।

ਸੱਚ ਦਾ ਸਵਾਲ ਆਮ ਦਾਰਸ਼ਨਿਕ ਸਟੈਂਡ ਨਾਲ, ਜਿਹੜਾ ਕੋਈ ਵਿਗਿਆਨੀ ਲੈਂਦਾ ਹੈ, ਅਤੇ ਉਸ ਤਰੀਕੇ ਨਾਲ ਜਿਸ ਨਾਲ ਉਹ ਫ਼ਿਲਾਸਫ਼ੀ ਦੇ ਬੁਨਿਆਦੀ ਸਵਾਲ ਦਾ ਜਵਾਬ ਦੇਂਦਾ ਹੈ, ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਸੱਚ ਦੇ ਮਸਲੇ ਉਤੇ, ਵਿਗਿਆਨ ਅਤੇ ਧਰਮ ਦੀ ਵਿਰੋਧੀ ਪ੍ਰਕਿਰਤੀ ਬੜੀ ਸਪਸ਼ਟਤਾ ਨਾਲ ਪਰਗਟ ਹੁੰਦੀ ਹੈ: ਵਿਗਿਆਨ ਲਈ ਸੱਚ ਦੀ ਖੋਜ ਸਭ ਤੋਂ ਮਹਤਵਪੂਰਨ ਕਾਰਜਾਂ ਵਿਚੋਂ ਇਕ ਹੈ, ਜਦ ਕਿ ਧਰਮ ਵਿਸ਼ਵਾਸ ਦੀ ਸ਼ਰਨ ਲੈਂਦਾ ਹੈ, ਅਤੇ ਕਦੀ ਕਦੀ ਖੁਲ੍ਹਮ-ਖੁਲ੍ਹਾ ਇਸਨੂੰ ਸੱਚ ਦੇ ਮੁਕਾਬਲੇ ਉਤੇ ਖੜਾ ਕਰਦਾ ਹੈ।

---

*"**ਅਰਸਤੂ ਦੀ ਮੈਟਾਫ਼ਿਜ਼ਿਕਸ**" ਇੰਡੀਆਨਾ ਯੂਨੀਵਰਸਿਟੀ ਪਰੈਸ, ਬਲੂਮਿੰਗਟਨ ਅਤੇ ਲੰਡਨ, ੧੯੬੬, ਸਫ਼ਾ ੧੫੮।

ਇਸ ਸੰਬੰਧ ਵਿਚ ਪਦਾਰਥਵਾਦ ਅਤੇ ਆਦਰਸ਼ਵਾਦ ਦੀ ਵਿਰੋਧੀ ਪ੍ਰਕਿਰਤੀ ਵੀ ਸਪਸ਼ਟ ਹੈ। ਆਦਰਸ਼ਵਾਦ ਅਤੇ ਅਗਨਾਸਤਕਵਾਦ ਦੀਆਂ ਸਾਰੀਆਂ ਵੰਨਗੀਆਂ ਹੀ ਸੱਚ ਦੀ ਪਛਾਣ ਤੋਂ ਇਨਕਾਰੀ ਨਹੀਂ, ਪਰ ਉਹ ਬੇਹੱਦ ਆਤਮਪਰਕ ਢੰਗ ਨਾਲ ਇਸਦੀ ਵਿਆਖਿਆ ਕਰਦੇ ਹਨ; ਉਹ ਇਸਨੂੰ ਆਲੇ-ਦੁਆਲੇ ਦੇ ਸੰਸਾਰ ਦੀ ਸਚਮੁਚ ਦੀ ਹੋਂਦ ਨੂੰ, ਅਤੇ ਇਸਦਾ ਠੀਕ ਠੀਕ ਬੋਧ ਪਰਾਪਤ ਕਰ ਸਕਣ ਅਤੇ ਆਪਣੇ ਮਨ ਵਿਚ ਇਸਨੂੰ ਪ੍ਰਤਿਬਿੰਬਤ ਕਰ ਸਕਣ ਦੀ ਮਨੁੱਖ ਦੀ ਯੋਗਤਾ ਨੂੰ ਮੰਨਣ ਨਾਲ ਨਹੀਂ ਜੋੜਦੇ। ਕੁਝ ਆਦਰਸ਼ਵਾਦੀ ਸੱਚ ਨੂੰ ਲੋਕਾਂ ਵਲੋਂ ਆਪਸ ਵਿਚ ਕੀਤੇ ਗਏ ਸਮਝੌਤੇ ਦੇ ਸਿੱਟੇ ਵਜੋਂ ਦੇਖਦੇ ਹਨ। ਫ਼ਰਾਂਸੀਸੀ ਗਣਿਤ-ਵਿਗਿਆਨੀ ਜੂਲਜ਼ ਹੈਨਰੀ ਪਾਇਨਕੇਅਰ ਸੱਚ ਦੀ ਇਸਤਰ੍ਹਾਂ ਦੀ ਵਿਆਖਿਆ ਕਰਨ ਵਾਲੇ ਸਭ ਤੋਂ ਪਹਿਲੇ ਬੰਦਿਆਂ ਵਿਚੋਂ ਇਕ ਸੀ। ਉਸਦੀ ਰਾਇ ਵਿਚ ਵਿਗਿਆਨਕ ਸਿਧਾਂਤਾਂ (ਗਣਿਤ ਨੂੰ ਛੱਡ ਕੇ) ਦੇ ਬੁਨਿਆਦੀ ਸੂਤ੍ਰ ਸੱਚ ਨਹੀਂ ਹੁੰਦੇ, ਸਗੋਂ ਰੂੜ੍ਹੀਆਂ ਹੁੰਦੇ ਹਨ; ਇਕੋ ਇਕ ਨਿਰਪੇਖ ਮੰਗ, ਜਿਹੜੀ ਉਹਨਾਂ ਨੂੰ ਪੂਰੀ ਕਰਨੀ ਪੈਂਦੀ ਹੈ, ਉਹ ਇਹ ਹੈ ਕਿ ਉਹ ਵਿਰੋਧਾਤਮਕ ਨਾ ਹੋਣ। ਸੱਚ ਨੂੰ ਆਮ ਕਰਕੇ ਮਹਤਵਪੂਰਨ ਗਿਆਨ ਵਜੋਂ ਸਮਝਣ ਤੋਂ ਵੀ ਇਹੀ ਸਿੱਟਾ ਨਿਕਲਦਾ ਹੈ। ਸਚਮੁਚ, ਝੂਠਾ ਗਿਆਨ ਵੀ ਆਮ ਕਰਕੇ ਮਹਤਵਪੂਰਨ ਹੋ ਸਕਦਾ ਹੈ—ਉਦਾਹਰਣ ਵਜੋਂ, ਤਾਪ ਅਤੇ ਈਥਰ ਬਾਰੇ ਸਿਧਾਂਤ, ਪ੍ਰਤਿਕਿਰਿਆਵਾਦੀ ਰਾਜਨੀਤਕ ਸਿਧਾਂਤ (ਭੂ-ਰਾਜਨੀਤੀ; ਨਵ--ਮਾਲਥੂਸਵਾਦ, ਹਰ ਤਰ੍ਹਾਂ ਦੇ ਨਸਲਵਾਦੀ ਸੰਕਲਪ, ਆਦਿ)। ਕਦੀ ਕਦੀ ਉਪਯੋਗੀ ਚੀਜ਼ ਨੂੰ ਸੱਚ ਐਲਾਨ ਦਿਤਾ ਜਾਂਦਾ ਹੈ। ਪਰ ਅਸੀਂ ਪਹਿਲਾਂ ਹੀ ਦੱਸ ਆਏ ਹਾਂ ਕਿ ਜੋ ਕੁਝ ਉਪਯੋਗੀ ਹੈ, ਉਸ ਸਾਰੇ ਨੂੰ ਹੀ ਸੱਚ ਨਹੀਂ ਸਮਝਿਆ ਜਾ ਸਕਦਾ।

ਜੋ ਕੁਝ ਅਸੀਂ ਉਪਰ ਕਹਿ ਆਏ ਹਾਂ ਉਹ ਸਾਨੂੰ ਉਸ ਸਵਾਲ ਦਾ ਠੀਕ ਜਵਾਬ ਦੇਣ ਵੱਲ ਲੈ ਜਾਂਦਾ ਹੈ, ਜਿਹੜਾ ਅਸੀਂ ਆਪਣੇ ਆਪ ਤੋਂ ਪੁੱਛਿਆ ਹੈ। ਸੱਚ ਦੀ ਵਿਲੱਖਣਤਾ ਸਾਡੇ ਗਿਆਨ ਅਤੇ ਯਥਾਰਥ ਦੇ ਵਿਚਕਾਰ ਅਨੁਰੂਪਤਾ ਹੈ, ਜਿਹੜਾ ਯਥਾਰਥ ਕਿ ਵਸਤੂਪਰਕ ਤੌਰ ਉਤੇ ਅਤੇ ਸਾਡੀ ਬੁਧੀ ਅਤੇ ਇੱਛਾ-ਸ਼ਕਤੀ ਤੋਂ ਸਵੈਧੀਨ ਹੋਂਦ ਰੱਖਦਾ ਹੈ। ਸੋ, **ਸੱਚ ਵਸਤੂਪਰਕ** ਹੁੰਦਾ ਹੈ, ਕਿਉਂਕਿ ਇਹ ਵਸਤੂਪਰਕ ਹਕੀਕਤ ਦਾ ਪ੍ਰਤਿਬਿੰਬ ਹੰਦਾ ਹੈ, ਨਾ ਕਿ ਮਨੁੱਖੀ ਆਤਮਾ ਦਾ ਪ੍ਰਗਟਾਅ। ਇਕਸਾਰ, ਵਿਗਿਆਨਕ-ਸੰਬਾਦਕ ਪਦਾਰਥਵਾਦ ਇਹ ਕਹਿ ਕੇ, ਕਿ ਇਹ ਵਸਤੂਪਰਕ ਹੁੰਦਾ ਹੈ, ਸੱਚ ਦੇ ਸੰਕਲਪ ਨੂੰ ਨਿਸਚਿਤਤਾ ਦੇਂਦਾ ਹੈ। ਲੈਨਿਨ ਨੇ ਵਸਤੂਪਰਕ ਸੱਚ ਦੀ ਵਿਆਖਿਆ ਐਸੇ ਗਿਆਨ ਵਜੋਂ ਕੀਤੀ ਸੀ ਜਿਸਦਾ ਵਸਤੂ ਕਿਸੇ ਇਕ ਵਿਅਕਤੀ ਜਾਂ ਮਨੁੱਖਤਾ ਉਪਰ ਨਿਰਭਰ ਨਹੀਂ ਕਰਦਾ।* ਸਵਾਲ ਪੁੱਛਿਆ ਜਾ ਸਕਦਾ ਹੈ: ਸੱਚ ਮਨੁੱਖ ਤੋਂ ਸਵੈਧੀਨ ਕਿਵੇਂ ਹੋ ਸਕਦਾ ਹੈ, ਜੇ ਮਨੁੱਖ ਇਸਨੂੰ ਸਮਝ ਸਕਦਾ ਹੈ ਤਾਂ, ਸੱਚ ਬਾਹਰਲੇ ਸੰਸਾਰ ਦਾ ਨਹੀਂ ਹੁੰਦਾ ਸਗੋਂ ਮਨੁੱਖ ਦੀਆਂ ਸਰਗਰਮੀਆਂ ਦੇ ਸਿੱਟੇ ਵਜੋਂ ਪਰਗਟ ਹੁੰਦਾ ਹੈ। ਉਦਾਹਰਣ ਵਜੋਂ, ਸਰਮਾਇਦਾਰਾ ਸਮਾਜ ਵਿਚ ਲੁੱਟ-ਖ਼ਸੁੱਟ ਇਕ ਵਸਤੂਪਰਕ ਹਕੀਕਤ ਹੈ। ਫਿਰ ਵੀ, ਮਾਰਕਸ ਤੋਂ ਪਹਿਲਾਂ ਇਸਦਾ ਤੱਤ ਲੋਕਾਂ ਨੂੰ ਨਜ਼ਰ ਨਹੀਂ ਸੀ ਆਇਆ, ਜਿਸ ਕਰਕੇ ਉਹਨਾਂ ਦੇ ਇਸ ਗੱਲ ਬਾਰੇ ਵਿਚਾਰ ਗ਼ਲਤ ਸਨ ਕਿ ਸਰਮਾਇਦਾਰ ਕਿਉਂ ਅਮੀਰ ਹੁੰਦੇ ਹਨ ਅਤੇ

---

*ਦੇਖੋ, ਵ. ਇ. ਲੈਨਿਨ, "**ਪਦਾਰਥਵਾਦ ਅਤੇ ਅਨੁਭਵ-ਸਿੱਧ ਆਲੋਚਨਾ**", ਕਿਰਤ ਸੰਗ੍ਰਹਿ, ਸੈਂਚੀ ੧੪, ਸਫ਼ਾ ੧੨੨।

ਮਜ਼ਦੂਰ ਕਿਉਂ ਕੰਗਾਲੀ ਵਿਚ ਰਹਿੰਦੇ ਹਨ। ਮਾਰਕਸ ਵਲੋਂ ਸਰਮਾਇਦਾਰਾ ਲੁੱਟ-ਖਸੁੱਟ ਦੇ ਸਾਰ-ਤੱਤ ਦੀ ਲੱਭਤ ਨੇ ਸਾਡੇ ਗਿਆਨ ਨੂੰ ਵਸਤੂਪਰਕ ਹਕੀਕਤ ਦੇ ਅਨੁਕੂਲ ਬਣਾਇਆ, ਅਤੇ ਇਸਤਰ੍ਹਾਂ ਇਸਨੂੰ ਵਸਤੂਪਰਕ ਸੱਚ ਬਣਾਇਆ।

"ਵਸਤੂਪਰਕ ਸੱਚ" ਦੇ ਸੰਕਲਪ ਵਿਚ ਆਪਣੇ ਆਪ ਵਿਚ ਵਸਤੂਪਰਕ ਸੰਸਾਰ ਬਾਰੇ ਗਿਆਨ ਸ਼ਾਮਲ ਹੁੰਦਾ ਹੈ, ਅਰਥਾਤ, ਸਾਡੇ ਵਿਚਾਰ ਅਤੇ ਸਾਡੀ ਸੋਚਣੀ ਸਾਨੂੰ ਠੀਕ, ਸੱਚਾ (ਵਸਤੂਪਰਕ ਸੰਸਾਰ ਦੇ ਨਾਲ ਮੇਲ ਖਾਂਦਾ) ਗਿਆਨ ਮੁਹਈਆ ਕਰਦੇ ਹਨ। ਪਰ ਵਸਤੂਪਰਕ ਸੱਚ ਮਨੁੱਖ ਦੀਆਂ ਅਮਲੀ ਸਰਗਰਮੀਆਂ ਉਪਰ ਆਧਾਰਤ ਬੋਧ-ਪਰਾਪਤੀ ਦੇ ਅਮਲ ਵਿਚ ਪਰਾਪਤ ਹੁੰਦਾ ਹੈ। ਇਸਲਈ ਇਹ ਕਹਿਣਾ ਉਚਿਤ ਨਹੀਂ ਹੋਵੇਗਾ ਕਿ ਸੱਚ ਕੋਈ ਐਸੀ ਚੀਜ਼ ਹੈ ਜਿਹੜੀ ਮਨੁੱਖ ਤੋਂ ਬਾਹਰ, ਉਸਦੀ ਚੇਤਨਾ ਤੋਂ ਬਾਹਰ ਹੋਂਦ ਰੱਖਦੀ ਹੈ। ਸੱਚ ਅਤੇ ਲੋਕਾਂ ਦੀਆਂ ਸਰਗਰਮੀਆਂ ਵਿਚਲਾ ਸੰਬੰਧ ਆਪਣਾ ਗਤੀਸ਼ੀਲ ਖ਼ਾਸਾ ਪਰਗਟ ਕਰਦਾ ਹੈ। ਸੱਚ ਦੀ ਪਰਾਪਤੀ ਜਾਨ-ਹੂਲਵਾਂ ਅਮਲ ਹੈ, ਕਿਉਂਕਿ ਇਹ ਇਕ ਕਦਮ ਵਿਚ ਨਹੀਂ, ਸਗੋਂ ਹੌਲੀ ਹੌਲੀ ਸੂਤ੍ਰਿਤ ਕੀਤਾ ਜਾਂਦਾ ਹੈ। ਇਸਲਈ ਕੋਈ ਵੀ ਸੱਚ ਸੀਮਤ ਅਤੇ ਸਾਪੇਖ ਹੁੰਦਾ ਹੈ। ਕਿਸ ਹੱਦ ਤੱਕ ਅਸੀਂ ਉਸ ਤੱਕ ਪਹੁੰਚ ਸਕਦੇ ਹਾਂ, ਜੋ ਸਾਡੇ ਅਧਿਐਨ ਦਾ ਵਿਸ਼ਾ ਹੁੰਦਾ ਹੈ? ਇਹ ਨਿਰਪੇਖ ਅਤੇ ਸਾਪੇਖ ਸੱਚ ਵਿਚਲੇ ਸੰਬੰਧ ਦਾ ਖੇਤਰ ਹੈ।

ਸਾਡੇ ਦੁਆਲੇ ਦਾ ਸੰਸਾਰ ਅਮੀਰ ਅਤੇ ਵੰਨ-ਸੁਵੰਨਾ ਹੈ, ਇਹ ਸਦੀਵੀ ਅਤੇ ਅਸੀਮ ਹੈ। ਇਸਲਈ ਇਤਿਹਾਸਕ ਵਿਕਾਸ ਦੇ ਹਰ ਪੜਾਅ ਉਤੇ ਸੰਸਾਰ ਬਾਰੇ ਸਾਡਾ ਗਿਆਨ ਸੀਮਤ ਅਤੇ ਸਾਪੇਖ ਹੁੰਦਾ ਹੈ। **ਸਾਪੇਖ ਸੱਚ** ਸਾਡੇ ਗਿਆਨ ਅਤੇ ਹਕੀਕਤ ਵਿਚਕਾਰ ਅਧੂਰੀ, ਅੰਸ਼ਕ ਅਤੇ ਲਗਭਗ ਅਨੁਰੂਪਤਾ ਹੁੰਦੀ ਹੈ। ਸਾਪੇਖਕ ਸੱਚ ਵਿਚਲੇ ਗਿਆਨ ਨੂੰ ਮਗਰੋਂ ਵਧੇਰੇ ਨਿਸਚਿਤ

ਅਤੇ ਸ਼ੁਧ ਬਣਾਇਆ ਜਾ ਸਕਦਾ ਹੈ। ਪੁਰਾਤਨ ਚਿੰਤਕ ਕਦੀ ਕਦੀ ਵਰਤਾਰਿਆਂ ਅਤੇ ਅਮਲਾਂ ਦੇ ਸਿਰਫ਼ ਬਾਹਰੀ ਪੱਖ ਨੂੰ ਦੇਖ ਕੇ ਹੀ ਉਹਨਾਂ ਦੀ ਜਟਿਲ ਅੰਦਰੂਨੀ ਬਣਤਰ ਸੰਬੰਧੀ ਯਕੀਨੋਂ-ਬਾਹਰੇ ਕਿਆਸ ਪੇਸ਼ ਕਰਦੇ ਰਹੇ ਹਨ। ਪਰ ਉਹਨਾਂ ਦਾ ਗਿਆਨ ਵਿਗਿਆਨ ਦਾ ਸਿਰਫ਼ ਆਰੰਭਕ ਬਿੰਦੂ ਹੀ ਸੀ। ਜਿਉਂ ਜਿਉਂ ਅਮਲ ਅਤੇ ਵਿਗਿਆਨ ਦੋਵੇਂ ਹੀ ਪ੍ਰਗਤੀ ਕਰਦੇ ਜਾਂਦੇ ਹਨ, ਲੋਕਾਂ ਨੂੰ ਹੌਲੀ ਹੌਲੀ ਸੱਚ ਦਾ ਗਿਆਨ ਹੁੰਦਾ ਜਾਂਦਾ ਹੈ। ਉਦਾਹਰਣ ਵਜੋਂ, ਡਿਮੋਕਰੀਟਸ ਨੇ ਸਿਰਫ਼ ਅੰਦਾਜ਼ਾ ਹੀ ਲਾਇਆ ਸੀ ਕਿ ਸੰਸਾਰ ਐਟਮਾਂ ਤੋਂ ਬਣਿਆ ਹੋਇਆ ਹੈ, ਪਰ ਭੌਤਕ-ਵਿਗਿਆਨੀ **ਨੀਲਜ਼ ਬੋਹਰ** ਨੇ ਸਚਮੁਚ ਹੀ ਐਟਮ ਦੀ ਬਣਤਰ ਦਾ ਪਤਾ ਲਾ ਲਿਆ।

ਵਸਤੂਪਰਕ ਸੱਚ ਸਿਰਫ਼ ਸਾਪੇਖ, ਇਤਿਹਾਸਕ ਪੱਖੋਂ ਸੀਮਤ ਅਤੇ ਅਧੂਰਾ ਹੀ ਨਹੀਂ ਹੁੰਦਾ; ਇਹ ਨਾਲ ਹੀ **ਨਿਰਪੇਖ** ਵੀ ਹੁੰਦਾ ਹੈ। ਨਿਰਪੇਖ ਸੱਚ ਪੂਰਾ, ਸਰਬੰਗੀ ਅਤੇ ਵਾਸਤਵਿਕ ਗਿਆਨ ਹੁੰਦਾ ਹੈ। ਸੱਚ ਦਾ ਨਿਰਪੇਖ ਖ਼ਾਸਾ, ਜੋ ਕਿ ਇਸਦੀ ਵਸਤੂਪਰਕਤਾ ਨਾਲ ਸੰਬੰਧਤ ਹੈ, ਇਸ ਗੱਲ ਵਿਚ ਪਰਗਟ ਹੁੰਦਾ ਹੈ ਕਿ ਵਿਗਿਆਨਕ ਵਿਕਾਸ ਦੇ ਨਿਸਚਿਤ ਪੜਾਅ ਉਤੇ ਸੂਤ੍ਰਿਤ ਕੀਤੀਆਂ ਗਈਆਂ ਪ੍ਰਸਥਾਪਨਾਵਾਂ ਮਗਰੋਂ ਵਿਗਿਆਨ ਦੀ ਪ੍ਰਗਤੀ ਦੇ ਨਾਲ ਰੱਦ ਨਹੀਂ ਕੀਤੀਆਂ ਜਾ ਸਕਦੀਆਂ। ਵਸਤੂਪਰਕ ਸੱਚ ਵਿਚ ਨਿਰਪੇਖ ਅਤੇ ਸਾਪੇਖ ਦੀ ਏਕਤਾ ਇਸ ਤੱਥ ਵਿਚ ਪਾਈ ਜਾਂਦੀ ਹੈ ਕਿ ਇਹ ਐਸਾ ਗਿਆਨ ਹੈ ਜਿਹੜਾ ਇਕੋ ਵੇਲੇ ਅਧੂਰੇਪਣ ਅਤੇ ਵਸਤੂਪਰਕਤਾ ਦਾ ਲੱਛਣ ਰੱਖਦਾ ਹੈ। ਨਿਰਪੇਖ ਸੱਚ ਦਾ ਲੱਛਣ ਇਸਤਰ੍ਹਾਂ ਵੀ ਦੱਸਿਆ ਜਾ ਸਕਦਾ ਹੈ ਕਿ ਇਹ ਅਸੀਮ ਸੰਸਾਰ ਬਾਰੇ ਸਰਬੰਗੀ ਗਿਆਨ ਹੈ। ਬੇਸ਼ਕ, ਮਨੁੱਖਤਾ ਆਪਣੇ ਵਿਗਾਸ ਦੇ ਹਰ ਪੜਾਅ ਉਤੇ ਇਹੋ ਜਿਹਾ ਗਿਆਨ ਨਹੀਂ ਰੱਖ ਸਕਦੀ; ਇਹ ਮਨੁੱਖ ਦੇ ਅਸੀਮ ਵਿਕਾਸ ਦੇ ਅਮਲ, ਉਸਦੀਆਂ ਅਮਲੀ

ਸਰਗਰਮੀਆਂ ਅਤੇ ਬੋਧ-ਪਰਾਪਤੀ ਦੇ ਅਮਲ ਵਿਚ ਹੀ ਪਰਾਪਤ ਕੀਤਾ ਜਾ ਸਕਦਾ ਹੈ। ਇਸਤਰ੍ਹਾਂ, ਗਿਆਨ ਦੇ ਵਿਗਾਸ ਦਾ ਕਾਨੂੰਨ ਇਸਦੀ ਸਾਪੇਖ ਤੋਂ ਨਿਰਪੇਖ ਵੱਲ ਨੂੰ ਪ੍ਰਗਤੀ ਵਿਚ ਹੀ ਮਿਲਦਾ ਹੈ। ਨਿਰਪੇਖ ਸੱਚ ਸਾਪੇਖ ਸੱਚਾਂ ਦੇ ਅਣਗਿਣਤ ਸਮੂਹ ਤੋਂ ਮਿਲਕੇ ਬਣਦਾ ਹੈ।

ਕੱਟੜਪੰਥੀ ਦਾ ਲੱਛਣ ਸੱਚ ਵੱਲ ਇਕਤਰਫ਼ਾ ਪਹੁੰਚ ਹੈ। ਕੱਟੜਪੰਥੀ ਲੋਕ ਸੱਚ ਨੂੰ ਨਿਰਪੇਖ ਸਮਝਦੇ ਹਨ ਅਤੇ ਇਸਦੇ ਸਾਪੇਖ ਖ਼ਾਸੇ ਨੂੰ ਅੱਖੋਂ ਉਹਲੇ ਹੀ ਕਰ ਦੇਂਦੇ ਹਨ। ਬੇਸ਼ਕ, ਸਦੀਵੀ ਸਚਾਈਆਂ ਵੀ ਹੁੰਦੀਆਂ ਹਨ, ਅਤੇ ਇਸਦੀਆਂ ਅਣਗਿਣਤ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ। ਆਮ ਕਰਕੇ ਇਹ ਕੁਝ ਤੱਥ ਜਾਂ ਅਵਸਥਾਵਾਂ ਹੁੰਦੀਆਂ ਹਨ, ਜਿਵੇਂ ਕਿ: ਵਾਕਾਯਾਮਾ ਇਕ ਜਾਪਾਨੀ ਸ਼ਹਿਰ ਹੈ; ਹਰਿਆਣਾ ਭਾਰਤ ਦਾ ਇਕ ਰਾਜ ਹੈ; ਨੈਪੋਲੀਅਨ ਬੋਨਾਪਾਰਟ ੧੮੨੧ ਵਿਚ ਮਰਿਆ, ਆਦਿ। ਤਾਂ ਵੀ, ਵਿਗਿਆਨਕ ਗਿਆਨ ਇਸ ਕਿਸਮ ਦੇ ਸੱਚ ਤੱਕ ਨਹੀਂ ਘਟਾਇਆ ਜਾ ਸਕਦਾ; ਇਹ ਨਿਗੂਣੇ ਤੱਥ ਹਨ, ਅਰਥਾਤ ਇਹਨਾਂ ਵਿਚ ਕੋਈ ਮੌਲਿਕਤਾ ਨਹੀਂ। ਵਿਗਿਆਨ ਕਿਸੇ ਤਰ੍ਹਾਂ ਵੀ "ਸਦੀਵੀ ਸਚਾਈਆਂ" ਦਾ ਕੁੱਲ ਜੋੜ ਨਹੀਂ।

ਕੱਟੜਪੰਥੀ ਤੋਂ ਨਿਵੇਕਲਾ, ਸਾਪੇਖਤਾਵਾਦ ਸਾਡੇ ਗਿਆਨ ਦੇ ਸਾਪੇਖ ਖ਼ਾਸੇ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕਰਦਾ ਹੈ। ਕਿਸੇ ਵੀ ਸੱਚ ਦੇ ਸਾਪੇਖ ਖ਼ਾਸੇ ਨੂੰ ਪੁਰਾਤਨ ਫ਼ਿਲਾਸਫ਼ਰ ਵੀ ਦੇਖ ਚੁੱਕੇ ਸਨ, ਜਿਨ੍ਹਾਂ ਨੇ ਕਿਹਾ ਸੀ ਕਿ ਹਰ ਮਨੁੱਖ ਦਾ ਆਪਣਾ ਹੀ ਸੱਚ ਹੁੰਦਾ ਹੈ। ਇਹ ਐਲਾਨ ਕਰਦਿਆਂ ਕਿ ਸੱਚ ਸਾਪੇਖ ਹੁੰਦਾ ਹੈ, ਸਾਪੇਖਤਾਵਾਦ ਅਸਲ ਅਵਸਥਾ ਤੋਂ ਤੁਰਦਾ ਹੈ: ਸੰਸਾਰ ਵਿਚ ਸਭ ਕੁਝ ਬਦਲ ਰਿਹਾ ਹੈ। ਪਰ, ਅਸਲ ਵਰਤਾਰੇ ਮੁਕਾਬਲਤਨ ਸਥਿਰ ਹੁੰਦੇ ਹਨ। ਬਦਲਣਯੋਗਤਾ ਅਤੇ ਸਥਿਰਤਾ ਦੀ ਏਕਤਾ ਦੀ ਸੂਝ ਦੀ ਘਾਟ ਸਾਪੇਖਤਾਵਾਦ ਦੇ ਚਰਮ ਰੂਪਾਂ

ਵੱਲ ਲੈ ਜਾਂਦੀ ਹੈ। ਜੇ ਸਭ ਕੁਝ ਹੀ ਹਰਕਤ ਕਰ ਰਿਹਾ ਹੈ ਅਤੇ ਬਦਲਣ ਦੇ ਯੋਗ ਹੈ, ਤਾਂ ਫਿਰ ਅਸੀਂ ਐਸੇ ਸੰਸਾਰ ਵਿਚ ਰਹਿ ਰਹੇ ਹਾਂ ਜਿਥੇ ਨਾ ਬਦਲਣ ਵਾਲੀਆਂ ਸਚਾਈਆਂ ਕੋਈ ਨਹੀਂ ਹੋ ਸਕਦੀਆਂ, ਇਸਲਈ ਸਾਡਾ ਗਿਆਨ ਜ਼ਰੂਰ ਸਿਰਫ਼ ਰੂੜ੍ਹੀ-ਆਧਾਰਤ ਹੀ ਹੋਵੇਗਾ।

ਇਸ ਬਾਰੇ ਵਿਗਿਆਨੀਆਂ ਦਾ ਕੀ ਖ਼ਿਆਲ ਹੈ? ਨੀਲਜ਼ ਬੋਹਰ ਨੇ ਭੌਤਕ-ਵਿਗਿਆਨ ਵਿਚ ਅਨੁਰੂਪਤਾ ਦਾ ਹੇਠ ਲਿਖਿਆ ਅਸੂਲ ਤਜਵੀਜ਼ ਕੀਤਾ ਸੀ: ਪਿਛਲੇ ਸਿਧਾਂਤ ਅਤੇ ਕਾਨੂੰਨ, ਜਿਨ੍ਹਾਂ ਦੀ ਅਮਲ ਵਿਚ ਪੁਸ਼ਟੀ ਹੋ ਚੁੱਕੀ ਹੈ, ਗਿਆਨ ਦੇ ਉਸ ਖੇਤਰ ਲਈ, ਜਿਸ ਵਿਚ ਉਹ ਘੜੇ ਗਏ ਹੋਏ ਹਨ, ਭਵਿੱਖ ਵਿਚ ਵੀ ਸੱਚੇ ਰਹਿੰਦੇ ਹਨ। ਨਵੇਂ ਸਿਧਾਂਤਾਂ ਨਾਲ ਉਹਨਾਂ ਨੂੰ ਤਿਆਗ ਨਹੀਂ ਦਿਤਾ ਜਾਂਦਾ, ਸਗੋਂ ਵਿਸ਼ੇਸ਼ ਸੂਰਤਾਂ ਵਜੋਂ ਉਹਨਾਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਉਦਾਹਰਣ ਵਜੋਂ, ਆਈਨਸਟਾਈਨ ਦਾ ਸਾਪੇਖਤਾ ਦਾ ਸਿਧਾਂਤ ਗੈਲਿਲੀਓ ਅਤੇ ਨਿਊਟਨ ਦੇ ਕਲਾਸੀਕਲ ਭੌਤਕ-ਵਿਗਿਆਨ ਮਗਰ ਚੱਲਦਾ ਸੀ। ਆਈਨਸਟਾਈਨ ਤੋਂ ਪਹਿਲਾਂ ਨਿਊਟਨ ਵਲੋਂ ਲੱਭੇ ਗਏ ਕਾਨੂੰਨਾਂ ਨੂੰ ਸਰਬ-ਵਿਆਪਕ ਸਮਝਿਆ ਜਾਂਦਾ ਸੀ, ਪਰ ਹੁਣ ਸਾਨੂੰ ਪਤਾ ਹੈ ਕਿ ਉਹਨਾਂ ਦਾ ਕਾਰਜ ਸੀਮਤ ਹੈ। ਗ਼ੈਰ--ਯੂਕਲੀਡੀਅਨ ਰੇਖਾ-ਗਣਿਤ, ਜਿਸਦੇ ਅਸੂਲਾਂ ਦਾ ਲੋਬਾਚੇਵਸਕੀ ਨੇ ਅਧਿਐਨ ਕੀਤਾ, ਯੂਕਲੀਡੀਅਨ ਰੇਖਾ-ਗਣਿਤ ਦੇ ਕਈ ਸੂਤ੍ਰਾਂ ਨੂੰ ਰੱਦ ਕਰਦਾ ਹੈ—ਸਮਾਨਾਂਤਰ ਰੇਖਾਵਾਂ ਦਾ ਸੂਤਰ, ਸਪੇਸ ਦੀ "ਇਕ-ਲਕੀਰੀ" ਪ੍ਰਕਿਰਤੀ ਦਾ ਸੂਤਰ, ਆਦਿ। ਫਿਰ ਵੀ ਇਹ ਯੂਕਲੀਡੀਅਨ ਰੇਖਾ-ਗਣਿਤ ਨੂੰ ਸਮੁੱਚੇ ਤੌਰ ਉਤੇ ਰੱਦ ਨਹੀਂ ਕਰਦਾ, ਅਤੇ ਇਹ ਕੁਝ ਬੁਨਿਆਦੀ ਯੂਕਲੀਡੀਅਨ ਸੂਤ੍ਰਾਂ ਅਤੇ ਪ੍ਰਤੱਖ ਸੱਚਾਈਆਂ ਨੂੰ ਆਪਣੇ ਵਿਚ ਸ਼ਾਮਲ ਕਰ ਲੈਂਦਾ ਹੈ। ਇਕ ਹੋਰ ਉਦਾਹਰਣ: "**ਕਮਿਊਨਿਸਟ ਪਾਰਟੀ**

**ਦਾ ਮੈਨੀਫ਼ੈਸਟੋ**", ਜੋ ਕਿ ਮਾਰਕਸਵਾਦੀ ਪ੍ਰੋਗਰਾਮ ਦੀ ਪਹਿਲੀ ਦਸਤਾਵੇਜ਼ ਸੀ, ਇਹ ਕਹਿੰਦਾ ਹੈ ਕਿ ਮਨੁੱਖ ਦਾ ਸਮੁੱਚਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ। ਮਗਰੋਂ ਏਂਗਲਜ਼ ਨੇ ਇਸ ਵਾਕੰਸ਼ ਨਾਲ ਇਕ ਫ਼ੁੱਟਨੋਟ ਜੋੜ ਦਿਤਾ, ਕਿਉਂਕਿ ਵਿਗਿਆਨਕ ਤੱਥਾਂ ਨੇ ਇਹ ਸਾਬਤ ਕਰ ਦਿਤਾ ਸੀ ਕਿ ਪੂਰਵ-ਸ਼ਰੇਣੀ ਸਮਾਜ ਵੀ ਕਦੀ ਮੌਜੂਦ ਹੁੰਦਾ ਸੀ, ਜਿਸ ਵਿਚ ਸ਼ਰੇਣੀ ਘੋਲ ਨਹੀਂ ਸੀ ਹੋ ਸਕਦਾ।

ਸੱਚ ਦਾ ਸਿਧਾਂਤ ਇਸਦੀ **ਠੋਸ ਪ੍ਰਕਿਰਤੀ** ਨੂੰ ਪਛਾਣਨ ਦੀ ਮੰਗ ਕਰਦਾ ਹੈ, ਜੋ ਕਿ ਪਹਿਲੀ ਥਾਂ ਉਤੇ ਉਹਨਾਂ ਸਾਰੀਆਂ ਹਾਲਤਾਂ ਨੂੰ ਧਿਆਨ ਵਿਚ ਰੱਖਣਾ, ਜਿਨ੍ਹਾਂ ਵਿਚ ਬੋਧ-ਪਰਾਪਤੀ ਦਾ ਨਿਸ਼ਾਨਾ ਹੋਂਦ ਰੱਖ ਰਿਹਾ ਹੁੰਦਾ ਹੈ, ਅਤੇ ਇਸਦੀਆਂ ਬੁਨਿਆਦੀ, ਤੱਤਰੂਪੀ ਖਾਸੀਅਤਾਂ, ਸੰਬੰਧਾਂ ਅਤੇ ਵਿਕਾਸ ਦੇ ਰੁਝਾਣਾਂ ਨੂੰ ਨਿਖੇੜਨਾ ਮਿਥ ਕੇ ਚੱਲਦੀ ਹੈ। ਇਕ ਸਾਦਾ ਜਿਹੀ ਉਦਾਹਰਣ ਇਹ ਹੈ: ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਬਾਰਸ਼ ਲਾਭਕਾਰੀ ਹੈ ਜਾਂ ਇਹ ਹਾਨੀਕਾਰਕ ਹੈ। ਇਹਨਾਂ ਦੋਹਾਂ ਵਿਚੋਂ ਕਿਹੜਾ ਦਾਅਵਾ ਠੀਕ ਹੈ? ਠੋਸ ਹਾਲਤਾਂ ਨੂੰ ਧਿਆਨ ਵਿਚ ਰੱਖੇ ਤੋਂ ਬਿਨਾਂ ਇਸ ਮਸਲੇ ਦਾ ਇਕ ਜਾਂ ਦੂਜੀ ਤਰ੍ਹਾਂ ਨਾਲ ਫ਼ੈਸਲਾ ਨਹੀਂ ਕੀਤਾ ਜਾ ਸਕਦਾ: ਬਾਰਸ਼ ਬੀਜਾਈ ਤੋਂ ਪਿਛੋਂ ਜਾਂ ਫ਼ਸਲ ਦੇ ਵਾਧੇ ਦੇ ਮੌਸਮ ਵਿਚ ਨਿਰਸੰਦੇਹ ਲਾਭਕਾਰੀ ਹੈ; ਪਰ ਇਸਦੇ ਨਾਲ ਹੀ ਇਹ ਕਟਾਈ ਦੇ ਵੇਲੇ ਹਾਨੀਕਾਰਕ ਹੈ।

ਜਟਿਲ ਸਮੱਸਿਆਵਾਂ ਨੂੰ ਹਲ ਕਰਨ ਲੱਗਿਆਂ ਸੱਚ ਦੀ ਠੋਸ ਪ੍ਰਕਿਰਤੀ ਹੋਰ ਵੀ ਵਧੇਰੇ ਮਹਤਵਪੂਰਨ ਹੈ। ਸਰਮਾਇਦਾਰੀ ਦੇ ਸਾਮਰਾਜੀ ਪੜਾਅ ਤੋਂ ਪਹਿਲਾਂ, ਸੋਸ਼ਲਿਜ਼ਮ ਸਾਰੇ ਵਿਕਸਤ ਸਰਮਾਇਦਾਰ ਦੇਸਾਂ ਵਿਚ ਇਕੋ ਵੇਲੇ ਜਿੱਤ ਸਕਦਾ ਸੀ; ਪਰ ਸਾਮਰਾਜ ਦੇ ਦੌਰ ਵਿਚ ਇਹ ਸਿਰਫ਼ ਇਕੋ, ਸਭ ਤੋਂ ਕਮਜ਼ੋਰ ਕੜੀ ਵਿਚ ਹੀ ਜਿੱਤ ਸਕਦਾ ਸੀ। ਜੰਗ ਦੇ ਮਸਲੇ ਬਾਰੇ ਵੀ

ਇਹੀ ਠੀਕ ਹੈ। ਉਹਨਾਂ ਦੇ ਰਾਜਨੀਤਕ ਵਸਤੂ ਉਤੇ ਨਿਰਭਰ ਕਰਦਿਆਂ, ਜੰਗਾਂ ਨਿਆਈਂ ਵੀ ਹੋ ਸਕਦੀਆਂ ਹਨ ਅਤੇ ਅਨਿਆਈਂ ਵੀ। ਮਾਰਕਸਵਾਦ ਨਿਆਈਂ ਜੰਗਾਂ ਉਹਨਾਂ ਨੂੰ ਸਮਝਦਾ ਹੈ ਜਿਹੜੀਆਂ ਲੋਕਾਂ ਵਲੋਂ ਸਮਾਜਕ ਅਤੇ ਰਾਜਨੀਤਕ ਜਬਰ ਤੋਂ ਮੁਕਤੀ ਪਾਉਣ ਲਈ, ਆਪਣੇ ਰਾਜ ਦੀ ਸਵੈਧੀਨਤਾ ਦੀ ਰਾਖੀ ਕਰਨ ਲਈ ਜਾਂ ਸਾਮਰਾਜੀ ਹਮਲੇ ਦਾ ਮੁਕਾਬਲਾ ਕਰਨ ਲਈ ਲੜੀਆਂ ਜਾਂਦੀਆਂ ਹਨ; ਅਤੇ ਇਹ ਅਨਿਆਈਂ ਜੰਗਾਂ ਉਹਨਾਂ ਨੂੰ ਮੰਨਦਾ ਹੈ ਜਿਹੜੀਆਂ ਲੋਟੂ ਜਮਾਤਾਂ ਵਲੋਂ ਦਬਾਈਆਂ ਹੋਈਆਂ ਜਮਾਤਾਂ ਅਤੇ ਕੌਮਾਂ ਦੇ ਆਜ਼ਾਦੀ ਦੇ ਘੋਲ ਨੂੰ ਦਬਾਉਣ, ਬਦੇਸ਼ੀ ਇਲਾਕੇ ਹਥਿਆਉਣ ਅਤੇ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਣਾਉਣ ਦੇ ਨਿਸ਼ਾਨੇ ਨਾਲ ਲੜੀਆਂ ਜਾਂਦੀਆਂ ਹਨ।

ਅਸਲੀ ਸੱਚ ਨੂੰ ਮਾਇਆ-ਜਾਲ ਤੋਂ ਕਿਵੇਂ ਨਿਖੇੜਿਆ ਜਾ ਸਕਦਾ ਹੈ? ਮਾਰਕਸਵਾਦ ਇਸਦਾ ਹੇਠ ਲਿਖਿਆ ਜਵਾਬ ਦੇਂਦਾ ਹੈ: ਸਾਡੇ ਗਿਆਨ ਦੀ ਪ੍ਰਮਾਣਿਕਤਾ ਸਿਰਫ਼ **ਅਮਲ** ਵਿਚ ਹੀ ਸ਼ਥਾਪਤ ਹੁੰਦੀ ਹੈ ਅਤੇ ਇਸਦੀ ਪੁਸ਼ਟੀ ਹੁੰਦੀ ਹੈ। ਸਿਰਫ਼ ਅਮਲੀ ਸਰਗਰਮੀ ਵਿਚ ਹੀ ਅਸੀਂ ਸੱਚੇ ਅਤੇ ਝੂਠੇ ਗਿਆਨ ਵਿਚਕਾਰ ਲਕੀਰ ਖਿੱਚ ਸਕਦੇ ਹਾਂ। ਕੁਦਰਤੀ ਤੌਰ ਉਤੇ, ਸਾਡੀ ਸਰਗਰਮੀ ਦੇ ਸਿੱਟੇ ਸਿੱਧੇ ਤੌਰ ਉਤੇ ਸਾਡੇ ਗਿਆਨ ਅਤੇ ਉਸ ਨਿਸ਼ਾਨੇ ਵਿਚਕਾਰ ਅਨੁਰੂਪਤਾ ਉਪਰ ਨਿਰਭਰ ਕਰਦੇ ਹਨ, ਜਿਸ ਵੱਲ ਸਾਡੀ ਸਰਗਰਮੀ ਸੇਧੀ ਗਈ ਹੁੰਦੀ ਹੈ। ਜੇ ਸਾਡਾ ਗਿਆਨ ਸੱਚਾ ਹੈ ਅਤੇ ਯਥਾਰਥ ਨੂੰ ਠੀਕ ਤਰ੍ਹਾਂ ਪ੍ਰਤਿਬਿੰਬਤ ਕਰਦਾ ਹੈ, ਤਾਂ ਸਾਡੀ ਮੰਤਵ-ਭਰਪੂਰ ਸਰਗਰਮੀ ਸਫ਼ਲ ਰਹੇਗੀ ਅਤੇ ਅਸੀਂ ਲੁੜੀਂਦੇ ਸਿੱਟੇ ਪਰਾਪਤ ਕਰ ਲਵਾਂਗੇ। ਝੂਠੇ ਵਿਚਾਰ ਵਖਰਾ ਨਤੀਜਾ ਕੱਢਣਗੇ: ਉਦਾਹਰਣ ਵਜੋਂ, ਨਿਰੰਤਰ ਗਤੀ ਵਾਲੀ ਮਸ਼ੀਨ ਦੀ ਕਾਢ ਕੱਢਣਾ ਅਸੰਭਵ ਸਾਬਤ ਹੋਇਆ, ਕਿਉਂਕਿ ਇਹ ਵਸਤੂਪਰਕ ਕਾਨੂੰਨਾਂ ਦੇ ਉਲਟ ਜਾਂਦੀ ਸੀ।

ਵਿਗਿਆਨ ਦਾ ਇਤਿਹਾਸ ਐਸੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ ਜਦੋਂ ਸੱਚ ਦੀ ਪਰਾਪਤੀ ਦੇ ਨਾਂ ਉਤੇ ਲੋਕਾਂ ਨੇ ਅਕਹਿ ਤਕਲੀਫ਼ਾਂ ਝੱਲੀਆਂ, ਸਗੋਂ ਜਾਨਾਂ ਵੀ ਵਾਰ ਦਿਤੀਆਂ। ਇਤਾਲਵੀ ਫ਼ਿਲਾਸਫ਼ਰ ਜੋਰਦਾਨੋ ਬਰੂਨੋ ਅਤੇ ਸਪੇਨੀ ਧਰਮ-ਸ਼ਾਸਤਰੀ ਮਾਈਕਲ ਸਰਵੇਟਸ ਨੂੰ ਧਾਰਮਕ ਅਦਾਲਤ ਨੇ ਸੂਲੀ ਉਪਰ ਟੰਗ ਕੇ ਸਾੜ ਦਿਤਾ, ਕਿਉਂਕਿ ਉਹ ਸੱਚ ਨੂੰ ਪਿਆਰ ਕਰਦੇ ਸਨ। ਡੈਨਮਾਰਕ ਦੇ ਤਾਰਾ-ਵਿਗਿਆਨੀ ਤੀਖੋ 'ਦ ਬਰਾਹੇ ਨੂੰ ਵੀ ਤਸੀਹੇ ਦਿਤੇ ਗਏ।

ਸੱਚ ਦੀ ਤਲਾਸ਼ ਵਿਚ ਵਿਗਿਆਨੀਆਂ ਨੇ ਆਪਣੀਆਂ ਜਾਨਾਂ ਤੱਕ ਦਾਅ ਉਤੇ ਲਾ ਦਿਤੀਆਂ: ਵੇਸੂਵੀਅਸ ਵਿਚੋਂ ਲਾਵਾ ਫੁੱਟਦਾ ਦੇਖਦਿਆਂ ਪਲਾਇਨੀ ਵੱਡੇ ਨੇ ਜਾਨ ਦੇ ਦਿਤੀ, ਅਤੇ ਫ਼ਰਾਂਸਿਸ ਬੇਕਨ ਆਪਣਾ ਹੀ ਇਕ ਤਜਰਬਾ ਕਰਦਾ ਹੋਇਆ ਮਾਰਿਆ ਗਿਆ। ਪ੍ਰਗਤੀਸ਼ੀਲ ਵਿਗਿਆਨੀਆਂ, ਰਾਜਸੀ ਅਤੇ ਜਨਤਕ ਹਸਤੀਆਂ ਨੂੰ, ਅਮਨ ਅਤੇ ਇਨਸਾਫ਼ ਲਈ ਘੋਲ ਕਰਨ ਵਾਲਿਆਂ ਨੂੰ ਤਸੀਹੇ ਦਿਤੇ ਗਏ ਜਦੋਂ ਕਿ ਉਹ ਸੱਚ ਦੀ ਰੌਸ਼ਨੀ ਲੋਕਾਂ ਤੱਕ ਪੁਚਾਉਣ ਦੀ ਕੋਸ਼ਿਸ਼ ਕਰ ਰਹੇ ਸਨ: ਪਾਤਰਿਸ ਲੁਮੂੰਬਾ, ਸਲਵਾਡੋਰ ਅਲੈਂਡੇ ਅਤੇ ਮਾਰਟਿਨ ਲੂਥਰ ਕਿੰਗ ਦਾ ਇਸੇ ਤਰ੍ਹਾਂ ਹੀ ਅੰਤ ਹੋਇਆ। ਵਿਗਿਆਨ ਬਾਰੇ ਲਿਖਦਿਆਂ, ਮਾਰਕਸ ਨੇ ਦਾਂਤੇ ਅਲੀਗ਼ੇਰੀ ਦੀ ਇਹ ਟੂਕ ਦਿਤੀ ਸੀ:

ਸਾਰੀ ਬੇਵਿਸ਼ਵਾਸੀ ਇਥੇ ਰਹਿਣ ਦਿਓ;
ਸਾਰੀ ਬੁਜ਼ਦਿਲੀ ਦਾ ਇਥੇ ਅੰਤ ਹੋਣ
ਦਿਓ।*

---

*ਦਾਂਤੇ, "**ਦੈਵੀ ਸੁਖਾਂਤ**", ਇਲਸਟਰੇਟਿਡ ਮਾਡਰਨ ਲਾਇਬਰੇਰੀ, ਇੰਕ ੧੯੪੪, ਸਫ਼ਾ ੨੨। ਕਾਰਲ ਮਾਰਕਸ, "**ਰਾਜਨੀਤਕ ਆਰਥਕਤਾ ਦੀ ਆਲੋਚਨਾ ਨੂੰ ਇਕ ਦੇਣ**", ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੭, ਸਫ਼ਾ ੨੩।

ਇਹ ਸਤਰਾਂ ਉਹਨਾਂ ਸਾਰਿਆਂ ਲਈ ਪ੍ਰੇਰਨਾ ਦਾ ਸੋਮਾ ਹੋਣੀਆਂ ਚਾਹੀਦੀਆਂ ਹਨ ਜਿਹੜੇ ਸੱਚ ਦੀ ਖੋਜ ਕਰਦੇ ਹਨ ਅਤੇ ਸਰਗਰਮੀ ਨਾਲ ਇਸਦੀ ਰਾਖੀ ਕਰਦੇ ਹਨ।

ਪੰਜਵਾਂ ਕਾਂਡ

# ਫ਼ਿਲਾਸਫ਼ੀ ਅਤੇ ਸਮਾਜਕ ਜੀਵਨ

ਸਮਾਜਕ ਜੀਵਨ ਦੇ ਬੇਹੱਦ ਵੰਨ-ਸੁਵੰਨੇ ਵਰਤਾਰਿਆਂ ਨਾਲ ਫ਼ਿਲਾਸਫ਼ੀ ਹਜ਼ਾਰਾਂ ਧਾਗਿਆਂ ਰਾਹੀਂ ਜੁੜੀ ਹੋਈ ਹੈ। ਇਸਦੇ ਉਦਭਵ, ਇਸਦੇ ਦੋ ਰੁਝਾਣਾਂ ਵਿਚਕਾਰ ਘੋਲ, ਮਨੁੱਖ ਦੀਆਂ ਬੋਧ-ਪਰਾਪਤੀ ਦੀਆਂ ਸਰਗਰਮੀਆਂ ਅਤੇ ਦੁਨੀਆਂ ਵਿਚ ਵਾਪਰ ਰਹੀਆਂ ਸਾਰੀਆਂ ਤਬਦੀਲੀਆਂ ਦੇ ਸੋਮੇ ਸੰਬੰਧੀ ਮੱਤਭੇਦ — ਇਹਨਾਂ ਸਾਰਿਆਂ ਦੇ ਪਿੱਛੇ ਸਮਾਜਕ ਕਾਰਨ ਕੰਮ ਕਰ ਰਹੇ ਹਨ। ਆਪਣੀ ਥਾਂ, ਰਾਜਨੀਤਕ ਘੋਲ ਅਤੇ ਵਿਗਿਆਨਕ ਤਰੱਕੀ ਉਪਰ, ਧਾਰਮਿਕ ਲਹਿਰਾਂ ਅਤੇ ਕਲਾਤਮਿਕ ਸਰਗਰਮੀ ਉਪਰ, ਵਿਅਕਤੀਆਂ ਉਪਰ ਅਤੇ ਸਮੁੱਚੇ ਦੌਰਾਂ ਉਪਰ ਫਿਲਾਸਫ਼ੀ ਪ੍ਰਭਾਵ ਪਾਉਂਦੀ ਹੈ।

ਉਸ ਅਸੂਲ ਦਾ ਪਤਾ ਲਾਉਣ ਲਈ, ਜਿਸ ਅਨੁਸਾਰ ਫ਼ਿਲਾਸਫ਼ੀ ਅਤੇ ਸਮਾਜ ਇਕ ਦੂਜੇ ਉਪਰ ਪ੍ਰਭਾਵ ਪਾਉਂਦੇ ਹਨ, ਇਹ ਜ਼ਰੂਰੀ ਹੈ ਕਿ ਫ਼ਿਲਾਸਫ਼ੀ ਦੇ ਸਮਾਜਕ ਪ੍ਰਕਾਰਜ ਲੱਭੇ ਜਾਣ, ਸਮਾਜ ਵਿਚ ਇਸਦਾ ਰੋਲ ਦੇਖਿਆ ਜਾਏ, ਉਸ ਵਿਸ਼ੇਸ਼ ਤਰੀਕੇ ਨੂੰ ਪਰਗਟ ਕੀਤਾ ਜਾਏ ਜਿਸ ਤਰੀਕੇ ਨਾਲ ਸਮਾਜਕ ਯਥਾਰਥ ਦਾਰਸ਼ਨਿਕ ਚੇਤਨਾ ਵਿਚ

ਪ੍ਰਤਿਬਿੰਬਤ ਹੁੰਦਾ ਹੈ, ਅਤੇ ਸਮਾਜ ਦੇ ਵਿਕਾਸ ਦੇ ਪੜਾਅ ਉਪਰ ਦਾਰਸ਼ਨਿਕ ਸਮੱਸਿਆਵਾਂ ਦੇ ਵਿਗਾਸ ਦੀ ਨਿਰਭਰਤਾ ਉਤੇ ਚਾਨਣ ਪਾਇਆ ਜਾਏ।

ਤਾਂ ਕਿ ਫ਼ਿਲਾਸਫ਼ੀ ਨੂੰ ਵਿਗਿਆਨਕ ਸਮਝਿਆ ਜਾਏ, ਇਸ ਵਾਸਤੇ ਜ਼ਰੂਰੀ ਹੈ ਕਿ ਇਹ ਭੂਤ ਅਤੇ ਵਰਤਮਾਨ ਦੋਹਾਂ ਦੀ ਠੀਕ ਠੀਕ ਵਿਆਖਿਆ ਕਰੇ—ਬੀਤੇ ਦੇ ਕੁਝ ਫ਼ਿਲਾਸਫ਼ਰ ਤਾਂ ਸਗੋਂ ਇਸਨੂੰ ਫ਼ਿਲਾਸਫ਼ੀ ਦਾ ਇਕੋ ਇਕ ਪ੍ਰਕਾਰਜ ਸਮਝਦੇ ਸਨ। ਉਦਾਹਰਣ ਵਜੋਂ, ਹੀਗਲ ਲਿਖਦਾ ਹੈ ਕਿ ਫ਼ਿਲਾਸਫ਼ਰ ਉਸ ਚੀਜ਼ ਨੂੰ ਸਮਝ ਸਕਦਾ ਹੈ ਜਿਹੜੀ ਪਹਿਲਾਂ ਹੀ ਵਾਪਰ ਚੁੱਕੀ ਹੈ, ਜਿਹੜੀ ਬੀਤੇ ਨਾਲ ਸੰਬੰਧ ਰੱਖਦੀ ਹੈ। ਫ਼ਿਲਾਸਫ਼ੀ ਹਮੇਸ਼ਾ ਘਟਣਾ ਦੇ ਵਾਪਰ ਜਾਣ ਤੋਂ ਪਿਛੋਂ ਹੀ ਆਪਣੇ ਉਪਦੇਸ਼ ਲੈ ਕੇ ਆਉਂਦੀ ਹੈ।

ਪਰ ਕਿਸੇ ਵਿਗਿਆਨਕ ਸਿਧਾਂਤ ਨੂੰ ਸਿਰਫ਼ ਉਸ ਗੱਲ ਦੀ ਵਿਆਖਿਆ ਨਹੀਂ ਕਰਨੀ ਚਾਹੀਦੀ ਜਿਹੜੀ ਪਹਿਲਾਂ ਹੀ ਵਾਪਰ ਚੁੱਕੀ ਹੈ, ਇਸਨੂੰ ਭਵਿੱਖ ਨੂੰ ਵੀ ਅਗੇਤਾ ਦੇਖਣ ਦੇ ਸਮਰੱਥ ਹੋਣਾ ਚਾਹੀਦਾ ਹੈ। ਸਚਮੁਚ ਦੀ ਵਿਗਿਆਨਕ ਫ਼ਿਲਾਸਫ਼ੀ ਤੋਂ ਐਸਾ ਕਰਨ ਦੇ ਵੀ ਸਮਰੱਥ ਹੋਣ ਦੀ ਮੰਗ ਕੀਤੀ ਜਾਂਦੀ ਹੈ। ਹੀਗਲ ਦੇ ਇਕ ਚੇਲੇ ਨੇ ਫ਼ਿਲਾਸਫ਼ੀ ਦੇ ਮੰਤਵ ਬਾਰੇ ਆਪਣੇ ਸ਼ੁਰੂ ਦੇ ਸੰਕਲਪ ਦੀ ਵਿਆਖਿਆ ਇਸਤਰ੍ਹਾਂ ਨਾਲ ਕੀਤੀ: "ਫ਼ਿਲਾਸਫ਼ੀ ਉਸ ਮੁਰਗੇ ਵਾਂਗ ਹੈ ਜਿਹੜਾ ਸੰਸਾਰ ਦੀ ਜਵਾਨੀ ਦੀ ਨਵੀਂ ਪ੍ਰਭਾਤ ਦਾ ਸੁਨੇਹਾ ਦੇਂਦਾ ਹੈ"। ਕਿਉਂਕਿ ਨਵਾਂ ਸੰਸਾਰ ਜਾਂ ਭਵਿੱਖ ਦਾ ਸਮਾਜ ਸਿਰਫ਼ ਪੁਰਾਣੇ ਸੰਸਾਰ ਦੇ ਖੰਡਰਾਂ ਉਤੇ ਹੀ ਉਸਰ ਸਕਦਾ ਹੈ, ਇਸਲਈ ਸਿਰਫ਼ ਸਭ ਤੋਂ ਉਨਤ ਸ਼੍ਰੇਣੀ ਹੀ ਸਮਾਜ ਦਾ ਵਿਗਿਆਨਕ ਦਾਰਸ਼ਨਿਕ ਸਿਧਾਂਤ ਸਿਰਜਣ ਵਿਚ ਦਿਲਚਸਪੀ ਰੱਖਦੀ ਹੁੰਦੀ ਹੈ।

ਇਸਲਈ ਸਚਮੁਚ ਦੀ ਵਿਗਿਆਨਕ ਫ਼ਿਲਾਸਫ਼ੀ, ਜਿਹੜੀ

ਬੀਤੇ ਦੀ ਠੀਕ ਵਿਆਖਿਆ ਦੀ ਸੰਭਾਵਨਾ ਨੂੰ ਭਵਿੱਖ ਬਾਰੇ ਪੇਸ਼ਗੋਈ ਨਾਲ ਮੇਲਦੀ ਹੈ, ਨਾਲ ਹੀ ਉੱਨਤ, ਪ੍ਰਗਤੀਸ਼ੀਲ ਸਮਾਜਕ ਤਬਕਿਆਂ ਦੇ, ਪਹਿਲੀ ਥਾਂ ਉਤੇ ਮਜ਼ਦੂਰ ਜਮਾਤ ਦੇ ਹਿਤਾਂ ਨੂੰ ਪਰਗਟ ਕਰਦੀ ਹੈ।

ਮਾਰਕਸਵਾਦ ਆਪਣੇ ਜਮਾਤੀ ਖ਼ਾਸੇ ਨੂੰ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰਦਾ, ਸਗੋਂ ਇਸ ਵਿਚ "ਇਕ ਤਰ੍ਹਾਂ ਨਾਲ, ਧਿਰ ਲੈਣਾ ਸ਼ਾਮਲ ਹੈ, ਅਤੇ ਇਹ ਘਟਣਾਵਾਂ ਦੇ ਕਿਸੇ ਵੀ ਮੁਲਾਂਕਣ ਵਿਚ ਨਿਸਚਿਤ ਸਮਾਜਕ ਗਰੁੱਪ ਦੇ ਦ੍ਰਿਸ਼ਟੀਕੋਨ ਨੂੰ ਸਿੱਧਾ ਅਤੇ ਖੁਲ੍ਹਮ-ਖੁਲ੍ਹਾ ਅਪਨਾਉਣ ਦਾ ਆਦੇਸ਼ ਦੇਂਦਾ ਹੈ।" * ਪ੍ਰੋਲਤਾਰੀ ਫ਼ਿਲਾਸਫ਼ੀ ਨੂੰ ਆਪਣੇ ਸਿਧਾਂਤਕ "ਹਥਿਆਰ" ਵਜੋਂ ਦੇਖਦੇ ਹਨ। ਇਸਤਰ੍ਹਾਂ ਫ਼ਿਲਾਸਫ਼ੀ ਸਮਾਜ ਦੀ ਕਾਇਆ-ਕਲਪ ਦੀ ਸਿਧਾਂਤਕ ਨੀਂਹ ਬਣ ਜਾਂਦੀ ਹੈ। ਮਾਰਕਸਵਾਦ-ਲੈਨਿਨਵਾਦ ਦੀ ਫ਼ਿਲਾਸਫ਼ੀ, ਸੰਬਾਦਕ ਅਤੇ ਇਤਿਹਾਸਕ ਪਦਾਰਥਵਾਦ, ਬਿਲਕੁਲ ਇਸੇਤਰ੍ਹਾਂ ਦੀ ਹੀ ਫ਼ਿਲਾਸਫ਼ੀ ਹੈ। "ਮਾਰਕਸ ਦੀ ਫ਼ਿਲਾਸਫ਼ੀ," ਲੈਨਿਨ ਨੇ ਲਿਖਿਆ ਸੀ, "ਪੂਰਨ ਦਾਰਸ਼ਨਿਕ ਪਦਾਰਥਵਾਦ ਹੈ ਜਿਸਨੇ ਮਨੁੱਖਤਾ ਨੂੰ, ਅਤੇ ਖ਼ਾਸ ਕਰਕੇ ਮਜ਼ਦੂਰ ਜਮਾਤ ਨੂੰ, ਗਿਆਨ ਦਾ ਸ਼ਕਤੀਸ਼ਾਲੀ ਹਥਿਆਰ ਦਿਤਾ ਹੈ।" **

ਮਾਰਕਸਵਾਦ ਦਾ ਉਦਭਵ ਆਪਣੇ ਆਪ ਵਿਚ ਫ਼ਿਲਾਸਫ਼ੀ ਅਤੇ ਸਮਾਜਕ ਜੀਵਨ ਵਿਚਕਾਰ ਡੂੰਘੇ ਸੰਬੰਧ ਦੀ ਇਕ ਉਦਾਹਰਣ

---

*ਵ. ਇ. ਲੈਨਿਨ, "ਨਰੋਦਵਾਦ ਦਾ ਆਰਥਕ ਵਸਤੂ ਅਤੇ ਮਿ. ਸਤਰੂਵੇ ਦੀ ਪੁਸਤਕ ਵਿਚ ਇਸਦੀ ਆਲੋਚਨਾ", ਕਿਰਤ ਸੰਗ੍ਰਹਿ, ਸੈਂਚੀ ੧, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੭, ਸਫ਼ਾ ੪੦੧।

**ਵ. ਇ. ਲੈਨਿਨ "ਮਾਰਕਸਵਾਦ ਦੇ ਤਿੰਨ ਸੋਮੇ ਅਤੇ ਤਿੰਨ ਅੰਗ", ਕਿਰਤ ਸੰਗ੍ਰਹਿ, ਸੈਂਚੀ ੧੯, ਸਫ਼ਾ ੨੫।

ਦਾ ਕੰਮ ਦੇ ਸਕਦਾ ਹੈ। ਇਹ ਸੰਸਾਰ ਸਭਿਅਤਾ ਦੀ ਸ਼ਾਹਰਾਹ ਉਤੇ ਪਰਗਟ ਹੋਇਆ ਅਤੇ ਸਮਾਜ ਦੇ ਪਿਛਲੇ ਸਾਰੇ ਵਿਗਾਸ ਨੇ ਇਸਨੂੰ ਤਿਆਰ ਕੀਤਾ। ਇਸਨੂੰ ਸਮਾਜੀ-ਆਰਥਕ, ਰਾਜਨੀਤਕ, ਦਾਰਸ਼ਨਿਕ, ਸਿਧਾਂਤਕ ਅਤੇ ਵਿਗਿਆਨਕ ਹਾਲਤਾਂ ਦੇ ਆਧਾਰ ਉਤੇ ਸੂਤ੍ਰਿਤ ਕੀਤਾ ਗਿਆ; **ਕਾਰਲ ਮਾਰਕਸ** ਅਤੇ **ਫ਼ਰੈਡਰਿਕ ਏਂਗਲਜ਼** ਦੀਆਂ ਨਿੱਜੀ ਖਾਸੀਅਤਾਂ ਵੀ ਭਾਰੀ ਮਹੱਤਾ ਰੱਖਦੀਆਂ ਸਨ।

ਇਹ ਕਿਸ ਤਰ੍ਹਾਂ ਦਾ ਦੌਰ ਸੀ ਜਿਸਨੇ ਮਾਰਕਸਵਾਦੀ ਫ਼ਿਲਾਸਫ਼ੀ ਨੂੰ ਜਨਮ ਦਿਤਾ? ਮਾਰਕਸਵਾਦ ਨੇ ਅੱਧ-੧੮੪੦ ਵਿਆਂ ਵਿਚ ਰੂਪ ਧਾਰਿਆ, ਜਦੋਂ ਯੂਰਪ ਵਿਚ ਸਰਮਾਇਦਾਰੀ ਸਥਾਪਤ ਹੋ ਰਹੀ ਸੀ। ਬੁਰਜੂਆ ਇਨਕਲਾਬ ਪਹਿਲਾਂ ਹੀ ਨੀਦਰਲੈਂਡਜ਼, ਬਰਤਾਨੀਆ ਅਤੇ ਫ਼ਰਾਂਸ ਨੂੰ ਹਿਲਾ ਚੁੱਕੇ ਸਨ। ਇਹਨਾਂ ਵਿਚ ਮਜ਼ਦੂਰ ਜਮਾਤ ਨੇ ਮਹਾਨ ਰੋਲ ਅਦਾ ਕੀਤਾ ਸੀ, ਪਰ ਅਜੇ ਸਵੈਧੀਨ ਰਾਜਨੀਤਕ ਸ਼ਕਤੀ ਵਜੋਂ ਨਹੀਂ। ਇਹ ਬੁਰਜੂਆਜ਼ੀ ਦੇ ਦੁਸ਼ਮਨਾਂ, ਸਾਮੰਤੀ ਸ਼ਾਹਾਂ ਦੇ ਖ਼ਿਲਾਫ਼ ਆਪਣੇ ਕੱਟੜ ਦੁਸ਼ਮਨ—ਬੁਰਜੂਆਜ਼ੀ ਦੇ ਨਾਲ ਰਲ ਕੇ ਲੜੀ ਸੀ। ਬੁਰਜੂਆਜ਼ੀ ਨੇ ਇਹਨਾਂ ਇਨਕਲਾਬਾਂ ਦੇ ਸਿੱਟਿਆਂ ਤੋਂ ਲਾਭ ਉਠਾਇਆ। ਸਾਮੰਤਵਾਦ ਦੇ ਖਾਤਮੇ, ਸਰਮਾਇਦਾਰੀ ਦੇ ਸਥਾਪਤ ਹੋਣ ਅਤੇ ਕਿਰਤ ਉਤਪਾਦਕਤਾ ਦੇ ਵਧਣ ਤੋਂ ਮਗਰੋਂ, ਬੁਰਜੂਆ ਤਰੱਕੀ ਦਾ ਵਿਰੋਧਾਤਮਕ ਖ਼ਾਸਾ ਦਿਨੋ ਦਿਨ ਵਧੇਰੇ ਪ੍ਰਤੱਖ ਹੁੰਦਾ ਗਿਆ: ਇਹ ਇਕ ਪਾਸੇ ਧਨ ਅਤੇ ਦੂਜੇ ਪਾਸੇ ਕੰਗਾਲੀ ਦੇ ਇਕੱਤ੍ਰਿਤ ਹੋਣ ਵਿਚ ਸਾਕਾਰ ਹੋਈ। ਭਾਵੇਂ ਉਸ ਸਮੇਂ ਸਰਮਾਇਦਾਰੀ ਅਜੇ ਵੀ ਵਧ ਰਹੀ ਸੀ, ਬਹੁ-ਉਤਪਾਦਨ ਦੇ ਸੰਕਟ ਵਾਪਰਣੇ ਸ਼ੁਰੂ ਹੋ ਗਏ ਅਤੇ ਬੇਰੁਜ਼ਗਾਰੀ ਵਧ ਗਈ। ਛੋਟੇ ਕਿਸਾਨ ਤਬਾਹ ਹੋ ਗਏ, ਅਤੇ ਮਜ਼ਦੂਰ ਜਮਾਤ ਦੀਆਂ ਸਫ਼ਾਂ ਵਿਚ ਵਾਧਾ ਕਰਨ ਲੱਗੇ। ਮਜ਼ਦੂਰਾਂ ਅਤੇ ਉਹਨਾਂ ਦੇ ਪਰਵਾਰਾਂ ਦੇ ਜੀਆਂ, ਜਿਨ੍ਹਾਂ

ਵਿਚ ਬੱਚੇ ਵੀ ਸ਼ਾਮਲ ਸਨ, ਦੀ ਲੁੱਟ-ਖਸੁੱਟ ਉਤੇ ਕੋਈ ਕਾਨੂੰਨੀ ਬੰਦਸ਼ ਨਹੀਂ ਸੀ। ਪਰ ਪ੍ਰੋਲਤਾਰੀ ਸਿਰਫ਼ ਇਕ "ਦੁੱਖ ਭੋਗ ਰਹੀ" ਸ਼ਰੇਣੀ ਨਹੀਂ, ਇਹ "ਘੋਲ ਕਰਨ ਵਾਲੀ" ਸ਼ਰੇਣੀ ਵੀ ਹੈ। ਲੈਨਿਨ ਅਨੁਸਾਰ, "ਪ੍ਰੋਲਤਾਰੀਆਂ ਦੀ ਅਪਮਾਣਜਨਕ ਆਰਥਕ ਹਾਲਤ ਹੀ ਹੈ ਜਿਹੜੀ ਇਹਨਾਂ ਨੂੰ ਅਰੁਕ ਤੌਰ ਉਤੇ ਅੱਗੇ ਧੱਕਦੀ ਅਤੇ ਆਪਣੀ ਅੰਤਮ ਮੁਕਤੀ ਲਈ ਲੜਣ ਵਾਸਤੇ ਮਜਬੂਰ ਕਰਦੀ ਹੈ।"* ਗਿਣਤੀ ਵਿਚ ਵੀ ਅਤੇ ਗੁਣ ਵਿਚ ਵੀ ਪ੍ਰੋਲਤਾਰੀਆਂ ਦਾ ਵਾਧਾ ਹੋ ਰਿਹਾ ਸੀ, ਅਤੇ ਸਾਮੰਤਵਾਦ ਦੇ ਖ਼ਿਲਾਫ਼ ਘੋਲ ਵਿਚ ਆਪਣੇ ਖ਼ੁਦਗਰਜ਼ ਹਿੱਤਾਂ ਨੂੰ ਪਰਾਪਤ ਕਰਨ ਲਈ ਬੁਰਜੂਆਜ਼ੀ ਇਸਦੀ ਸਹਾਇਤਾ ਲੈਣ ਲਈ ਮਜਬੂਰ ਸੀ। ਪਰ ਰਾਜਸੀ ਘੋਲ ਵਿਚ ਸ਼ਾਮਲ ਹੋਣ ਦਾ ਤਜਰਬਾ ਖ਼ੁਦ ਪ੍ਰੋਲਤਾਰੀਆਂ ਲਈ ਵੀ ਲਾਹੇਵੰਦਾ ਸਾਬਤ ਹੋਇਆ।

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ, ਪ੍ਰੋਲਤਾਰੀ ਸਵੈਧੀਨ ਰਾਜਨੀਤਕ ਸ਼ਕਤੀ ਵਜੋਂ ਸਾਮ੍ਹਣੇ ਆਏ। ਮਜ਼ਦੂਰ ਜਮਾਤ ਦੀਆਂ ਸਭ ਤੋਂ ਸ਼ਕਤੀਸ਼ਾਲੀ ਕਾਰਵਾਈਆਂ ਸਨ: ਫ਼ਰਾਂਸ ਵਿਚ ੧੮੩੧ ਅਤੇ ੧੮੩੪ ਵਿਚ ਲਿਓਨਜ਼ ਦੇ ਜੁਲਾਹਿਆਂ ਦੀਆਂ ਬਗ਼ਾਵਤਾਂ, ਜਰਮਨੀ ਵਿਚ ੧੮੪੪ ਵਿਚ ਸਿਲੇਸੀਆ ਦੇ ਜੁਲਾਹਿਆਂ ਦੀਆਂ ਬਗ਼ਾਵਤਾਂ, ਅਤੇ ੧੮੩੦ਵਿਆਂ ਤੋ ੧੮੫੦ਵਿਆਂ ਤੱਕ ਇੰਗਲੈਂਡ ਵਿਚ ਚਾਰਟਿਸਟ ਲਹਿਰ। ਚਾਰਟਿਜ਼ਮ ਪ੍ਰੋਲਤਾਰੀਆਂ ਵਲੋਂ ਕਦੀ ਵੀ ਕੀਤੀ ਗਈ ਸਭ ਤੋਂ ਪਹਿਲੀ ਸਚਮੁਚ ਦੀ ਜਨਤਕ ਅਤੇ ਰਾਜਨੀਤਕ ਤੌਰ ਉਤੇ ਵਿਲੱਖਣ ਕਾਰਵਾਈ ਸੀ। ਲੈਨਿਨ ਨੇ ਇਸਨੂੰ ਮਾਰਕਸਵਾਦ ਦੀ ਤਿਆਰੀ, ਇਸਤੋਂ ਤੁਰਤ ਪਹਿਲਾਂ

---

*ਵ. ਇ. ਲੈਨਿਨ, "**ਫ਼ਰੈਡਰਿਕ ਏਂਗਲਜ਼**", ਕਿਰਤ ਸੰਗ੍ਰਹਿ, ਸੈਂਚੀ ੨, ਸਫ਼ਾ ੨੨।

ਦਾ ਸ਼ਬਦ ਕਿਹਾ ਸੀ। ਪਹਿਲੀ ਮਜ਼ਦੂਰ ਪਾਰਟੀ ਨੇ ਇਸ ਲਹਿਰ ਦੇ ਅੰਦਰ ਹੀ ਰੂਪ ਧਾਰਿਆ ਅਤੇ ਰਾਜਸੀ ਮੰਗਾਂ ਸੂਤ੍ਰਿਤ ਕੀਤੀਆਂ ਗਈਆਂ।

ਇਹ ਕੋਈ ਮੌਕਾਮੇਲ ਨਹੀਂ ਸੀ ਕਿ ਮਾਰਕਸਵਾਦ ਜਰਮਨੀ ਵਿਚ ਪੈਦਾ ਹੋਇਆ। ਉਥੇ, ਮਾਰਕਸ ਅਤੇ ਏਂਗਲਜ਼ ਦੀ ਜਨਮ--ਭੂਮੀ ਵਿਚ ਜਮਾਤੀ ਵਿਰੋਧਤਾਈਆਂ ਖ਼ਾਸ ਕਰਕੇ ਤੀਖਣ ਸਨ; ਜਰਮਨੀ ਬੂਰਜੂਆ ਇਨਕਲਾਬ ਦੀ ਪੂਰਵ-ਸੰਧਿਆਂ ਉਤੇ ਖੜਾ ਸੀ। ਪ੍ਰੋਲਤਾਰੀਆਂ ਦੀ ਗਿਣਤੀ ਕਾਫ਼ੀ ਸੀ ਅਤੇ ਇਹ ਪਹਿਲਾਂ ਹੀ ਆਪਣੀਆਂ ਸ਼ਰੇਣੀ ਮੰਗਾਂ ਲੈ ਕੇ ਨਿੱਤਰ ਰਹੇ ਸਨ। ਐਸੇ ਹਾਲਾਤ ਪੈਦਾ ਹੋ ਰਹੇ ਸਨ ਜਿਹੜੇ ਸਿਰ ਉਤੇ ਖੜੇ ਬੂਰਜੂਆ ਇਨਕਲਾਬ ਦੇ ਦੌਰਾਨ ਪ੍ਰੋਲਤਾਰੀਆਂ ਦੇ ਸ਼ਰੇਣੀ ਘੋਲ ਦੇ ਤੇਜ਼ ਹੋਣ ਵਿਚ ਸਹਾਈ ਹੁੰਦੇ—ਪਿਛਲੇ ਬੂਰਜੂਆ ਇਨਕਲਾਬਾਂ ਵਿਚ ਇਹੋ ਜਿਹੀਆਂ ਹਾਲਤਾਂ ਕਦੀ ਵੀ ਮੌਜੂਦ ਨਹੀਂ ਸਨ। ਇਹਨਾਂ ਸਾਰੇ ਲੱਛਣਾਂ ਨੇ ਜਰਮਨੀ ਨੂੰ ਮਾਰਕਸਵਾਦ ਦਾ ਪੰਘੂੜਾ ਬਣਾ ਦਿਤਾ, ਜਿਹੜਾ ਸਾਰੇ ਯੂਰਪੀ ਦੇਸਾਂ ਵਿਚ ਸਰਮਾਇਦਾਰੀ ਅਤੇ ਸ਼ਰੇਣੀ ਘੋਲ ਦੇ ਵਿਕਾਸ ਵਲੋਂ ਇਤਿਹਾਸਕ ਤੌਰ ਉਤੇ ਤਿਆਰ ਕੀਤਾ ਗਿਆ ਸੀ।

ਇਸਤਰ੍ਹਾਂ ਅਸੀਂ ਨਿਸਚਿਤ ਕੀਤਾ ਹੈ ਕਿ ਮਜ਼ਦੂਰ ਜਮਾਤ ਨੇ ਰਾਜਨੀਤਕ ਘੋਲ ਕਿਸੇ ਇਕ ਦੇਸ ਵਿਚ ਨਹੀਂ, ਸਗੋਂ ਸਾਰੇ ਦੇਸਾਂ ਵਿਚ, ਜਿਥੇ ਸਰਮਾਇਦਾਰੀ ਸਥਾਪਤ ਹੋ ਰਹੀ ਸੀ, ਸ਼ੁਰੂ ਕੀਤੇ। ਪਰ, ਪ੍ਰੋਲਤਾਰੀਆਂ ਕੋਲ ਘੋਲ ਦਾ ਕੋਈ ਸਪਸ਼ਟ ਪ੍ਰੋਗਰਾਮ ਨਹੀਂ ਸੀ, ਅਤੇ ਇਹ ਸਭ ਤੋਂ ਮਹਤਵਪੂਰਨ ਕਾਰਨ ਸੀ ਕਿ ਇਹ ਕਿਉਂ ਅਸਫ਼ਲ ਰਹੇ। ਇਹੋ ਜਿਹੇ ਪ੍ਰੋਗਰਾਮ ਦੀ ਅਣਹੋਂਦ ਮਜ਼ਦੂਰਾਂ ਦੀ ਜਥੇਬੰਦਕਤਾ ਨੂੰ ਕਮਜ਼ੋਰ ਕਰਦੀ ਸੀ, ਅਤੇ ਕਦੀ ਕਦੀ ਸਗੋਂ ਕਾਰਵਾਈਆਂ ਵਿਚ ਸ਼ਾਮਲ ਲੋਕਾਂ ਵਿਚਕਾਰ ਅਸੂਲ ਦੇ ਮਸਲਿਆਂ ਉਤੇ ਮੱਤਭੇਦ ਪੈਦਾ ਕਰ ਦੇਂਦੀ ਸੀ। ਇਨਕਲਾਬੀ

ਸਿਧਾਂਤ ਦੀ ਲੋੜ ਬਹੁਤ ਜ਼ਿਆਦਾ ਸੀ। ਇਸਲਈ ਉਭਰ ਰਹੀ ਮਾਰਕਸਵਾਦੀ ਫ਼ਿਲਾਸਫ਼ੀ ਪ੍ਰੋਲਤਾਰੀਆਂ ਦੀ ਇਨਕਲਾਬੀ ਲਹਿਰ ਦੇ ਹਿੱਤ ਪੂਰਦੀ ਸੀ।

ਪਰ ਫ਼ਿਲਾਸਫ਼ੀ ਨਵੇਂ ਅਤੇ ਉਚੇਰੇ ਪੜਾਅ ਉਤੇ ਕਦੀ ਨਾ ਪੁੱਜ ਸਕਦੀ, ਜੇ ਨਾਲ ਇਹ ਹਕੀਕਤ ਨਾ ਹੁੰਦੀ ਕਿ ਸਮੁੱਚੇ ਤੌਰ ਉਤੇ ਵਿਗਿਆਨ ਦੇ ਵਿਕਾਸ ਨੇ ਦਾਰਸ਼ਨਿਕ ਸਮਾਨੀਕਰਨਾਂ ਲਈ ਉਚਿਤ ਭਰਪੂਰ ਮਸਾਲਾ ਦੇ ਦਿਤਾ ਸੀ। ਅੱਧ ਉਨ੍ਹੀਵੀਂ ਸਦੀ ਤੱਕ ਪ੍ਰਕਿਰਤਕ ਵਿਗਿਆਨ ਵਿਚ ਕੀਤੀਆਂ ਜਾ ਚੁੱਕੀਆਂ ਲੱਭਤਾਂ ਨੇ ਪ੍ਰਕਿਰਤੀ ਦੀ ਉਸ ਵਿਆਖਿਆ ਲਈ ਪੱਕਾ ਆਧਾਰ ਤਿਆਰ ਕਰ ਦਿਤਾ, ਜਿਸਨੂੰ ਮਗਰੋਂ ਸੰਬਾਦਕ-ਪਦਾਰਥਵਾਦ ਵਜੋਂ ਜਾਣਿਆ ਜਾਣ ਲੱਗਾ।

ਉਦੋਂ ਤੱਕ ਸਮਾਜਕ ਵਿਗਿਆਨਾਂ ਵਿਚ ਵੀ ਵੱਡੀਆਂ ਤਬਦੀਲੀਆਂ ਵਾਪਰ ਚੁੱਕੀਆਂ ਸਨ। ਪ੍ਰਗਤੀਸ਼ੀਲ ਬੁਰਜੂਆ ਸਿਧਾਂਤਕਾਰਾਂ ਨੇ ਸਮਾਜ ਵਿਚ ਚੱਲ ਰਹੇ ਪਦਾਰਥਕ ਅਮਲਾਂ ਉਪਰ, ਸਮਾਜ ਦੀ ਸ਼ਰੇਣੀਆਂ ਵਿਚ ਵੰਡ ਨਾਲ ਅਤੇ ਸ਼ਰੇਣੀ ਘੋਲ ਨਾਲ ਪੈਦਾ ਹੋਣ ਵਾਲੇ ਮਸਲਿਆਂ ਉਪਰ ਧਿਆਨ ਕੇਂਦਰਿਤ ਕੀਤਾ ਹੋਇਆ ਸੀ, ਅਤੇ ਉਹ ਸੌਖੀ ਤਰ੍ਹਾਂ ਹੀ ਬੁਰਜੂਆ ਪ੍ਰਬੰਧ ਦੀ ਆਲੋਚਨਾ ਕਰ ਰਹੇ ਸਨ। ਅੰਗ੍ਰੇਜ਼ ਰਾਜਸੀ ਅਰਥ--ਵਿਗਿਆਨੀਆਂ, **ਐਡਮ ਸਮਿੱਥ** ਅਤੇ **ਡੇਵਿਡ ਰਿਕਾਰਡੋ** ਨੇ ਕਦਰ ਦੇ ਕਿਰਤ ਸਿਧਾਂਤ ਦੀ ਨੀਂਹ ਰੱਖੀ। ਯੂਟੋਪੀਆਈ ਸੋਸ਼ਲਿਸਟਾਂ **ਕਲੋਦ ਸਾਂ-ਸੀਮੋਂ**, **ਚਾਰਲ ਫ਼ੋਰੀਏ** ਅਤੇ **ਰਾਬਰਟ ਓਵਨ** ਵਲੋਂ ਪੇਸ਼ ਕੀਤੇ ਗਏ ਵਿਚਾਰ ਵੀ ਮਾਰਕਸਵਾਦੀ ਫ਼ਿਲਾਸਫ਼ੀ ਦੇ ਰੂਪ ਧਾਰਨ ਲਈ ਮਹਤਵਪੂਰਨ ਸਨ। ਭਾਵੇਂ ਉਹ ਭਵਿੱਖ ਵਿਚਲੇ ਸਮਾਜ ਤੱਕ ਪੁੱਜਣ ਦੇ ਠੋਸ ਰਸਤੇ ਨਹੀਂ ਸਨ ਜਾਣਦੇ ਅਤੇ ਇਨਕਲਾਬੀ ਤਬਦੀਲੀ ਦੇ ਰਾਹ ਨੂੰ ਰੱਦ ਕਰਦੇ ਸਨ, ਉਹਨਾਂ ਵਲੋਂ ਸਰਮਾਇਦਾਰੀ ਦੀ ਤਬਾਹਕੁਨ ਆਲੋਚਨਾ ਅਤੇ ਭਵਿੱਖ

ਦੇ ਸਮਾਜ ਬਾਰੇ ਕਿਆਸਾਂ ਦਾ ਮਾਰਕਸਵਾਦ ਦੇ ਬਾਨੀਆਂ ਵਲੋਂ ਗੰਭੀਰਤਾ ਨਾਲ ਅਧਿਐਨ ਕੀਤਾ ਗਿਆ।

ਮਾਰਕਸਵਾਦੀ ਸਿਧਾਂਤ ਦੇ ਵਿਕਾਸ ਲਈ ਸਭ ਤੋਂ ਮਹਤਵਪੂਰਨ ਪੂਰਵ-ਸ਼ਰਤ ਜਰਮਨ ਕਲਾਸਕੀ ਫ਼ਿਲਾਸਫ਼ੀ ਸੀ, ਜਿਹੜੀ ਉਸ ਵੇਲੇ ਦੇ ਸਭ ਤੋਂ ਚੰਗੇ ਦਾਰਸ਼ਨਿਕ ਚਿੰਤਨ ਨੂੰ ਪੇਸ਼ ਕਰਦੀ ਸੀ, ਖ਼ਾਸ ਕਰਕੇ ਹੀਗਲ ਦਾ ਵਿਰੋਧ-ਵਿਕਾਸ ਅਤੇ ਫ਼ਿਉਰਬਾਖ਼ ਦਾ ਪਦਾਰਥਵਾਦ। ਹੀਗਲ ਨੇ ਆਪਣੇ ਵਿਰੋਧ-ਵਿਕਾਸ ਨੂੰ ਆਦਰਸ਼ਵਾਦੀ ਆਧਾਰ ਉਤੇ ਵਿਸਥਾਰਿਆ। ਉਸਨੇ ਵਿਚਾਰਾਂ ਦੇ ਵਿਰੋਧ-ਵਿਕਾਸ ਵਿਚ ਵਸਤਾਂ ਦੇ ਵਿਰੋਧ-ਵਿਕਾਸ ਨੂੰ ਸਾਬਤ ਨਹੀਂ ਕੀਤਾ, ਸਗੋਂ ਇਸ ਬਾਰੇ ਸਿਰਫ਼ "ਸ਼ਾਨਦਾਰ ਤਰ੍ਹਾਂ ਨਾਲ ਅੰਦਾਜ਼ਾ ਹੀ ਲਾਇਆ।" ਬੋਧ-ਪਰਾਪਤੀ ਦਾ ਵਿਰੋਧ-ਵਿਕਾਸੀ ਢੰਗ ਅਟੱਲ ਤੋਰ ਉਤੇ ਹੀਗਲ ਦੇ ਆਦਰਸ਼ਵਾਦੀ ਸਿਸਟਮ ਦੀ ਵਿਰੋਧਤਾ ਕਰਦਾ ਸੀ, ਇਸਲਈ ਉਸਦੀ ਫ਼ਿਲਾਸਫ਼ੀ ਦੀਆਂ ਸੀਮਾਂ ਸੌੜੀਆਂ ਸਨ। ਦੂਜੇ ਪਾਸੇ, ਫ਼ਿਉਰਬਾਖ਼ ਨੇ ਪਦਾਰਥਵਾਦੀ ਪੁਜ਼ੀਸ਼ਨਾਂ ਤੋਂ ਹੀਗਲ ਦੀ ਫ਼ਿਲਾਸਫ਼ੀ ਦੀ ਸ਼ਾਨਦਾਰ ਆਲੋਚਨਾ ਕੀਤੀ, ਪਰ ਉਹ ਵਿਰੋਧ-ਵਿਕਾਸ ਅਤੇ ਪਦਾਰਥਵਾਦ ਨੂੰ ਇਕੋ ਇਕ ਸਮੁੱਚ ਵਿਚ ਇਕਮਿਕ ਨਾ ਕਰ ਸਕਿਆ; ਇਸਤਰ੍ਹਾਂ ਉਹ ਆਪਣੇ ਪਦਾਰਥਵਾਦ ਨੂੰ ਸਮਾਜਕ ਵਰਤਾਰਿਆਂ ਉਪਰ ਲਾਗੂ ਕਰਨ ਵਿਚ ਅਸਫ਼ਲ ਰਿਹਾ।

ਇਸਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਨੁੱਖਾ ਗਿਆਨ ਦੇ ਸਮੁੱਚੇ ਪੂਰਬਲੇ ਵਿਗਾਸ ਨੇ ਮਾਰਕਸਵਾਦੀ ਫ਼ਿਲਾਸਫ਼ੀ ਲਈ ਰਾਹ ਤਿਆਰ ਕੀਤਾ। ਇਸ ਨਵੇਂ ਦਾਰਸ਼ਨਿਕ ਸਿਧਾਂਤ ਦਾ ਘੜਿਆ ਜਾਣਾ ਮਨੁੱਖਾ ਮਨ ਵਲੋਂ ਉਦੋਂ ਸਿਰਜੇ ਗਏ ਸਭ ਕੁਝ ਵਿਚ ਨਿਪੁੰਨਤਾ ਅਤੇ ਇਸਦੇ ਸੁਮੇਲ ਦੀ ਹੀ ਮੰਗ ਨਹੀਂ ਸੀ ਕਰਦਾ ਸਗੋਂ ਉਸ ਉਪਰ ਬੁਨਿਆਦੀ ਤੋਰ ਉਤੇ ਆਲੋਚਨਾਤਮਕ ਪੁਨਰ-ਵਿਚਾਰ ਦੀ ਵੀ ਮੰਗ ਕਰਦਾ ਸੀ। ਆਓ ਫਿਰ ਲੈਨਿਨ ਵੱਲ ਪਰਤੀਏ:

"ਮਾਰਕਸ ਦੀ ਪ੍ਰਤਿਭਾ", ਉਸਨੇ ਲਿਖਿਆ ਸੀ, "ਬਿਲਕੁਲ ਇਸੇ ਵਿਚ ਹੈ ਕਿ ਉਸਨੇ ਮਨੁੱਖਤਾ ਦੇ ਸਿਰਕੱਢ ਦਿਮਾਗ਼ਾਂ ਵਲੋਂ ਪਹਿਲਾਂ ਹੀ ਉਠਾਏ ਜਾ ਚੁੱਕੇ ਸਵਾਲਾਂ ਦਾ ਜਵਾਬ ਦਿਤਾ।" *

ਮਾਰਕਸਵਾਦ ਕਾਰਲ ਮਾਰਕਸ (੧੮੧੮-੧੮੮੩) ਅਤੇ ਫ਼ਰੈਡਰਿਕ ਏਂਗਲਜ਼ (੧੮੨੦-੧੮੯੫) ਵਲੋਂ ਸਿਰਜਿਆ ਗਿਆ; ਸੰਸਾਰ ਇਤਿਹਾਸ ਵਿਚ ਉਹਨਾਂ ਦੇ ਨਾਂ ਹਮੇਸ਼ਾ ਹੀ ਇਕ ਥਾਂ ਜੁੜੇ ਰਹਿਣਗੇ। ਉਹ ਜਨਮ ਤੋਂ ਪ੍ਰੋਲਤਾਰੀ ਨਹੀਂ ਸਨ; ਤਾਂ ਫਿਰ ਇਹ ਕਿਵੇਂ ਵਾਪਰਿਆ ਕਿ ਉਹ, ਜਰਮਨ ਸਮਾਜ ਦੇ ਵਿਸ਼ੇਸ਼ਾਧਿਕਾਰਾਂ ਵਾਲੇ ਤਬਕਿਆਂ ਦੇ ਜੰਮੇਂ ਜਾਏ (ਮਾਰਕਸ ਦਾ ਪਿਤਾ ਪ੍ਰਸਿੱਧ ਵਕੀਲ ਸੀ ਅਤੇ ਏਂਗਲਜ਼ ਦਾ ਪਿਤਾ ਕਪੜਾ ਫ਼ੈਕਟਰੀ ਦਾ ਮਾਲਕ ਸੀ) ਮਜ਼ਦੂਰ ਜਮਾਤ ਦੇ ਹਿੱਤਾਂ ਦੀ ਆਵਾਜ਼ ਬਣੇ ?

ਤੇਜ਼ ਹੋ ਰਹੇ ਜਮਾਤੀ ਘੋਲਾਂ ਦੇ ਸਮੇਂ ਵਿਚ ਬੁਰਜੂਆ ਸਮਾਜ ਖੇਰੂੰ-ਖੇਰੂੰ ਹੋਣ ਲੱਗ ਪੈਂਦਾ ਹੈ, ਅਤੇ ਹਾਕਮ ਜਮਾਤ ਦਾ ਛੋਟਾ ਜਿਹਾ ਹਿੱਸਾ ਇਸਨੂੰ ਤਿਆਗ ਦੇਂਦਾ ਹੈ, ਇਨਕਲਾਬੀ ਜਮਾਤ ਦੀ ਧਿਰ ਲੈਣ ਲੱਗ ਪੈਂਦਾ ਹੈ, ਜਿਸਦਾ ਕਿ ਭਵਿੱਖ ਹੁੰਦਾ ਹੈ। ਪਰ ਇਹ ਤਬਦੀਲੀ ਆਪਣੇ ਆਪ ਨਹੀਂ ਵਾਪਰ ਜਾਂਦੀ, ਇਹ ਬਹੁਤ ਗੁੰਝਲਦਾਰ ਅਤੇ ਕਠਿਨ ਹੁੰਦੀ ਹੈ। ਹਰ ਕੋਈ ਇਹੋ ਜਿਹੀ ਤਬਦੀਲੀ ਕਰਨ ਦੇ ਸਮਰੱਥ ਨਹੀਂ ਹੁੰਦਾ, ਇਸ ਵਾਸਤੇ ਬਹੁਤ ਜ਼ਿਆਦਾ ਇੱਛਾ-ਸ਼ਕਤੀ ਅਤੇ ਹਿੰਮਤ ਚਾਹੀਦੀ ਹੈ, ਅਤੇ ਜਨਮ ਤੋਂ ਹੀ ਜਿਸ ਸ਼ਰੇਣੀ ਨਾਲ ਕੋਈ ਸੰਬੰਧਤ ਰਿਹਾ ਹੋਵੇ, ਉਸਦਾ ਸੰਸਾਰ ਦ੍ਰਿਸ਼ਟੀਕੋਨ ਛੱਡਣ ਦੀ ਯੋਗਤਾ ਹੋਣੀ ਚਾਹੀਦੀ ਹੈ।

ਜਦੋਂ ਮਾਰਕਸ ਅਤੇ ਏਂਗਲਜ਼ ਸਹਿਯੋਗੀ ਅਤੇ ਪੱਕੇ ਮਿੱਤਰ

---

* ਵ. ਇ. ਲੈਨਿਨ, "**ਮਾਰਕਸਵਾਦ ਦੇ ਤਿੰਨ ਸੋਮੇ ਅਤੇ ਤਿੰਨ ਅੰਗ**", ਕਿਰਤ ਸੰਗ੍ਰਹਿ, ਸੈਂਚੀ ੧੯, ਸਫ਼ਾ ੨੩।

ਬਣੇ (੧੮੪੪), ਉਦੋਂ ਤੱਕ ਉਹ ਦੋਵੇਂ ਹੀ ਪ੍ਰੋਲਤਾਰੀਆਂ ਵਲੋਂ ਅਦਾ ਕੀਤੇ ਜਾਣ ਵਾਲੇ ਇਤਿਹਾਸਕ ਰੋਲ ਤੋਂ ਚੇਤੰਨ ਹੋ ਚੁੱਕੇ ਸਨ, ਰਾਜਸੀ ਘੋਲ ਵਿਚ ਵੀ ਉਹ ਕੋਈ ਸਿਖਾਂਦਰੂ ਨਹੀਂ ਸਨ, ਉਹ ਆਪਣੇ ਸਮੇਂ ਦੀਆਂ ਦਾਰਸ਼ਨਿਕ ਅਤੇ ਵਿਗਿਆਨਕ ਪਰਾਪਤੀਆਂ ਦਾ ਅਧਿਐਨ ਕਰ ਚੁੱਕੇ ਸਨ ਅਤੇ ਇਹਨਾਂ ਨੂੰ ਆਲੋਚਨਾਤਮਕ ਤੌਰ ਉਤੇ ਪਚਾ ਚੁੱਕੇ ਸਨ।

ਮਾਰਕਸਵਾਦੀ ਫ਼ਿਲਾਸਫ਼ੀ ਦੇ ਘੜੇ ਜਾਣ ਦੇ ਦੋ ਮੁੱਖ ਪੜਾਅ ਹਨ। ਪਹਿਲੇ ਪੜਾਅ ਵਿਚ ਉਹ ਸਮਾਂ ਆਉਂਦਾ ਹੈ ਜਦੋਂ ਮਾਰਕਸ ਅਤੇ ਏਂਗਲਜ਼ ਦੇ ਦਾਰਸ਼ਨਿਕ ਵਿਚਾਰ ਅਜੇ ਰੂਪ ਧਾਰ ਰਹੇ ਸਨ, ਅਤੇ ਜਦੋਂ ਉਹ ਆਦਰਸ਼ਵਾਦੀ ਅਤੇ ਇਨਕਲਾਬੀ-ਜਨਵਾਦੀ ਪੁਜ਼ੀਸ਼ਨਾਂ ਤੋਂ ਸੰਬਾਦਕ ਅਤੇ ਇਤਿਹਾਸਕ ਪਦਾਰਥਵਾਦ ਦੀਆਂ ਅਤੇ ਵਿਗਿਆਨਕ ਕਮਿਊਨਿਜ਼ਮ ਦੀਆਂ ਪੁਜ਼ੀਸ਼ਨਾਂ ਵੱਲ ਗਏ। ਇਹ ਪੜਾਅ ੧੮੪੪ ਵਿਚ ਖ਼ਤਮ ਹੋ ਗਿਆ। ਦਜੇ ਪੜਾਅ ਉਤੇ, ਜਾਂ ਪਰੌਢ ਮਾਰਕਸਵਾਦ ਦੇ ਦੌਰ ਵਿਚ, ਸੰਬਾਦਕ ਅਤੇ ਇਤਿਹਾਸਕ ਪਦਾਰਥਵਾਦ ਦੀਆਂ ਬੁਨਿਆਦੀ ਪ੍ਰਸਥਾਪਨਾਵਾਂ ਵਿਸਥਾਰੀਆਂ ਗਈਆਂ।

ਇਸਤੋਂ ਪਹਿਲਾਂ ਕਿ ਮਾਰਕਸ ਅਤੇ ਏਂਗਲਜ਼ ਐਸਾ ਸਿਧਾਂਤ ਸਿਰਜਣ ਵਿਚ ਸਫ਼ਲ ਹੋਏ, ਜਿਹੜਾ ਫ਼ਿਲਾਸਫ਼ੀ ਵਿਚ ਮੋੜਾ ਲਿਆਉਣ ਵਾਲਾ ਨੁਕਤਾ ਬਣਿਆ, ਉਹਨਾਂ ਨੂੰ ਮੁਸ਼ਕਲ ਪੈਂਡਾ ਮਾਰਨਾ ਪਿਆ। ਸ਼ੁਰੂ ਤੋਂ ਹੀ ਉਹ ਇਨਕਲਾਬੀ ਜਨਵਾਦੀ ਸਨ ਅਤੇ ਵਿਸ਼ਾਲ ਜਨਤਾ ਦੇ ਹਿੱਤਾਂ ਲਈ ਲੜਦੇ ਰਹੇ ਸਨ। ਆਪਣੀ ਜਵਾਨੀ ਵਿਚ ਉਹ ਦੋਵੇਂ ਹੀ ਕਲਾਸੀਕਲ ਜਰਮਨ ਫ਼ਿਲਾਸਫ਼ੀ ਦਾ, ਖ਼ਾਸ ਕਰਕੇ ਹੀਗਲ ਦੀ ਵਸਤੂਪਰਕ ਆਦਰਸ਼ਵਾਦ ਦੀ ਫ਼ਿਲਾਸਫ਼ੀ ਦਾ, ਸਤਿਕਾਰ ਕਰਦੇ ਰਹੇ ਸਨ। ਉਹ ਹੀਗਲ ਦੀ ਫ਼ਿਲਾਸਫ਼ੀ ਦੇ ਖੱਬ-ਪੱਖੀ ਸਮਰਥਕਾਂ (ਯੁਵਕ ਹੀਗਲਵਾਦੀਆਂ) ਦੇ ਹਿਮਾਇਤੀ ਰਹੇ ਸਨ, ਜਿਹੜੇ ਇਸ ਫ਼ਿਲਾਸਫ਼ੀ ਤੋਂ ਇਨਕਲਾਬੀ

ਅਤੇ ਨਾਸਤਕ ਸਿੱਟੇ ਕੱਢਣ ਦੀ ਕੋਸ਼ਿਸ਼ ਕਰਦੇ ਸਨ। ਪਰ, ਉਹਨਾਂ ਨੂੰ ਜਲਦੀ ਹੀ ਯਕੀਨ ਹੋ ਗਿਆ ਕਿ ਆਦਰਸ਼ਵਾਦ ਨਾਸਤਕ ਅਤੇ ਇਨਕਲਾਬੀ ਦਾਰਸ਼ਨਿਕ ਪਹੁੰਚ ਨਾਲ ਮੇਲ ਨਹੀਂ ਖਾਂਦਾ। ਇਸਲਈ ਉਹ ਫ਼ਿਉਰਬਾਖ਼ ਦੀ ਪਦਾਰਥਵਾਦੀ ਫ਼ਿਲਾਸਫ਼ੀ ਵਿਚ ਦਿਲਚਸਪੀ ਰੱਖਣ ਲੱਗ ਪਏ। ਪਰ ੧੮੪੫–੧੮੪੬ ਵਿਚ ਉਹਨਾਂ ਨੇ ਆਪਣੀ ਸਾਂਝੀ ਕਿਰਤ "ਜਰਮਨ ਵਿਚਾਰਧਾਰਾ" ਛਾਪੀ, ਜਿਸ ਵਿਚ ਨਾ ਸਿਰਫ਼ ਹੀਗਲ ਦੇ ਆਦਰਸ਼ਵਾਦ ਦੀ ਹੀ, ਸਗੋਂ ਫ਼ਿਉਰਬਾਖ਼ ਦੇ ਮਾਨਵ-ਵਿਗਿਆਨਕ, ਚਿੰਤਨਮੁਖ ਪਦਾਰਥਵਾਦ ਦੀ ਵੀ ਆਲੋਚਨਾ ਕੀਤਾ ਗਈ ਸੀ।

ਨਵੇਂ, ਪ੍ਰੋਲਤਾਰੀ ਸੰਸਾਰ ਦ੍ਰਿਸ਼ਟੀਕੋਨ ਨੂੰ ਵਿਸਥਾਰਣ ਦੇ ਨਾਲ ਨਾਲ, ਮਾਰਕਸ ਅਤੇ ਏਂਗਲਜ਼ ਨੇ ਪ੍ਰੋਲਤਾਰੀ ਪਾਰਟੀ ਕਾਇਮ ਕਰਨ ਵਿਚ ਸਹਾਇਤਾ ਕਰਨ ਵਾਸਤੇ ਅਮਲੀ ਇਨਕਲਾਬੀ ਸਰਗਰਮੀਆਂ ਦੀ ਵੀ ਅਗਵਾਈ ਕੀਤੀ। ੧੮੪੭ ਵਿਚ ਉਹਨਾਂ ਨੇ "ਕਮਿਊਨਿਸਟਾਂ ਦੀ ਲੀਗ" ਦੇ ਨਾਂ ਹੇਠ ਇਹੋ ਜਿਹੀ ਪਾਰਟੀ ਸਥਾਪਤ ਕੀਤੀ ਅਤੇ ਇਸਦਾ ਪ੍ਰੋਗਰਾਮ ਲਿਖਿਆ — "ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ" — ਜਿਸਨੇ ਮਾਰਕਸਵਾਦੀ ਫ਼ਿਲਾਸਫ਼ੀ ਦੇ ਰੂਪ ਧਾਰਨ ਨੂੰ ਅੰਤਮ ਛੁਹਾਂ ਦਿਤੀਆਂ ਅਤੇ ਜਿਹੜਾ **ਦਾਰਸ਼ਨਿਕ ਚਿੰਤਨ ਵਿਚ ਇਨਕਲਾਬ** ਨੂੰ ਪੇਸ਼ ਕਰਦਾ ਸੀ। ਇਸ ਨਵੀਂ ਇਨਕਲਾਬੀ ਫ਼ਿਲਾਸਫ਼ੀ ਦੇ ਬੁਨਿਆਦੀ ਲੱਛਣ ਕੀ ਹਨ?

ਮਾਰਕਸ ਅਤੇ ਏਂਗਲਜ਼ ਸਭ ਤੋਂ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਵਿਰੋਧ-ਵਿਕਾਸ ਅਤੇ ਪਦਾਰਥਵਾਦ ਨੂੰ ਇਕੋ ਸਮੁੱਚ ਵਿਚ ਸੁਮੇਲਣ ਦੀ ਲੋੜ ਉਤੇ ਜ਼ੋਰ ਦਿਤਾ। ਮਾਰਕਸਵਾਦ ਦੇ ਉਦਭਵ ਤੋਂ ਪਹਿਲਾਂ, ਵਿਰੋਧ-ਵਿਕਾਸ ਦਾ ਵਧੇਰੇ ਕਰਕੇ ਆਦਰਸ਼ਵਾਦੀ ਆਧਾਰ ਉਤੇ ਵਿਕਾਸ ਕੀਤਾ ਗਿਆ ਸੀ, ਅਤੇ ਪਦਾਰਥਵਾਦ ਅਧਿਆਤਮਵਾਦੀ ਸੀ। **ਵਿਰੋਧ-ਵਿਕਾਸੀ ਪਦਾਰਥਵਾਦ**

ਦੀ ਸਿਰਜਣਾ ਨੇ ਪ੍ਰਕਿਰਤੀ, ਸਮਾਜ, ਅਤੇ ਖੁਦ ਮਨੁੱਖ ਦੀ ਉਹਨਾਂ ਦੇ ਇਤਿਹਾਸਕ ਵਿਗਾਸ ਵਿਚ ਇਕਸਾਰ ਪਦਾਰਥਵਾਦੀ ਵਿਆਖਿਆ ਦਾ ਰਾਹ ਬਣਾਇਆ।

ਪਦਾਰਥਵਾਦੀ ਅਤੇ ਆਦਰਸ਼ਵਾਦੀ, ਦੋਹਾਂ ਹੀ ਤਰ੍ਹਾਂ ਦੇ ਪੂਰਵ-ਮਾਰਕਸੀ ਫ਼ਿਲਾਸਫ਼ਰਾਂ ਵਿਚ ਇਕ ਗੱਲ ਸਾਂਝੀ ਸੀ — ਉਹ ਇਤਿਹਾਸ ਨੂੰ ਮਨੁੱਖ ਦੇ ਵਿਚਾਰਾਂ, ਇੱਛਾਵਾਂ ਅਤੇ ਇੱਛਾ-ਸ਼ਕਤੀ ਦਾ ਹੌਲੀ ਹੌਲੀ ਸਾਕਾਰ ਹੋਣਾ ਸਮਝਦੇ ਸਨ, ਅਤੇ ਇਸਤਰ੍ਹਾਂ ਸਮਾਜਕ ਵਰਤਾਰਿਆਂ ਨੂੰ ਆਦਰਸ਼ਵਾਦੀ ਪੁਜ਼ੀਸ਼ਨਾਂ ਤੋਂ ਦੇਖਦੇ ਸਨ। ਮਾਰਕਸ ਅਤੇ ਏਂਗਲਜ਼ ਸਮਾਜਕ ਵਰਤਾਰਿਆਂ ਦੀ ਵਿਆਖਿਆ ਵਿਚ ਪਦਾਰਥਵਾਦ ਨੂੰ ਲਾਗੂ ਕਰਨ ਵਾਲੇ ਪਹਿਲੇ ਵਿਅਕਤੀ ਸਨ। ਆਦਰਸ਼ਵਾਦ ਨੂੰ ਇਸਦੀ ਅੰਤਮ ਸ਼ਰਨ, ਮਨੁੱਖਾ ਇਤਿਹਾਸ, ਵਿਚੋਂ ਕੱਢ ਦਿਤਾ ਗਿਆ। ਵਿਰੋਧ-ਵਿਕਾਸੀ ਪਦਾਰਥਵਾਦ ਦੀਆਂ ਠੋਸ ਨੀਹਾਂ ਉਤੇ ਉਸਰੀ ਮਾਰਕਸਵਾਦੀ ਫ਼ਿਲਾਸਫ਼ੀ ਵਿਚ ਹੁਣ ਨਵਾਂ ਭਾਗ ਸ਼ਾਮਲ ਹੋ ਗਿਆ ਸੀ — **ਇਤਿਹਾਸਕ ਪਦਾਰਥਵਾਦ**। ਲੈਨਿਨ ਲਿਖਦਾ ਹੈ: "ਮਾਰਕਸ ਦਾ ਇਤਿਹਾਸਕ ਪਦਾਰਥਵਾਦ ਵਿਗਿਆਨਕ ਚਿੰਤਨ ਵਿਚ ਇਕ ਮਹਾਨ ਪਰਾਪਤੀ ਸੀ। ਇਤਿਹਾਸ ਅਤੇ ਰਾਜਨੀਤੀ ਬਾਰੇ ਵਿਚਾਰਾਂ ਵਿਚ ਪਹਿਲਾਂ ਜਿਸ ਬੇਤਰਤੀਬੀ ਅਤੇ ਆਪਹੁਦਰੇਪਣ ਦਾ ਦੌਰ-ਦੌਰਾ ਸੀ, ਉਸਦੀ ਥਾਂ ਹੁਣ ਇਕਜੁੱਟ ਅਤੇ ਇਕਸੁਰ ਵਿਗਿਆਨਕ ਸਿਧਾਂਤ ਨੇ ਲੈ ਲਈ।..." *

ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਦੇ ਰੂਪ-ਧਾਰਨ ਨੇ ਫ਼ਿਲਾਸਫ਼ੀ ਵਿਚ ਆਏ ਇਨਕਲਾਬ ਦੇ ਦੂਜੇ ਲੱਛਣਾਂ ਨੂੰ ਵੀ ਨਿਰਧਾਰਿਤ ਕੀਤਾ। ਫ਼ਿਲਾਸਫ਼ੀ ਦੇ ਵਿਸ਼ੇ ਅਤੇ ਪ੍ਰਕਾਰਜਾਂ

---

* ਵ. ਇ. ਲੈਨਿਨ, "**ਮਾਰਕਸਵਾਦ ਦੇ ਤਿੰਨ ਸੋਮੇ ਅਤੇ ਤਿੰਨ ਅੰਗ**", ਕਿਰਤ ਸੰਗ੍ਰਹਿ, ਸੈਂਚੀ ੧੯, ਸਫ਼ਾ ੨੫।

ਦੀ ਵਿਆਖਿਆ ਵਿਚ ਅਤੇ ਵਿਗਿਆਨ, ਅਮਲ ਅਤੇ ਇਨਕਲਾਬੀ ਘੋਲ ਨਾਲ ਇਸਨੂੰ ਜੋੜਣ ਵਿਚ ਵੀ, ਤਬਦੀਲੀ ਆਈ।

ਫ਼ਿਲਾਸਫ਼ੀ ਆਪਣੇ "ਪੁਰਾਣੇ ਅਰਥਾਂ ਵਿਚ", ਜਿਹੜੀ ਦੂਜੇ ਵਿਗਿਆਨਾਂ, ਅਮਲੀ ਸਰਗਰਮੀਆਂ ਅਤੇ ਇਨਕਲਾਬੀ ਘੋਲ ਦੇ ਵਿਰੁਧ ਖੜੀ ਹੁੰਦੀ ਸੀ, ਹੁਣ ਨਹੀਂ ਸੀ ਰਹੀ। ਮਾਰਕਸ ਅਤੇ ਏਂਗਲਜ਼ ਦਾ ਇਕ ਵੀ ਪੂਰਵਗਾਮੀ ਫ਼ਿਲਾਸਫ਼ੀ ਅਤੇ ਸਮਾਜਕ ਜੀਵਨ ਵਿਚਕਾਰ ਮੌਜੂਦ ਸੰਬੰਧ ਦੀ ਇਕਸਾਰ ਵਿਆਖਿਆ ਨਹੀਂ ਸੀ ਕਰ ਸਕਿਆ; ਨਾ ਹੀ ਇਸਦੇ ਉਦਭਵ ਲਈ ਲੁੜੀਂਦੀਆਂ ਸਮਾਜਕ ਹਾਲਤਾਂ ਨੂੰ, ਅਤੇ ਨਾ ਹੀ ਉਹਨਾਂ ਸਮਾਜਕ ਪ੍ਰਕਾਰਜਾਂ ਨੂੰ ਦਰਸਾ ਸਕਿਆ ਸੀ, ਜਿਨ੍ਹਾਂ ਨੂੰ ਨੇਪਰੇ ਚੜ੍ਹਾਉਣਾ ਇਸਦੇ ਲੇਖੇ ਲੱਗਾ ਹੈ। ਇਸਤੋਂ ਪਹਿਲਾਂ ਦੀ ਸਾਰੀ ਫ਼ਿਲਾਸਫ਼ੀ ਚਿੰਤਨ-ਮੁਖੀ ਸੀ। ਜਿਵੇਂ ਕਿ ਬਾਰੂਚ ਸਪੀਨੋਜ਼ਾ ਨੇ ਕਿਹਾ ਸੀ, ਫ਼ਿਲਾਸਫ਼ਰ ਨੂੰ ਰੋਣਾ ਜਾਂ ਹੱਸਣਾ ਨਹੀਂ ਚਾਹੀਦਾ, ਸਗੋਂ ਸਿਰਫ਼ ਸਮਝਣਾ ਚਾਹੀਦਾ ਹੈ, ਅਰਥਾਤ, ਸਭ ਮੌਜੂਦ ਵਸਤਾਂ ਅਤੇ ਵਰਤਾਰਿਆਂ ਦੀ ਵਿਆਖਿਆ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਮਾਰਕਸਵਾਦੀ ਫ਼ਿਲਾਸਫ਼ੀ ਵੀ ਉਸਦੀ ਵਿਆਖਿਆ ਕਰਦੀ ਹੈ, ਜੋ ਮੌਜੂਦ ਹੈ, ਪਰ ਇਹ ਨਾਲ ਇਹ ਵੀ ਸਿਖਾਉਂਦੀ ਹੈ ਕਿ ਪੁਰਾਣੇ ਵਿਚ ਨਵੇਂ ਦੇ ਅੰਕੁਰਾਂ ਨੂੰ ਕਿਵੇਂ ਦੇਖਣਾ ਹੈ, ਵਿਕਾਸ ਵਿਚਲੇ ਮੁੱਖ ਰੁਝਾਣਾਂ ਨੂੰ, ਅਤੇ ਇਸਤਰ੍ਹਾਂ ਇਸ ਵਿਕਾਸ ਨੂੰ ਬਿਹਤਰ ਬਣਾਉਣ ਦੀਆਂ ਸੰਭਾਵਨਾਵਾਂ ਨੂੰ ਕਿਵੇਂ ਨਿਖੇੜਨਾ ਹੈ। "ਫ਼ਿਲਾਸਫ਼ਰਾਂ ਨੇ ਵਖੋ ਵਖਰੇ ਤਰੀਕਿਆਂ ਨਾਲ ਸੰਸਾਰ ਦੀ ਸਿਰਫ਼ **ਵਿਆਖਿਆ ਹੀ ਕੀਤੀ ਹੈ**, ਪਰ ਗੱਲ ਇਸਨੂੰ **ਬਦਲਣ** ਦੀ ਹੈ", ਮਾਰਕਸ ਨੇ ਕਿਹਾ ਸੀ।* ਇਸਤਰ੍ਹਾਂ ਫ਼ਿਲਾਸਫ਼ੀ ਨੇ

---

* ਕਾਰਲ ਮਾਰਕਸ, "**ਫ਼ਿਉਰਬਾਖ਼ ਬਾਰੇ ਥੀਸਸ**", ਕਾਰਲ ਮਾਰਕਸ, ਫ਼ਰੈਡਰਿਕ ਏਂਗਲਜ਼, ਕਿਰਤ ਸੰਗ੍ਰਹਿ, ਸੈਂਚੀ ੫, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੬, ਸਫ਼ਾ ੫।

ਆਪਣੇ ਸਮਾਜ ਤੋਂ ਅਨੁਕੂਲਿਤ ਹੋਣ ਨੂੰ ਅਤੇ ਆਪਣੇ ਸਮਾਜਕ ਮੰਤਵ ਨੂੰ ਖੁਲ੍ਹਮ-ਖੁਲ੍ਹਾ ਮਾਣਤਾ ਦਿਤੀ। "ਆਲੋਚਨਾ ਦਾ ਹਥਿਆਰ", ਜੋ ਕਿ ਤੱਤ ਰੂਪ ਵਿਚ ਫ਼ਿਲਾਸਫ਼ੀ ਹੈ, ਹਥਿਆਰ ਦੀ ਆਲੋਚਨਾ ਲਈ, ਅਰਥਾਤ, ਸਮਾਜ ਦੀ ਇਨਕਲਾਬੀ ਕਾਇਆ-ਕਲਪ ਲਈ ਇਕ ਲਾਜ਼ਮੀ ਪੂਰਵ-ਲੋੜ ਹੈ।

ਵਿਗਿਆਨਾਂ ਦੀ ਪ੍ਰਣਾਲੀ ਵਿਚ ਫ਼ਿਲਾਸਫ਼ੀ ਦੀ ਥਾਂ ਵਿਚ ਵੀ ਤਬਦੀਲੀ ਆਉਂਦੀ ਹੈ। ਪੂਰਵ-ਮਾਰਕਸੀ ਚਿੰਤਨ ਦਾਅਵਾ ਕਰਦੇ ਸਨ ਕਿ ਸੰਸਾਰ ਨੂੰ ਸਮਝਣ ਵਿਚ ਫ਼ਿਲਾਸਫ਼ੀ ਦਾ ਵਿਸ਼ੇਸ਼ ਰੋਲ ਹੈ; ਉਹ ਇਸਨੂੰ "ਵਿਗਿਆਨਾਂ ਦਾ ਵਿਗਿਆਨ" ਸਮਝਦੇ ਸਨ। ਮਾਰਕਸਵਾਦ ਦੇ ਬਾਨੀਆਂ ਨੇ ਇਹ ਦਰਸਾਇਆ ਕਿ ਫ਼ਿਲਾਸਫ਼ੀ ਨੂੰ ਵਿਗਿਆਨਕ ਪਰਾਪਤੀਆਂ ਵੱਲ ਹਕਾਰਤ ਨਾਲ ਨਹੀਂ ਦੇਖਣਾ ਚਾਹੀਦਾ, ਕਿਉਂਕਿ ਇਹ ਉਹਨਾਂ ਉਪਰ ਟੇਕ ਰੱਖਦੀ ਹੈ ਅਤੇ ਪ੍ਰਕਿਰਤੀ, ਸਮਾਜ ਅਤੇ ਚਿੰਤਨ ਦੇ ਵਧ ਤੋਂ ਵਧ ਆਮ ਕਾਨੂੰਨ ਪਰਗਟ ਕਰਨ ਲਈ ਉਹਨਾਂ ਤੋਂ ਮਿਲੇ ਤੱਥਾਂ ਦਾ ਸਾਰ ਦੇਂਦੀ ਹੈ। ਆਮ ਸੰਸਾਰ ਦ੍ਰਿਸ਼ਟੀਕੋਨ ਦਾ ਪ੍ਰਕਾਰਜ ਪੂਰਾ ਕਰਨ ਵਿਚ ਫ਼ਿਲਾਸਫ਼ੀ ਸੰਸਾਰ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਮੌਕਿਆਂ ਦਾ ਪਤਾ ਲਾਉਂਦੀ ਹੈ ਅਤੇ ਵਿਧੀ ਬਾਰੇ ਸਿਧਾਂਤ ਪੇਸ਼ ਕਰਦੀ ਹੈ। ਦੂਜੇ ਸ਼ਬਦਾਂ ਵਿਚ, **ਵਿਗਿਆਨਕ ਫ਼ਿਲਾਸਫੀ ਵਿਚ ਸੰਸਾਰ ਦ੍ਰਿਸ਼ਟੀਕੋਨ ਅਤੇ ਵਿਧੀ-ਵਿਗਿਆਨਕ ਪ੍ਰਕਾਰਜਾਂ ਦਾ ਇਕਜੱਟ ਤਰ੍ਹਾਂ ਨਾਲ ਸੁਮੇਲ ਹੋਇਆ ਹੁੰਦਾ ਹੈ।**

ਆਮ ਕਰਕੇ ਪੂਰਵ-ਮਾਰਕਸੀ ਫ਼ਿਲਾਸਫ਼ਰਾਂ ਦਾ ਵਿਸ਼ਵਾਸ ਸੀ ਕਿ ਉਹਨਾਂ ਦੀ ਫ਼ਿਲਾਸਫ਼ੀ ਸੰਸਾਰ ਦਾ ਨਿਰਪੇਖ, ਪੂਰਨ ਅਤੇ ਅੰਤਮ ਗਿਆਨ ਦੇਂਦੀ ਹੈ। ਮਾਰਕਸ ਅਤੇ ਏਂਗਲਜ਼ ਨੇ ਸਿੱਧ ਕੀਤਾ ਕਿ ਅਮਲ, ਸਮਾਜਕ ਜੀਵਨ ਅਤੇ ਵਿਸ਼ੇਸ਼ ਵਿਗਿਆਨਾਂ ਨਾਲ ਇਸਦੇ ਅਨਿੱਖੜ ਅਤੇ ਖੁਲ੍ਹਮ-ਖੁਲ੍ਹਾ ਮੰਣੇ ਜਾਂਦੇ ਸੰਬੰਧ ਕਾਰਨ, ਮਾਰਕਸਵਾਦੀ ਫ਼ਿਲਾਸਫ਼ੀ ਆਪਣੇ ਬੁਨਿਆਦੀ ਸੂਤ੍ਰਾਂ

ਦੇ ਨਿਰੰਤਰ ਵਿਕਾਸ ਕਰਨ ਅਤੇ ਭਰਪੂਰ ਹੋਣ ਨੂੰ ਪਹਿਲਾਂ ਹੀ ਮਿਥ ਕੇ ਚੱਲਦੀ ਹੈ। ਮਾਰਕਸਵਾਦ ਕੋਈ ਕੱਟੜ ਸਿਧਾਂਤ ਨਹੀਂ; ਇਹ ਕਾਰਜ ਲਈ ਰਾਹ-ਦਿਖਾਵਾ ਹੈ। ਇਸਲਈ ਇਸਦੀ **ਰਚਣਾਤਮਕ** ਪ੍ਰਕਿਰਤੀ ਇਸਦਾ ਵਿਲੱਖਣ ਲੱਛਣ ਹੈ।

**ਵ. ਇ. ਲੈਨਿਨ** ਦੀਆਂ ਕਿਰਤਾਂ ਵਿਚ ਫ਼ਿਲਾਸਫ਼ੀ ਦੇ ਵਿਕਾਸ ਤੋਂ ਮਾਰਕਸਵਾਦ ਦੇ ਰਚਣਾਤਮਕ ਖ਼ਾਸੇ ਅਤੇ ਸਮਾਜਕ ਅਮਲਾਂ ਨਾਲ ਇਸਦੇ ਡੂੰਘੇ ਸੰਬੰਧ ਦਾ ਪਤਾ ਚੱਲਦਾ ਹੈ। ਲੈਨਿਨ ਲਿਖਦਾ ਹੈ: "ਅਸੀਂ ਮਾਰਕਸ ਦੇ ਸਿਧਾਂਤ ਨੂੰ ਕੋਈ ਐਸੀ ਚੀਜ਼ ਨਹੀਂ ਸਮਝਦੇ ਜਿਹੜੀ ਪੂਰੀ ਹੋ ਚੁੱਕੀ ਹੈ ਅਤੇ ਜਿਸਦੀ ਉਲੰਘਣਾ ਨਹੀਂ ਹੋ ਸਕਦੀ; ਇਸਦੇ ਉਲਟ, ਸਾਨੂੰ ਯਕੀਨ ਹੈ ਕਿ ਇਸਨੇ ਸਿਰਫ਼ ਇਕ ਐਸੇ ਵਿਗਿਆਨ ਦੀ ਨੀਂਹ ਰੱਖੀ ਹੈ, ਜਿਸਦਾ ਸੋਸ਼ਲਿਸਟਾਂ ਨੂੰ ਸਾਰੇ ਪਾਸਿਆਂ ਵੱਲ ਵਿਕਾਸ ਕਰਨਾ ਚਾਹੀਦਾ ਹੈ, ਜੇ ਉਹ ਜ਼ਿੰਦਗੀ ਨਾਲ ਕਦਮ ਮਿਲਾ ਕੇ ਚੱਲਣਾ ਚਾਹੁੰਦੇ ਹਨ।" *

ਨਵਾਂ ਦੌਰ, ਨਵੀਆਂ ਸਮਾਜਕ-ਆਰਥਕ ਅਤੇ ਰਾਜਨੀਤਕ ਹਾਲਤਾਂ, ਅਤੇ ਸਮੁੱਚੇ ਤੌਰ ਉਤੇ ਵਿਗਿਆਨ, ਫ਼ਿਲਾਸਫ਼ੀ ਅਤੇ ਸਭਿਆਚਾਰ ਦਾ ਵਿਕਾਸ ਨਵੇਂ ਦਾਰਸ਼ਨਿਕ ਸਮਾਨੀਕਰਨਾਂ ਦੀ ਮੰਗ ਕਰਦੇ ਸਨ। ਲੈਨਿਨ ਨੇ ਸਰਮਾਇਦਾਰੀ ਦੇ ਢਹਿ-ਢੇਰੀ ਹੋਣ ਦੇ ਯੁਗ ਵਿਚ ਮਾਰਕਸਵਾਦੀ ਫ਼ਿਲਾਸਫ਼ੀ ਦਾ ਵਿਕਾਸ ਕੀਤਾ, ਜਿਹੜਾ ਯੁਗ ਕਿ ਆਪਣੇ ਆਖਰੀ ਪੜਾਅ, ਸਮਾਜਵਾਦ ਅਤੇ ਸਮਾਜਕ ਇਨਕਲਾਬਾਂ ਵੱਲ ਤਬਦੀਲੀ ਦੇ ਪੜਾਅ ਵਿਚ ਦਾਖ਼ਲ ਹੋ ਰਿਹਾ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਇਨਕਲਾਬੀ ਸਰਗਰਮੀ ਦਾ ਕੇਂਦਰ ਬਦਲ ਕੇ ਰੂਸ ਵਿਚ ਆ ਗਿਆ, ਜਿਥੇ

---

* ਵ.ਇ. ਲੈਨਿਨ, "**ਸਾਡਾ ਪ੍ਰੋਗਰਾਮ**", ਕਿਰਤ ਸੰਗ੍ਰਹਿ, ਸੈਂਚੀ ੪, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੭, ਸਫ਼ੇ ੨੧੧-੨੧੨।

ਉਸ ਵੇਲੇ ਆਰਥਕ, ਰਾਜਨੀਤਕ ਅਤੇ ਰੂਹਾਨੀ ਵਿਰੋਧਤਾਈਆਂ ਆਪਣੀ ਸਿਖਰ ਉਤੇ ਪੁੱਜ ਚੁੱਕੀਆਂ ਸਨ, ਅਤੇ ਇਹ ਦੇਸ ਉਸ ਵੇਲੇ ਸਾਮਰਾਜ ਦੀ ਜ਼ੰਜੀਰ ਵਿਚ "ਕਮਜ਼ੋਰ ਕੜੀ" ਸੀ। ਵਧੀਆਂ ਵਿਰੋਧਤਾਈਆਂ ਦੇ ਦੌਰ ਵਿਚ ਮਾਰਕਸਵਾਦ ਉਪਰ ਰੋਹ ਭਰੇ ਹਮਲੇ ਕੀਤੇ ਗਏ, ਵਖੋ ਵਖਰੇ ਬੁਰਜੂਆ ਸੰਕਲਪਾਂ ਨਾਲ ਮਾਰਕਸ ਅਤੇ ਏਂਗਲਜ਼ ਦੀਆਂ ਸਿਖਿਆਵਾਂ ਨੂੰ ਸੋਧ ਕੇ ਇਸਨੂੰ "ਬਿਹਤਰ ਬਣਾਉਣ" ਦੇ ਯਤਨ ਸ਼ੁਰੂ ਕੀਤੇ ਗਏ। ਜੀਵ-ਵਿਗਿਆਨ ਵਿਚ ਵੀ ਮਹਤਵਪੂਰਨ ਤਬਦੀਲੀਆਂ ਆ ਰਹੀਆਂ ਸਨ: ਪਦਾਰਥ ਦੀ ਸੰਰਚਨਾ ਬਾਰੇ ਪੁਰਾਣੇ ਸੰਕਲਪ ਗ਼ਲਤ ਸਾਬਤ ਕੀਤੇ ਜਾ ਚੁੱਕੇ ਸਨ, ਅਤੇ ਪ੍ਰਗਤੀ ਕਰ ਰਹੇ ਵਿਗਿਆਨ ਲਈ ਨਵੀਆਂ ਵਿਧੀ-ਵਿਗਿਆਨਕ ਕਸੌਟੀਆਂ ਬਣਾਉਣ ਦੀ ਲੋੜ ਪੈਦਾ ਹੋ ਗਈ ਸੀ।

ਇਹਨਾਂ ਹਾਲਤਾਂ ਵਿਚ ਨਾ ਸਿਰਫ਼ ਮਾਰਕਸਵਾਦ ਦੀ ਰਾਖੀ ਕਰਨਾ ਹੀ ਜ਼ਰੂਰੀ ਸੀ, ਸਗੋਂ ਰਾਜਸੀ ਲੋੜਾਂ, ਇਨਕਲਾਬੀ ਘੋਲ ਅਤੇ ਪ੍ਰਕਿਰਤਕ ਅਤੇ ਸਮਾਜਕ ਵਿਗਿਆਨਾਂ ਦੇ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ, ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਨੂੰ ਵਿਸਥਾਰਨਾ ਵੀ ਜ਼ਰੂਰੀ ਸੀ। ਲੈਨਿਨ ਦੀਆਂ ਕਿਰਤਾਂ "ਪਦਾਰਥਵਾਦ ਅਤੇ ਅਨੁਭਵ-ਸਿੱਧ ਆਲੋਚਨਾ", "ਦਾਰਸ਼ਨਿਕ ਨੋਟਬੁੱਕਾਂ", "ਜੁਝਾਰ ਪਦਾਰਥਵਾਦ ਦੀ ਮਹੱਤਾ ਬਾਰੇ," "ਰਾਜ ਅਤੇ ਇਨਕਲਾਬ" ਆਦਿ ਵਿਚ ਪੇਸ਼ ਉਸਦੇ ਵਿਚਾਰ ਆਪਣੇ ਸਮੇਂ ਦੇ ਬੁਨਿਆਦੀ ਸਵਾਲਾਂ ਦੇ ਜਵਾਬ ਦੇਂਦੇ ਹਨ। ਲੈਨਿਨ ਨੇ ਪਦਾਰਥ ਅਤੇ ਇਸਦੀਆਂ ਬੁਨਿਆਦੀ ਖਾਸੀਅਤਾਂ ਬਾਰੇ ਮਾਰਕਸਵਾਦੀ ਸਿਧਾਂਤ ਨੂੰ ਭਰਪੂਰ ਕੀਤਾ, ਗਿਆਨ ਦੇ ਸਿਧਾਂਤ ਨੂੰ ਅੱਗੇ ਖੜਿਆ, ਸ਼੍ਰੇਣੀਆਂ, ਸ਼੍ਰੇਣੀ ਘੋਲ, ਇਨਕਲਾਬ, ਰਾਜ, ਇਤਿਹਾਸ ਵਿਚ ਜਨਤਾ ਅਤੇ ਵਿਅਕਤੀਆਂ ਵਲੋਂ ਅਦਾ ਕੀਤੇ ਜਾਂਦੇ ਰੋਲ ਅਤੇ ਕਮਿਊਨਿਸਟ ਬਣਤਰ ਬਾਰੇ ਮਾਰਕਸਵਾਦੀ

ਸਿਖਿਆ ਵਿਚ ਮਹਤਵਪੂਰਨ ਹਿੱਸਾ ਪਾਇਆ। ਉਸਨੇ ਮਾਰਕਸਵਾਦੀ ਸਿਧਾਂਤ ਵਿਚ ਲਿਆਂਦੇ ਗਏ ਵਿਗਾੜਾਂ ਦਾ ਮੁਕਾਬਲਾ ਕਰਨ ਦੇ ਤਰੀਕੇ ਵੀ ਸੁਝਾਏ, ਅਤੇ ਬੁਰਜੂਆ ਵਿਚਾਰਧਾਰਾ ਅਤੇ ਸੋਧਵਾਦ ਦੀ ਆਲੋਚਨਾ ਦੇ ਅਸੂਲ ਘੜੇ। ਉਸਦੇ ਫ਼ਿਲਾਸਫ਼ੀ ਵਿਚ ਧਿਰ ਲੈਣ ਦੇ ਵਿਸਤ੍ਰਿਤ ਅਸੂਲ ਦੀ ਵੀ ਭਾਰੀ ਮਹੱਤਾ ਹੈ।

ਮਾਰਕਸਵਾਦੀ-ਲੈਨਿਨਵਾਦੀ ਫ਼ਿਲਾਸਫ਼ੀ ਦਾ ਹੁਣ ਸੋਵੀਅਤ ਕਮਿਊਨਿਸਟ ਪਾਰਟੀ ਅਤੇ ਦੂਜੀਆਂ ਕਮਿਓਨਿਸਟ ਪਾਰਟੀਆਂ ਦੇ ਸਾਂਝੇ ਯਤਨਾਂ ਨਾਲ ਵਿਕਾਸ ਕੀਤਾ ਜਾ ਰਿਹਾ ਹੈ। ਆਪਣੇ ਵਿਕਾਸ ਦੇ ਮੌਜੂਦਾ ਪੜਾਅ ਉਤੇ, ਮਾਰਕਸਵਾਦੀ-ਲੈਨਿਨਵਾਦੀ ਫ਼ਿਲਾਸਫ਼ੀ ਅੱਗੇ ਕਈ ਸਮੱਸਿਆਵਾਂ ਖੜੀਆਂ ਹਨ, ਅਤੇ ਇਹ ਉਹਨਾਂ ਨੂੰ ਹਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਮਾਰਕਸਵਾਦੀ-ਲੈਨਿਨਵਾਦੀ ਫ਼ਿਲਾਸਫੀ ਇਕ ਕੌਮਾਂਤਰੀ ਵਰਤਾਰਾ ਹੈ। ਇਹ ਸਾਰੇ ਦੇਸਾਂ ਵਿਚਲੇ ਸਾਰੇ ਹੀ ਮਜ਼ਦੂਰ ਲੋਕਾਂ ਵਲੋਂ ਕੀਤੇ ਜਾ ਰਹੇ ਇਨਕਲਾਬੀ ਘੋਲ ਵਿਚ ਪਰਾਪਤ ਤਜਰਬੇ ਦਾ ਸਮਾਨੀਕਰਨ ਹੈ। ਮਾਰਕਸ, ਏਂਗਲਜ਼ ਅਤੇ ਲੈਨਿਨ ਦਾ ਸਿਧਾਂਤ ਸਰਬ-ਸ਼ਕਤੀਮਾਨ ਹੈ, ਕਿਉਂਕਿ ਇਹ ਸੱਚਾ ਹੈ। ਜਿਉਂ ਜਿਉਂ ਇਤਿਹਾਸ ਅੱਗੇ ਵਧਦਾ ਜਾਂਦਾ ਹੈ, ਮਾਰਕਸਵਾਦੀ ਫ਼ਿਲਾਸਫ਼ੀ ਦਿਨੋ ਦਿਨ ਵਧੇਰੇ ਨਵੀਆਂ ਸਫ਼ਲਤਾਵਾਂ ਪਰਾਪਤ ਕਰਦੀ ਜਾਇਗੀ। ਅੱਜ ਲੈਨਿਨ ਦੇ ਉਹ ਸ਼ਬਦ ਪੂਰੀ ਤਰ੍ਹਾਂ ਠੀਕ ਸਿੱਧ ਹੋ ਰਹੇ ਹਨ, ਜਿਹੜੇ ਉਸਨੇ ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਪੂਰਵ-ਸੰਧਿਆ ਉਤੇ ਕਹੇ ਸਨ: "ਪਰ ਇਤਿਹਾਸ ਦੇ ਆਉਣ ਵਾਲੇ ਸਮੇਂ ਵਿਚ ਪ੍ਰੋਲਤਾਰੀਆਂ ਦੇ ਸਿਧਾਂਤ ਵਜੋਂ ਹੋਰ ਵੀ ਵਡੇਰੀ ਫ਼ਤਹ ਮਾਰਕਸਵਾਦ ਦੀ ਉਡੀਕ ਕਰ ਰਹੀ ਹੈ।" *

---

*ਵ. ਇ. ਲੈਨਿਨ, "**ਕਾਰਲ ਮਾਰਕਸ ਦੇ ਸਿਧਾਂਤ ਦੀ ਇਤਿਹਾਸਕ ਹੋਣੀ**", ਕਿਰਤ ਸੰਗ੍ਰਹਿ, ਸੈਂਚੀ ੧੮, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੭੩, ਸਫ਼ਾ ੫੮੫।

## ਸੰਖੇਪ ਪਾਰਿਭਾਸ਼ਕ ਸ਼ਬਦਾਵਲੀ

**ਅਸਤਿਤਵਵਾਦ** (Existentialism)—ਸਮਕਾਲੀ ਬੁਰਜੂਆ ਫ਼ਿਲਾਸਫ਼ੀ ਵਿਚ ਇਕ ਆਤਮਪਰਕ-ਆਦਰਸ਼ਵਾਦੀ ਰੁਝਾਣ; ਇਸਦੇ ਪਰਚਾਰਕ ਮਨੁੱਖ ਅਤੇ ਸਮਾਜ ਨੂੰ, ਦਾਰਸ਼ਨਿਕ ਗਿਆਨ ਅਤੇ ਵਿਗਿਆਨ ਨੂੰ ਇਕ ਦੂਜੇ ਦੇ ਵਿਰੁਧ ਖੜਾ ਕਰਦੇ ਹਨ।

**ਅਹੰ-ਮਾਤਰਵਾਦ** (Solipsism) — ਇਕ ਆਤਮਪਰਕ-ਆਦਰਸ਼ਵਾਦੀ ਸਿਧਾਂਤ, ਜਿਸ ਅਨੁਸਾਰ ਸਿਰਫ਼ ਅਹੰ ਦੀ ਹੋਂਦ ਹੈ, ਜਦ ਕਿ ਵਸਤੂਪਰਕ ਸੰਸਾਰ ਨਿਰੋਲ ਤੌਰ ਉਤੇ ਵਿਅਕਤੀ ਦੇ ਮਨ ਵਿਚ ਹੋਂਦ ਰੱਖਦਾ ਹੈ।

**ਅਗਨਾਸਤਕਵਾਦ** (Agnosticism) — ਇਕ ਸਿਧਾਂਤ ਜਿਹੜਾ ਸੰਸਾਰ ਨੂੰ ਜਾਣਨ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਉਤੇ ਰੱਦ ਕਰਦਾ ਹੈ।

**ਅਦਵੈਤਵਾਦ** (Monism)—ਇਕ ਸਿਧਾਂਤ ਜਿਹੜਾ ਵਿਸ਼ਵਾਸ ਕਰਦਾ ਹੈ ਕਿ ਸਾਰੀ ਹੋਂਦ ਦੇ ਹੇਠਾਂ ਕੰਮ ਕਰਦਾ ਮੂਲ ਸਿਰਫ ਇਕ ਸੋਮਾ ਹੈ: ਪਦਾਰਥ ਜਾਂ ਰੂਹ।

**ਅਧਿਆਤਮਵਾਦ** (Metaphysics) — ਚਿੰਤਨ ਦਾ ਇਕ ਗ਼ੈਰ-ਵਿਗਿਆਨਕ ਢੰਗ ਜਿਹੜਾ ਵਿਰੋਧ-ਵਿਕਾਸ ਦੇ ਉਲਟ ਹੈ। ਅਧਿਆਤਮਵਾਦ ਵਸਤਾਂ ਅਤੇ ਵਰਤਾਰਿਆਂ ਨੂੰ ਅਬਦਲ ਅਤੇ ਇਕ ਦੂਜੇ ਤੋਂ ਸਵੈਧੀਨ ਸਮਝਦਾ ਹੈ।

**ਅਨੇਕਵਾਦ** (Pluralism) — ਇਕ ਸਿਧਾਂਤ ਜਿਸ ਅਨੁਸਾਰ ਸੰਸਾਰ ਅਣਸੰਬੰਧਤ ਹਸਤੀਆਂ ਦੇ ਜੁੱਟ ਉਪਰ ਆਧਾਰਤ ਹੈ; ਅਦਵੈਤਵਾਦ ਦਾ ਉਲਟ।

**ਆਤਮਪਰਕ** (Subjective) — ਮਨੁੱਖੀ ਚੇਤਨਾ ਉਤੇ ਨਿਰਭਰ।

**ਆਦਰਸ਼ਵਾਦ** (Idealism) — ਮੁੱਖ ਦਾਰਸ਼ਨਿਕ ਰੁਝਾਣਾਂ ਵਿਚੋਂ ਇਕ ਜਿਹੜਾ ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਵੱਲ ਪਹੁੰਚ ਦੇ ਪੱਖੋਂ ਪਦਾਰਥਵਾਦ ਤੋਂ ਬਿਲਕੁਲ ਉਲਟ ਜਾਂਦਾ ਹੈ। ਇਹ ਇਸ ਅਸੂਲ ਤੋਂ ਤੁਰਦਾ ਹੈ ਕਿ ਰੂਹਾਨੀ ਜਗਤ ਪ੍ਰਾਥਮਿਕ ਹੈ। ਇਥੇ ਵਸਤੂਪਰਕ ਅਤੇ ਆਤਮਪਰਕ ਆਦਰਸ਼ਵਾਦ ਵਿਚਕਾਰ ਨਿਖੇੜ ਕਰਨ ਦੀ ਲੋੜ ਹੈ; ਆਤਮਪਰਕ ਆਦਰਸ਼ਵਾਦ ਵਿਅਕਤੀਗਤ ਚੇਤਨਾ ਦੇ ਆਧਾਰ ਉਤੇ ਸੰਸਾਰ ਦਾ ਅਰਥ ਕੱਢਦਾ ਹੈ, ਜਦ ਕਿ ਵਸਤੂਪਰਕ ਆਦਰਸ਼ਵਾਦ ਕਿਸੇ ਗ਼ੈਰ-ਪਦਾਰਥਕ ਆਤਮਾ ਨੂੰ, ਇਕ ਤਰ੍ਹਾਂ ਦੇ ਪਰਾਮਨੁੱਖੀ ਮਨ, ਜਾਂ ਰੱਬ ਨੂੰ ਹਕੀਕਤ ਦਾ ਆਧਾਰ ਸਮਝਦਾ ਹੈ।

**ਇਤਿਹਾਸਕ ਪਦਾਰਥਵਾਦ** (Historical materialism) — ਮਾਰਕਸਵਾਦੀ-ਲੈਨਿਨਵਾਦੀ ਫ਼ਿਲਾਸਫ਼ੀ ਦਾ ਇਕ ਬਣਤਰੀ ਅੰਗ ਜੋ ਕਿ ਨਾਲ ਹੀ ਇਕ ਆਮ ਸਮਾਜ-ਵਿਗਿਆਨਕ ਸਿਧਾਂਤ, ਸਮਾਜ ਦੇ ਪ੍ਰਕਾਰਜ ਅਤੇ ਵਿਕਾਸ ਦੀ ਅਗਵਾਈ ਕਰਦੇ ਆਮ ਅਤੇ ਵਿਸ਼ੇਸ਼ ਕਾਨੂੰਨਾਂ ਬਾਰੇ ਵਿਗਿਆਨ ਵੀ ਹੈ। ਇਹ ਤੱਤ ਰੂਪ ਵਿਚ ਵਿਰੋਧ-ਵਿਕਾਸੀ ਪਦਾਰਥਵਾਦ ਦੇ

ਅਸੂਲਾਂ ਨੂੰ ਸਮਾਜਕ ਵਰਤਾਰਿਆਂ ਦੇ ਖੇਤਰ ਵਿਚ ਲਾਗੂ ਕਰਨਾ ਹੈ।

**ਈਸ਼ਵਾਦ** (Deism) — ਸੰਸਾਰ ਦੇ ਅਵਿਅਕਤੀਗਤ ਪ੍ਰਾਥਮਿਕ ਕਾਰਨ ਵਜੋਂ ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ। ਸੰਸਾਰ ਨੂੰ ਪੈਦਾ ਕਰਕੇ, ਪ੍ਰਮਾਤਮਾ ਨੇ ਇਸਨੂੰ ਆਪਣੇ ਹੀ ਵਸੀਲਿਆਂ ਉਤੇ ਛੱਡ ਦਿਤਾ।

**ਸੱਚ** (Truth) — ਮਨੁੱਖੀ ਚਿੰਤਨ ਵਿਚ ਯਥਾਰਥ ਦਾ ਠੀਕ ਪ੍ਰਤਿਬਿੰਬ, ਜਿਸਦੀ ਪੁਸ਼ਟੀ, ਅੰਤਮ ਵਿਸ਼ਲੇਸ਼ਣ ਵਿਚ, ਅਮਲ ਵਲੋਂ ਕੀਤੀ ਜਾਂਦੀ ਹੈ।

**ਸ਼ਰੇਣੀਆਂ (ਜਮਾਤਾਂ), ਸਮਾਜਕ** (Classes, social) — ਲੋਕਾਂ ਦੇ ਵੱਡੇ ਵੱਡੇ ਸਮੂਹ ਜਿਹੜੇ ਸਮਾਜਕ ਉਤਪਾਦਨ ਦੇ ਇਤਿਹਾਸਕ ਤੌਰ ਉਤੇ ਨਿਰਧਾਰਿਤ ਸਿਸਟਮ ਵਿਚ ਆਪਣੀ ਥਾਂ ਕਰਕੇ ਅਤੇ ਉਤਪਾਦਨ ਦੇ ਸਾਧਨਾਂ ਨਾਲ ਆਪਣੇ ਸੰਬੰਧ ਕਰਕੇ ਇਕ ਦੂਜੇ ਤੋਂ ਵਖਰੇ ਹੁੰਦੇ ਹਨ।

**ਸਵੈ-ਇੱਛਾਵਾਦ** (Voluntarism) — ਫ਼ਿਲਾਸਫ਼ੀ ਵਿਚ ਆਦਰਸ਼ਵਾਦੀ ਰੁਝਾਣ ਜਿਹੜਾ ਸਵੈ-ਇੱਛਾ (ਇੱਛਾ-ਸ਼ਕਤੀ) ਨੂੰ ਸੰਸਾਰ ਵਿਚ ਹੋਂਦ ਰੱਖਦੇ ਸਭ ਕੁਝ ਦਾ ਪ੍ਰਥਮ ਆਧਾਰ ਮੰਨਦਾ ਹੈ।

**ਸਾਪੇਖਤਾਵਾਦ** (Relativism) — ਮਨੁੱਖੀ ਗਿਆਨ ਦੀ ਸਾਪੇਖਤਾ, ਰੀਤੀਮੁਖਤਾ ਅਤੇ ਆਤਮਪਰਕਤਾ ਦਾ ਆਦਰਸ਼ਵਾਦੀ ਸਿਧਾਂਤ।

**ਸੋਫ਼ਿਸਟਰੀ, ਜਾਂ ਕੁਤਰਕਤਾ** (Sophistry) — ਸੋਫ਼ਿਜ਼ਮ, ਅਰਥਾਤ, ਸਤਹੀ ਤੌਰ ਉਤੇ ਮੰਨਣਯੋਗ, ਸੱਚੀਆਂ ਲੱਗਦੀਆਂ

ਦਲੀਲਾਂ ਦੀ ਵਿਵਾਦਾਂ ਵਿਚ ਜਾਂ ਦਲੀਲਬਾਜ਼ੀ ਵਿਚ ਜਾਣ-ਬੁੱਝ ਕੇ ਵਰਤੋਂ।

**ਸ਼ੰਕਾਵਾਦ** (Scepticism) — ਇਕ ਸਿਧਾਂਤ ਜਿਹੜਾ ਵਸਤੂਪਰਕ ਯਥਾਰਥ ਦੇ ਗਿਆਨ ਦੀ ਸੰਭਾਵਨਾ ਬਾਰੇ ਕਿੰਤੂ ਕਰਦਾ ਹੈ। ਇਕਸਾਰ ਸ਼ੰਕਾਵਾਦ ਅਗਨਾਸਤਕਵਾਦ ਤੋਂ ਬਹੁਤ ਘੱਟ ਫ਼ਰਕ ਰੱਖਦਾ ਹੈ।

**ਹੋਂਦ-ਸ਼ਾਸਤਰ** (Ontology) — ਆਮ ਕਰਕੇ ਹਸਤੀ ਬਾਰੇ ਸਿਧਾਂਤ, ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦਾ ਪਹਿਲਾ ਪੱਖ।

**ਹੋਣੀਵਾਦ** (Fatalism) — ਇਕ ਸਿਧਾਂਤ ਜਿਸ ਅਨੁਸਾਰ ਦੁਨੀਆਂ ਵਿਚਲੇ ਸਾਰੇ ਅਮਲ ਸ਼ੁਰੂ ਵਿਚ ਹੀ ਕਿਸੇ ਸਰਵੁੱਚ ਸ਼ਕਤੀ, ਹੋਣੀ ਜਾਂ ਕਿਸਮਤ ਨੇ ਨਿਸਚਿਤ ਕਰ ਦਿਤੇ ਹੋਏ ਹਨ।

**ਕੱਟੜਪੰਥੀ** (Dogmatism) — ਠੋਸ ਹਾਲਤਾਂ, ਵਿਗਿਆਨ ਅਤੇ ਅਮਲ ਦੀਆਂ ਲੋੜਾਂ ਤੋਂ ਬੇਵਾਸਤਾ, ਅਣਬਦਲਵੇਂ ਸੰਕਲਪਾਂ ਅਤੇ ਫ਼ਾਰਮੂਲਿਆਂ ਉਪਰ ਆਧਾਰਤ ਸੋਚਣੀ ਦਾ ਤਰੀਕਾ।

**ਕਾਨੂੰਨ** (Law) — ਵਰਤਾਰਿਆਂ ਵਿਚਕਾਰ ਅੰਦਰੂਨੀ, ਬੁਨਿਆਦੀ, ਮੁੜ ਮੁੜ ਵਾਪਰਣ ਵਾਲਾ ਅਤੇ ਲਾਜ਼ਮੀ ਅੰਤਰ-ਸੰਬੰਧ। ਵਸਤੂਪਰਕ ਕਾਨੂੰਨਾਂ ਦੀ ਬੋਧ-ਪਰਾਪਤੀ ਸਾਰੇ ਵਿਗਿਆਨਾਂ ਦਾ ਮੁੱਖ ਮੰਤਵ ਹੈ।

**ਗਿਆਨ-ਸ਼ਾਸਤਰ (ਗਿਆਨ ਮੀਮਾਂਸਾ)** (Gnosiology, Epistemology) — ਗਿਆਨ ਬਾਰੇ ਸਿਧਾਂਤ, ਫ਼ਿਲਾਸਫ਼ੀ ਦੇ ਬੁਨਿਆਦੀ ਮਸਲੇ ਦਾ ਦੂਜਾ ਪੱਖ।

**ਚੋਗਮੱਤ** (Eclecticism) — ਵਖਰੇ ਵਖਰੇ, ਸਗੋਂ ਕਦੀ ਕਦੀ ਵਿਰੋਧੀ ਵਿਚਾਰਾਂ ਦਾ ਜਾਣ-ਬੁੱਝ ਕੇ ਪਾਇਆ ਗਿਆ ਘਚੋਲਾ।

**ਦਵੈਤਵਾਦ** (Dualism) — ਇਕ ਸਿਧਾਂਤ ਜਿਹੜਾ ਪਦਾਰਥ ਅਤੇ ਮਨ ਨੂੰ ਦੋ ਸਵੈਧੀਨ ਮੂਲ ਸਮਝਦਾ ਹੈ।

**ਨਾਸਤਕਤਾ** (Atheism) — ਦਾਰਸ਼ਨਿਕ ਅਤੇ ਵਿਗਿਆਨਕ ਵਿਚਾਰਾਂ ਦਾ ਇਕ ਸਿਸਟਮ ਜਿਹੜਾ ਰੂਹਾਂ, ਦੇਵਤਿਆਂ ਅਤੇ ਪਰਲੋਕ ਵਿਚ ਵਿਸ਼ਵਾਸ ਨੂੰ ਰੱਦ ਕਰਦਾ ਹੈ, ਅਤੇ ਹਰ ਪਰਕਾਰ ਦੇ ਧਰਮ ਦਾ ਤਿਆਗ ਕਰਦਾ ਹੈ।

**ਪਦਾਰਥ** (Matter) — ਵਸਤੂਪਰਕ ਯਥਾਰਥ ਜਿਹੜਾ ਚੇਤਨਾ ਤੋਂ ਬਾਹਰ ਅਤੇ ਇਸਤੋਂ ਸਵੈਧੀਨ ਹੋਂਦ ਰੱਖਦਾ ਹੈ, ਅਤੇ ਚੇਤਨਾ ਵਿਚ ਪ੍ਰਤਿਬਿੰਬਤ ਹੁੰਦਾ ਹੈ।

**ਪਦਾਰਥ-ਜੀਵਵਾਦ** (Hylozoism) — ਇਕ ਸਿਖਿਆ, ਜਿਸ ਅਨੁਸਾਰ ਸਾਰਾ ਪਦਾਰਥ ਸਜੀਵ ਹੈ।

**ਪਦਾਰਥਵਾਦ** (Materialism) — ਮੁੱਖ ਦਾਰਸ਼ਨਿਕ ਰੁਝਾਣ ਜਿਹੜਾ ਆਦਰਸ਼ਵਾਦ ਦਾ ਵਿਰੋਧ ਕਰਦਾ ਹੈ। ਇਹ ਪਦਾਰਥ ਦੇ ਪ੍ਰਾਥਮਿਕ ਹੋਣ ਅਤੇ ਰੂਹਾਨੀ ਜਗਤ ਦੇ ਗੌਣ ਹੋਣ ਦਾ ਦਾਅਵਾ ਕਰਦਾ ਹੈ। ਪਦਾਰਥਵਾਦ ਦੀਆਂ ਆਪਮੁਹਾਰੀਆਂ, ਅਧਿਆਤਮਵਾਦੀ ਅਤੇ ਗੰਵਾਰੂ ਵੰਨਗੀਆਂ ਮਿਲਦੀਆਂ ਹਨ। ਇਸਦਾ ਉਚੇਰਾ ਰੂਪ ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਹੈ, ਜੋ ਕਿ ਪ੍ਰਕਿਰਤੀ, ਸਮਾਜ ਅਤੇ ਮਨੁੱਖ ਬਾਰੇ ਇਕਸਾਰ ਪਦਾਰਥਵਾਦੀ ਦ੍ਰਿਸ਼ਟੀਕੋਨ ਹੈ, ਅਤੇ ਮਾਰਕਸਵਾਦ-ਲੈਨਿਨਵਾਦ ਦਾ ਅੰਗ ਹੈ।

**ਪ੍ਰਤੱਖਵਾਦ** (Positivism) — ਬੁਰਜੂਆ ਫ਼ਿਲਾਸਫ਼ੀ ਵਿਚ ਆਤਮਪਰਕ-ਆਦਰਸ਼ਵਾਦੀ ਰੁਝਾਣ, ਜਿਹੜਾ ਆਪਣੇ ਸਾਮ੍ਹਣੇ ਐਸੀ "ਵਿਗਿਆਨਕ" ਫ਼ਿਲਾਸਫ਼ੀ ਸਿਰਜਣ ਦਾ ਨਿਸ਼ਾਨਾ ਰੱਖਦਾ ਹੈ, ਜਿਹੜੀ ਪਦਾਰਥਵਾਦ ਅਤੇ ਆਦਰਸ਼ਵਾਦ ਵਿਚਕਾਰ ਘੋਲ ਤੋਂ "ਉਪਰ" ਹੋਵੇਗੀ। ਪ੍ਰਤੱਖਵਾਦ ਕਈ ਪੜਾਵਾਂ ਵਿਚੋਂ ਲੰਘਿਆ ਹੈ। ਅੱਜ ਰੁਡੋਲਫ਼ ਕਾਰਨਾਪ, ਬਰਟਰੰਡ ਰਸਲ, ਹਾਂਸ ਰਾਈਖਨਬਾਖ ਆਦਿ ਇਸਦੀ ਪ੍ਰਤਿਨਿਧਤਾ ਕਰਦੇ ਹਨ।

**ਪ੍ਰਤਿਬਿੰਬਣ** (Reflection) — ਵਸਤਾਂ ਦੀ ਸੁਭਾਵਕ ਖਾਸੀਅਤ, ਕਿ ਇਹ ਪ੍ਰਸਪਰ ਅੰਤਰਕ੍ਰਮ ਦੇ ਸਿੱਟੇ ਵਜੋਂ ਦੂਜੀਆਂ ਵਸਤਾਂ ਦੀਆਂ ਵਿਸ਼ੇਸ਼ਤਾਈਆਂ ਖ਼ੁਦ ਆਪਣੀ ਸੰਰਚਨਾ ਵਿਚ ਪੈਦਾ ਕਰ ਸਕਦੀਆਂ ਹਨ। ਪ੍ਰਤਿਬਿੰਬਣ ਜੀਵ ਅਤੇ ਅਜੀਵ ਪ੍ਰਕਿਰਤੀ ਵਿਚ ਵੀ, ਅਤੇ ਸਮਾਜ ਵਿਚ ਵੀ ਦੇਖਣ ਵਿਚ ਆਉਂਦਾ ਹੈ; ਇਸਦਾ ਉਚੇਰਾ ਰੂਪ ਚੇਤਨਾ ਹੈ।

**ਪਰਿਣਾਮਵਾਦ** (Pragmatism) — ਸਮਕਾਲੀ ਬੁਰਜੂਆ ਫ਼ਿਲਾਸਫ਼ੀ ਵਿਚ ਇਕ ਆਤਮਪਰਕ-ਆਦਰਸ਼ਵਾਦੀ ਰੁਝਾਣ ਜਿਹੜਾ ਸੱਚ ਨੂੰ ਉਪਯੋਗਤਾ ਨਾਲ ਇਕਮਿਕ ਕਰਨ ਦੇ ਅਸੂਲ ਉਤੇ ਆਧਾਰਤ ਹੈ; ਉਪਯੋਗਤਾ ਤੋਂ ਭਾਵ ਵਿਅਕਤੀ ਦੇ ਆਤਮਪਰਕ ਹਿੱਤਾਂ ਦੀ ਸੰਤੁਸ਼ਟੀ ਲਿਆ ਜਾਂਦਾ ਹੈ। ਅੱਜ ਪਰਿਣਾਮਵਾਦ ਦੇ ਸਮਰਥਕਾਂ ਵਿਚ ਚਾਰਲਸ ਪੀਅਰਸ, ਵਿਲੀਅਮ ਜੇਮਜ਼, ਅਤੇ ਜਾਰਜ ਡੇਵੀ ਦੇ ਨਾਂ ਆਉਂਦੇ ਹਨ।

**ਫ਼ਿਲਾਸਫ਼ੀ ਦਾ ਮੂਲ ਜਾਂ ਬੁਨਿਆਦੀ ਮਸਲਾ** (Fundamental, or basic question of philosophy) — ਚੇਤਨਾ ਅਤੇ ਹਸਤੀ, ਚਿੰਤਨ ਅਤੇ ਪਦਾਰਥ, ਪ੍ਰਕਿਰਤੀ ਵਿਚਕਾਰ ਸੰਬੰਧ ਨਾਲ ਤੁਅੱਲਕ ਰੱਖਦਾ ਹੈ। ਇਸਦੇ ਦੋ

ਪੱਖ ਹਨ — ਹੋਂਦ-ਸ਼ਾਸਤਰੀ ਅਤੇ ਗਿਆਨ-ਸ਼ਾਸਤਰੀ ( ਗਿਆਨ ਮੀਮਾਂਸਾ )।

**ਫ਼ਿਲਾਸਫ਼ੀ ਵਿਚ ਧਿਰ ਲੈਣਾ ( ਪੱਖ ਪੂਰਣਾ )** (Partisanship in philosophy) — ਫ਼ਿਲਾਸਫ਼ੀ ਦੀ ਵਸਤੂਪਰਕ, ਸਮਾਜਕ-ਸ਼ਰੇਣੀ ਸੇਧ, ਜੋ ਕਿ ਮੁੱਖ ਦਾਰਸ਼ਨਿਕ ਰੁਝਾਣਾਂ ਦੇ, ਪ੍ਰਗਤੀਸ਼ੀਲ ਅਤੇ ਪ੍ਰਤਿਕਿਰਿਆਵਾਦੀ ਸਮਾਜਕ ਸ਼ਕਤੀਆਂ ਦੇ ਘੋਲ ਵਿਚਕਾਰ ਇਕ ਕੜੀ ਹੈ।

**ਭਾਵਵਾਚੀਕਰਣ** (Abstraction) — ਵਸਤਾਂ ਜਾਂ ਉਹਨਾਂ ਵਿਚਲੇ ਸੰਬੰਧਾਂ ਦੀਆਂ ਕਝ ਖਾਸੀਅਤਾਂ ਨੂੰ ਅੱਖੋਂ ਉਹਲੇ ਕਰ ਦੇਣਾ, ਅਤੇ ਇਕੋ ਇਕ ਖਾਸੀਅਤ ਜਾਂ ਸੰਬੰਧ ਉਪਰ ਧਿਆਨ ਕੇਂਦਰਿਤ ਕਰਨਾ।

**ਮਾਨਵਵਾਦ** (Humanism) — ਵਿਅਕਤੀ ਵਜੋਂ ਮਨੁੱਖ ਦੇ ਵੱਕਾਰ ਲਈ, ਆਜ਼ਾਦ ਵਿਕਾਸ ਅਤੇ ਖੁਸ਼ੀ ਦੇ ਉਸਦੇ ਹੱਕ ਲਈ ਸਤਿਕਾਰ ਉਪਰ ਆਧਾਰਤ ਵਿਚਾਰਾਂ ਦਾ ਇਤਿਹਾਸਕ ਤੌਰ ਉਤੇ ਬਦਲਦਾ ਸਿਸਟਮ। ਇਸ ਅਨੁਸਾਰ ਸਮਾਜਕ ਵਰਤਾਰਿਆਂ ਦਾ ਮੁਲਾਂਕਣ ਕਰਨ ਲਈ ਮਨੁੱਖੀ ਭਲਾਈ ਇਕੋ ਇਕ ਕਸੌਟੀ ਹੈ।

**ਮਾਰਕਸਵਾਦ-ਲੈਨਿਨਵਾਦ** (Marxism-Leninism) — ਦਾਰਸ਼ਨਿਕ, ਆਰਥਕ ਅਤੇ ਸਮਾਜਕ-ਰਾਜਨੀਤਕ ਵਿਚਾਰਾਂ ਦਾ ਵਿਗਿਆਨਕ ਸਿਸਟਮ, ਜਿਸਦੀ ਸਿਰਜਣਾ ਮਾਰਕਸ ਅਤੇ ਏਂਗਲਜ਼ ਨੇ ਕੀਤੀ ਅਤੇ ਲੈਨਿਨ ਨੇ ਜਿਸਦਾ ਰਚਣੇਈ ਤਰ੍ਹਾਂ ਨਾਲ ਵਿਕਾਸ ਕੀਤਾ। ਮਾਰਕਸਵਾਦ ਅੱਧ-ਉਨ੍ਹੀਵੀਂ ਸਦੀ ਵਿਚ ਪੈਦਾ ਹੋਇਆ, ਅਤੇ ਇਹ ਮਜ਼ਦੂਰ ਜਮਾਤ ਦੇ ਬੁਨਿਆਦੀ ਹਿੱਤਾਂ ਨੂੰ ਪਰਗਟ ਕਰਦਾ ਹੈ।

**ਵਸਤੂਪਰਕ** (Objective) — ਮਨੁੱਖੀ ਚੇਤਨਾ ਤੋਂ ਸਵੈਧੀਨ।

**ਵਿਚਾਰਧਾਰਾ** (Ideology) — ਦਾਰਸ਼ਨਿਕ, ਰਾਜਨੀਤਕ, ਧਾਰਮਿਕ, ਨੈਤਿਕ ਅਤੇ ਸੁਹਜ-ਸ਼ਾਸਤਰੀ ਵਿਚਾਰਾਂ ਦਾ ਸਿਸਟਮ, ਜਿਹੜਾ ਅੰਤਮ ਵਿਸ਼ਲੇਸ਼ਣ ਵਿਚ ਸਮਾਜਕ ਸ਼ਰੇਣੀਆਂ ਦੇ ਹਿੱਤਾਂ ਨੂੰ ਪਰਗਟ ਕਰਦਾ ਹੈ।

**ਵਿਧੀ (ਢੰਗ)** (Method) — ਸੱਚ ਦੀ ਪਰਾਪਤੀ ਦੇ ਨਿਸ਼ਾਨੇ ਨਾਲ ਵਰਤਾਰਿਆਂ ਦੀ ਪੁਣ-ਛਾਣ ਕਰਨ ਦਾ ਤਰੀਕਾ। ਮਾਰਕਸਵਾਦੀ ਫ਼ਿਲਾਸਫ਼ੀ ਵਿਰੋਧ-ਵਿਕਾਸੀ ਵਿਧੀ ਵਰਤਦੀ ਹੈ।

**ਵਿਧੀ-ਵਿਗਿਆਨ** (Methodology) — ਦੁਨੀਆਂ ਦੀ ਵਿਗਿਆਨਕ ਬੋਧ-ਪਰਾਪਤੀ ਅਤੇ ਕਾਇਆ-ਕਲਪ ਦੇ ਢੰਗ ਬਾਰੇ ਸਿਧਾਂਤ।

**ਵਿਰੋਧ-ਵਿਕਾਸ** (Dialectics) — ਪ੍ਰਕਿਰਤੀ, ਸਮਾਜ ਅਤੇ ਚਿੰਤਨ ਦੇ ਵਿਕਾਸ ਦੇ ਆਮ ਕਾਨੂੰਨਾਂ ਬਾਰੇ ਸਿਖਿਆ ਜਿਹੜੀ ਵਸਤਾਂ ਅਤੇ ਵਰਤਾਰਿਆਂ ਦੀ ਹਰ ਪੱਖੋਂ ਨਿਰਖ-ਪਰਖ ਕਰਦੀ ਹੈ। ਇਸਦਾ ਉਲਟ ਅਧਿਆਤਮਵਾਦ ਹੈ।

**ਵਿਰੋਧ-ਵਿਕਾਸੀ (ਸੰਬਾਦਕ) ਪਦਾਰਥਵਾਦ** (Dialectical materialism) — ਮਾਰਕਸਵਾਦ-ਲੈਨਿਨਵਾਦ ਦੀ ਫ਼ਿਲਾਸਫ਼ੀ ਵਿਗਿਆਨਕ ਸੰਸਾਰ ਦ੍ਰਿਸ਼ਟੀਕੋਣ, ਪ੍ਰਕਿਰਤੀ, ਸਮਾਜ ਅਤੇ ਚਿੰਤਨ ਦੇ ਵਿਕਾਸ ਉਤੇ ਲਾਗੂ ਹੁੰਦੇ ਕਾਨੂੰਨਾਂ ਦਾ ਬੋਧ-ਪਰਾਪਤ ਕਰਨ ਦੀ ਸਰਬ-ਵਿਆਪਕ ਵਿਧੀ।

**ਵਿਰੋਧ-ਵਿਕਾਸੀ (ਸੰਬਾਦਕ) ਵਿਰੋਧਤਾਈ** (Contradiction, dialectical) — ਕਿਸੇ ਵੀ ਗਤੀ, ਵਿਕਾਸ ਦਾ ਅੰਦਰਲਾ ਸੋਮਾ। ਵਿਰੋਧਤਾਈਆਂ (ਵਿਰੋਧੀ ਅੰਸ਼ਾਂ) ਦਾ ਸਿਧਾਂਤ ਵਿਰੋਧ-ਵਿਕਾਸ ਦਾ ਕੇਂਦਰਿਕ ਹੈ।

ਅਫ਼ਲਾਤੂਨ (੪੨੮-੪੨੭ — ੩੪੭ ਪੂ. ਈ.) — ਪ੍ਰਾਚੀਨ ਯੂਨਾਨੀ ਫ਼ਿਲਾਸਫ਼ਰ, ਆਦਰਸ਼ਵਾਦੀ, ਵਸਤੂਪਰਕ ਆਦਰਸ਼ਵਾਦ ਦਾ ਬਾਨੀ।

ਅਰਸਤੂ (੩੮੪-੩੨੨ ਪੂ. ਈ.) — ਪ੍ਰਾਚੀਨ ਯੂਨਾਨੀ ਫ਼ਿਲਾਸਫ਼ਰ ਅਤੇ ਵਿਦਵਾਨ, ਪੁਰਾਤਨ ਸਮਿਆਂ ਦਾ ਇਕ ਮਹਾਨ ਚਿੰਤਕ, ਪਦਾਰਥਵਾਦ ਅਤੇ ਆਦਰਸ਼ਵਾਦ ਦੇ ਵਿਚਕਾਰ ਡਿੱਕੋਡੋਲੇ ਖਾਂਦਾ ਸੀ।

ਇਬਨ ਸੀਨਾ (ਆਵਿਸੀਨਾ) (੯੮੦-੧੦੩੭) — ਮਧਕਾਲ ਦਾ ਪੂਰਬੀ ਫ਼ਿਲਾਸਫ਼ਰ, ਹਕੀਮ, ਵਿਦਵਾਨ।

ਇਬਨ ਰੋਸ਼ਦ (ਆਵੇਰੋਸ), ਮ. (੧੧੨੬-੧੧੯੮) — ਮਧਕਾਲ ਦਾ ਅਰਬ ਫ਼ਿਲਾਸਫ਼ਰ ਅਤੇ ਵਿਦਵਾਨ, ਅਰਸਤੂ ਦੀ ਫ਼ਿਲਾਸਫ਼ੀ ਵਿਚਲੇ ਪਦਾਰਥਵਾਦੀ ਅੰਸ਼ਾਂ ਦਾ ਵਿਕਾਸ ਕੀਤਾ।

ਏਂਗਲਜ਼, ਫ਼. (੧੮੨੦-੧੮੯੫) — ਪ੍ਰੋਲਤਾਰੀਆਂ ਦਾ ਆਗੂ ਅਤੇ ਉਸਤਾਦ, ਮਾਰਕਸ ਦੇ ਨਾਲ ਵਿਗਿਆਨਕ ਕਮਿਊਨਿਜ਼ਮ

ਦਾ, ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਦੀ ਫ਼ਿਲਾਸਫ਼ੀ ਦਾ ਸਹਿ-ਬਾਨੀ।

ਸਪੀਨੋਜ਼ਾ, ਬ. (੧੬੩੨-੧੬੭੭) — ਹਾਲੈਂਡ ਦਾ ਫ਼ਿਲਾਸਫ਼ਰ, ਪਦਾਰਥਵਾਦੀ।

ਸਪੈਂਸਰ, ਗ. (੧੮੨੦-੧੯੦੩) — ਅੰਗ੍ਰੇਜ਼ ਫ਼ਿਲਾਸਫ਼ਰ, ਸਮਾਜ-ਵਿਗਿਆਨੀ ਅਤੇ ਮਨੋਵਿਗਿਆਨੀ, ਪ੍ਰਤੱਖਵਾਦੀ ਫ਼ਿਲਾਸਫ਼ੀ ਦੇ ਬਾਨੀਆਂ ਵਿਚੋਂ ਇਕ।

ਸਾਰਤਰ, ਜਾਂ-ਪਾਲ (੧੯੦੫-੧੯੮੦) — ਫ਼ਰਾਂਸੀਸੀ ਫ਼ਿਲਾਸਫ਼ਰ ਅਤੇ ਲੇਖਕ, ਆਤਮਪਰਕ-ਆਦਰਸ਼ਵਾਦੀ ਫ਼ਿਲਾਸਫ਼ੀ — ਅਸਤਿਤਵਵਾਦ — ਦਾ ਪ੍ਰਤਿਨਿਧ।

ਸੁਕਰਾਤ (੪੬੯-੩੯੯ ਪੂ. ਈ.) — ਪ੍ਰਾਚੀਨ ਯੂਨਾਨੀ ਫ਼ਿਲਾਸਫ਼ਰ, ਆਦਰਸ਼ਵਾਦੀ।

ਸ਼ੋਪਨਹਾਵਰ, ਏ. (੧੭੮੮-੧੮੬੦) — ਜਰਮਨ ਫ਼ਿਲਾਸਫ਼ਰ, ਆਦਰਸ਼ਵਾਦੀ, ਸਵੈ-ਇੱਛਾਵਾਦੀ।

ਹਿਊਮ, ਡੇ. (੧੭੧੧-੧੭੭੬) — ਅੰਗ੍ਰੇਜ਼ ਫ਼ਿਲਾਸਫ਼ਰ, ਆਤਮਪਰਕ ਆਦਰਸ਼ਵਾਦ ਦਾ ਪ੍ਰਤਿਨਿਧ।

ਹਿਰਾਕਲੀਟਸ (ਲਗਭਗ ੫੪੪-੪੮੩ ਪ. ਈ.) — ਪ੍ਰਾਚੀਨ ਯੂਨਾਨੀ ਫ਼ਿਲਾਸਫ਼ਰ, ਪਦਾਰਥਵਾਦੀ ਅਤੇ ਵਿਰਧ- ਵਿਕਾਸੀ।

ਹੀਗਲ, ਗਿ. ਵ. ਫ. (੧੭੭੦-੧੮੩੧) — ਜਰਮਨ ਫ਼ਿਲਾਸਫ਼ਰ ਵਸਤੂਪਰਕ ਆਦਰਸ਼ਵਾਦੀ, ਫ਼ਿਲਾਸਫ਼ੀ ਵਿਚ ਵਿਰੋਧ-ਵਿਕਾਸੀ ਢੰਗ ਨੂੰ ਵਿਸਥਾਰਿਆ।

ਕਾਂਤ, ਇ. (੧੭੨੪-੧੮੦੪)—ਜਰਮਨ ਫ਼ਿਲਾਸਫ਼ਰ ਅਤੇ ਵਿਦਵਾਨ, ਜਰਮਨ ਕਲਾਸੀਕਲ ਆਦਰਸ਼ਵਾਦ ਦਾ ਮੋਢੀ।

ਕੋਂਤ, ਓ. (੧੭੯੮-੧੮੫੭)—ਫ਼ਰਾਂਸੀਸੀ ਫ਼ਿਲਾਸਫ਼ਰ, ਪ੍ਰਤੱਖਵਾਦ ਦਾ ਬਾਨੀ।

ਜੇਮਜ਼, ਵਿ. (੧੮੪੨-੧੯੧੦)—ਅਮਰੀਕੀ ਮਨੋਵਿਗਿਆਨੀ ਅਤੇ ਫ਼ਿਲਾਸਫ਼ਰ, ਆਤਮਪਰਕ-ਆਦਰਸ਼ਵਾਦੀ ਫ਼ਿਲਾਸਫ਼ੀ—ਪਰਿਣਾਮਵਾਦ—ਦਾ ਇਕ ਪ੍ਰਤਿਨਿਧ।

ਡਿਮੋਕਰੀਟਸ (ਲਗਭਗ ੪੬੦-੩੭੦ ਪੂ. ਈ.)—ਪ੍ਰਾਚੀਨ ਯੂਨਾਨੀ ਫ਼ਿਲਾਸਫ਼ਰ, ਪਦਾਰਥਵਾਦੀ, ਐਟਮਵਾਦ ਦੇ ਬਾਨੀਆਂ ਵਿਚੋਂ ਇਕ।

ਦਿਕਾਰਤੀ, ਰੇ. (੧੫੯੬-੧੬੫੦)—ਫ਼ਰਾਂਸੀਸੀ ਫ਼ਿਲਾਸਫ਼ਰ ਅਤੇ ਵਿਦਵਾਨ, ਦਵੈਤਵਾਦ ਦਾ ਪ੍ਰਤਿਨਿਧ।

ਨੀਤਸ਼ੇ, ਫ. (੧੮੪੪-੧੯੦੦)—ਜਰਮਨ ਫ਼ਿਲਾਸਫ਼ਰ—ਆਦਰਸ਼ਵਾਦੀ, ਸਵੈ-ਇੱਛਾਵਾਦ ਦਾ ਹਿਮਾਇਤੀ।

ਬਰਕਲ, ਜਾ. (੧੬੮੫-੧੭੫੩)—ਅੰਗ੍ਰੇਜ਼ ਫ਼ਿਲਾਸਫ਼ਰ, ਆਤਮਪਰਕ-ਆਦਰਸ਼ਵਾਦੀ।

ਮਾਰਕਸ, ਕਾ. (੧੮੧੮-੧੮੮੩)—ਵਿਗਿਆਨਕ ਕਮਿਊਨਿਜ਼ਮ ਦਾ, ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਦਾ ਅਤੇ ਵਿਗਿਆਨਕ ਰਾਜਨੀਤਕ ਆਰਥਕਤਾ ਦਾ ਬਾਨੀ, ਕੌਮਾਂਤਰੀ ਪ੍ਰੋਲਤਾਰੀਆਂ ਦਾ ਆਗੂ ਅਤੇ ਉਸਤਾਦ।

ਮਿਲੇਟ ਦਾ ਥੇਲਜ਼ (ਲਗਭਗ ੬੨੪-੫੪੭ ਪੂ. ਈ.)—ਪ੍ਰਾਚੀਨ ਯੂਨਾਨੀ ਫ਼ਿਲਾਸਫ਼ੀ ਦਾ ਇਤਿਹਾਸਕ ਤੌਰ ਉਤੇ ਪ੍ਰਮਾਣਿਤ ਪਹਿਲਾ ਪ੍ਰਤਿਨਿਧ।

ਲਾਓ ਤਸੀ (ਛੇਵੀਂ-ਪੰਜਵੀਂ ਸਦੀ ਪੂ. ਈ.)—ਪੁਰਾਤਨ ਚੀਨ ਦਾ ਇਕ ਮਹਾਨ ਫ਼ਿਲਾਸਫ਼ਰ।

ਲਾਮੇਤਰੇ, ਜ਼ੂ. (੧੭੦੯-੧੭੫੧)—ਫ਼ਰਾਂਸੀਸੀ ਫ਼ਿਲਾਸਫ਼ਰ, ਪਦਾਰਥਵਾਦੀ।

ਲੁਕਰੀਟੀਅਸ ਕਾਰੂਸ (ਲਗਭਗ ੯੯-੫੫ ਪੂ. ਈ.)—ਰੋਮਨ ਕਵੀ ਅਤੇ ਫ਼ਿਲਾਸਫ਼ਰ ਪਦਾਰਥਵਾਦੀ।

ਲੈਨਿਨ, ਵ. ਇ. (੧੮੭੦-੧੯੨੪)—ਰੂਸੀ ਅਤੇ ਕੌਮਾਂਤਰੀ ਪ੍ਰੋਲਤਾਰੀਆਂ ਦਾ ਆਗੂ, ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦਾ ਅਤੇ ਸੋਵੀਅਤ ਸਰਕਾਰ ਦਾ ਬਾਨੀ।

ਲੌਕ, ਜਾ. (੧੬੩੨-੧੭੦੪)—ਅੰਗ੍ਰੇਜ਼ ਫਿਲਾਸਫ਼ਰ, ਪਦਾਰਥਵਾਦੀ।

## ਪਾਠਕ ਨੂੰ

ਇਸ ਪੁਸਤਕ ਦੇ ਅਨੁਵਾਦ, ਡੀਜ਼ਾਈਨ ਅਤੇ ਛਪਾਈ ਸੰਬੰਧੀ ਤੁਹਾਡੇ ਰਾਏ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ। ਅਗੋਂ ਛਪਣ ਵਾਲੀਆਂ ਪੁਸਤਕਾਂ ਲਈ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ। ਸਾਡਾ ਪਤਾ ਹੈ:

ਪ੍ਰਗਤੀ ਪ੍ਰਕਾਸ਼ਨ,
੧੭, ਜ਼ੁਬੋਵਸਕੀ ਬੂਲੇਵਾਰ,
ਮਾਸਕੋ, ਸੋਵੀਅਤ ਯੂਨੀਅਨ

17, Zubovsky Boulevard,
Moscow, USSR

ਮੁਢਲਾ ਸਮਾਜਕ ਅਤੇ ਰਾਜਨੀਤਕ ਗਿਆਨ

ਫ਼ਿਲਾਸਫ਼ੀ ਕੀ ਹੈ? ਇਸਦਾ ਮੁੱਢ ਕਦੋਂ ਬੱਝਾ ਅਤੇ ਇਸਦੇ ਅਧਿਐਨ ਖੇਤਰ ਵਿਚ ਕੀ ਕੁਝ ਆਉਂਦਾ ਹੈ? ਪ੍ਰਕਿਰਤੀ ਅਤੇ ਸਮਾਜ ਦੇ ਵਿਕਾਸ ਉਤੇ ਲਾਗੂ ਹੁੰਦੇ ਕਾਨੂੰਨ ਕੀ ਹਨ? ਕੀ ਫ਼ਿਲਾਸਫ਼ੀ ਦਾ ਆਧਾਰ ਗਿਆਨ ਹੈ ਜਾਂ ਵਿਸ਼ਵਾਸ? ਇਸ ਪੁਸਤਕ ਦੇ ਲੇਖਕ ਇਹਨਾਂ ਸਵਾਲਾਂ ਦਾ ਅਤੇ ਦਾਰਸ਼ਨਿਕ ਗਿਆਨ ਨਾਲ ਸੰਬੰਧਤ ਦੂਜੇ ਸਵਾਲਾਂ ਦਾ ਉੱਤਰ ਦੇਂਦੇ ਹਨ।

ਇਸ ਪੁਸਤਕ ਵਿਚ ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਦੇ ਕਾਨੂੰਨਾਂ ਅਤੇ ਪ੍ਰਵਰਗਾਂ ਦਾ ਆਮ ਪੱਧਰ ਉਤੇ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ, ਬੋਧ-ਪਰਾਪਤੀ ਅਤੇ ਮੰਤਕ ਦੇ ਸਿਧਾਂਤ ਦੇ ਵਿਕਾਸ ਨੂੰ ਉਲੀਕਿਆ ਗਿਆ ਹੈ, ਅਤੇ ਫ਼ਿਲਾਸਫ਼ੀ ਦਾ ਵਿਗਿਆਨ ਵਜੋਂ ਸ਼ਰੇਣੀ ਖ਼ਾਸਾ ਦਿਤਾ ਗਿਆ ਹੈ।

ਇਹ ਪੁਸਤਕ ਉਹਨਾਂ ਸਾਰੇ ਲੋਕਾਂ ਲਈ ਲਾਭਵੰਦ ਸਾਬਤ ਹੋਵੇਗੀ, ਜਿਹੜੇ ਫ਼ਿਲਾਸਫ਼ੀ ਵਿਚ ਦਿਲਚਸਪੀ ਰੱਖਦੇ ਹਨ।

ISBN 5-01-001728-8